GS CPA, INC.
ਤੁਹਾਡੀਆਂ ਸਭ ਅਕਾਊਂਟਿੰਗ ਤੇ ਟੈਕਸ ਲੋੜਾਂ ਲਈ
Gurpreet Singh, CPA, MBA
Certified Public Accountant
5450 Lafayette Road, Suite#3,
Indianapolis, IN 46254
Ph:317-248-4802
Fax: 317-800-7947
e-mail: info@gscpainc.com Website: www.gscpainc.com

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 'ਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268, 732-983-4332/4333

PJ Insurance, Inc.
5450 Lafayette Road, Suite # 3, Indianapolis, IN 46254
For All Your Insurance Needs.
Life, Health & Disability insurance
Home, Auto, Commercial, Worker Comp, Business
General Liability & other
"Ask us for new Obamacare health insurance quote"
Contact: Satvir K. Singh
Office Manager
Ph:317-248-4802
Email: info@pjinsuranceinc.com

USPS - PP 1
Fifteenth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 21, May 24, 2014 20451 N Plum Grove Rd., Palatine, IL 60074 Ph:847-359-0746, Fax:847-705-9388

# ਮਨਮੋਹਨ ਵਾਂਗ ਖਾਮੋਸ਼ ਹੋਈ ਕਾਂਗਰਸ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਦੀਆਂ ਸੋਲ੍ਹਵੀਆਂ ਲੋਕ ਸਭਾ ਚੋਣਾਂ ਵਿਚ ਕਈ ਇਤਿਹਾਸ ਰਚੇ ਗਏ। ਇਕ ਪਾਸੇ ਦੇਸ਼ ਵਿਚ ਨਰੇਂਦਰ ਮੋਦੀ ਨੇ ਹੂੰਝਾ ਫੇਰ ਜਿੱਤ ਹਾਸਲ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ, ਦੂਜੇ ਪਾਸੇ ਪੰਜਾਬ ਵਿਚ ਮੋਦੀ ਲਹਿਰ ਨੂੰ ਡੱਕਾ ਲਾਉਂਦਿਆਂ ਆਮ ਆਦਮੀ ਪਾਰਟੀ (ਆਪ) ਨੇ ਚਾਰ ਸੀਟਾਂ ਜਿੱਤ ਕੇ ਸੂਬੇ ਦੀਆਂ ਰਵਾਇਤੀ ਪਾਰਟੀਆਂ ਨੂੰ ਫਿਕਰਾਂ ਵਿਚ ਪਾ ਦਿੱਤਾ। ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚ 24.4 ਫੀਸਦੀ ਵੋਟ ਮਿਲੇ ਜਦੋਂਕਿ ਸ਼੍ਰੋਮਣੀ ਅਕਾਲੀ ਦਲ ਦੀ ਝੋਲੀ 26.5 ਫੀਸਦੀ ਵੋਟ ਹੀ ਪਏ।

ਇਸ ਵਾਰ ਪੰਜਾਬ ਵਿਚ ਵਿਧਾਨ ਸਭਾ ਹਲਕਾ ਪੱਧਰ 'ਤੇ ਅਧਿਐਨ ਨੇ ਸਪਸ਼ਟ ਕਰ ਦਿੱਤਾ ਹੈ ਕਿ 'ਆਪ' ਸੂਬੇ ਦੇ ਸਿਆਸੀ ਦ੍ਰਿਸ਼ 'ਤੇ ਮਜ਼ਬੂਤ ਤੀਜੀ ਧਿਰ ਵਜੋਂ ਉਭਰੀ ਹੈ। ਸੂਬੇ ਦੇ 117 ਵਿਧਾਨ ਸਭਾ ਹਲਕਿਆਂ ਵਿਚੋਂ 37 'ਤੇ ਕਾਂਗਰਸ, 33 'ਤੇ ਆਮ ਆਦਮੀ ਪਾਰਟੀ, 29 'ਤੇ ਸ਼੍ਰੋਮਣੀ ਅਕਾਲੀ ਦਲ, 16 'ਤੇ ਭਾਰਤੀ ਜਨਤਾ ਪਾਰਟੀ ਤੇ ਦੋ 'ਤੇ ਆਜ਼ਾਦ ਉਮੀਦਵਾਰ ਨੂੰ ਲੀਡ ਮਿਲੀ। ਵੋਟ ਪ੍ਰਤੀਸ਼ਤਤਾ ਵਿਚ ਵੀ ਆਮ ਆਦਮੀ ਪਾਰਟੀ ਦੀ ਕਾਰਗੁਜ਼ਾਰੀ ਸਥਾਪਤ ਪਾਰਟੀਆਂ ਲਈ ਵੱਡੀ ਵੰਗਾਰ ਬਣੀ ਹੈ। ਕਾਂਗਰਸ ਨੂੰ 4575879 (33.1 ਫੀਸਦੀ), ਸ਼੍ਰੋਮਣੀ ਅਕਾਲੀ ਦਲ ਨੂੰ 3636148 (26.3 ਫੀਸਦੀ), ਆਮ ਆਦਮੀ ਪਾਰਟੀ ਨੂੰ 3373062 (24.4 ਫੀਸਦੀ), ਭਾਜਪਾ ਨੂੰ 1209004 (8.7 ਫੀਸਦੀ), ਆਜ਼ਾਦ ਨੂੰ 498039 (3.6 ਫੀਸਦੀ), ਬਸਪਾ ਨੂੰ 263227 (1.9 ਫੀਸਦੀ), ਨੋਟਾ 58754 (0.4 ਫੀਸਦੀ), ਭਾਰਤੀ ਕਮਿਊਨਿਸਟ ਪਾਰਟੀ ਨੂੰ 54785 (0.4 ਫੀਸਦੀ) ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ 35516 (0.3 ਫੀਸਦੀ) ਵੋਟ ਮਿਲੇ ਹਨ।

## ਪੰਜਾਬ ਨੇ ਮੋਦੀ ਦਾ ਜੇਤੂ ਰੱਥ ਰੋਕਿਆ

ਪੰਜਾਬ ਵਿਚ 'ਆਪ' ਵੱਲੋਂ ਲੋਕ ਸਭਾ ਚੋਣਾਂ ਦੌਰਾਨ ਕੀਤੇ ਗਏ ਪ੍ਰਭਾਵਸ਼ਾਲੀ ਪ੍ਰਦਰਸ਼ਨ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪਾਰਟੀ ਦੀ ਕੋਰ ਕਮੇਟੀ ਵਿਚ 'ਆਪ' ਨੂੰ ਮਿਲੇ ਲੋਕਾਂ ਦੇ ਸਮਰਥਨ ਦੀ ਚਰਚਾ ਹੋਈ। ਮੀਟਿੰਗ ਦੌਰਾਨ ਹਾਰੇ ਹੋਏ ਅਕਾਲੀ ਉਮੀਦਵਾਰਾਂ ਤੋਂ ਵੀ ਪੁੱਛਿਆ ਗਿਆ ਕਿ ਇਸ ਪਾਰਟੀ ਦੇ ਉਮੀਦਵਾਰਾਂ ਨੂੰ ਵੋਟ ਕਿਵੇਂ ਤੇ ਕਿਉਂ ਪਈ। ਸੂਤਰਾਂ ਮੁਤਾਬਕ ਆਮ ਆਦਮੀ ਪਾਰਟੀ ਨੂੰ ਲੋਕਾਂ ਨੇ ਆਪ ਮੁਹਾਰੇ ਵੋਟਾਂ ਪਾਈਆਂ, ਜਦਕਿ ਇਸ ਪਾਰਟੀ ਦੇ ਨਾ ਤਾਂ ਪੋਲਿੰਗ ਏਜੰਟ ਸਨ ਤੇ ਨਾ ਹੀ ਕੋਈ ਬਹੁਤ ਜ਼ਿਆਦਾ ਪ੍ਰਚਾਰ।



ਪੰਜਾਬ ਵਿਚ ਲੋਕ ਸਭਾ ਚੋਣਾਂ ਦੌਰਾਨ ਵੋਟਰਾਂ ਵੱਲੋਂ ਦਿੱਤਾ ਗਿਆ ਫ਼ਤਵਾ ਸਾਰੀਆਂ ਸਿਆਸੀ ਧਿਰਾਂ ਖਾਸ ਕਰ ਕੇ ਪਿਛਲੇ ਸੱਤ ਸਾਲਾਂ ਤੋਂ ਹਕੂਮਤ ਕਰਦੀਆਂ ਆ ਰਹੀਆਂ ਪਾਰਟੀਆਂ ਲਈ ਅੱਖਾਂ ਖੋਲ੍ਹਣ ਵਾਲਾ ਹੈ। ਇਨ੍ਹਾਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਸ਼ਾਨਦਾਰ ਪ੍ਰਦਰਸ਼ਨ ਦੀ ਆਸ ਲਾਈ ਬੈਠਾ ਸੀ। ਸੱਤਾਧਾਰੀ ਪਾਰਟੀ ਪੰਜ ਸਾਲ ਪਹਿਲਾਂ ਦੇ ਅੰਕੜੇ ਨੂੰ ਪਾਰ ਨਹੀਂ ਕਰ ਸਕੀ। ਸਾਲ 2009 ਦੀਆਂ ਚੋਣਾਂ ਵਿਚ ਵੀ ਇਸ ਪਾਰਟੀ ਨੇ ਚਾਰ ਸੀਟਾਂ ਜਿੱਤੀਆਂ ਸਨ ਤੇ ਇਸ ਵਾਰ ਵੀ ਉਨ੍ਹਾਂ ਦੇ ਪੱਲੇ ਚਾਰ ਹੀ ਸੀਟਾਂ ਪਈਆਂ ਹਨ। ਕਾਂਗਰਸ ਨੂੰ ਸੱਤਾ ਵਿਰੋਧੀ ਵੋਟ ਦੇ ਸਹਾਰੇ ਜ਼ਿਆਦਾ ਵੋਟਾਂ ਮਿਲਣ ਦੀ ਉਮੀਦ ਸੀ ਪਰ ਉਨ੍ਹਾਂ ਨੂੰ ਤਿੰਨ ਸੀਟਾਂ ਨਾਲ ਗੁਜ਼ਾਰਾ ਕਰਨਾ ਪਿਆ ਤੇ ਭਾਰਤੀ ਜਨਤਾ ਪਾਰਟੀ ਮੋਦੀ ਲਹਿਰ ਦੇ ਸਹਾਰੇ ਤਿੰਨ ਵਿਚੋਂ ਦੋ ਸੀਟਾਂ ਜਿੱਤਣ ਵਿਚ ਕਾਮਯਾਬ ਰਹੀ।

ਪੰਜਾਬ ਦੇ ਲੋਕਾਂ ਨੇ ਲੰਮੇ ਸਮੇਂ ਬਾਅਦ ਪਹਿਲੀ ਵਾਰੀ ਕਿਸੇ ਤੀਜੀ ਧਿਰ (ਆਪ) ਨੂੰ ਖੁੱਲ੍ਹ ਕੇ ਸਮਰਥਨ ਦਿੱਤਾ। ਇਸ ਪਾਰਟੀ ਦੇ ਚਾਰ ਉਮੀਦਵਾਰ ਜੇਤੂ ਹੀ ਨਹੀਂ ਰਹੇ, ਸਗੋਂ ਬਾਕੀ ਉਮੀਦਵਾਰਾਂ ਨੇ ਵੀ ਚੰਗੀਆਂ ਵੋਟਾਂ ਪ੍ਰਾਪਤ ਕੀਤੀਆਂ। ਇਹ ਚੋਣ ਨਤੀਜੇ ਸੂਬੇ ਦੀ ਰਾਜਸੀ ਫ਼ਿਜ਼ਾ ਨੂੰ ਬਦਲਣ ਵਿਚ ਪੂਰੀ ਤਰ੍ਹਾਂ ਸਹਾਈ ਹੁੰਦੇ ਦਿਖਾਈ ਦੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ 2007 ਤੋਂ ਸੂਬੇ ਦੀ ਸੱਤਾ 'ਤੇ ਕਾਬਜ਼ ਹੈ। ਸਾਲ 2009 ਦੀਆਂ ਲੋਕ ਸਭਾ ਚੋਣਾਂ ਦੌਰਾਨ ਇਸ ਪਾਰਟੀ ਨੂੰ ਭਾਵੇਂ ਝਟਕਾ ਲੱਗਿਆ ਸੀ ਪਰ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਇਸ ਪਾਰਟੀ ਦੀ ਚੜ੍ਹਤ ਦਾ ਦੌਰ ਰਿਹਾ।

ਪੰਜਾਬ ਵਿਚ ਕੁਝ ਪਾਰਟੀਆਂ ਆਪਣਾ ਖਾਤਾ ਖੋਲ੍ਹਣ ਵਿਚ ਹੀ ਅਸਫ਼ਲ ਨਹੀਂ ਰਹੀਆਂ ਸਗੋਂ ਇਨ੍ਹਾਂ ਦੀ ਭੂਮਿਕਾ ਵੀ ਹਾਸ਼ੀਏ 'ਤੇ ਰਹੀ ਹੈ। ਪਿਛਲੇ ਚੋਣ ਨਤੀਜਿਆਂ 'ਤੇ ਝਾਤ ਮਾਰਨ ਤੋਂ ਪਤਾ ਲੱਗਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ

*(ਬਾਕੀ ਸਫਾ 6 'ਤੇ)*

## ਕੈਪਟਨ ਅਮਰਿੰਦਰ ਸਿੰਘ ਦੀ ਧੜੱਲੇਦਾਰ ਵਾਪਸੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਵਿਚ ਪੰਜਾਬ ਕਾਂਗਰਸ ਦੀ ਮਾੜੀ ਕਾਰਗੁਜ਼ਾਰੀ ਕਾਰਨ ਇਕ ਵਾਰ ਮੁੜ ਉਥਲ-ਪੁਥਲ ਸ਼ੁਰੂ ਹੋ ਗਈ ਹੈ। ਕਾਂਗਰਸ ਦੇ ਕਈ ਵਿਧਾਇਕਾਂ ਨੇ ਪਾਰਟੀ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵਿਰੁੱਧ ਬਗਾਵਤ ਦਾ ਝੰਡਾ ਚੁੱਕਦਿਆਂ ਉਨ੍ਹਾਂ ਦੇ ਅਸਤੀਫੇ ਦੀ ਮੰਗ ਕੀਤੀ ਹੈ। ਇਹ ਸਾਰਾ ਮਾਮਲਾ ਦਿੱਲੀ ਦਰਬਾਰ ਪਹੁੰਚ ਚੁੱਕਾ ਹੈ ਤੇ ਅਗਲੇ ਦਿਨਾਂ ਵਿਚ ਕੋਈ ਵੱਡਾ ਫੇਰ-ਬਦਲ ਹੋ ਸਕਦਾ ਹੈ। ਪਾਰਟੀ ਅੰਦਰ ਕੈਪਟਨ ਅਮਰਿੰਦਰ ਸਿੰਘ ਨੂੰ ਕਮਾਨ ਸੌਂਪਣ ਦੀ ਮੰਗ ਜ਼ੋਰ ਫੜਨ ਲੱਗੀ ਹੈ।

ਬਗਾਵਤ ਕਰਨ ਵਾਲੇ ਆਗੂਆਂ ਨੇ ਦੋਸ਼ ਲਾਇਆ ਕਿ ਸ. ਬਾਜਵਾ ਬਾਦਲ ਸਰਕਾਰ ਵਿਰੁੱਧ ਬਣੀ ਬਦਲਾਅ ਦੀ ਲਹਿਰ ਨੂੰ ਪਾਰਟੀ ਦੇ ਹੱਕ ਵਿਚ ਕਰਨ ਤੋਂ ਪੂਰੀ ਤਰ੍ਹਾਂ ਅਸਫਲ ਰਹੇ ਹਨ ਜਿਸ ਕਰ ਕੇ ਪਾਰਟੀ ਦੀ ਨਮੋਸ਼ੀ ਭਰੀ ਹਾਰ ਨੇ ਹਰ ਇਕ ਨੂੰ ਧੱਕਾ ਲਾਇਆ ਹੈ। ਇਨ੍ਹਾਂ ਆਗੂਆਂ ਮੁਤਾਬਕ ਇਸ ਹਾਲਤ ਵਿਚ ਕੈਪਟਨ ਵਰਗਾ ਸਮਰੱਥ ਆਗੂ ਹੀ ਪਾਰਟੀ ਵਿਚ ਨਵੀਂ ਰੂਹ ਫੂਕ ਸਕਦਾ ਹੈ। ਉਨ੍ਹਾਂ ਪਾਰਟੀ ਹਾਈਕਮਾਂਡ ਤੋਂ ਮੰਗ ਕੀਤੀ ਹੈ ਕਿ ਸ. ਬਾਜਵਾ ਦੀ ਤੁਰੰਤ ਛੁੱਟੀ ਕਰ ਕੇ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇ।

ਸ. ਬਾਜਵਾ 'ਤੇ ਇਹ ਇਲਜ਼ਾਮ ਵੀ ਲੱਗੇ ਹਨ ਕਿ ਉਨ੍ਹਾਂ ਨੇ ਟਿਕਟਾਂ ਦੀ ਵੰਡ ਵੀ ਗਲਤ ਕਰਵਾਈ ਸੀ ਤੇ ਉਹ ਵਰਕਰਾਂ ਨੂੰ ਲਾਮਬੰਦ ਕਰਨ ਵਿਚ ਬੁਰੀ ਤਰਾਂ ਫੇਲ੍ਹ ਰਹੇ ਹਨ ਜਿਸ ਕਾਰਨ ਪਾਰਟੀ ਦੇ ਕਈ ਵਿਧਾਇਕ ਕਿਨਾਰਾ ਕਰ ਗਏ ਹਨ। ਸ. ਬਾਜਵਾ 'ਤੇ ਪਾਰਟੀ ਨੂੰ ਆਪਣੇ ਪਰਿਵਾਰ ਤੱਕ ਹੀ ਸੀਮਤ ਰੱਖਣ ਦੇ ਦੋਸ਼ ਵੀ ਲੱਗੇ ਹਨ। ਬਾਗੀ ਆਗੂਆਂ ਦਾ ਤਰਕ ਹੈ ਕਿ ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਨੇ 42 ਫੀਸਦੀ ਵੋਟਾਂ ਹਾਸਲ ਕੀਤੀਆਂ ਸਨ ਜਦਕਿ ਇਨ੍ਹਾਂ ਚੋਣਾਂ ਦੌਰਾਨ ਕਾਂਗਰਸ ਨੂੰ ਮਹਿਜ਼ 32 ਫੀਸਦੀ ਵੋਟਾਂ ਮਿਲੀਆਂ ਹਨ। ਉਂਝ

*(ਬਾਕੀ ਸਫਾ 6 'ਤੇ)*

Dhade & Associates, PC
Immigration Lawyers
WE FIGHT FOR YOUR RIGHTS!
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ
Ph:248-254-3441
Fax:(248) 254-3443 www.eagle.pro, Email: info@eagle.pro
Herman Singh Dhade
Immigration Lawyer
7071 Orchard Lake Rd, Suite 320, W. Bloomfield, MI 48322

World Wide Travel
www.fly2world.com
Bombay $960*
Amritsar $1075*
Delhi $975*
DETROIT 734 838 9998
CHICAGO 312 224 8800
*ਰੇਟ ਸ਼ਿਕਾਗੋ ਤੋਂ ਰਾਊਂਡ ਟ੍ਰਿਪ ਅਤੇ ਟੈਕਸ ਸਮੇਤ ਹਨ।
*ਰੇਟ ਬਿਨਾ ਨੋਟਿਸ ਦਿਤੇ ਵਾਪਸ ਲਏ ਜਾ ਸਕਦੇ ਹਨ। ਹੋਰ ਕਈ ਸ਼ਰਤਾਂ ਵੀ ਲਾਗੂ ਹੁੰਦੀਆਂ ਹਨ। ਹੋਰ ਜਾਣਕਾਰੀ ਲਈ ਉਪਰ ਦਿੱਤੇ ਫੋਨ ਨੰਬਰਾਂ 'ਤੇ ਕਾਲ ਕਰੋ।

Exceed Insurance Agency, Inc.
An Independent Insurance Agency

Home
Auto
Business
Life
Retirement Solutions

Insurance




Home Auto
Business Commercial
Life Retirement

Call Randeep Chawla
317-523-3691

Exceed Insurance Agency, Inc.
An Independent Insurance Agency
HOME | AUTO | BUSINESS | LIFE | RETIREMENT SOLUTIONS

Office Toll Free: 1-855-539-2333
Direct Office: 317-291-6300
Office Fax: 317-293-9691
E-Fax: 1-866-652-9039
Inquiries: Info@exceedinsurance.com
Visit: www.exceedinsurance.com


# 'ਆਤਮਘਾਤ' ਦੀ ਇਜਾਜ਼ਤ ਲਈ ਕੈਨੇਡੀਅਨ ਸੁਪਰੀਮ ਕੋਰਟ ਵਿਚ ਜਾਣ ਦੀ ਤਿਆਰੀ

**ਵੈਨਕੂਵਰ:** ਜ਼ਿੰਦਗੀ ਤੋਂ ਦੁਖੀ ਵਿਅਕਤੀਆਂ ਨੂੰ ਡਾਕਟਰੀ ਮਦਦ ਨਾਲ ਆਤਮ ਹੱਤਿਆ ਕਰ ਸਕਣ ਦੀ ਆਗਿਆ ਦਵਾਉਣ ਲਈ ਬੀ.ਸੀ ਸਿਵਲ ਲਿਬਰਟੀ ਐਸੋਸੀਏਸ਼ਨ ਵੱਲੋਂ ਕੈਨੇਡੀਅਨ ਸੁਪਰੀਮ ਕੋਰਟ ਵਿਚ ਦਸਤਕ ਦਿੱਤੀ ਜਾ ਰਹੀ ਹੈ। ਬੀ.ਸੀ ਸੁਪਰੀਮ ਕੋਰਟ ਵੱਲੋਂ ਇਸ ਬਾਰੇ ਦਿੱਤੇ ਫੈਸਲੇ ਨੂੰ ਅਪੀਲ ਕੋਰਟ ਵੱਲੋਂ ਰੱਦ ਕਰ ਦਿੱਤਾ ਗਿਆ ਸੀ।

ਸੰਗਠਨ ਵੱਲੋਂ 67 ਸਾਲਾਂ ਦੀ ਇਲਾਨੇ ਸ਼ੈਪਰੇ ਨੂੰ ਇਸ ਮਾਮਲੇ ਵਿਚ ਮੁਦਈ ਬਣਾਇਆ ਗਿਆ ਹੈ। ਉਹ ਕਈ ਸਾਲਾਂ ਤੋਂ ਬਿਸਤਰ 'ਤੇ ਹੈ ਤੇ ਖੁਦ ਖਾ-ਪੀ ਜਾਂ ਤੁਰ-ਫਿਰ ਨਹੀਂ ਸਕਦੀ ਹੈ। ਕੁਝ ਸਾਲਾਂ ਤੋਂ ਉਹ ਕਹਿ ਰਹੀ ਹੈ ਕਿ ਉਹ ਡਾਕਟਰੀ ਮਦਦ ਨਾਲ ਜੀਵਨ ਖਤਮ ਕਰਨਾ ਚਾਹੁੰਦੀ ਹੈ, ਪਰ ਕੈਨੇਡੀਅਨ ਕਾਨੂੰਨ ਇਸ ਦੀ ਆਗਿਆ ਨਹੀਂ ਦਿੰਦੇ। ਉਸ ਦੀ ਧੀ ਵੱਲੋਂ ਉਸ ਦੀ ਸੰਭਾਲ ਕਾਫੀ ਔਖੇ ਹੋ ਕੇ ਕੀਤੀ ਜਾ ਰਹੀ ਹੈ।

ਬੀ.ਸੀ ਸੁਪਰੀਮ ਕੋਰਟ ਨੇ ਉਸ ਦੀ ਬੇਨਤੀ ਮੰਨ ਲਈ ਸੀ, ਪਰ ਕਿਸੇ ਹੋਰ ਵੱਲੋਂ ਇਸ ਨੂੰ ਅਣਮਨੁੱਖੀ ਵਰਤਾਰਾ ਤੇ ਕੁਦਰਤ ਨਾਲ ਟੱਕਰ ਦੀ ਦਲੀਲ ਦੇ ਕੇ ਅਪੀਲ ਕੋਰਟ ਵਿਚ ਚੁਣੌਤੀ ਦੇ ਦਿੱਤੀ ਸੀ, ਜਿਸ ਨੂੰ ਮੰਨ ਲਿਆ ਗਿਆ ਸੀ। ਸ਼ੈਪਰੇ ਦੀ ਧੀ ਦਾ ਕਹਿਣਾ ਹੈ ਕਿ ਉਸ ਦੀ ਮਾਂ ਕੈਨੇਡੀਅਨ ਸੁਪਰੀਮ ਕੋਰਟ ਵਿਚ ਅਪੀਲ ਪਾਉਣ ਲਈ ਮਿਸੀਸਾਗਾ ਜਾਣ ਦੇ ਸਮਰੱਥ ਨਹੀਂ ਤੇ ਨਾ ਹੀ ਉਨ੍ਹਾਂ ਕੋਲ ਕਨੂੰਨੀ ਲੜਾਈ ਦੇ ਵਿੱਤੀ ਸਾਧਨ ਹਨ। ਇਸ ਕਾਰਨ ਬੀ.ਸੀ ਸਿਵਲ ਲਿਬਰਟੀ ਐਸੋਸੀਏਸ਼ਨ ਨੇ ਮਾਮਲਾ ਆਪਣੇ ਹੱਥ ਲੈ ਕੇ ਚਾਰਾਜੋਈ ਸ਼ੁਰੂ ਕੀਤੀ ਹੈ। ਬਾਦਲੀਲ ਕੇਸ ਬਣਾ ਕੇ ਅਗਲੇ ਦਿਨਾਂ ਵਿਚ ਅਪੀਲ ਪਾਉਣ ਦੀ ਤਿਆਰੀ ਆਰੰਭੀ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜ਼ਿੰਦਗੀ ਦਾ ਪਲ-ਪਲ ਤੜਪਦੇ ਹੋਏ ਬਿਤਾਉਣ ਨਾਲੋਂ ਇਸ ਨੂੰ ਖਤਮ ਕਰ ਲੈਣਾ ਬਿਹਤਰ ਹੈ। ਜ਼ਿਕਰਯੋਗ ਹੈ ਕਿ ਸ਼ੈਪਰੇ ਤੋਂ ਇਲਾਵਾ ਹੋਰ ਵੀ ਕਾਫੀ ਇਨਸਾਨ ਹਨ, ਜੋ ਲਾਇਲਾਜ ਬਿਮਾਰੀਆਂ ਕਾਰਨ ਜ਼ਿੰਦਗੀ ਦਾ ਪਲ-ਪਲ ਤੜਪ-ਤੜਪ ਕੇ ਬਿਤਾ ਰਹੇ ਹਨ ਤੇ ਚਾਹੁੰਦੇ ਹਨ ਕਿ ਉਹ ਇਸ ਤੋਂ ਛੁਟਕਾਰਾ ਪਾ ਲੈਣ, ਪਰ ਦੇਸ਼ ਦੇ ਕਾਨੂੰਨ ਇਸ ਦੀ ਆਗਿਆ ਨਹੀਂ ਦਿੰਦੇ ਤੇ ਆਪਣੇ-ਆਪ ਹੋਰ ਢੰਗ ਅਪਣਾ ਕੇ ਮੌਤ ਨਾਲ ਆਪਣੇ ਪਰਿਵਾਰਕ ਮੈਂਬਰਾਂ ਨੂੰ ਕਿਸੇ ਮੁਸੀਬਤ ਵਿਚ ਨਹੀਂ ਪਾਉਣਾ ਚਾਹੁੰਦੇ।

# ਡੇਰਾ ਸਿਰਸਾ ਨੇ ਵੇਸਵਾਵਾਂ ਨਾਲ ਵਿਆਹ ਕਰਵਾਉਣ ਦੀ ਛੇੜੀ ਮੁਹਿੰਮ

**ਪਟਿਆਲਾ:** ਡੇਰਾ ਸੱਚਾ ਸੌਦਾ ਸਿਰਸਾ ਦੇ ਪੈਰੋਕਾਰਾਂ ਵੱਲੋਂ ਹੁਣ ਵੇਸਵਾਵਾਂ ਨਾਲ ਵਿਆਹ ਕਰਵਾਏ ਜਾ ਰਹੇ ਹਨ। ਅਜਿਹੀ ਨਿਵੇਕਲੀ ਪਿਰਤ ਤਹਿਤ ਡੇਰੇ ਦੇ ਸ਼ਰਧਾਲੂਆਂ ਵੱਲੋਂ ਹੁਣ ਤੱਕ ਤਕਰੀਬਨ ਡੇਢ ਦਰਜਨ ਵੇਸਵਾਵਾਂ ਨਾਲ ਵਿਆਹ ਰਚਾ ਲਏ ਗਏ ਹਨ। ਵੱਡੀ ਗੱਲ ਇਨ੍ਹਾਂ ਵੇਸਵਾਵਾਂ ਨੂੰ ਰੱਜੇ-ਪੁੱਜੇ ਘਰਾਂ ਦੇ ਮੁੰਡਿਆਂ ਨੇ ਆਪਣੇ ਗੁਰੂ ਡੇਰਾ ਮੁਖੀ ਦੇ ਆਸ਼ੀਰਵਾਦ ਨਾਲ ਅਪਣਾਇਆ ਹੈ, ਕਈ ਸ਼ਰਧਾਲੂ ਬੱਚਿਆਂ ਵਾਲੀਆਂ ਵੇਸਵਾਵਾਂ ਦੀਆਂ ਡੋਲੀਆਂ ਬਤੌਰ ਦੁਲਹਨ ਆਪਣੇ ਘਰਾਂ ਵਿਚ ਲੈ ਗਏ ਹਨ।

ਦੱਸਣਯੋਗ ਹੈ ਕਿ ਡੇਰਾ ਸਿਰਸਾ ਦੇ ਮਾਨਵਤਾ ਭਲਾਈ ਮਿਸ਼ਨ ਤਹਿਤ ਦੇਸ਼ ਭਰ ਵਿਚੋਂ ਵੇਸਵਾਵਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਲਈ ਅੱਜਕੱਲ੍ਹ ਇਕ ਮੁਹਿੰਮ ਜ਼ੋਰਾਂ 'ਤੇ ਵਿੱਢੀ ਹੋਈ ਹੈ। ਇਸ ਮੁਹਿੰਮ ਨੂੰ ਲੈ ਕੇ ਡੇਰਾ ਆਗੂਆਂ ਦੀਆਂ ਕੁਝ ਟੀਮਾਂ ਦੇਸ਼ ਭਰ ਦਾ ਦੌਰਾ ਕਰ ਰਹੀਆਂ ਹਨ ਤੇ ਜਿਥੇ ਕਿਤੇ ਵੀ ਕੋਈ ਵੇਸਵਾ ਮੁੱਖ ਧਾਰਾ ਵਿਚ ਆਉਣ ਲਈ ਰਜ਼ਾਮੰਦ ਹੁੰਦੀ ਹੈ ਤਾਂ ਉਸ ਨੂੰ ਡੇਰਾ ਸਿਰਸਾ ਵਿਚ ਲਿਆਇਆ ਜਾਂਦਾ ਹੈ। ਪਹਿਲਾਂ ਉਸ ਦਾ ਡਾਕਟਰੀ ਇਲਾਜ ਕਰਵਾਇਆ ਜਾਂਦਾ ਹੈ ਤੇ ਬਾਅਦ ਵਿਚ ਉਸ ਨੂੰ ਵੇਸਵਾ ਬਿਰਤੀ ਛੱਡਣ ਦੇ ਉਪਦੇਸ਼ ਦਿੱਤੇ ਜਾਂਦੇ ਹਨ ਤੇ ਮਗਰੋਂ ਅਜਿਹੀਆਂ ਵੇਸਵਾਵਾਂ ਦਾ ਕਿਸੇ ਪੈਰੋਕਾਰ ਨਾਲ ਵਿਆਹ ਕਰ ਦਿੱਤਾ ਜਾਂਦਾ ਹੈ।

ਮਿਲੀ ਜਾਣਕਾਰੀ ਮੁਤਾਬਕ ਇਸ ਮਿਸ਼ਨ ਵਿਚ ਹੁਣ ਤੱਕ 17 ਵੇਸਵਾਵਾਂ ਦੇ ਡੇਰਾ ਪੈਰੋਕਾਰਾਂ ਨਾਲ ਵਿਆਹ ਕਰਵਾਏ ਗਏ ਹਨ। ਜਦੋਂ ਕਿ ਅੱਧੀ ਦਰਜਨ ਵੇਸਵਾਵਾਂ ਦਾ ਡੇਰਾ ਸਿਰਸਾ ਵਿਖੇ ਡਾਕਟਰੀ ਇਲਾਜ ਪ੍ਰਕਿਰਿਆ ਚੱਲ ਰਹੀ ਹੈ। ਸੂਤਰਾਂ ਮੁਤਾਬਕ ਡੇਰੇ ਵਿਖੇ ਵੇਸਵਾਵਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਵੇਸਵਾਵਾਂ ਦੇ ਜਦੋਂ ਵਿਆਹ ਕੀਤੇ ਜਾਂਦੇ ਹਨ ਤਾਂ ਪਿਤਾ ਦੇ ਨਾਂਅ ਵਜੋਂ ਡੇਰਾ ਮੁਖੀ ਸੰਤ ਗੁਰਮੀਤ ਰਾਮ ਰਹੀਮ ਸਿੰਘ ਦਾ ਨਾਮ ਦਿੱਤਾ ਜਾਂਦਾ ਹੈ ਤੇ ਡੇਰੇ ਵੱਲੋਂ ਬਾਕਾਇਦਾ ਕੁਝ ਦਾਜ ਵੀ ਪ੍ਰਦਾਨ ਕੀਤਾ ਜਾਂਦਾ ਹੈ।

ਡੇਰਾ ਸਿਰਸਾ ਵੱਲੋਂ ਪੰਜਾਬ ਦੇ ਮਾਮਲਿਆਂ ਲਈ ਗਠਿਤ ਕੀਤੀ ਪੰਜਤਾਲੀ ਮੈਂਬਰੀ ਕਮੇਟੀ ਦੇ ਸੀਨੀਅਰ ਮੈਂਬਰ ਹਰਮੇਲ ਸਿੰਘ ਸਿੱਧੂ ਨੇ ਮੰਨਿਆ ਕਿ ਕੁਝ ਡੇਰਾ ਪੈਰੋਕਾਰਾਂ ਵੱਲੋਂ ਡੇਰਾ ਮੁਖੀ ਦੇ ਆਸ਼ੀਰਵਾਦ ਤੇ ਹੁਕਮ 'ਤੇ ਫੁੱਲ ਚੜਾਉਂਦਿਆਂ ਵੇਸਵਾਵਾਂ ਨਾਲ ਵਿਆਹ ਕਰੇ ਲਏ ਹਨ।

# ਅਮਰੀਕਾ ਦੇ ਛੇ ਸ਼ਹਿਰਾਂ ਵਿਚ ਖੁੱਲ੍ਹੇ ਭਾਰਤੀ ਵੀਜ਼ਾ ਕੇਂਦਰ

**ਵਾਸ਼ਿੰਗਟਨ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਾ ਵਿਚ ਭਾਰਤੀ ਸਫਾਰਤਖਾਨੇ ਨੇ ਜਿਸ ਨਵੀਂ ਕੰਪਨੀ ਨੂੰ ਵੀਜ਼ੇ ਨਾਲ ਸਬੰਧਤ ਕੰਮ ਸੌਂਪੇ ਹਨ, ਉਸ ਨੇ ਇਸ ਦੇਸ਼ ਦੇ ਛੇ ਸ਼ਹਿਰਾਂ ਵਿਚ ਆਪਣੇ ਸਰਵਿਸ ਕੇਂਦਰ ਖੋਲ੍ਹੇ ਹਨ। ਭਾਰਤੀ ਸਫਾਰਤਖਾਨੇ ਨੇ ਆਪਣੇ ਸਫਾਰਤੀ ਕਿਸਮਾਂ ਦੇ ਵੀਜ਼ਿਆਂ ਨਾਲ ਜੁੜੇ ਕੰਮ ਇਸ ਕੰਪਨੀ ਨੂੰ ਸੌਂਪੇ ਹੋਏ ਹਨ।

ਵਾਸ਼ਿੰਗਟਨ ਡੀਸੀ, ਨਿਊਯਾਰਕ, ਅਟਲਾਂਟਾ, ਸ਼ਿਕਾਗੋ, ਹਿਊਸਟਨ ਤੇ ਸਾਂ ਫਰਾਂਸਿਸਕੋ ਵਿਚ ਇਹ ਸੇਵਾ ਕੇਂਦਰ ਖੋਲ੍ਹੇ ਗਏ ਹਨ, ਜੋ ਭਾਰਤੀ ਵੀਜ਼ੇ ਓਵਰਸੀਜ਼ ਸਿਟੀਜ਼ਨਜ਼ ਆਫ ਇੰਡੀਆ (ਓ.ਸੀ.ਆਈ) ਭਾਰਤੀ ਮੂਲ ਦੇ ਲੋਕਾਂ ਤੇ ਭਾਰਤੀ ਨਾਗਰਿਕਤਾ ਛੱਡਣ ਬਾਰੇ ਲੋੜੀਂਦੀਆਂ ਸੇਵਾਵਾਂ ਪ੍ਰਦਾਨ ਕਰਨਗੇ। ਕੌਕਸ ਐਂਡ ਕਿੰਗਜ਼ ਗਲੋਬਲ ਸਰਵਿਸਿਜ਼ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਜਾਣ ਦੀ ਯੋਜਨਾ ਬਣਾ ਰਹੇ ਅਮਰੀਕਾ ਰਹਿੰਦੇ ਲੋਕਾਂ ਨੂੰ ਵੀ ਇਹੋ ਕੇਂਦਰ ਸੇਵਾਵਾਂ ਪ੍ਰਦਾਨ ਕਰਨਗੇ। ਇਸ ਮਹੀਨੇ ਦੇ ਸ਼ੁਰੂ ਵਿਚ ਵਾਸ਼ਿੰਗਟਨ ਡੀਸੀ ਵਿਚ ਸਥਿਤ ਭਾਰਤੀ ਸਫਾਰਤਖਾਨੇ ਨੇ ਐਲਾਨ ਕੀਤਾ ਸੀ ਕਿ ਇਹ ਕੌਕਸ ਐਂਡ ਕਿੰਗਜ਼ ਗਲੋਬਲ ਸਰਵਿਸਿਜ਼ ਨੂੰ ਅਮਰੀਕਾ ਵਿਚ ਵੀਜ਼ਾ ਤੇ ਹੋਰ ਸੇਵਾਵਾਂ ਦਾ ਕਾਰਜ ਸੌਂਪ ਰਿਹਾ ਹੈ।

ਇਹ ਸੇਵਾ ਕੇਂਦਰ ਟੂਰਿਸਟ, ਕਾਰੋਬਾਰੀ, ਕਾਨਫਰੰਸ, ਵਿਦਿਆਰਥੀ ਤੇ ਹੋਰ ਸਾਰੇ ਕਾਰਜਾਂ ਲਈ ਵੀਜ਼ਾ ਸੇਵਾਵਾਂ ਪ੍ਰਦਾਨ ਕਰਨਗੇ। ਇਹ ਕੇਂਦਰ ਅਮਰੀਕਾ ਵਿਚ ਰਹਿ ਰਹੇ ਸਾਰੀਆਂ ਕੌਮਾਂ ਦੇ ਲੋਕਾਂ ਦੀਆਂ ਅਰਜ਼ੀਆਂ ਮਨਜ਼ੂਰ ਕਰਨਗੇ।


Personalized Service-Committed To Quality
Purchase and Refinance Your Home Loans.



Pre approval in one day, no cost, no obligation.
Conventional, ARM, Jumbo, FHA, VA, USDA & HARP Loan Programs
ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ

AMRIK P. SINGH
Mortgage Loan Originator
NMLS # 232904

C&R MORTGAGE CORP.
NMLS # 227317

7788 N. Milwaukee Ave.
Niles, IL 60714
Ph: 847-966-6700
Fax: 847-966-6723

Illinois Residential Mortgage Licensee.
Cell 312-608-0006
Email: asingh@candrmortgage.com
Website: www.candrmortgage.com


SUGA BUILDERS & CONSTRUCTION
708-715-1734
COMMERCIAL & RESIDENTIAL
KBR INVESTMENTS
along with Walia Entertainment of Chicago
Presents
PAN-OCEANIC ENGINEERING CO.
SHARRY MANN
GIPPY GREWAL
LIVE IN CONCERT WITH BAND
DESI ROCKSTAR
SATURDAY, JUNE 7TH 2014 @ 7:30 PM
COPERNICUS CENTER
5216 W Lawrence Ave, Chicago, IL 60630
TICKETS : VVIP • VIP • $60 • ($40 Kids Under 5 are FREE)
More Info & Sponsorship:
Savi S. Attal 847.630.4916
Parminder Walia 847.477.1613
TICKETS AVAILABLE AT
SINGH GROCERS 847-241-5189
AL-MANSOOR VIDEO 773-764-7576
SPICE N RICE 630-717-9103
PUNJAB SWEETS 773-381-3333
DESI BAZAAR 630-893-8049
STAR FOOD 847-985-7000

# Sikh Religious Society of North West Indiana

ੴ ਸਤਿਗੁਰ ਪ੍ਰਸਾਦਿ

## ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਇਲਾਹੀ ਯਾਦ ਵਿਚ

# ਸ਼ਹੀਦੀ ਗੁਰਪੁਰਬ

## ਪਹਿਲੀ ਜੂਨ 2014, ਐਤਵਾਰ



**30 ਮਈ 2014, ਸ਼ੁੱਕਰਵਾਰ**

ਅਰੰਭ ਸ੍ਰੀ ਅਖੰਡ ਪਾਠ: ਸਵੇਰੇ 11:00 ਵਜੇ

**31 ਮਈ 2014, ਸਨਿਚਰਵਾਰ**

ਕੀਰਤਨ ਦਰਬਾਰ: ਸ਼ਾਮ 6:00 ਤੋਂ 8:00 ਵਜੇ ਤੱਕ
6:00 ਤੋਂ 6:30-ਰਹਿਰਾਸ ਸਾਹਿਬ
6:30 ਤੋਂ 7:00-ਭਾਈ ਅਜੀਤ ਸਿੰਘ ਅਤੇ ਜਥਾ
7:00 ਤੋਂ 8:00 ਕਥਾਵਾਚਕ ਭਾਈ ਲਖਬੀਰ ਸਿੰਘ ਟੋਰਾਂਟੋ

**ਪਹਿਲੀ ਜੂਨ 2014, ਐਤਵਾਰ**

ਭੋਗ ਸ੍ਰੀ ਅਖੰਡ ਪਾਠ: ਸਵੇਰੇ 10:00 ਵਜੇ
11:00 ਤੋਂ 12:00-ਭਾਈ ਅਜੀਤ ਸਿੰਘ ਅਤੇ ਜਥਾ
12:00 ਤੋਂ 1:30-ਕਥਾਵਾਚਕ ਭਾਈ ਲਖਬੀਰ ਸਿੰਘ ਟੋਰਾਂਟੋ ਵਾਲੇ



ਗੁਰੂ ਪੰਥ ਦੇ ਦਾਸ: ਸਮੂਹ ਸੰਗਤ ਤੇ ਪ੍ਰਬੰਧਕ ਕਮੇਟੀ ਗੁਰਦਵਾਰਾ ਕਰਾਊਨ ਪੁਆਇੰਟ

**ਐਸ. ਆਰ. ਐਸ. ਆਫ ਇੰਡੀਆਨਾ ਗੁਰਦੁਆਰਾ ਕਰਾਊਨ ਪੁਆਇੰਟ (ਇੰਡੀਆਨਾ)**

10005 Colorado St, Crown Point, IN 46307, Ph: 219-793-9446

# ਨੇੜਲੇ ਰਿਸ਼ਤੇਦਾਰਾਂ ਦੇ ਨਾਂ ਜ਼ਮੀਨ ਦੀ ਰਜਿਸਟਰੀ ਤੋਂ ਸਟੈਂਪ ਡਿਊਟੀ ਖ਼ਤਮ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਜ਼ਮੀਨਾਂ ਦੀਆਂ ਰਜਿਸਟਰੀਆਂ ਬਾਰੇ ਅਹਿਮ ਫੈਸਲਾ ਲੈਂਦਿਆਂ ਖ਼ੂਨ ਦੇ ਰਿਸ਼ਤੇ ਵਿਚ ਨੇੜਲੇ ਵਿਅਕਤੀਆਂ ਦੇ ਨਾਂ ਜ਼ਮੀਨ ਦੀ ਰਜਿਸਟਰੀ ਹੋਣ ਦੀ ਸੂਰਤ ਵਿਚ ਸਟੈਂਪ ਡਿਊਟੀ ਤੋਂ ਛੋਟ ਦੇ ਦਿੱਤੀ ਹੈ। ਸੂਬਾ ਸਰਕਾਰ ਦੇ ਇਸ ਫੈਸਲੇ ਮੁਤਾਬਕ ਜੇਕਰ ਕੋਈ ਵਿਅਕਤੀ ਆਪਣੀ ਜ਼ਮੀਨ ਆਪਣੇ ਪੋਤਰੇ, ਪੋਤਰੀ ਦੇ ਨਾਂਅ ਰਜਿਸਟਰ ਕਰਵਾਉਂਦਾ ਹੈ ਜਾਂ ਫਿਰ ਭਰਾ ਭੈਣ ਦੇ ਦਰਮਿਆਨ ਜ਼ਮੀਨ ਦੀ ਰਜਿਸਟਰੀ ਕਰਾਂਦਾ ਹੈ ਤਾਂ ਕੋਈ ਅਸ਼ਟਾਮ ਨਹੀਂ ਲੱਗੇਗਾ।

ਇਸ ਤੋਂ ਪਹਿਲਾਂ ਬਜ਼ੁਰਗ ਆਪਣੇ ਪੁੱਤਰਾਂ ਤੇ ਧੀਆਂ ਦੇ ਨਾਂ ਹੀ ਜ਼ਮੀਨ ਕਰਵਾ ਸਕਦੇ ਸਨ। ਜਦੋਂ ਭੈਣਾਂ ਨੇ ਆਪਣੇ ਭਰਾਵਾਂ ਦੇ ਨਾਂਅ ਜ਼ਮੀਨ ਰਜਿਸਟਰਡ ਕਰਵਾਉਣੀ ਹੁੰਦੀ ਸੀ ਜਾਂ ਭਰਾ ਵੱਲੋਂ ਭਰਾ ਦੇ ਨਾਂ ਜ਼ਮੀਨ ਰਜਿਸਟਰਡ ਕਰਵਾਈ ਜਾਂਦੀ ਸੀ ਤਾਂ ਤਿੰਨ ਫੀਸਦੀ ਤੋਂ ਪੰਜ ਫੀਸਦੀ ਤੱਕ ਸਟੈਂਪ ਡਿਊਟੀ ਲੱਗਦੀ ਸੀ।

ਮਾਲ ਵਿਭਾਗ ਵੱਲੋਂ ਇਸ ਬਾਰੇ ਨੋਟੀਫਿਕੇਸ਼ਨ ਸੱਤ ਮਈ ਨੂੰ ਜਾਰੀ ਕੀਤਾ ਗਿਆ ਹੈ। ਸੂਬਾ ਸਰਕਾਰ ਦੇ ਇਸ ਫੈਸਲੇ ਨਾਲ ਲੋਕਾਂ ਨੂੰ ਭਾਰੀ ਰਾਹਤ ਮਿਲੇਗੀ। ਜ਼ਮੀਨਾਂ ਬਾਰੇ ਝਗੜੇ ਵੀ ਘੱਟ ਜਾਣਗੇ। ਸਟੈਂਪ ਡਿਊਟੀ ਲੱਗਣ ਦੇ ਡਰ ਵਜੋਂ ਕਈ ਵਾਰੀ ਲੋਕ ਰਜਿਸਟਰੀਆਂ ਨਹੀਂ ਕਰਵਾਉਂਦੇ ਤੇ ਜ਼ਮੀਨੀ ਝਗੜੇ ਵਧਦੇ ਸਨ। ਮਾਲ ਵਿਭਾਗ ਵੱਲੋਂ ਜ਼ਿਲ੍ਹਾ ਪੱਧਰ ਦੇ ਸਮੂਹ ਅਧਿਕਾਰੀਆਂ ਨੂੰ ਇਸ ਫੈਸਲੇ ਤੋਂ ਜਾਣੂ ਕਰਵਾ ਦਿੱਤਾ ਗਿਆ ਹੈ।

## ਇਟਾਸਕਾ 'ਚ ਮੈਮੋਰੀਅਲ ਡੇਅ ਪਰੇਡ 26 ਨੂੰ

**ਸ਼ਿਕਾਗੋ (ਬਿਊਰੋ):** ਇਟਾਸਕਾ ਵਿਲੇਜ ਵਿਚ ਆਉਂਦੀ 26 ਮਈ, ਸੋਮਵਾਰ ਨੂੰ ਹੋ ਰਹੀ ਮੈਮੋਰੀਅਲ ਡੇਅ ਪਰੇਡ ਵਿਚ ਸਿੱਖ ਭਾਈਚਾਰਾ ਸ਼ਮੂਲੀਅਤ ਕਰੇਗਾ। ਇਹ ਪਰੇਡ ਸਵੇਰੇ 9:30 ਵਜੇ ਸ਼ੁਰੂ ਹੋਵੇਗੀ।

ਸਿੱਖ ਰਿਲੀਜੀਅਸ ਸੁਸਾਇਟੀ-ਸ਼ਿਕਾਗੋ ਦੇ ਸਾਬਕਾ ਬੋਰਡ ਮੈਂਬਰ ਸ. ਕੁਲਦੀਪ ਸਿੰਘ ਮੱਕੜ ਨੇ ਦੱਸਿਆ ਕਿ ਇਹ ਪਰੇਡ ਇਟਾਸਕਾ ਕਸਬੇ ਦੀ ਕੈਟਾਲਪਾ ਤੇ ਬਰਾਇਨ ਮਾਰ ਸਟਰੀਟ ਤੋਂ ਸ਼ੁਰੂ ਹੋਵੇਗੀ ਅਤੇ ਇਟਾਸਕਾ ਟਰੇਨ ਸਟੇਸ਼ਨ (ਇਰਵਿੰਗ ਪਾਰਕ ਰੋਡ) ਵਿਖੇ 11:30 ਵਜੇ ਸਮਾਪਤ ਹੋਵੇਗੀ। ਸ. ਮੱਕੜ ਨੇ ਦੱਸਿਆ ਕਿ ਇਸ ਸਮਾਗਮ ਵਿਚ ਸੰਸਾਰ ਜੰਗਾਂ ਦੌਰਾਨ ਮਾਰੀਆਂ ਗਈਆਂ ਸਿੱਖ ਸ਼ਖ਼ਸੀਅਤਾਂ ਨੂੰ ਯਾਦ ਕੀਤਾ ਜਾ ਸਕੇਗਾ ਅਤੇ ਇਸ ਮੌਕੇ ਸਿੱਖ ਭਾਈਚਾਰਾ ਅਮਰੀਕੀਆਂ ਨਾਲ ਆਪਣੀ ਸ਼ਨਾਖ਼ਤੀ ਸਾਂਝ ਵੀ ਪਾ ਸਕੇਗਾ। ਉਨ੍ਹਾਂ ਸਮੂਹ ਭਾਈਚਾਰੇ ਨੂੰ ਇਸ ਪਰੇਡ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਲਈ ਸ. ਮੱਕੜ ਨਾਲ ਫੋਨ 847-843-2518 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## 84 ਦੇ ਘੱਲੂਘਾਰੇ ਦੀ ਯਾਦ 'ਚ ਸਮਾਗਮ 8 ਜੂਨ ਨੂੰ

**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਪੈਲਾਟਾਈਨ ਵਿਚ ਜੂਨ 1984 ਦੇ ਸ਼ਹੀਦਾਂ ਦੀ ਯਾਦ 'ਚ ਘੱਲੂਘਾਰਾ ਦਿਵਸ ਆਉਂਦੀ 8 ਜੂਨ ਨੂੰ ਮਨਾਇਆ ਜਾ ਰਿਹਾ ਹੈ ਜਦਕਿ ਵਿਸ਼ੇਸ਼ ਦੀਵਾਨ 31 ਮਈ ਤੋਂ ਸ਼ੁਰੂ ਹੋ ਜਾਣਗੇ।

ਘੱਲੂਘਾਰੇ ਦਿਵਸ ਸਬੰਧੀ ਸ੍ਰੀ ਅਖੰਡ ਪਾਠ ਦਾ ਅਰੰਭ 6 ਜੂਨ ਨੂੰ ਹੋਵੇਗਾ ਅਤੇ 8 ਜੂਨ ਨੂੰ ਭੋਗ ਪਵੇਗਾ। ਉਪਰੰਤ ਦੀਵਾਨ ਸਜਣਗੇ ਅਤੇ ਪੰਥਕ ਵਿਚਾਰਾਂ ਹੋਣਗੀਆਂ।

## ਪੀ ਸੀ ਐਸ ਦੀ ਯੂਥ ਗਰੈਜੂਏਸ਼ਨ ਨਾਈਟ 8 ਜੂਨ ਨੂੰ

**ਸ਼ਿਕਾਗੋ (ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ ਵਲੋਂ 'ਪੰਜਾਬੀ ਯੂਥ ਗਰੈਜੂਏਸ਼ਨ ਤੇ ਸਕਾਲਰਸ਼ਿਪ ਨਾਈਟ' ਆਉਂਦੀ 8 ਜੂਨ, ਐਤਵਾਰ ਨੂੰ ਸ਼ਾਮੀਂ 5 ਵਜੇ ਤੋਂ ਵਾਇਸਰਾਏ ਆਫ ਇੰਡੀਆ ਬੈਂਕੁਇਟ ਹਾਲ, ਲਾਮਬਰਡ ਵਿਚ ਕਰਵਾਈ ਜਾ ਰਹੀ ਹੈ। ਪ੍ਰੋਗਰਾਮ 'ਚ ਭਾਈਚਾਰੇ ਨਾਲ ਸਬੰਧਤ ਨੌਜਵਾਨਾਂ ਨੂੰ ਉਚ ਸਿੱਖਿਆ, ਆਪਸੀ ਸਾਂਝ ਅਤੇ ਇਕ-ਦੂਜੇ ਨੂੰ ਜਾਣਨ-ਸਮਝਣ ਬਾਰੇ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ ਸੁਸਾਇਟੀ ਵਲੋਂ 1000 ਡਾਲਰ ਅਤੇ 750 ਡਾਲਰ ਦੇ ਸਕਾਲਰਸ਼ਿਪ ਵੀ ਹਾਈ ਸਕੂਲ ਸੀਨੀਅਰਜ਼ ਨੂੰ ਦਿੱਤੇ ਜਾਣਗੇ। 'ਰੰਗਲਾ ਪੰਜਾਬ 2014' ਦੇ ਸਾਰੇ ਕਲਾਕਾਰਾਂ ਦੇ ਨਾਲ-ਨਾਲ 2014 ਵਾਲੀ ਕਲਾਸ ਦੇ ਪੰਜਾਬੀ ਗਰੈਜੂਏਟਸ (ਹਾਈ ਸਕੂਲ/ਕਾਲਜ-2014) ਨੂੰ ਸਨਮਾਨਿਤ ਕੀਤਾ ਜਾਵੇਗਾ।

ਹੋਰ ਜਾਣਕਾਰੀ ਲਈ ਸੁਸਾਇਟੀ ਦੇ ਯੂਥ ਡਾਇਰੈਕਟਰ ਵਿਕਰਮ ਐਸ. ਚੌਹਾਨ (847-414-0101), ਪ੍ਰਦੀਪ ਦਿਓਲ (630-346-7245) ਅਤੇ ਰੋਨੀ ਕੁਲਾਰ (312-318-4426) ਨਾਲ ਸੰਪਰਕ ਕੀਤਾ ਜਾ ਸਕਦਾ ਹੈ।


ਅਮਰ ਕਾਰਪੈਟਸ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੱਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਬੇਹਤਰੀਨ ਚੋਣ ਭਰਪੂਰ ਸ਼ੋਅਰੂਮ


ਅਮਰੀਕ ਸਿੰਘ

ਹਾਰਡਵੁੱਡ ਫਲੋਰ, ਕਿਚਨ ਕੈਬਨਿਟ
ਹਰ ਤਰ੍ਹਾਂ ਦੇ ਫਲੋਰ ਉਪਲਬਧ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

Amar Carpets Inc
ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

Ph: 773-508-5253,773-507-8043, Fax: 773-508-5249



ਖ਼ੁਸ਼ਖਬਰੀ! ਖ਼ੁਸ਼ਖਬਰੀ!! ਖ਼ੁਸ਼ਖਬਰੀ!!

ਇੰਡੀਅਨਐਪੋਲਿਸ (ਇੰਡੀਆਨਾ) ਵਿਚ
ਨਵਾਂ ਟਰੱਕ ਡਰਾਈਵਿੰਗ ਸਕੂਲ

ਖੁੱਲ੍ਹ ਗਿਆ ਹੈ



Truck Driving School

A-One Truck Driving School
2302 South West Street, Indianapolis, IN 46225
Ph: 317-222-0073



ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ


ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਕੀ ਤੁਸੀਂ ਡੀਪੋਰਟ ਹੋ ਰਹੇ ਹੋ?
ਜਾਂ ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ?

ਤੁਹਾਡੀ ਸੇਵਾ ਵਿਚ ਹਾਜ਼ਰ ਅਟਾਰਨੀ ਪੰਨੂੰ

ਇੰਮੀਗ੍ਰੇਸ਼ਨ ਅਤੇ ਡੀਪੋਰਟੇਸ਼ਨ ਡਿਫੈਂਸ

- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ (10 ਸਾਲਾ ਰਿਹਾਇਸ਼ੀ ਕੇਸ)
- ਡੀਪੋਰਟੇਸ਼ਨ ਦੇ ਕੇਸ ਖੋਲ੍ਹਣ ਲਈ ਮੋਸ਼ਨ

ਮੁਫਤ ਕਾਨੂੰਨੀ ਸਲਾਹ ਲਈ ਸੰਪਰਕ ਕਰੋ

NEW YORK
T 718.672.8000
75-20 Astoria Blvd, Suite 170
Jackson Heights, New York 11370
* Admitted in the state of New York only

CALIFORNIA
T 510.796.9000
39180 Liberty Street, Suite 118
Freemont, CA 94538

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸ਼੍ਰੋਮਣੀ ਕਮੇਟੀ ਨੇ ਲਹਿੰਦੇ ਪੰਜਾਬ ਦੇ ਮੰਤਰੀ ਨਾਲ ਵਿਚਾਰੇ ਸਿੱਖ ਮਸਲੇ

**ਅੰਮ੍ਰਿਤਸਰ:** ਸਿੱਖ ਮਾਮਲਿਆਂ ਨੂੰ ਹੱਲ ਕਰਨ ਦੇ ਮੰਤਵ ਨਾਲ ਪਾਕਿਸਤਾਨ ਗਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫ਼ਦ ਦੇ ਮੈਂਬਰਾਂ ਨੇ ਲਹਿੰਦੇ ਪੰਜਾਬ ਦੇ ਕਾਨੂੰਨ ਤੇ ਮਨੁੱਖੀ ਅਧਿਕਾਰਾਂ ਬਾਰੇ ਮੰਤਰੀ ਰਾਜਾ ਅਸ਼ਫਾਕ ਸਰਵਰ ਨਾਲ ਮੀਟਿੰਗ ਕੀਤੀ ਹੈ। ਉਨ੍ਹਾਂ ਨੇ ਇਨ੍ਹਾਂ ਸਿੱਖ ਮਸਲਿਆਂ ਨੂੰ ਤਰਜੀਹ ਦੇ ਆਧਾਰ 'ਤੇ ਹੱਲ ਕਰਨ ਦਾ ਭਰੋਸਾ ਦਿੱਤਾ ਹੈ।

ਸ਼੍ਰੋਮਣੀ ਕਮੇਟੀ ਦਾ ਅੱਠ ਮੈਂਬਰੀ ਵਫ਼ਦ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੀ ਅਗਵਾਈ ਹੇਠ ਅਟਾਰੀ-ਵਾਹਗਾ ਸਰਹੱਦ ਰਸਤੇ ਪਾਕਿਸਤਾਨ ਗਿਆ ਸੀ। ਵਫ਼ਦ ਦਾ ਪਾਕਿਸਤਾਨੀ ਸਿੱਖ ਆਗੂਆਂ ਤੇ ਸਰਕਾਰ ਵੱਲੋਂ ਸਵਾਗਤ ਕੀਤਾ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਜਥੇਦਾਰ ਅਵਤਾਰ ਸਿੰਘ ਦੀ ਅਗਵਾਈ ਹੇਠ ਵਫ਼ਦ ਦੇ ਮੈਂਬਰਾਂ ਨੇ ਲਹਿੰਦੇ ਪੰਜਾਬ ਦੇ ਕਾਨੂੰਨ ਤੇ ਮਨੁੱਖੀ ਅਧਿਕਾਰਾਂ ਬਾਰੇ ਮੰਤਰੀ ਰਾਜਾ ਅਸ਼ਫਾਕ ਸਰਵਰ ਨਾਲ ਲਾਹੌਰ ਸਥਿਤ ਉਨ੍ਹਾਂ ਦੇ ਦਫ਼ਤਰ ਵਿਚ ਮੀਟਿੰਗ ਕੀਤੀ ਹੈ। ਇਹ ਮੀਟਿੰਗ ਸਦਭਾਵਨਾ ਵਾਲੇ ਮਾਹੌਲ ਵਿਚ ਹੋਈ। ਇਸ ਮੁਲਾਕਾਤ ਵਿਚ ਜਥੇਦਾਰ ਅਵਤਾਰ ਸਿੰਘ ਵੱਲੋਂ



ਪਾਕਿਸਤਾਨ ਵਿਚ ਰਹਿੰਦੇ ਘੱਟ ਗਿਣਤੀ ਸਿੱਖ ਭਾਈਚਾਰੇ ਦੀਆਂ ਸਮੱਸਿਆਵਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਭੇਜੇ ਜਾਂਦੇ ਸਿੱਖ ਸ਼ਰਧਾਲੂਆਂ ਦੇ ਚਾਰ ਜਥਿਆਂ ਲਈ ਪ੍ਰਵਾਨਤ 60 ਫੀਸਦੀ ਕੋਟੇ ਨੂੰ ਵੀਜ਼ੇ ਜਾਰੀ ਕਰਨ ਦੀ ਮੰਗ ਕੀਤੀ ਗਈ। ਉਨ੍ਹਾਂ ਆਖਿਆ ਕਿ ਦੋਵਾਂ ਦੇਸ਼ਾਂ ਵਿਚਾਲੇ ਹੋਏ ਸਮਝੌਤੇ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਵਾਸਤੇ ਹਰ ਵਰ੍ਹੇ ਵੱਖ-ਵੱਖ ਗੁਰਪੁਰਬਾਂ ਮੌਕੇ ਚਾਰ ਜਥੇ ਭੇਜੇ ਜਾਂਦੇ ਹਨ, ਜਿਨ੍ਹਾਂ ਵਿਚੋਂ ਦੋ ਜਥੇ ਤਿੰਨ-ਤਿੰਨ ਹਜ਼ਾਰ ਸ਼ਰਧਾਲੂਆਂ ਦੇ ਤੇ ਦੋ ਜਥੇ ਪੰਜ-ਪੰਜ ਸੌ ਸ਼ਰਧਾਲੂਆਂ ਦੇ ਹੁੰਦੇ ਹਨ।

ਇਨ੍ਹਾਂ ਵਿਚੋਂ 60 ਫੀਸਦੀ ਵੀਜ਼ੇ ਸ਼੍ਰੋਮਣੀ ਕਮੇਟੀ ਨੂੰ ਮਿਲਦੇ ਸਨ ਪਰ ਹੁਣ ਸ਼੍ਰੋਮਣੀ ਕਮੇਟੀ ਨੂੰ ਨਿਰਧਾਰਤ ਕੋਟੇ ਵਿਚੋਂ ਘੱਟ ਵੀਜ਼ੇ ਦਿੱਤੇ ਜਾ ਰਹੇ ਹਨ। ਐਨ ਆਖਰੀ ਮੌਕੇ ਵੱਡੀ ਗਿਣਤੀ ਸ਼ਰਧਾਲੂਆਂ ਦੇ ਨਾਂ ਸੂਚੀ ਵਿਚੋਂ ਕੱਟ ਦਿੱਤੇ ਜਾਂਦੇ ਹਨ ਤੇ ਉਨ੍ਹਾਂ ਨੂੰ ਵੀਜ਼ੇ ਦੇਣ ਤੋਂ ਨਾਂਹ ਕਰ ਦਿੱਤੀ ਜਾਂਦੀ ਹੈ। ਇਸ ਕਾਰਨ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਦੀ ਹੈ।

ਉਨ੍ਹਾਂ ਪਾਕਿਸਤਾਨ ਸਥਿਤ ਗੁਰਧਾਮਾਂ ਵਿਚ ਮਰਿਆਦਾ ਦੀ ਘਾਟ ਨੂੰ ਪੂਰਾ ਕਰਨ ਲਈ ਪਾਠੀ, ਰਾਗੀ ਤੇ ਪ੍ਰਚਾਰਕਾਂ ਨੂੰ ਬਹੁਮੰਤਵੀ ਵੀਜ਼ੇ ਦੇਣ ਤੇ ਪਾਠੀ ਤੇ ਰਾਗੀਆਂ ਆਦਿ ਦੇ ਆਦਾਨ ਪ੍ਰਦਾਨ ਦੀ ਮੰਗ ਵੀ ਰੱਖੀ। ਉਨ੍ਹਾਂ ਆਖਿਆ ਕਿ ਦੋਵੇਂ ਪਾਸੇ ਧਾਰਮਿਕ ਸੈਰ ਸਪਾਟੇ ਨੂੰ ਉਤਸ਼ਾਹਤ ਕਰਨ ਲਈ ਲਾਹੌਰ ਤੇ ਅੰਮ੍ਰਿਤਸਰ ਵਿਖੇ ਵੀਜ਼ਾ ਕੇਂਦਰ ਸਥਾਪਤ ਕੀਤੇ ਜਾਣ। ਬੁਲਾਰੇ ਨੇ ਦੱਸਿਆ ਕਿ ਇਨ੍ਹਾਂ ਸਮੂਹ ਮਾਮਲਿਆਂ ਨੂੰ ਕਾਨੂੰਨ ਮੰਤਰੀ ਨੇ ਗੰਭੀਰਤਾ ਨਾਲ ਸੁਣਿਆ ਤੇ ਤਰਜੀਹ ਦੇ ਆਧਾਰ 'ਤੇ ਹੱਲ ਕਰਨ ਦਾ ਭਰੋਸਾ ਦਿੱਤਾ ਹੈ।

# ਪੂਤਿਨ ਵੱਲੋਂ ਯੂਕਰੇਨ ਨੇੜੇ ਤਾਇਨਾਤ ਫੌਜਾਂ ਨੂੰ ਵਾਪਸੀ ਦੇ ਹੁਕਮ

**ਮਾਸਕੋ:** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਯੂਕਰੇਨ ਨੇੜੇ ਤਾਇਨਾਤ ਫੌਜਾਂ ਨੂੰ ਵਾਪਸੀ ਦੇ ਹੁਕਮ ਦਿੱਤੇ ਹਨ। ਇਹ ਦਸਤੇ ਹੁਣ ਆਪਣੇ ਘਰੇਲੂ ਅੱਡਿਆਂ 'ਤੇ ਆ ਟਿਕਣਗੇ, ਜਦਕਿ ਦੇਸ਼ ਦੇ ਪੂਰਬੀ ਹਿੱਸਿਆਂ ਵਿਚ ਲੜਾਈ ਜਾਰੀ ਹੈ।

ਪੂਤਿਨ ਨੇ ਵਿਸ਼ੇਸ਼ ਤੌਰ 'ਤੇ ਰੱਖਿਆ ਮੰਤਰੀ ਸੇਰਗੇਈ ਸ਼ੋਇਗੂ ਨੂੰ ਰੋਸਤੋਵ, ਬੈਲਗ੍ਰੋਦ ਤੇ ਬਰਿਅੰਸਕ ਖੇਤਰਾਂ ਵਿਚ ਗਏ ਦਸਤੇ ਫੌਰੀ ਵਾਪਸ ਬੁਲਾਉਣ ਦੇ ਹੁਕਮ ਦਿੱਤੇ ਹਨ। ਦੋ ਹਫਤੇ ਪਹਿਲਾਂ ਰੂਸੀ ਆਗੂ ਨੇ ਇਹੋ ਜਿਹਾ ਹੀ ਬਿਆਨ ਦਿੱਤਾ ਸੀ ਕਿ ਸਰਹੱਦ ਤੋਂ ਦਸਤਿਆਂ ਨੂੰ ਪਰਤ ਕੇ ਸ਼ੂਟਿੰਗ ਰੇਂਜਾਂ ਵਿਚ ਭੇਜਿਆ ਜਾ ਰਿਹਾ ਹੈ। ਯੂਕਰੇਨ ਦੀ ਸਰਹੱਦ ਨਾਲ ਲੱਗਦੇ ਤਿੰਨ ਖੇਤਰਾਂ ਵਿਚ ਤਾਇਨਾਤ ਰੂਸੀ ਫੌਜਾਂ ਨੂੰ ਵਾਪਸ ਬੁਲਾ ਕੇ ਹੋਰ ਸੂਬਿਆਂ ਵਿਚ ਭੇਜੇ ਜਾਣ ਤੋਂ ਇਹ ਸਪਸ਼ਟ ਸੰਕੇਤ ਜਾਏਗਾ ਕਿ ਮਾਸਕੋ ਬੇਹੱਦ ਗੰਭੀਰ ਸੰਕਟ ਨੂੰ ਘੱਟ ਕਰਨ ਲਈ ਯਤਨਸ਼ੀਲ ਹੈ ਤੇ ਠੰਢੀ ਜੰਗ ਦੇ ਵੇਲਿਆਂ ਤੋਂ ਪੱਛਮੀ ਜਗਤ ਨਾਲ ਯਖ਼ ਹੋਏ ਆਪਣੇ ਸਬੰਧ ਬਿਹਤਰ ਕਰਨ ਦੇ ਰੌਂਅ ਵਿਚ ਹੈ। ਪੱਛਮੀ ਖੁਫੀਆਤੰਤਰ ਤੋਂ ਇਸ ਦੀ ਆਸਾਨੀ ਨਾਲ ਪੁਸ਼ਟੀ ਵੀ ਹੋ ਸਕਦੀ ਹੈ।

# ਮੋਦੀ ਦੀ ਲਹਿਰ ਨੇ ਪਸਤ ਕੀਤੇ ਸਭ ਵਿਰੋਧੀ

**ਨਵੀਂ ਦਿੱਲੀ:** ਭਾਜਪਾ ਨੇ ਮੋਦੀ ਲਹਿਰ 'ਤੇ ਸਵਾਰ ਹੁੰਦਿਆਂ 16ਵੀਂਆਂ ਲੋਕ ਸਭਾ ਚੋਣਾਂ ਵਿਚ ਹੂੰਝਾ-ਫੇਰੂ ਜਿੱਤ ਹਾਸਲ ਕਰਦਿਆਂ 282 ਸੀਟਾਂ ਪ੍ਰਾਪਤ ਕੀਤੀਆਂ ਹਨ। ਕਾਂਗਰਸ ਨੂੰ ਇਸ ਦੇ ਲੰਮੇ ਇਤਿਹਾਸ ਵਿਚ ਪਹਿਲੀ ਵਾਰ ਅਜਿਹੀ ਕਰਾਰੀ ਹਾਰ ਹੋਈ ਹੈ। ਭਾਜਪਾ ਨੂੰ ਭਾਈਵਾਲਾਂ ਸਮੇਤ ਕੁੱਲ 334 ਸੀਟਾਂ ਮਿਲੀਆਂ ਹਨ। ਕਾਂਗਰਸ ਨੂੰ ਮਸਾਂ 44 ਸੀਟਾਂ ਮਿਲੀਆਂ ਤੇ ਯੂ.ਪੀ.ਏ. ਕੁੱਲ ਜ਼ੋਰ ਲਾ ਕੇ 64 ਸੀਟਾਂ ਹੀ ਲੈ ਸਕਿਆ ਹੈ।

ਤਾਮਿਲਨਾਡੂ ਦੀ ਮੁੱਖ ਮੰਤਰੀ ਜੈਲਲਿਤਾ ਦੀ ਅੰਨਾ ਡੀ.ਐਮ.ਕੇ. 37 ਸੀਟਾਂ ਤੋਂ ਜਿੱਤ ਹਾਸਲ ਕਰ ਕੇ ਤੀਜੀ ਵੱਡੀ ਪਾਰਟੀ ਤੇ ਤ੍ਰਿਣਮੂਲ ਕਾਂਗਰਸ 34 ਸੀਟਾਂ ਲੈ ਕੇ ਚੌਥੀ ਵੱਡੀ ਪਾਰਟੀ ਬਣ ਗਈ ਹੈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਆਪਣੀ-ਆਪਣੀ ਸੀਟ ਜਿੱਤ ਗਏ ਹਨ ਤੇ ਉਨ੍ਹਾਂ ਨੇ ਪਾਰਟੀ ਦਾ ਬੁਰੀ ਤਰ੍ਹਾਂ ਆਧਾਰ ਖਿਸਕਣ ਦੀ ਨੈਤਿਕ ਜ਼ਿੰਮੇਵਾਰੀ ਲੈ ਲਈ ਹੈ। ਗੁਜਰਾਤ, ਰਾਜਸਥਾਨ, ਉੱਤਰਾਖੰਡ, ਹਿਮਾਚਲ ਪ੍ਰਦੇਸ਼ ਤੇ ਦਿੱਲੀ ਵਿਚ ਭਾਜਪਾ ਨੇ ਕਾਂਗਰਸ ਸਮੇਤ ਕਿਸੇ ਵੀ ਪਾਰਟੀ ਦਾ ਖਾਤਾ ਹੀ ਨਹੀਂ ਖੁੱਲ੍ਹਣ ਦਿੱਤਾ। ਇਨ੍ਹਾਂ ਸੂਬਿਆਂ ਵਿਚ ਭਾਜਪਾ ਸਾਰੀਆਂ ਸੀਟਾਂ ਲੈ ਗਈ। ਬਸਪਾ, ਡੀ.ਐਮ.ਕੇ., ਐਮ.ਐਨ.ਐਸ. ਤੇ ਨੈਸ਼ਨਲ ਕਾਨਫਰੰਸ ਨੂੰ ਇਕ ਵੀ ਸੀਟ ਨਹੀਂ ਮਿਲੀ। ਭਾਜਪਾ ਦੀ ਹਨੇਰੀ ਨੂੰ ਸਿਰਫ ਅੰਨਾ ਡੀ.ਐਮ.ਕੇ, ਤ੍ਰਿਣਮੂਲ ਕਾਂਗਰਸ ਤੇ ਬੀ.ਜੇ.ਡੀ ਹੀ ਕ੍ਰਮਵਾਰ ਆਪਣੇ-ਆਪਣੇ ਸੂਬਿਆਂ ਤਾਮਿਲਨਾਡੂ, ਪੱਛਮੀ ਬੰਗਾਲ ਤੇ ਉੜੀਸਾ ਵਿਚ ਠੱਲ੍ਹ ਸਕੀਆਂ ਹਨ। ਚੋਣਾਂ ਦੇ ਸ਼ੁਰੂਆਤੀ ਰੁਝਾਨਾਂ ਵਿਚ ਅਮੇਠੀ ਤੋਂ ਚੋਣ ਲੜ ਰਹੇ ਰਾਹੁਲ ਗਾਂਧੀ ਨੂੰ ਪਛੜ ਰਿਹਾ ਦਿਖਾਇਆ ਜਾ ਰਿਹਾ ਸੀ, ਪਰ ਫਿਰ ਉਹ ਭਾਜਪਾ ਦੀ ਸਮਰਿਤੀ ਇਰਾਨੀ ਨੂੰ 1.07 ਲੱਖ ਵੋਟਾਂ ਦੇ ਫ਼ਰਕ ਨਾਲ ਹਰਾ ਕੇ ਸੀਟ ਜਿੱਤ ਗਏ। 2009 ਵਿਚ ਰਾਹੁਲ ਨੇ ਇਹ ਸੀਟ 3.70 ਲੱਖ ਦੇ ਫ਼ਰਕ ਨਾਲ ਜਿੱਤੀ ਸੀ।

ਚੇਤੇ ਰਹੇ ਕਿ ਭਾਜਪਾ, ਅਟੱਲ ਬਿਹਾਰੀ ਵਾਜਪਾਈ ਦੀ ਬਹੁਤ ਲੋਕਪ੍ਰਿਯਤਾ ਦੇ ਦੌਰ ਵਿਚ ਵੀ 1990 ਤੇ 1999 ਵਿਚ ਸਿਰਫ 182 ਸੀਟਾਂ ਲੈ ਸਕੀ ਸੀ। ਉਸ ਦੀਆਂ ਵੋਟਾਂ ਵਿਚ ਵੀ 12 ਫੀਸਦੀ ਵਾਧਾ ਹੋਇਆ ਹੈ। ਦੂਜੇ ਪਾਸੇ ਕਾਂਗਰਸ 2009 ਵਿਚ 206 ਸੀਟਾਂ ਤੋਂ ਐਤਕੀਂ 46 'ਤੇ ਸਿਮਟ ਗਈ ਹੈ ਤੇ ਇਸ ਦਾ ਵੋਟ ਹਿੱਸਾ ਵੀ 28.5 ਫੀਸਦੀ ਤੋਂ 10 ਫੀਸਦੀ ਘਟ ਗਿਆ ਹੈ। ਜ਼ਿਕਰਯੋਗ ਹੈ ਕਿ ਭਾਜਪਾ ਦੇਸ਼ ਦਾ ਦਿਲ ਕਹੇ ਜਾਂਦੇ ਉੱਤਰ ਪ੍ਰਦੇਸ਼ ਵਿਚ 80 ਵਿਚੋਂ 71 ਤੋਂ ਵੱਧ ਸੀਟਾਂ ਲੈਣ ਵਿਚ ਕਾਮਯਾਬ ਹੋ ਗਈ ਹੈ।ਜੇਤੂਆਂ ਵਿਚ ਨਰਿੰਦਰ ਮੋਦੀ, ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਤੋਂ ਇਲਾਵਾ ਕੈਪਟਨ ਅਮਰਿੰਦਰ ਸਿੰਘ (ਅੰਮ੍ਰਿਤਸਰ), ਦੀਪਇੰਦਰ ਸਿੰਘ ਹੁੱਡਾ (ਰੋਹਤਕ), ਕੇਂਦਰੀ ਮੰਤਰੀ ਕਮਲ ਨਾਥ, ਰੇਲਵੇ ਮੰਤਰੀ ਮਲਿਕ ਅਰਜੁਨ ਖਾੜਗੇ, ਪੈਟਰੋਲੀਅਮ ਮੰਤਰੀ ਐਮ. ਵੀਰੱਪਾ ਮੋਇਲੀ, ਮਾਨਵ ਸਰੋਤ ਮੰਤਰੀ ਸ਼ਸ਼ੀ ਥਰੂਰ, ਭਾਜਪਾ ਦੇ ਮੁਰਲੀ ਮਨੋਹਰ ਜੋਸ਼ੀ, ਲੋਕ ਜਨਸ਼ਕਤੀ ਦੇ ਰਾਮਵਿਲਾਸ ਪਾਸਵਾਨ ਤੇ ਚਿਰਾਗ ਪਾਸਵਾਨ, ਹੇਮਾ ਮਾਲਿਨੀ (ਭਾਜਪਾ), ਚੰਡੀਗੜ੍ਹ ਤੋਂ ਭਾਜਪਾ ਉਮੀਦਵਾਰ ਕਿਰਨ ਖੇਰ, ਐਕਟਰ-ਕਮੇਡੀਅਨ ਭਗਵੰਤ ਮਾਨ (ਆਪ-ਸੰਗਰੂਰ) ਪ੍ਰਮੁੱਖ ਹਨ।

ਹਾਰਨ ਵਾਲਿਆਂ ਵਿਚ ਭਾਜਪਾ ਦੇ ਕੱਦਾਵਾਰ ਨੇਤਾ ਅਰੁਨ ਜੇਤਲੀ (ਅੰਮ੍ਰਿਤਸਰ), ਕਪਿਲ ਸਿੱਬਲ, ਸਲਮਾਨ ਖ਼ੁਰਸ਼ੀਦ, 'ਆਪ' ਦੇ ਅਰਵਿੰਦ ਕੇਜਰੀਵਾਲ, ਜੋਗਿੰਦਰ ਯਾਦਵ, ਮੁਲਾਇਮ ਸਿੰਘ (ਆਜ਼ਮਗੜ੍ਹ ਸੀਟ ਤੋਂ), ਪਰਨੀਤ ਕੌਰ (ਪਟਿਆਲਾ), ਪ੍ਰਤਾਪ ਸਿੰਘ ਬਾਜਵਾ (ਕਾਂਗਰਸ-ਗੁਰਦਾਸਪੁਰ), ਸੁਨੀਲ ਜਾਖੜ (ਕਾਂਗਰਸ-ਫਿਰੋਜ਼ਪੁਰ) ਸ਼ਾਮਲ ਹਨ।

ਚੋਣਾਂ ਵਿਚ ਕਾਂਗਰਸ ਆਗੂ ਰਾਹੁਲ ਗਾਂਧੀ ਦੀ ਲੀਡਰਸ਼ਿਪ ਉਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਸਿਆਸੀ ਮਾਹਿਰ ਕਹਿ ਰਹੇ ਹਨ ਕਿ ਰਾਹੁਲ ਨਾਲੋਂ ਉਸ ਦੀ ਭੈਣ ਪ੍ਰਿਯੰਕਾ ਗਾਂਧੀ ਸਿਆਸੀ ਖੇਤਰ ਵਿਚ ਵੱਧ ਪੈਂਠ ਪਾ ਸਕਦੀ ਹੈ।

# ਕੈਪਟਨ ਅਮਰਿੰਦਰ ਦੀ ਧੜੱਲੇਦਾਰ ਵਾਪਸੀ

*(ਸਫਾ ਇਕ ਦੀ ਬਾਕੀ)*

ਵੀ ਪਾਰਟੀ ਪ੍ਰਧਾਨ ਬਾਜਵਾ 1.36 ਲੱਖਾਂ ਵੋਟਾਂ ਨਾਲ ਹਾਰ ਗਏ।

ਬਾਗੀ ਵਿਧਾਇਕਾਂ ਦਾ ਕਹਿਣਾ ਹੈ ਕਿ ਅਕਾਲੀ ਦਲ-ਭਾਜਪਾ ਸਰਕਾਰ ਵਿਰੁੱਧ ਡਰੱਗ, ਅਮਨ ਤੇ ਕਾਨੂੰਨ, ਰੇਤ-ਬਜਰੀ, ਕੀਤੇ ਵਾਅਦੇ ਪੂਰੇ ਨਾ ਕਰਨ ਤੇ ਵਿਕਾਸ ਦੇ ਕੰਮ ਰੁਕਣ ਜਿਹੇ ਅਹਿਮ ਮੁੱਦੇ ਸਨ ਪਰ ਪ੍ਰਧਾਨ ਇਨ੍ਹਾਂ ਨੂੰ ਪਾਰਟੀ ਦੇ ਹੱਕ ਵਿਚ ਭੁਗਤਾਉਣ ਤੋਂ ਅਸਫਲ ਰਹੇ ਹਨ। ਸ. ਬਾਜਵਾ ਪਹਿਲਾਂ ਵੀ ਪਾਰਟੀ ਦੇ ਅੰਦਰੂਨੀ ਵਿਰੋਧ ਦਾ ਸਾਹਮਣਾ ਕਰ ਰਹੇ ਸਨ ਪਰ ਲੋਕ ਸਭਾ ਚੋਣਾਂ ਵਿਚ ਮਿਲੀ ਹਾਰ ਨੇ ਉਨ੍ਹਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ।

ਉਧਰ, ਇਕ ਲੱਖ ਤੋਂ ਵੱਧ ਵੋਟਾਂ ਨਾਲ ਅੰਮ੍ਰਿਤਸਰ ਲੋਕ ਸਭਾ ਹਲਕੇ ਵਿਚੋਂ ਜਿੱਤ ਪ੍ਰਾਪਤ ਕਰਨ ਮਗਰੋਂ ਕਾਂਗਰਸੀ ਉਮੀਦਵਾਰ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਕਿ ਦੇਸ਼ ਤੇ ਪੰਜਾਬ ਵਿਚ ਕਾਂਗਰਸ ਦੀ ਹੋਈ ਹਾਰ ਲਈ ਪਾਰਟੀ ਵਲੋਂ ਸਵੈ-ਪੜਚੋਲ ਕੀਤੀ ਜਾਵੇਗੀ ਤੇ ਇਸ ਦੌਰਾਨ ਪਾਰਟੀ ਵਿਚ ਵੱਡੇ ਪੱਧਰ 'ਤੇ ਬਦਲਾਅ ਹੋਣ ਦੀ ਸੰਭਾਵਨਾ ਹੈ। ਅਸਲ ਵਿਚ ਕੈਪਟਨ ਵੱਲੋਂ ਅੰਮ੍ਰਿਤਸਰ ਹਲਕੇ ਤੋਂ ਭਾਜਪਾ ਦੇ ਕੌਮੀ ਆਗੂ ਅਰੁਣ ਜੇਤਲੀ ਨੂੰ ਚਿੱਤ ਕਰਨ ਤੇ ਸ. ਬਾਜਵਾ ਦੀ ਗੁਰਦਾਸਪੁਰ ਸੀਟ ਤੋਂ ਭਾਜਪਾ ਦੇ ਉਮੀਦਵਾਰ ਵਿਨੋਦ ਖੰਨਾ ਹੱਥੋਂ ਇਕ ਲੱਖ ਤੋਂ ਵੱਧ ਵੋਟਾਂ ਨਾਲ ਹੋਈ ਹਾਰ ਕਾਰਨ ਪੰਜਾਬ ਕਾਂਗਰਸ ਵਿਚ ਉਲਟ-ਫੇਰ ਹੋਣ ਦੀ ਸੰਭਾਵਨਾ ਬਣੀ ਹੈ।

ਕਾਂਗਰਸ ਪਾਰਟੀ ਦੀ ਸਮੁੱਚੇ ਰਾਜ ਵਿਚ ਹੀ ਮਾੜੀ ਕਾਰਗੁਜ਼ਾਰੀ ਕਾਰਨ ਸ. ਪ੍ਰਤਾਪ ਸਿੰਘ ਬਾਜਵਾ ਦੀ ਪ੍ਰਧਾਨਗੀ ਵੀ ਦਾਅ 'ਤੇ ਲੱਗ ਗਈ



ਹੈ। ਆਨੰਦਪੁਰ ਸਾਹਿਬ ਹਲਕੇ ਤੋਂ ਸੀਨੀਅਰ ਆਗੂ ਅੰਬਿਕਾ ਸੋਨੀ ਦੀ ਹਾਰ ਵੀ ਸ. ਬਾਜਵਾ 'ਤੇ ਭਾਰੂ ਪੈ ਸਕਦੀ ਹੈ। ਇਸ ਹਾਰ ਕਾਰਨ ਪਾਰਟੀ ਦੀ ਸੁਪਰੀਮੋ ਸੋਨੀਆ ਗਾਂਧੀ ਨੂੰ ਵੀ ਝਟਕਾ ਲੱਗਾ ਹੈ ਕਿਉਂਕਿ ਜਦੋਂ ਕਾਂਗਰਸ ਦੇ ਸਿਟਿੰਗ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਆਨੰਦਪੁਰ ਸਾਹਿਬ ਹਲਕੇ ਤੋਂ ਕਿਨਾਰਾ ਕੀਤਾ ਸੀ ਤਾਂ ਸੋਨੀਆ ਨੇ ਆਪਣੀ ਅਤਿ ਨਜ਼ਦੀਕੀ ਅੰਬਿਕਾ ਸੋਨੀ ਨੂੰ ਇਸ ਹਲਕੇ ਨੂੰ ਜਿੱਤਣ ਦੀ ਚੁਣੌਤੀ ਦਿੱਤੀ ਸੀ।

ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਦੀ ਹਾਰ ਵੀ ਇਸ ਆਗੂ ਨੂੰ ਭਾਰੀ ਪੈ ਸਕਦੀ ਹੈ ਕਿਉਂਕਿ ਹਾਈਕਮਾਨ ਨੇ ਸ੍ਰੀ ਜਾਖੜ ਨੂੰ ਵੀ ਚੁਣੌਤੀ ਵਜੋਂ ਹੀ ਫਿਰੋਜ਼ਪੁਰ ਹਲਕੇ ਤੋਂ ਮੈਦਾਨ ਵਿਚ ਉਤਾਰਿਆ ਸੀ। ਉਂਝ ਵੀ ਸ੍ਰੀ ਜਾਖੜ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਵਜੋਂ ਆਪਣੇ ਵਿਧਾਇਕਾਂ ਨੂੰ ਸੈਸ਼ਨਾਂ ਦੌਰਾਨ ਸੁਰਤਾਲ ਵਿਚ ਕਰਨ ਦੇ ਸਮਰੱਥ ਨਾ ਹੋਣ ਕਾਰਨ ਪਾਰਟੀ ਦੀ ਕਈ ਵਾਰ ਸਥਿਤੀ ਹਾਸੋਹੀਣੀ ਬਣਦੀ ਰਹੀ ਹੈ।

# ਮਨਮੋਹਨ ਸਿੰਘ ਵਾਂਗ ਖਾਮੋਸ਼ ਹੋਈ ਕਾਂਗਰਸ

*(ਸਫਾ ਇਕ ਦੀ ਬਾਕੀ)*

ਕਾਂਗਰਸ ਪਾਰਟੀ ਨੂੰ ਛੱਡ ਕੇ ਕੋਈ ਵੀ ਹੋਰ ਪਾਰਟੀ 1997 ਤੋਂ ਬਾਅਦ ਪਾਰਲੀਮੈਂਟ ਵਿਚ ਆਪਣਾ ਨੁਮਾਇੰਦਾ ਭੇਜਣ ਵਿਚ ਸਫ਼ਲ ਨਹੀਂ ਹੋ ਸਕੀ ਹੈ। ਇਨ੍ਹਾਂ ਚੋਣਾਂ ਵਿਚ ਬਹੁਜਨ ਸਮਾਜ ਪਾਰਟੀ ਵੱਲੋਂ 13, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ 10 ਅਤੇ ਖੱਬੇ ਪੱਖੀ ਪਾਰਟੀਆਂ ਵੱਲੋਂ ਅੱਠ ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ ਗਏ ਸਨ ਪਰ ਕੋਈ ਵੀ ਉਮੀਦਵਾਰ ਮੁਕਾਬਲੇ ਦੀ ਦੌੜ ਵਿਚ ਸ਼ਾਮਲ ਨਹੀਂ ਹੋ ਸਕਿਆ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਨਿਹੰਗ ਪੂਹਲਾ ਕਤਲ ਕੇਸ ਦੇ 3 ਮੁਲਜ਼ਮ ਬਰੀ

**ਅੰਮ੍ਰਿਤਸਰ:** ਅਦਾਲਤ ਨੇ ਨਿਹੰਗ ਮੁਖੀ ਅਜੀਤ ਸਿੰਘ ਪੂਹਲਾ ਨੂੰ ਜੇਲ੍ਹ ਵਿਚ ਤੇਲ ਪਾ ਕੇ ਸਾੜਨ ਦੇ ਦੋਸ਼ ਹੇਠ ਗ੍ਰਿਫ਼ਤਾਰ ਤਿੰਨ ਵਿਅਕਤੀਆਂ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਹੈ। ਸੈਸ਼ਨ ਜੱਜ ਗੁਰਬੀਰ ਸਿੰਘ ਦੀ ਅਦਾਲਤ ਵੱਲੋਂ ਬਰੀ ਕੀਤੇ ਗਏ ਤਿੰਨ ਵਿਅਕਤੀਆਂ ਵਿਚ ਹਰਚੰਦ ਸਿੰਘ, ਨਵਤੇਜ ਸਿੰਘ ਤੇ ਹਰਪ੍ਰੀਤ ਸਿੰਘ ਸ਼ਾਮਲ ਹਨ। ਡੀਜ਼ਲ ਕੱਢ ਕੇ ਅਜੀਤ ਸਿੰਘ ਪੂਹਲਾ 'ਤੇ ਪਾ ਕੇ ਉਸ ਨੂੰ ਸਾੜ ਦਿੱਤਾ ਸੀ। ਹਰਪ੍ਰੀਤ ਸਿੰਘ 'ਤੇ ਜੈਨਰੇਟਰ ਵਿਚੋਂ ਤੇਲ ਕੱਢਣ ਦਾ ਦੋਸ਼ ਲਾਇਆ ਗਿਆ ਸੀ। ਅਦਾਲਤ ਵੱਲੋਂ ਇਸ ਮਾਮਲੇ ਵਿਚ 24 ਗਵਾਹਾਂ ਨੂੰ ਸੁਣਿਆ ਗਿਆ ਸੀ ਜਿਨ੍ਹਾਂ ਵਿਚੋਂ ਕਈ ਗਵਾਹ ਬਚਾਅ ਪੱਖ ਦੇ ਵਕੀਲਾਂ ਦੀਆਂ ਦਲੀਲਾਂ ਨਾਲ ਸਹਿਮਤ ਸਨ। ਵਕੀਲਾਂ ਵੱਲੋਂ ਅਦਾਲਤ ਵਿਚ ਇਹ ਦਲੀਲ ਰੱਖੀ ਗਈ ਸੀ ਕਿ



ਨਿਹੰਗ ਮੁਖੀ ਅਜੀਤ ਸਿੰਘ ਪੂਹਲਾ ਜੋ ਕਤਲ, ਅਗਵਾ ਤੇ ਜਬਰ ਜਨਾਹ ਆਦਿ ਦੇ ਦੋਸ਼ ਵਿਚ ਸਥਾਨਕ ਕੇਂਦਰੀ ਜੇਲ੍ਹ ਵਿਚ ਬੰਦ ਸੀ, ਨੂੰ 28 ਅਗਸਤ, 2008 ਵਿਚ ਜੇਲ੍ਹ ਵਿਚ ਹੀ ਡੀਜ਼ਲ ਪਾ ਕੇ ਸਾੜ ਕੇ ਮਾਰਨ ਦਾ ਯਤਨ ਕੀਤਾ ਗਿਆ ਸੀ। ਉਸ ਨੂੰ ਗੰਭੀਰ ਹਾਲਤ ਵਿਚ ਪੀ.ਜੀ.ਆਈ. ਚੰਡੀਗੜ੍ਹ ਲਈ ਰੈਫ਼ਰ ਕਰ ਦਿੱਤਾ ਗਿਆ ਸੀ ਜਿਥੇ ਉਸ ਦੀ ਮੌਤ ਹੋ ਗਈ ਸੀ। ਇਸ ਕੇਸ ਵਿਚ ਪਹਿਲਾਂ ਤੋਂ ਹੀ ਜੇਲ੍ਹ ਵਿਚ ਬੰਦ ਨਵਤੇਜ ਸਿੰਘ ਬੱਬੂਅ ਤੇ ਹਰਚੰਦ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਸੀ।

ਇਸ ਤੋਂ ਇਲਾਵਾ ਹਰਪ੍ਰੀਤ ਸਿੰਘ ਤੇ ਤਿੰਨ ਹੋਰ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਿਆਇਕ ਜਾਂਚ ਵੀ ਕਰਾਈ ਗਈ ਸੀ। ਪੁਲਿਸ ਜਾਂਚ ਦੌਰਾਨ ਦੋਸ਼ ਲਾਇਆ ਗਿਆ ਸੀ ਕਿ ਹਰਚੰਦ ਸਿੰਘ ਤੇ ਨਵਤੇਜ ਨੇ ਜੇਲ੍ਹ ਦੇ ਜੈਨਰੇਟਰ ਵਿਚੋਂ ਅਜੀਤ ਸਿੰਘ ਪੂਹਲਾ ਪਹਿਲਾਂ ਹੀ ਕਈ ਮਾਮਲਿਆਂ ਵਿਚ ਕੇਸ ਭੁਗਤ ਰਿਹਾ ਸੀ ਜਿਸ ਕਾਰਨ ਉਸ ਦੀ ਮਾਨਸਿਕ ਦਸ਼ਾ ਠੀਕ ਨਹੀਂ ਸੀ। ਅਜਿਹੀ ਸਥਿਤੀ ਕਾਰਨ ਹੀ ਉਸ ਨੇ ਖੁਦ ਹੀ ਆਪਣੇ ਉਪਰ ਤੇਲ ਪਾ ਕੇ ਅੱਗ ਲਾ ਲਈ ਸੀ।

ਦੱਸਣਯੋਗ ਹੈ ਕਿ ਅਤਿਵਾਦ ਵੇਲੇ ਨਿਹੰਗ ਮੁਖੀ ਅਜੀਤ ਸਿੰਘ ਪੂਹਲਾ ਨੂੰ ਪੁਲਿਸ ਵੱਲੋਂ 42 ਸੁਰੱਖਿਆ ਗਾਰਡ ਮਿਲੇ ਹੋਏ ਸਨ ਜਿਨ੍ਹਾਂ ਕੋਲ ਵੱਖ-ਵੱਖ ਕਿਸਮ ਦੇ ਅਤਿ-ਆਧੁਨਿਕ 77 ਹਥਿਆਰ ਹੁੰਦੇ ਸਨ। ਉਸ ਨੂੰ 13 ਮਈ, 2008 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਸ ਉਪਰ ਖਾਨਪੁਰ ਪਿੰਡ ਦੇ ਯੋਗਾ ਸਿੰਘ ਦੇ ਪਰਿਵਾਰ ਦੇ ਸੱਤ ਮੈਂਬਰਾਂ ਨੂੰ ਕਤਲ ਕਰਨ ਦਾ ਦੋਸ਼ ਲਾਇਆ ਗਿਆ ਸੀ। ਇਸ ਤੋਂ ਪਹਿਲਾਂ ਵੀ ਪੂਹਲਾ ਨੂੰ 2004 ਤੇ 2007 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਖ਼ਿਲਾਫ਼ ਵੱਡੀ ਗਿਣਤੀ ਵਿਚ ਕੇਸ ਦਰਜ ਸਨ।

# ਵਫਾ ਨਾ ਹੋਏ ਮੰਟੋ ਦੇ ਪਿੰਡ ਪਪੜੌਦੀ ਨਾਲ ਕੀਤੇ ਵਾਅਦੇ

**ਸਮਰਾਲਾ:** ਭਾਰਤ-ਪਾਕਿਸਤਾਨ ਵੰਡ ਨੂੰ ਕਦੇ ਵੀ ਮਨਜ਼ੂਰ ਨਾ ਕਰਨ ਵਾਲੇ ਉਰਦੂ ਦੇ ਮਹਾਨ ਕਹਾਣੀਕਾਰ ਸਆਦਤ ਹਸਨ ਮੰਟੋ ਦਾ 102ਵਾਂ ਜਨਮ ਦਿਨ ਵੀ ਲੰਘ ਗਿਆ ਪਰ ਉਸ ਦੀ ਜਨਮ ਸ਼ਤਾਬਦੀ ਮੌਕੇ ਦੋ ਸਾਲ ਪਹਿਲਾਂ ਦੋਵਾਂ ਮੁਲਕਾਂ ਦੇ ਸਾਹਿਤਕਾਰਾਂ, ਬੁੱਧੀਜੀਵੀਆਂ ਦੀਆਂ ਅਵਾਮ ਦੀ ਹਾਜ਼ਰੀ ਵਿਚ ਮੰਟੋ ਦੀ ਜਨਮ ਭੂਮੀ ਸਮਰਾਲਾ ਵਿਖੇ ਕੀਤੀਆਂ ਤਕਰੀਰਾਂ, ਮੰਗਾਂ ਤੇ ਸਦੀਵੀਂ ਯਾਦਗਾਰਾਂ ਬਣਾਉਣ ਦੀਆਂ ਗੱਲਾਂ ਸਮੇਂ ਦੀ ਗਰਦਿਸ਼ ਵਿਚ ਅਲੋਪ ਹੋ ਗਈਆਂ। 11 ਮਈ 1912 ਨੂੰ ਸਮਰਾਲਾ ਨੇੜਲੇ ਨਿੱਕੇ ਜਿਹੇ ਪਿੰਡ ਪਪੜੌਦੀ ਵਿਖੇ ਜੰਮੇ ਸਆਦਤ ਹਸਨ ਮੰਟੋ ਦੇ ਅੱਬਾ ਗੁਲਾਮ ਹਸਨ ਸਮਰਾਲਾ ਦੀਆਂ ਕਚਹਿਰੀਆਂ ਵਿਚ ਸਬ-ਤਹਿਸੀਲਦਾਰ ਸਨ।

ਦੇਸ਼ ਦੀ ਵੰਡ ਵੇਲੇ ਮੰਟੋ ਦਾ ਪਰਿਵਾਰ ਪਾਕਿਸਤਾਨ ਚਲਾ ਗਿਆ ਤੇ ਉਹ ਹਿੰਦੁਸਤਾਨ 'ਚ ਰਹਿ ਗਏ, ਜਿਨ੍ਹਾਂ ਵੰਡ ਦੀ ਪੀੜ੍ਹਾ ਹੰਡਾਈ ਤੇ 'ਟੋਭਾ ਟੇਕ ਸਿੰਘ' ਵਰਗੀ ਮਹਾਨ ਰਚਨਾ ਦਿੱਤੀ ਸੀ। ਪੰਜਾਬੀ ਲੇਖਕ ਮੰਚ ਸਮਰਾਲਾ ਦੇ ਸੱਦੇ 'ਤੇ ਸਆਦਤ ਹਸਨ ਮੰਟੋ ਦੀ ਦੋ ਸਾਲ ਪਹਿਲਾਂ ਜਨਮ ਸ਼ਤਾਬਦੀ ਮੌਕੇ ਵਿਸ਼ਵ ਦੇ ਕਈ ਮੁਲਕਾਂ ਤੋਂ ਕਲਮਕਾਰ ਸ਼ਾਮਲ ਹੋਏ, ਜਿਨ੍ਹਾਂ ਸਰਕਾਰਾਂ ਨੂੰ ਬਹੁੜੀ ਪਾਈ ਸੀ ਕਿ ਮੰਟੋ ਦੀ ਯਾਦ 'ਚ ਸਮਰਾਲਾ ਵਿਖੇ ਆਡੀਟੋਰੀਅਮ ਬਣਾ ਕੇ ਸਾਹਿਤ ਦੀ ਨਰਸਰੀ ਦਾ ਕੇਂਦਰ ਸਥਾਪਤ ਕੀਤਾ ਜਾਵੇ।

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਉਰਦੂ ਆਲਮੀ ਟਰੱਸਟ ਦਿੱਲੀ, ਕੇਂਦਰੀ ਪੰਜਾਬੀ ਲੇਖਕ ਸਭਾ, ਦਿੱਲੀ ਸਾਹਿਤ ਸਭਾ, ਭਾਸ਼ਾ ਵਿਭਾਗ ਪੰਜਾਬ ਤੇ ਹੋਰ ਜਥੇਬੰਦੀਆਂ ਨੇ ਮੰਟੋ ਦੇ ਸਮਰਾਲਾ ਨੇੜਲੇ ਪਿੰਡ ਪਪੜੌਦੀ ਦਾ ਨਾਂਅ ਬਦਲ ਕੇ 'ਪਪੜੌਦੀ ਮੰਟੋ-ਵਾਲੀ' ਕਰਨ ਦੀ ਭਾਵੁਕ ਅਪੀਲ ਵੀ ਕੀਤੀ ਸੀ। ਮੰਟੋ ਦੇ ਪਪੜੌਦੀ ਵਿਚਲੇ ਜਨਮ ਭੂਮੀ ਵਾਲੇ ਘਰ ਨੂੰ 'ਸਾਹਿਤਕ ਵਿਰਾਸਤ ਦੇ ਕੇਂਦਰ' ਵਜੋਂ ਵਿਕਸਤ ਕਰਨ ਦੀ ਮੰਗ ਕੀਤੀ ਸੀ। ਦੋ ਸਾਲ ਬੀਤ ਜਾਣ ਤੋਂ ਬਾਅਦ ਵੀ ਇਹ ਮੰਗ ਪੂਰੀ ਨਾ ਹੋ ਸਕੀ ਤੇ ਪਪੜੌਦੀ ਪਿੰਡ ਦੇਸ਼ ਦੀ ਵੰਡ ਤੋਂ 67 ਸਾਲ ਬਾਅਦ ਵੀ ਉਸ ਮਹਾਨ ਸਾਹਿਤਕਾਰ ਦੇ ਨਾਂਅ 'ਪਪੜੌਦੀ ਮੰਟੋ ਦੀ' ਵਜੋਂ ਨਹੀਂ ਚੜ੍ਹ ਸਕਿਆ।

ਸਆਦਤ ਹਸਨ ਮੰਟੋਂ ਦੀਆਂ ਧੀਆਂ ਨਿਗਾਹਤ, ਨੁਸਰਤ ਜਲਾਲ ਤੇ ਨੁਜ਼ਹਤ ਮੰਟੋ ਦੀ ਜਨਮ ਸ਼ਤਾਬਦੀ ਮੌਕੇ ਆਪਣੇ ਅੱਬਾ ਦੀ ਜਨਮ ਭੂਮੀ ਨੂੰ ਸਿਜਦਾ ਕਰਨ ਲਈ ਸਮਰਾਲਾ ਪੁੱਜੀਆਂ ਸਨ ਤੇ ਉਨ੍ਹਾਂ ਇਕ ਯਾਦਗਾਰੀ ਗੇਟ ਦਾ ਨੀਂਹ ਪੱਥਰ ਵੀ ਰੱਖਿਆ ਸੀ ਪਰ ਉਹ ਪੱਥਰ ਹੀ ਰਹਿ ਗਿਆ। ਜਨਮ ਸ਼ਤਾਬਦੀ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਤੇ ਭਾਸ਼ਾ ਵਿਭਾਗ ਪੰਜਾਬ ਦੀ ਡਾਇਰੈਕਟਰ ਬਲਵੀਰ ਕੌਰ ਦੀਆਂ ਕੇਂਦਰ ਤੇ ਪੰਜਾਬ ਹੁਕਮਤਾਂ ਨੂੰ ਅਪੀਲਾਂ ਵੱਲ ਕਿਸੇ ਗ਼ੌਰ ਨਹੀਂ ਫੁਰਮਾਈ। ਮੰਟੋ ਦੀ ਜਨਮ ਭੂਮੀ 'ਤੇ ਪੰਜਾਬੀ ਸਾਹਿਤ ਸਭਾ ਦਿੱਲੀ ਵੱਲੋਂ ਸਥਾਪਤ ਕੀਤੀ ਲਾਇਬ੍ਰੇਰੀ ਵੀ ਸਾਂਭ-ਸੰਭਾਲ ਪੱਖੋਂ ਨਿਰਾਸ਼ਾ ਦੇ ਦੌਰ ਵਿਚ ਹੈ। ਸਮਰਾਲਾ ਵਾਸੀਆਂ ਨੇ ਸਰਕਾਰਾਂ ਵੱਲੋਂ ਅਣਗੌਲੇ ਜਾਣ ਦਾ ਗਿ਼ਲਾ ਸਭ ਦੇ ਚਿਹਰਿਆਂ 'ਤੇ ਪੀੜ ਬਣ ਕੇ ਝਲਕਦਾ ਨਜ਼ਰ ਆ ਰਿਹਾ ਹੈ।


## Matrimonial

### ਕੰਨਿਆ ਦੀ ਲੋੜ

ਸੈਣੀ ਵੈਸ਼ਨੂੰ, ਉਮਰ 25 ਸਾਲ, ਕੱਦ 5'-9" ਕੈਨੇਡੀਅਨ ਲੜਕੇ ਲਈ ਅਮਰੀਕਾ ਵਿਚ ਪੱਕੇ ਤੌਰ 'ਤੇ ਰਹਿ ਰਹੀ ਯੋਗ ਲੜਕੀ ਚਾਹੀਦੀ ਹੈ। ਸੰਪਰਕ ਕਰੋ: 443-889-2177 *21 to 24*

Jatt Sikh boy, US citizen, Bsc, 24, 5'-10" looking girl MBBS /Eng/ BDS from Govt. College, 22-24, height 5'-5". Send photo & bio-data at kang929@hotmail.com, Cell: 608-347-6548 *19 to 22*

### ਵਰ ਦੀ ਲੋੜ

ਵਿਜ਼ਿਟਰ ਵੀਜ਼ੇ 'ਤੇ ਆਈ ਜੱਟ ਸਿੱਖ, ਉਮਰ 35 ਸਾਲ, ਕੱਦ 5'-5" ਕੁਆਰੀ ਲੜਕੀ ਲਈ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 510-305-4271, ਈਮੇਲ: dhaliwalrupinder18@yahoo.com *20 to 23*



## Freeway Travel Inc

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ

Call Raju

Tel: 773-973-0200

Fax: 773-973-0557

2542 W Devon Ave. Chicago IL 60659





## ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

### ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ





*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

## Call Paul at 1-800-705-3863

**Transportation Funding Group, Inc.**

Minneapolis , MN 55426



## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

### ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ





**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਪੰਜਾਬ ਬਣਿਆ ਪੰਜ-ਆਪ

### ਆਮ ਆਦਮੀ ਪਾਰਟੀ ਨੇ ਪੰਜਾਬ ਦੇ ਸਿਆਸੀ ਪਿੜ ਵਿਚ ਫੂਕੀ ਨਵੀਂ ਰੂਹ



## ਲੋਕਾਂ ਨੇ ਸਿਆਸੀ ਧਿਰਾਂ ਦੀ ਗਿਣਤੀ-ਮਿਣਤੀ ਹਿਲਾਈ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੇ ਨਤੀਜਿਆਂ ਵਿਚ ਪੰਜਾਬ ਦੇ ਵੋਟਰਾਂ ਵੱਲੋਂ ਦਿੱਤੇ ਫ਼ਤਵੇ ਕਾਰਨ ਹਾਕਮ ਧਿਰ ਸਮੇਤ ਕਈ ਸੀਨੀਅਰ ਆਗੂਆਂ ਦੀ ਗਿਣਤੀ-ਮਿਣਤੀ ਧਰੀ ਧਰਾਈ ਰਹਿ ਗਈ ਹੈ। ਸੂਬੇ ਦੀਆਂ 13 ਸੀਟਾਂ ਵਿਚੋਂ ਸ਼੍ਰੋਮਣੀ ਅਕਾਲੀ ਦਲ ਨੂੰ ਚਾਰ, ਭਾਰਤੀ ਜਨਤਾ ਪਾਰਟੀ ਨੂੰ ਦੋ, ਕਾਂਗਰਸ ਨੂੰ ਤਿੰਨ ਤੇ ਆਮ ਆਦਮੀ ਪਾਰਟੀ (ਆਪ) ਨੂੰ ਚਾਰ ਸੀਟਾਂ ਮਿਲੀਆਂ ਹਨ।

ਚੋਣ ਨਤੀਜੇ ਆਮ ਆਦਮੀ ਪਾਰਟੀ ਲਈ ਸਭ ਤੋਂ ਵੱਡੀ ਖੁਸ਼ੀ ਵਾਲੇ ਹਨ। ਪੰਜਾਬ ਇਕੋ ਇਕ ਸੂਬਾ ਹੈ ਜਿਥੋਂ ਇਸ ਨਵੀਂ ਪਾਰਟੀ ਨੇ ਨਾ ਸਿਰਫ਼ ਖਾਤਾ ਖੋਲ੍ਹਿਆ ਹੈ ਸਗੋਂ ਚਾਰ ਸੀਟਾਂ 'ਤੇ ਵੀ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ। 'ਆਪ' ਦੇ ਭਗਵੰਤ ਮਾਨ ਨੇ ਰਿਕਾਰਡ ਦੋ ਲੱਖ ਤੋਂ ਵੱਧ ਵੋਟਾਂ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਨੂੰ ਹਰਾਇਆ।

ਕਾਂਗਰਸ ਲਈ ਚੋਣ ਨਤੀਜੇ ਇਸ ਲਈ ਰਾਹਤ ਵਾਲੇ ਹਨ ਕਿਉਂਕਿ ਅੰਮ੍ਰਿਤਸਰ ਵਰਗੀ ਵੱਕਾਰੀ ਸੀਟ ਤੋਂ ਇਲਾਵਾ ਜਲੰਧਰ ਤੇ ਲੁਧਿਆਣਾ ਦੀਆਂ ਸੀਟਾਂ ਇਸ ਪਾਰਟੀ ਦੀ ਝੋਲੀ ਪੈ ਗਈਆਂ। ਸ਼੍ਰੋਮਣੀ ਅਕਾਲੀ ਦਲ 2009 ਵਾਲੀ ਸਥਿਤੀ ਬਹਾਲ ਰੱਖਣ ਵਿਚ ਕਾਮਯਾਬ ਰਿਹਾ। ਭਾਰਤੀ ਜਨਤਾ ਪਾਰਟੀ ਨੂੰ 2009 ਦੇ ਮੁਕਾਬਲੇ ਇਕ ਸੀਟ ਦਾ ਲਾਭ ਹੋਇਆ ਹੈ। ਪੰਜ ਸਾਲ ਪਹਿਲਾਂ ਇਸ ਪਾਰਟੀ ਨੇ ਅੰਮ੍ਰਿਤਸਰ ਸੀਟ ਜਿੱਤੀ ਸੀ ਤੇ ਇਸ ਵਾਰੀ ਗੁਰਦਾਸਪੁਰ ਤੇ ਹੁਸ਼ਿਆਰਪੁਰ ਦੋਵੇਂ ਸੀਟਾਂ ਜਿੱਤ ਲਈਆਂ ਹਨ।

ਪੰਜਾਬ ਦੀ ਸੱਤਾ 'ਤੇ ਕਾਬਜ਼ ਬਾਦਲ ਪਰਿਵਾਰ ਲਈ ਵੱਕਾਰੀ ਬਣੀ ਬਠਿੰਡਾ ਸੀਟ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਨੂੰਹ ਹਰਸਿਮਰਤ ਕੌਰ ਬਾਦਲ ਮਹਿਜ਼ 19939 ਵੋਟਾਂ ਦੇ ਫ਼ਰਕ ਨਾਲ ਜਿੱਤ ਸਕੇ। ਇਹ ਜਿੱਤ ਇਕ ਤਰ੍ਹਾਂ ਨਾਲ ਹੁਕਮਰਾਨ ਬਾਦਲ ਪਰਿਵਾਰ ਦੀਆਂ ਅੱਖਾਂ ਖੋਲ੍ਹਣ ਵਾਲੀ ਹੈ। ਬਠਿੰਡਾ ਦੇ ਨਤੀਜੇ ਨੇ ਹੁਕਮਰਾਨ ਪਰਿਵਾਰ ਨੂੰ ਜ਼ਮੀਨੀ ਹਕੀਕਤਾਂ ਦਾ ਅਹਿਸਾਸ ਕਰਵਾ ਦਿੱਤਾ ਹੈ। ਸ੍ਰੀਮਤੀ ਬਾਦਲ ਨੂੰ



ਬਠਿੰਡਾ (ਸ਼ਹਿਰੀ), ਬਠਿੰਡਾ (ਦਿਹਾਤੀ) ਤੇ ਮਾਨਸਾ ਜੋ ਕਿ ਸ਼ਹਿਰੀ ਵਿਧਾਨ ਸਭਾ ਹਲਕੇ ਮੰਨੇ ਜਾਂਦੇ ਹਨ, ਤੋਂ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਦਿਹਾਤੀ ਵਿਧਾਨ ਸਭਾ ਹਲਕਿਆਂ ਦੇ ਵੋਟਰਾਂ ਨੇ ਉਨ੍ਹਾਂ ਦੀ ਲਾਜ ਰੱਖੀ ਹੈ। ਪੰਜ ਸਾਲ ਪਹਿਲਾਂ ਬੀਬੀ ਬਾਦਲ ਨੇ ਆਪਣੇ ਵਿਰੋਧੀ ਉਮੀਦਵਾਰ ਰਣਇੰਦਰ ਸਿੰਘ ਟਿੱਕੂ ਨੂੰ ਸਵਾ ਲੱਖ ਵੋਟਾਂ ਦੇ ਫਰਕ ਨਾਲ ਹਰਾਇਆ ਸੀ।

ਅੰਮ੍ਰਿਤਸਰ ਸੀਟ ਕੌਮੀ ਪੱਧਰ 'ਤੇ ਖਿੱਚ ਦਾ ਕੇਂਦਰ ਬਣੀ ਹੋਈ ਸੀ। ਇਥੋਂ ਕਾਂਗਰਸ ਦੇ ਉਮੀਦਵਾਰ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਰੁਣ ਜੇਤਲੀ ਨੂੰ 102770 ਵੋਟਾਂ ਦੇ ਫ਼ਰਕ ਨਾਲ ਹਰਾਇਆ। ਅਰੁਣ ਜੇਤਲੀ ਨੂੰ ਸਿਰਫ਼ ਦੋ ਵਿਧਾਨ ਸਭਾ ਹਲਕਿਆਂ ਮਜੀਠਾ ਤੇ ਰਾਜਾਸਾਂਸੀ ਤੋਂ ਲੀਡ ਮਿਲੀ ਜਦਕਿ ਬਾਕੀ ਹਲਕਿਆਂ ਵਿਚ ਉਹ ਬੁਰੀ ਤਰ੍ਹਾਂ ਪਛੜ ਗਏ।

ਚੋਣ ਨਤੀਜਿਆਂ ਦੇ ਕਈ ਪੱਖ ਹੈਰਾਨੀਜਨਕ ਹਨ ਜਿਵੇਂ ਕਿ ਕਾਂਗਰਸੀ ਉਮੀਦਵਾਰ ਪ੍ਰਨੀਤ ਕੌਰ ਪਿਛਲੀਆਂ ਤਿੰਨ ਚੋਣਾਂ ਸ਼ਾਨਦਾਰ ਤਰੀਕੇ ਨਾਲ ਜਿੱਤੇ ਪਰ ਇਸ ਵਾਰ ਵੋਟਰਾਂ ਨੇ ਉਨ੍ਹਾਂ ਨੂੰ ਦੂਜੇ ਨੰਬਰ 'ਤੇ ਕਰ ਦਿੱਤਾ। ਪਟਿਆਲਾ ਤੋਂ ਅਕਾਲੀ ਉਮੀਦਵਾਰ ਦੀਪਇੰਦਰ ਸਿੰਘ ਢਿੱਲੋਂ ਤੀਜੇ ਨੰਬਰ 'ਤੇ ਰਹੇ। ਸੁਖਦੇਵ ਸਿੰਘ ਢੀਂਡਸਾ ਨੂੰ ਲਗਾਤਾਰ ਦੂਜੀ ਵਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਉਹ 2009 ਵਿਚ ਵੀ ਕਾਂਗਰਸ ਦੇ ਵਿਜੈ ਇੰਦਰ ਸਿੰਗਲਾ ਤੋਂ ਹਾਰ ਗਏ ਸਨ। ਫਿਰੋਜ਼ਪੁਰ ਤੋਂ ਜਾਖੜ ਪਰਿਵਾਰ ਆਪਣਾ ਮਜ਼ਬੂਤ ਅਧਾਰ ਸਮਝਦਾ ਹੈ ਪਰ ਲੋਕ ਸਭਾ ਚੋਣਾਂ ਵਿਚ ਸ੍ਰੀ ਜਾਖੜ ਚਿੱਤ ਹੋ ਗਏ। ਲੁਧਿਆਣਾ ਵਿਚ ਆਜ਼ਾਦ ਉਮੀਦਵਾਰ ਸਿਮਰਜੀਤ ਸਿੰਘ ਬੈਂਸ ਨੂੰ ਵੀ ਵੋਟਰਾਂ ਨੇ ਬਹੁਤਾ ਸਮਰਥਨ ਨਹੀਂ ਦਿੱਤਾ। ਅਮੀਰ ਉਮੀਦਵਾਰਾਂ ਵਿਚ ਸ਼ੁਮਾਰ ਕੁਲਵੰਤ ਸਿੰਘ ਫ਼ਤਹਿਗੜ੍ਹ ਸਾਹਿਬ ਤੋਂ ਤੀਜੇ ਨੰਬਰ 'ਤੇ ਰਹੇ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਿਮਰਨਜੀਤ ਸਿੰਘ ਮਾਨ ਭਾਵੇਂ ਦੋ ਵਾਰ ਲੋਕ ਸਭਾ ਦੀ ਚੋਣ ਜਿੱਤਣ ਵਿਚ ਕਾਮਯਾਬ ਰਹੇ ਪਰ ਇਸ ਵਾਰ ਫਿਰ ਉਨ੍ਹਾਂ ਦੀ ਜ਼ਮਾਨਤ ਜ਼ਬਤ ਹੋ ਗਈ। ਇਸੇ ਤਰ੍ਹਾਂ ਦੁਆਬੇ ਵਿਚ ਮਜ਼ਬੂਤ ਦਲਿਤ ਆਗੂ ਵਜੋਂ ਉਭਰੇ ਪਵਨ ਕੁਮਾਰ ਟੀਨੂੰ 70 ਹਜ਼ਾਰ ਤੋਂ ਵੱਧ ਵੋਟਾਂ ਨਾਲ ਹਾਰ ਗਏ। ਪ੍ਰੇਮ ਸਿੰਘ ਚੰਦੂਮਾਜਰਾ ਜੋ ਪਿਛਲੀਆਂ ਕਈ ਚੋਣਾਂ ਦੌਰਾਨ ਲਗਾਤਾਰ ਹਾਰਦੇ ਆ ਰਹੇ ਸਨ, ਇਸ ਵਾਰ ਕਾਂਗਰਸ ਦੇ ਸੀਨੀਅਰ ਆਗੂ ਅੰਬਿਕਾ ਸੋਨੀ ਨੂੰ ਹਰਾ ਕੇ ਪਾਰਲੀਮੈਂਟ ਪਹੁੰਚ ਗਏ ਹਨ।

ਪੰਜਾਬ ਵਿਚ ਰਾਜ ਕਰਨ ਵਾਲੀਆਂ ਪਾਰਟੀਆਂ ਲਈ ਕਈ ਲੋਕ ਸਭਾ ਹਲਕਿਆਂ ਦੇ ਵੋਟਰਾਂ ਨੇ ਇਸ ਕਦਰ ਨਮੋਸ਼ੀ ਦਿੱਤੀ ਹੈ ਕਿ ਉਮੀਦਵਾਰ ਤੀਜੇ ਨੰਬਰ 'ਤੇ ਚਲੇ ਗਏ। ਪਟਿਆਲਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦੀਪਇੰਦਰ ਸਿੰਘ ਢਿੱਲੋਂ, ਫ਼ਤਹਿਗੜ੍ਹ ਸਾਹਿਬ ਤੋਂ ਕੁਲਵੰਤ ਸਿੰਘ ਤੇ ਲੁਧਿਆਣਾ ਤੋਂ ਮਨਪ੍ਰੀਤ ਸਿੰਘ ਇਯਾਲੀ ਤੀਜੇ ਨੰਬਰ 'ਤੇ ਰਹੇ। ਇਸੇ ਤਰ੍ਹਾਂ ਸੰਗਰੂਰ ਤੋਂ ਕਾਂਗਰਸ ਦੇ ਵਿਜੈ ਇੰਦਰ ਸਿੰਗਲਾ, ਫਰੀਦਕੋਟ ਤੋਂ ਜੋਗਿੰਦਰ ਸਿੰਘ ਪੰਜਗਰਾਈਂ ਤੀਜੇ ਨੰਬਰ 'ਤੇ ਰਹਿ ਗਏ।

## ਸੰਗਰੂਰ: ਭਗਵੰਤ ਮਾਨ ਨੇ ਰਚਿਆ ਇਤਿਹਾਸ



**ਸੰਗਰੂਰ:** ਸੰਗਰੂਰ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਭਗਵੰਤ ਮਾਨ ਨੇ ਰਿਕਾਰਡਤੋੜ ਵੋਟਾਂ ਦੇ ਫ਼ਰਕ ਨਾਲ ਚੋਣ ਜਿੱਤ ਲਈ ਹੈ। ਮਾਨ ਨੇ ਆਪਣੇ ਨੇੜਲੇ ਵਿਰੋਧੀ ਉਮੀਦਵਾਰ ਸੁਖਦੇਵ ਸਿੰਘ ਢੀਂਡਸਾ ਨੂੰ 2,11,721 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾ ਕੇ ਚੋਣ ਜਿੱਤੀ ਹੈ। ਕੁੱਲ ਪੋਲ ਹੋਈਆਂ 10, 99,467 ਵੋਟਾਂ ਵਿਚੋਂ ਭਗਵੰਤ ਨੂੰ 5,33,237 ਤੇ ਢੀਂਡਸਾ ਨੂੰ 3,21,516 ਵੋਟਾਂ ਮਿਲੀਆਂ।

## ਫਰੀਦਕੋਟ: 'ਆਪ' ਵੱਲੋਂ ਅਕਾਲੀ ਕਿਲ੍ਹਾ ਫਤਹਿ



**ਮੋਗਾ:** ਸ਼੍ਰੋਮਣੀ ਅਕਾਲੀ ਦਲ ਦਾ ਕਿਲ੍ਹਾ ਮੰਨੇ ਜਾਂਦੇ ਮੋਗਾ ਜ਼ਿਲ੍ਹੇ ਦੇ ਚਾਰਾਂ ਵਿਧਾਨ ਸਭਾ ਹਲਕਿਆਂ ਵਿਚ ਆਮ ਆਦਮੀ ਪਾਰਟੀ 'ਆਪ' ਦੇ ਉਮੀਦਵਾਰ ਪ੍ਰੋ. ਸਾਧੂ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਕਰਾਰੀ ਮਾਤ ਦਿੱਤੀ ਹੈ। ਅਕਾਲੀ ਵਿਧਾਇਕ ਜੋਗਿੰਦਰ ਪਾਲ ਜੈਨ ਨੇ ਉਨ੍ਹਾਂ ਦੇ ਹਲਕੇ ਵਿਚੋਂ ਵੋਟਾਂ ਘਟਣ ਲਈ ਸਿੱਧੇ ਤੌਰ 'ਤੇ ਇਥੋਂ ਦੇ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

## ਪਟਿਆਲਾ: ਕਾਂਗਰਸ ਦਾ 15 ਸਾਲਾ ਕਬਜ਼ਾ ਤੋੜਿਆ



**ਪਟਿਆਲਾ:** ਲੋਕ ਸਭਾ ਹਲਕਾ ਪਟਿਆਲਾ ਤੋਂ ਕਾਂਗਰਸ ਦਾ 15 ਸਾਲਾਂ ਦਾ ਕਬਜ਼ਾ ਤੋੜਦਿਆਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਨੇ ਜਿੱਤ ਹਾਸਲ ਕਰ ਲਈ ਹੈ। ਡਾ. ਗਾਂਧੀ ਨੂੰ 365671 ਤੇ ਪ੍ਰਨੀਤ ਕੌਰ ਨੂੰ 344729 ਵੋਟਾਂ ਪਈਆਂ, ਜਦਕਿ ਸ਼੍ਰੋਮਣੀ ਅਕਾਲੀ ਦਲ ਦੇ ਦੀਪਇੰਦਰ ਸਿੰਘ ਢਿੱਲੋਂ 340109 ਵੋਟਾਂ ਹਾਸਲ ਕਰਕੇ ਤੀਜੇ ਨੰਬਰ 'ਤੇ ਰਹੇ।

## ਫਤਹਿਗੜ੍ਹ ਸਾਹਿਬ: ਛੁਪੀ ਰੁਸਤਮ ਨਿਕਲੀ 'ਆਪ'



**ਫਤਹਿਗੜ੍ਹ ਸਾਹਿਬ:** ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ (ਰਾਖਵਾਂ) ਤੋਂ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਹਰਿੰਦਰ ਸਿੰਘ ਖਾਲਸਾ ਨੇ ਆਪਣੇ ਵਿਰੋਧੀ ਕਾਂਗਰਸ ਦੇ ਉਮੀਦਵਾਰ ਸਾਧੂ ਸਿੰਘ ਧਰਮਸੋਤ ਨੂੰ 54 ਹਜ਼ਾਰ 44 ਵੋਟਾਂ ਦੇ ਫਰਕ ਨਾਲ ਹਰਾਇਆ। ਉਨ੍ਹਾਂ ਕੁੱਲ ਪੋਲ ਹੋਈਆਂ 10 ਲੱਖ 31 ਹਜ਼ਾਰ 30 ਵੋਟਾਂ ਵਿਚੋਂ ਤਿੰਨ ਲੱਖ 67 ਹਜ਼ਾਰ 293 ਵੋਟਾਂ ਹਾਸਲ ਕੀਤੀਆਂ ਹਨ ਜਦ ਕਿ ਕਾਂਗਰਸੀ ਉਮੀਦਵਾਰ ਨੂੰ 3,13, 149 ਵੋਟਾਂ ਹੀ ਮਿਲੀਆਂ ਹਨ।

## ਪੰਜਾਬ ਵਿਚੋਂ ਔਰਤਾਂ ਦੀ ਨੁਮਾਇੰਦਗੀ ਘਟੀ

**ਮਾਨਸਾ:** ਪਿਛਲੀ ਵਾਰ ਚਾਰ ਔਰਤਾਂ ਲੋਕ ਸਭਾ ਵਿਚ ਪੰਜਾਬ ਦੀ ਨੁਮਾਇੰਦਗੀ ਕਰਦੀਆਂ ਸਨ ਪਰ ਇਸ ਵਾਰ ਨੁਮਾਇੰਦਗੀ ਘੱਟ ਕੇ ਚਾਰ ਵਿਚੋਂ ਇਕ ਰਹਿ ਗਈ ਹੈ। ਸਿਰਫ਼ ਬਠਿੰਡਾ ਹਲਕੇ ਤੋਂ ਹਰਸਿਮਰਤ ਕੌਰ ਬਾਦਲ ਹੀ ਮੁੜ ਲੋਕ ਸਭਾ ਦੀਆਂ ਪੌੜੀਆਂ ਚੜ੍ਹੀ ਹੈ। ਪਿਛਲੀ ਵਾਰ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਤੋਂ ਇਲਾਵਾ ਫ਼ਰੀਦਕੋਟ ਤੋਂ ਪਰਮਜੀਤ ਕੌਰ ਗੁਲਸ਼ਨ, ਕਾਂਗਰਸ ਦੀ ਪਟਿਆਲਾ ਤੋਂ ਮਹਾਰਾਣੀ ਪ੍ਰਨੀਤ ਕੌਰ ਤੇ ਹੁਸ਼ਿਆਰਪੁਰ ਤੋਂ ਸੰਤੋਸ਼ ਚੌਧਰੀ ਸਨ, ਜਿਨ੍ਹਾਂ ਵਿਚੋਂ ਪ੍ਰਨੀਤ ਕੌਰ ਤੇ ਸੰਤੋਸ਼ ਚੌਧਰੀ ਕੇਂਦਰ ਵਿਚ ਮੰਤਰੀ ਵੀ ਰਹੀਆਂ।

ਅਕਾਲੀ ਦਲ ਦੀਆਂ ਉਕਤ ਦੋਵਾਂ ਤੋਂ ਇਲਾਵਾ ਕਾਂਗਰਸ ਦੀ ਪ੍ਰਨੀਤ ਕੌਰ ਪਟਿਆਲਾ ਤੋਂ ਤੇ ਅਨੰਦਪੁਰ ਸਾਹਿਬ ਤੋਂ ਚੋਣ ਮੈਦਾਨ ਵਿਚ ਸਨ, ਜਦਕਿ ਸੰਤੋਸ਼ ਚੌਧਰੀ ਦੀ ਪਾਰਟੀ ਵੱਲੋਂ ਟਿਕਟ ਕੱਟ ਦਿੱਤੀ ਗਈ ਸੀ। ਅਕਾਲੀ ਦਲ ਦੀ ਗੁਲਸ਼ਨ, ਕਾਂਗਰਸ ਦੀ ਪ੍ਰਨੀਤ ਕੌਰ ਤੇ ਅੰਬਿਕਾ ਸੋਨੀ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਵੱਲੋਂ ਵੀ ਇਸ ਵਾਰ ਜਲੰਧਰ ਲੋਕ ਸਭਾ ਹਲਕੇ ਤੋਂ ਜੋਤੀ ਮਾਨ ਨੂੰ ਵੀ ਚੋਣ ਮੈਦਾਨ ਵਿਚ ਉਤਾਰਿਆ ਗਿਆ ਸੀ ਪਰ ਉਹ ਜਿੱਤਣ ਵਿਚ ਕਾਮਯਾਬ ਨਹੀਂ ਹੋ ਸਕੀ।

## ਪੰਜਾਬ ਕਾਂਗਰਸ ਵਿਚ ਅੰਦਰੂਨੀ ਜੰਗ ਫਿਰ ਤੇਜ਼

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਅੰਮ੍ਰਿਤਸਰ ਹਲਕੇ ਤੋਂ ਸੰਸਦ ਮੈਂਬਰ ਚੁਣੇ ਗਏ ਕੈਪਟਨ ਅਮਰਿੰਦਰ ਸਿੰਘ ਦੇ ਖੇਮੇ ਵੱਲੋਂ ਪ੍ਰਦੇਸ਼ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵਿਰੁੱਧ ਛੇੜੀ ਮੁਹਿੰਮ ਦਾ ਮਾਮਲਾ ਹਾਈਕਮਾਨ ਕੋਲ ਪੁੱਜ ਗਿਆ ਹੈ ਤੇ ਸ. ਬਾਜਵਾ ਖੇਮੇ ਵੱਲੋਂ ਵੀ ਕੈਪਟਨ ਧੜੇ ਨੂੰ ਠੋਕਵਾਂ ਜਵਾਬ ਦੇਣ ਦੀ ਰਣਨੀਤੀ ਘੜੀ ਜਾ ਰਹੀ ਹੈ।

ਦੂਜੇ ਪਾਸੇ ਲੋਕ ਸਭਾ ਚੋਣਾਂ ਵਿਚ ਹਾਰੇ ਕਾਂਗਰਸ ਉਮੀਦਵਾਰ ਵੀ ਉਨ੍ਹਾਂ ਦੇ ਵਿਧਾਨ ਸਭਾ ਹਲਕਿਆਂ ਵਿਚਲੇ ਵਿਧਾਇਕਾਂ ਦੀ ਮਾੜੀ ਕਾਰਗੁਜ਼ਾਰੀ ਦਾ ਚਿੱਠਾ ਲੈ ਕੇ ਦਿੱਲੀ ਜਾਣ ਦੀ ਤਿਆਰੀ ਕਰ ਰਹੇ ਹਨ। ਇਸ ਕਾਰਨ ਆਉਂਦੇ ਦਿਨਾਂ ਵਿਚ ਪੰਜਾਬ ਕਾਂਗਰਸ ਦੀ ਅੰਦਰੂਨੀ ਜੰਗ ਹੋਰ ਤੇਜ਼ ਹੋ ਸਕਦੀ ਹੈ। ਸੂਤਰਾਂ ਮੁਤਾਬਕ ਸ. ਬਾਜਵਾ ਤੇ ਹਾਰੇ ਹੋਏ ਉਮੀਦਵਾਰਾਂ ਵੱਲੋਂ ਲੋਕ ਸਭਾ ਚੋਣਾਂ ਦੌਰਾਨ ਖਾਸ ਕਰਕੇ ਕੈਪਟਨ ਖੇਮੇ ਦੇ ਵਿਧਾਇਕਾਂ ਦੀ ਮਾੜੀ ਕਾਰਗੁਜ਼ਾਰੀ ਦੇ ਅੰਕੜੇ ਤਿਆਰ ਕੀਤੇ ਜਾ ਰਹੇ ਹਨ। ਕੈਪਟਨ ਖੇਮੇ ਦੇ ਵਿਧਾਇਕਾਂ ਦੇ ਅੰਕੜੇ ਹਾਈਕਮਾਨ ਅੱਗੇ ਪੇਸ਼ ਕਰਕੇ ਹਾਰ ਦਾ ਠੀਕਰਾ ਇਸ ਖੇਮੇ ਉਪਰ ਭੰਨਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਪੰਜਾਬ ਕਾਂਗਰਸ ਵੱਲੋਂ ਪਿਛਲੇ ਦਿਨਾਂ ਦੌਰਾਨ ਕੈਪਟਨ ਖੇਮੇ ਦੇ 30 ਤੋਂ ਵੱਧ ਵਿਧਾਇਕਾਂ ਤੇ ਆਗੂਆਂ ਵੱਲੋਂ ਲੋਕ ਸਭਾ ਚੋਣਾਂ ਦੀ ਹਾਰ ਦੀ ਜ਼ਿੰਮੇਵਾਰੀ ਸ. ਬਾਜਵਾ ਉਪਰ ਸੁੱਟ ਕੇ ਉਨ੍ਹਾਂ ਕੋਲੋਂ ਅਸਤੀਫ਼ਾ ਮੰਗਣ ਦੇ ਦਾਗੇ ਬਿਆਨਾਂ ਦੀਆਂ ਅਖ਼ਬਾਰਾਂ ਦੀਆਂ ਕਾਤਰਾਂ ਵੀ ਹਾਈਕਮਾਨ ਨੂੰ ਭੇਜੀਆਂ ਜਾ ਚੁੱਕੀਆਂ ਹਨ। ਉਂਜ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਨੇੜ ਭਵਿੱਖ ਵਿਚ ਸ. ਬਾਜਵਾ



ਵਿਰੁੱਧ ਦੋਸ਼ ਲਾਉਣ ਵਾਲੇ ਆਗੂਆਂ ਉਪਰ ਕੋਈ ਅਨੁਸ਼ਾਸਨੀ ਕਾਰਵਾਈ ਕਰਨ ਦੀ ਸੰਭਾਵਨਾ ਨਾ ਹੋਣ ਕਾਰਨ ਅਗਲੇ ਦਿਨੀਂ ਹੋਰ ਆਗੂ ਵੀ ਸ. ਬਾਜਵਾ ਉਪਰ ਚਿੱਕੜ-ਉਛਾਲੀ ਕਰ ਸਕਦੇ ਹਨ।

ਇਸ ਖੇਮੇ ਵੱਲੋਂ ਤਿਆਰ ਕੀਤੇ ਅੰਕੜਿਆਂ ਮੁਤਾਬਕ ਖਾਸ ਕਰਕੇ ਸ. ਬਾਜਵਾ ਦੇ ਆਪਣੇ ਗੁਰਦਾਸਪੁਰ ਲੋਕ ਸਭਾ ਹਲਕੇ ਵਿਚ ਕੈਪਟਨ ਖੇਮੇ ਦੇ ਵਿਧਾਇਕਾਂ ਦੇ ਹਲਕਿਆਂ ਵਿਚੋਂ ਭਾਜਪਾ ਦੇ ਉਮੀਦਵਾਰ ਵਿਨੋਦ ਖੰਨਾ ਨੂੰ ਵੱਧ ਵੋਟਾਂ ਪਈਆਂ ਹਨ। ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੇ ਵਿਧਾਨ ਸਭਾ ਹਲਕੇ ਫ਼ਤਿਹਗੜ੍ਹ ਚੂੜੀਆਂ ਵਿਚੋਂ ਸ. ਬਾਜਵਾ ਨੂੰ ਸ੍ਰੀ ਖੰਨਾ ਤੋਂ 18,595 ਵੋਟਾਂ ਘੱਟ ਮਿਲੀਆਂ ਹਨ। ਸੁਖਜਿੰਦਰ ਸਿੰਘ ਰੰਧਾਵਾ ਦੇ ਡੇਰਾ ਬਾਬਾ ਨਾਨਕ ਹਲਕੇ ਵਿਚੋਂ ਵੀ ਸ. ਬਾਜਵਾ ਨੂੰ ਸ੍ਰੀ ਖੰਨਾ ਤੋਂ 25,384 ਵੋਟਾਂ ਘੱਟ ਪਈਆਂ ਹਨ। ਅਸ਼ਵਨੀ ਸੇਖੜੀ ਦੇ ਹਲਕੇ ਬਟਾਲਾ ਵਿਚੋਂ ਵੀ ਸ. ਬਾਜਵਾ ਨੂੰ ਸ੍ਰੀ ਖੰਨਾ ਤੋਂ 6803 ਵੋਟਾਂ ਘੱਟ ਮਿਲੀਆਂ ਹਨ। ਉਂਜ ਸ. ਬਾਜਵਾ ਨੂੰ ਆਪਣੀ ਵਿਧਾਇਕ ਪਤਨੀ ਚਰਨਜੀਤ ਕੌਰ ਦੇ ਕਾਦੀਆਂ ਹਲਕੇ ਵਿਚੋਂ ਵੀ ਸ੍ਰੀ ਖੰਨਾ ਤੋਂ 2398 ਵੋਟਾਂ ਘੱਟ ਮਿਲੀਆਂ ਹਨ।

ਇਸੇ ਤਰ੍ਹਾਂ ਖਡੂਰ ਸਾਹਿਬ ਲੋਕ ਸਭਾ ਹਲਕੇ ਵਿਚ ਕੈਪਟਨ ਦੇ ਖੇਮੇ ਨਾਲ ਸਬੰਧਤ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੇ ਖਡੂਰ ਸਾਹਿਬ ਵਿਧਾਨ ਸਭਾ ਹਲਕੇ ਵਿਚੋਂ ਕਾਂਗਰਸ ਉਮੀਦਵਾਰ ਹਰਮਿੰਦਰ ਸਿੰਘ ਗਿੱਲ ਨੂੰ ਅਕਾਲੀ ਦਲ ਦੇ ਉਮੀਦਵਾਰ ਰਣਜੀਤ ਸਿੰਘ ਬ੍ਰਹਮਪੁਰਾ ਤੋਂ 37,863 ਵੋਟਾਂ ਘੱਟ ਮਿਲੀਆਂ ਹਨ। ਰਾਣਾ ਗੁਰਜੀਤ ਸਿੰਘ ਦੇ ਹਲਕੇ ਕਪੂਰਥਲਾ ਵਿਚੋਂ ਵੀ ਸ੍ਰੀ ਗਿੱਲ ਨੂੰ ਬ੍ਰਹਮਪੁਰਾ ਤੋਂ 1876 ਵੋਟਾਂ ਘੱਟ ਮਿਲੀਆਂ ਹਨ।

# ਪੰਜਾਬ ਦੇ ਸਿਆਸੀ ਨਕਸ਼ੇ ਤੋਂ ਹਾਸ਼ੀਏ 'ਤੇ ਪੁੱਜੀ ਬਸਪਾ

**ਜਲੰਧਰ:** ਲੋਕ ਸਭਾ ਚੋਣਾਂ ਦੌਰਾਨ ਦੋਆਬੇ ਵਿਚ ਜਿਥੇ ਰਵਾਇਤੀ ਪਾਰਟੀਆਂ ਦੀਆਂ ਉਮੀਦਾਂ ਦੇ ਉਲਟ ਨਤੀਜੇ ਆਏ ਹਨ ਉਥੇ ਇਸ ਖਿੱਤੇ ਵਿਚੋਂ ਜਨਮ ਲੈਣ ਵਾਲੀ ਬਹੁਜਨ ਸਮਾਜ ਪਾਰਟੀ ਨੂੰ ਪੰਜਾਬ ਦੇ ਸਿਆਸੀ ਨਕਸ਼ੇ ਤੋਂ ਹਾਸ਼ੀਏ 'ਤੇ ਧੱਕ ਦਿੱਤਾ ਹੈ। ਚੋਣ ਨਤੀਜਿਆਂ ਮੁਤਾਬਕ ਬਸਪਾ ਤੀਜੇ ਸਥਾਨ ਤੋਂ ਖਿਸਕ ਕੇ ਚੌਥੇ ਥਾਂ 'ਤੇ ਚਲੀ ਗਈ ਹੈ। ਚਾਰ ਲੋਕ ਸਭਾ ਹਲਕਿਆਂ ਵਿਚ ਤਾਂ ਬਸਪਾ ਨੂੰ 5ਵਾਂ ਸਥਾਨ ਮਿਲਿਆ ਹੈ ਤੇ ਦੋ ਹਲਕਿਆਂ ਵਿਚ ਪਾਰਟੀ ਨੂੰ 6ਵੇਂ ਸਥਾਨ 'ਤੇ ਸਬਰ ਕਰਨਾ ਪਿਆ ਹੈ। ਕਦੇ ਬਸਪਾ ਦਾ ਪੰਜਾਬ ਵਿਚ 15 ਫੀਸਦੀ ਵੋਟ ਹਿੱਸਾ ਹੋਇਆ ਕਰਦਾ ਸੀ ਜਿਹੜਾ ਕਿ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ 1.9 ਤੱਕ ਸੁੰਗੜ ਕੇ ਰਹਿ ਗਿਆ ਹੈ। ਪੰਜਾਬ ਵਿਚ ਬਸਪਾ ਦੇ ਬਹੁਤੇ ਉਮੀਦਵਾਰ ਤਾਂ ਆਪਣੀਆਂ ਜ਼ਮਾਨਤਾਂ ਤੱਕ ਨਹੀਂ ਬਚਾ ਸਕੇ। ਇਨ੍ਹਾਂ ਚੋਣਾਂ ਨੂੰ ਬਸਪਾ ਦੀ ਹੁਣ ਤੱਕ ਦੀ ਸਭ ਤੋਂ ਮਾੜੀ ਕਾਰਗੁਜ਼ਾਰੀ ਵਜੋਂ ਯਾਦ ਰੱਖਿਆ ਜਾਵੇਗਾ। ਬਸਪਾ ਉੱਤਰ ਪ੍ਰਦੇਸ਼ ਵਿਚੋਂ ਵੀ ਕੋਈ ਸੀਟ ਨਹੀਂ ਜਿੱਤ ਸਕੀ। ਬਸਪਾ ਦੇ ਵੋਟ ਬੈਂਕ ਦਾ ਵੱਡਾ ਹਿੱਸਾ ਆਮ ਆਦਮੀ ਪਾਰਟੀ ਦੇ ਹੱਕ ਅਜਿਹਾ ਭੁਗਤਿਆ ਕਿ ਉਸ ਨੇ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਿਆਸੀ ਗਣਿਤ ਨੂੰ ਹੀ ਵਿਗਾੜ ਕੇ ਰੱਖ ਦਿੱਤਾ।

# ਫਿਰੋਜ਼ਪੁਰੀਏ 'ਨੋਟਾ' ਦੀ ਵਰਤੋਂ ਵਿਚ ਮੋਹਰੀ

**ਪਟਿਆਲਾ:** ਪੰਜਾਬ ਵਿਚ ਲੋਕ ਸਭਾ ਦੀਆਂ 13 ਸੀਟਾਂ 'ਤੇ ਸੂਬੇ ਦੇ 5,8,658 ਵੋਟਰਾਂ ਨੇ 'ਨੋਟਾ' ਦਾ ਬਟਨ ਦਬਾ ਕੇ ਉਮੀਦਵਾਰਾਂ ਪ੍ਰਤੀ ਆਪਣਾ ਗੁੱਸਾ ਕੱਢਿਆ, ਜਿਸ ਦੀ ਕੁਲ ਦਰ 0.4 ਫ਼ੀਸਦੀ ਬਣਦੀ ਹੈ। ਦੱਸਣਯੋਗ ਹੈ ਕਿ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਵਿਚ ਪਹਿਲੀ ਵਾਰ 'ਨੋਟਾ' ਬਟਨ ਦੀ ਵਰਤੋਂ ਕੀਤੀ ਗਈ ਸੀ। ਇਸ ਵਿਧੀ ਤਹਿਤ ਉਮੀਦਵਾਰਾਂ ਨੂੰ ਨਕਾਰਨ ਵਿਚ ਫਿਰੋਜ਼ਪੁਰ ਲੋਕ ਸਭਾ ਹਲਕੇ ਦੇ ਵੋਟਰ ਸਭ ਤੋਂ ਅੱਗੇ ਰਹੇ, ਜਿਥੇ 7685 ਵੋਟਰਾਂ ਨੇ 'ਨੋਟਾ' ਬਟਨ ਦੀ ਵਰਤੋਂ ਕੀਤੀ। ਹੁਸ਼ਿਆਰਪੁਰ ਵਿਚ 5976 ਵੋਟਰਾਂ ਨੇ 'ਨੋਟਾ' ਬਟਨ ਦਬਾ ਕੇ ਦੂਜਾ ਸਥਾਨ ਤੇ ਆਨੰਦਪੁਰ ਸਾਹਿਬ ਦੇ 5937 ਵੋਟਰਾਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਖਡੂਰ ਸਾਹਿਬ ਵਿਚ 5624, ਜਲੰਧਰ 5436, ਬਠਿੰਡਾ 4706, ਗੁਰਦਾਸਪੁਰ 4625, ਫਤਿਹਗੜ੍ਹ ਸਾਹਿਬ 4005, ਫ਼ਰੀਦਕੋਟ 3816, ਲੁਧਿਆਣਾ 3220, ਪਟਿਆਲਾ 3008, ਅੰਮ੍ਰਿਤਸਰ 2509 ਤੇ ਸੰਗਰੂਰ ਲੋਕ ਸਭਾ ਸੀਟ 'ਤੇ 2188 ਵੋਟਰਾਂ ਨੇ 'ਨੋਟਾ' ਦਾ ਬਟਨ ਦਬਾ ਕੇ ਆਪਣੀ ਸੀਟ 'ਤੇ ਖੜ੍ਹੇ ਉਮੀਦਵਾਰਾਂ ਨੂੰ ਨਕਾਰ ਦਿੱਤਾ।

# ਮੇਰੀ ਨੈਤਿਕ ਜਿੱਤ ਹੋਈ: ਮਨਪ੍ਰੀਤ



**ਬਠਿੰਡਾ:** ਬਠਿੰਡਾ ਹਲਕੇ ਤੋਂ ਕਾਂਗਰਸੀ ਉਮੀਦਵਾਰ ਤੇ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਆਪਣੀ ਹਾਰ ਕਬੂਲ ਕਰਦੇ ਹੋਏ ਆਖਿਆ ਕਿ ਉਨ੍ਹਾਂ ਦੀ ਬਠਿੰਡਾ ਹਲਕੇ ਤੋਂ ਨੈਤਿਕ ਜਿੱਤ ਹੋਈ ਹੈ। ਉਨ੍ਹਾਂ ਆਖਿਆ ਕਿ ਵੋਟਾਂ ਖਰੀਦਣ ਦੇ ਦਸਤੂਰ ਨੇ ਲੋਕ ਫਤਵੇ ਨੂੰ ਸੱਟ ਮਾਰੀ ਹੈ ਤੇ ਇਹ ਦਸਤੂਰ ਬੰਦ ਹੋਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਲੋਕ ਰਾਜ ਦੀ ਸਹੀ ਤਸਵੀਰ ਸਾਹਮਣੇ ਨਹੀਂ ਆਉਂਦੀ। ਹਲਕਾ ਲੰਬੀ ਵਿਚ ਦਰਜਨਾਂ ਪੋਲਿੰਗ ਬੂਥਾਂ 'ਤੇ ਕਬਜ਼ੇ ਹੋ ਗਏ ਸਨ ਤੇ ਉਨ੍ਹਾਂ ਨੇ ਚੋਣ ਕਮਿਸ਼ਨ ਤੋਂ ਮੁੜ ਪੋਲਿੰਗ ਕਰਾਏ ਜਾਣ ਦੀ ਮੰਗ ਵੀ ਕੀਤੀ ਸੀ। ਉਨ੍ਹਾਂ ਆਖਿਆ ਕਿ ਉਹ ਨੈਤਿਕ ਤੌਰ 'ਤੇ ਜਿੱਤ ਗਏ ਹਨ ਕਿਉਂਕਿ ਦੋ ਲੱਖ ਵੋਟਾਂ ਦੇ ਫਰਕ ਨਾਲ ਜਿੱਤਣ ਦੇ ਦਾਅਵੇ ਕਰਨ ਵਾਲੇ ਹਰ ਹਰਬਾ ਵਰਤਣ ਦੇ ਬਾਵਜੂਦ ਸੀਟ ਮਸਾਂ ਬਚਾ ਸਕੇ ਹਨ। ਸ਼ਹਿਰੀ ਵੋਟਰਾਂ ਨੇ ਉਨ੍ਹਾਂ ਦਾ ਪੂਰਾ ਸਾਥ ਦਿੱਤਾ ਹੈ।

# ਲੁਧਿਆਣਾ 'ਚ ਫਿਰ ਕਾਂਗਰਸ ਦੀ ਬਾਦਸ਼ਾਹਤ



**ਲੁਧਿਆਣਾ:** ਲੋਕ ਸਭਾ ਚੋਣਾਂ ਦੌਰਾਨ ਭਾਵੇਂ ਸੂਬੇ ਵਿਚ ਕਾਂਗਰਸ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੀ ਪਰ ਲੁਧਿਆਣਾ ਲੋਕ ਸਭਾ ਹਲਕੇ ਵਿਚ ਕਾਂਗਰਸ ਨੇ ਆਪਣੀ ਬਾਦਸ਼ਾਹਤ ਬਰਕਰਾਰ ਰੱਖੀ ਹੈ। ਲੁਧਿਆਣਾ ਵਿਚ ਕਾਂਗਰਸ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ 19 ਹਜ਼ਾਰ 709 ਵੋਟਾਂ ਦੇ ਫਰਕ ਨਾਲ ਹਰਾ ਕੇ ਜਿੱਤ ਪ੍ਰਾਪਤ ਕੀਤੀ ਹੈ। ਕਾਂਗਰਸ ਦੇ ਉਮੀਦਵਾਰ ਰਵਨੀਤ ਬਿੱਟੂ ਨੂੰ ਕੁੱਲ ਤਿੰਨ ਲੱਖ 459 ਵੋਟਾਂ, ਆਪ ਉਮੀਦਵਾਰ ਫੂਲਕਾ ਦੋ ਲੱਖ 80 ਹਜ਼ਾਰ 750 ਵੋਟਾਂ, ਅਕਾਲੀ ਦਲ-ਭਾਜਪਾ ਦੇ ਉਮੀਦਵਾਰ ਇਯਾਲੀ ਨੂੰ ਕੁੱਲ ਦੋ ਲੱਖ 56 ਹਜ਼ਾਰ 590 ਵੋਟਾਂ ਤੇ ਆਜ਼ਾਦ ਉਮੀਦਵਾਰ ਬੈਂਸ ਕੁੱਲ ਦੋ ਲੱਖ 10 ਹਜ਼ਾਰ 917 ਵੋਟਾਂ ਪਈਆਂ। ਬਿੱਟੂ ਦੀ ਲੁਧਿਆਣਾ ਵਿਚ ਹੋਈ ਜਿੱਤ ਨੂੰ ਸਿਆਸੀ ਪੰਡਤ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਸ਼ਹੀਦੀ ਨਾਲ ਜੋੜ ਕੇ ਵੀ ਦੇਖ ਰਹੇ ਹਨ। ਕਾਂਗਰਸ ਦੀ ਜਿੱਤ ਦੀ ਪਿਛਲੀ ਵਾਰ ਇਕ ਲੱਖ 13 ਹਜ਼ਾਰ ਦੇ ਮੁਕਾਬਲੇ ਸਿਰਫ਼ 20 ਹਜ਼ਾਰ ਤੱਕ ਘੱਟ 'ਤੇ ਹੀ ਸਿਮਟ ਗਈ।

# ਅਕਾਲੀ-ਭਾਜਪਾ ਗਠਜੋੜ ਨੂੰ ਸ਼ਹਿਰੀ ਵੋਟਰਾਂ ਕੀਤਾ ਰੱਦ

**ਚੰਡੀਗੜ੍ਹ:** ਪੰਜਾਬ ਵਿਚ ਪਾਰਲੀਮਾਨੀ ਚੋਣਾਂ ਦੇ ਨਤੀਜਿਆਂ ਦਾ ਇਕ ਦਿਲਚਸਪ ਪਹਿਲੂ ਇਹ ਹੈ ਕਿ ਸੂਬੇ ਦੇ ਸ਼ਹਿਰੀ ਵੋਟਰਾਂ ਵੱਲੋਂ ਅਕਾਲੀ-ਭਾਜਪਾ ਗਠਜੋੜ ਨੂੰ ਕਾਫ਼ੀ ਹੱਦ ਤੱਕ ਰੱਦ ਕੀਤਾ ਗਿਆ ਹੈ ਤੇ ਇਹੋ ਕਾਰਨ ਹੈ ਕਿ ਪੰਜਾਬ ਦੇ ਤਿੰਨ ਮੁੱਖ ਵੱਡੇ ਸ਼ਹਿਰਾਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਪਟਿਆਲਾ ਤੋਂ ਅਕਾਲੀ-ਭਾਜਪਾ ਉਮੀਦਵਾਰਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਪਟਿਆਲਾ ਤੇ ਲੁਧਿਆਣਾ ਵਿਚ ਅਕਾਲੀ ਉਮੀਦਵਾਰ ਮੁੱਖ ਮੁਕਾਬਲੇ ਤੋਂ ਹੀ ਬਾਹਰ ਹੁੰਦਿਆਂ ਤੀਜੇ ਸਥਾਨ 'ਤੇ ਰਹੇ। ਇਸੇ ਤਰ੍ਹਾਂ ਬਠਿੰਡਾ ਹਲਕੇ ਤੋਂ ਵੀ ਬਠਿੰਡਾ ਸ਼ਹਿਰ ਤੇ ਮਾਨਸਾ ਦੇ ਵਿਧਾਨ ਸਭਾ ਹਲਕਿਆਂ ਤੋਂ ਅਕਾਲੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੂੰ ਕੋਈ 5600 ਵੋਟਾਂ ਨਾਲ ਹਾਰ ਮਿਲੀ। ਫਿਰੋਜ਼ਪੁਰ ਹਲਕੇ ਬਾਰੇ ਵੀ ਦਿਲਚਸਪ ਪਹਿਲੂ ਇਹ ਸੀ ਕਿ ਅਕਾਲੀ ਉਮੀਦਵਾਰ ਨੂੰ ਜਲਾਲਾਬਾਦ ਤੇ ਬਲੂਆਣਾ ਤੋਂ ਵੱਡੀ ਜਿੱਤ ਪ੍ਰਾਪਤ ਹੋਈ, ਜਦੋਂਕਿ ਫਿਰੋਜ਼ਪੁਰ ਹਲਕੇ ਦੇ ਸ਼ਹਿਰੀ ਖੇਤਰਾਂ ਤੋਂ ਕਾਂਗਰਸ ਉਮੀਦਵਾਰ ਹੀ ਅੱਗੇ ਸਨ। ਪਟਿਆਲਾ, ਲੁਧਿਆਣਾ ਤੇ ਫਤਿਹਗੜ੍ਹ ਸਾਹਿਬ ਦੇ ਪਾਰਲੀਮਾਨੀ ਹਲਕਿਆਂ ਤੋਂ ਅਕਾਲੀ ਉਮੀਦਵਾਰ ਮੁੱਖ ਟੱਕਰ ਵਿਚ ਸ਼ਾਮਲ ਨਾ ਰਹਿੰਦਿਆਂ ਤੀਜੇ ਸਥਾਨ 'ਤੇ ਚਲੇ ਗਏ, ਜਦੋਂਕਿ ਸੰਗਰੂਰ ਤੇ ਫਰੀਦਕੋਟ ਦੇ ਪਾਰਲੀਮਾਨੀ ਹਲਕਿਆਂ ਵਿਚ ਕਾਂਗਰਸੀ ਉਮੀਦਵਾਰਾਂ ਨੂੰ ਤੀਸਰਾ ਸਥਾਨ ਪ੍ਰਾਪਤ ਹੋਇਆ।

# ਸਾਂਪਲਾ ਨੇ ਕੇ.ਪੀ. ਦੀ ਪਿੱਠ ਲਾਈ



**ਹੁਸ਼ਿਆਰਪੁਰ:** ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਵਿਜੇ ਸਾਂਪਲਾ ਨੇ ਕਾਂਗਰਸ ਦੇ ਮਹਿੰਦਰ ਸਿੰਘ ਕੇ.ਪੀ. ਨੂੰ 13,582 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਹੁਸ਼ਿਆਰਪੁਰ ਲੋਕ ਸਭਾ ਸੀਟ ਜਿੱਤ ਲਈ। ਸ੍ਰੀ ਸਾਂਪਲਾ ਨੂੰ 3,46,643 ਵੋਟਾਂ ਪਈਆਂ ਜਦੋਂਕਿ ਸ੍ਰੀ ਕੇ.ਪੀ ਨੂੰ 3,33,061 ਵੋਟਾਂ ਪਈਆਂ। ਆਮ ਆਦਮੀ ਪਾਰਟੀ ਦੀ ਯਾਮਿਨੀ ਗੋਮਰ ਨੇ 2,13,388 ਵੋਟਾਂ ਲੈ ਕੇ ਸਭ ਨੂੰ ਹੈਰਾਨ ਕਰ ਦਿੱਤਾ। ਤੀਜੇ ਸਥਾਨ 'ਤੇ ਰਹਿਣ ਵਾਲੀ ਪਾਰਟੀ ਦਾ ਅੱਜ ਤੱਕ ਦਾ ਸ਼ਾਇਦ ਇਹ ਸਭ ਤੋਂ ਵੱਡਾ ਸਕੋਰ ਹੈ। ਚੋਣਾਂ ਵਿਚ ਸਭ ਤੋਂ ਵੱਧ ਧੱਕਾ ਬਹੁਜਨ ਸਮਾਜ ਪਾਰਟੀ ਨੂੰ ਲੱਗਿਆ। ਪਾਰਟੀ ਉਮੀਦਵਾਰ ਭਗਵਾਨ ਸਿੰਘ ਚੌਹਾਨ ਨੂੰ ਸਿਰਫ 40,497 ਵੋਟਾਂ ਹੀ ਪਈਆਂ। ਬਾਕੀ ਦੇ ਉਮੀਦਵਾਰਾਂ ਨੂੰ ਸਿਰਫ਼ ਨਾ-ਮਾਤਰ ਵੋਟਾਂ ਪਈਆਂ ਤੇ ਇਨ੍ਹਾਂ ਉਮੀਦਵਾਰਾਂ ਵਿਚ ਅਕਾਲੀ ਦਲ (ਅ) ਦੇ ਸ਼ਮਸ਼ੇਰ ਸਿੰਘ ਸ਼ਾਮਲ ਸਨ।

# ਪੰਜਾਬ ਵਿਚ ਇਸ ਤਰ੍ਹਾਂ ਹੋਈ ਉਤਲੀ ਹੇਠ!

**ਚੰਡੀਗੜ੍ਹ:** ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਪਈਆਂ ਵੋਟਾਂ ਦੇ ਵਿਧਾਨ ਸਭਾ ਹਲਕਾ ਪੱਧਰ 'ਤੇ ਆਮ ਆਦਮੀ ਪਾਰਟੀ (ਆਪ) ਸੂਬੇ ਦੇ ਸਿਆਸੀ ਦ੍ਰਿਸ਼ 'ਤੇ ਮਜ਼ਬੂਤ ਤੀਜੀ ਧਿਰ ਵਜੋਂ ਉਭਰੀ ਹੈ। ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਵਿਚੋਂ 37 'ਤੇ ਕਾਂਗਰਸ, 33 ਉਤੇ 'ਆਪ', 29 'ਤੇ ਸ਼੍ਰੋਮਣੀ ਅਕਾਲੀ ਦਲ, 16 'ਤੇ ਭਾਰਤੀ ਜਨਤਾ ਪਾਰਟੀ ਅਤੇ ਦੋ 'ਤੇ ਆਜ਼ਾਦ ਉਮੀਦਵਾਰਾਂ ਨੂੰ ਪਹਿਲਾ ਸਥਾਨ ਮਿਲਿਆ ਹੈ। ਵੋਟ ਪ੍ਰਤੀਸ਼ਤਤਾ ਵਿਚ ਵੀ 'ਆਪ' ਦੀ ਕਾਰਗੁਜ਼ਾਰੀ ਸਥਾਪਤ ਪਾਰਟੀਆਂ ਲਈ ਵੱਡੀ ਚੁਣੌਤੀ ਹੈ। ਕਾਂਗਰਸ ਨੂੰ 4575879 (33.1 ਫੀਸਦੀ), ਸ਼੍ਰੋਮਣੀ ਅਕਾਲੀ ਦਲ ਨੂੰ 3636148 (26.3 ਫੀਸਦੀ), 'ਆਪ' ਨੂੰ 3373062 (24.4 ਫੀਸਦੀ), ਭਾਜਪਾ ਨੂੰ 1209004 (8.7 ਫੀਸਦੀ), ਆਜ਼ਾਦ ਨੂੰ 498039 (3.6 ਫੀਸਦੀ), ਬਸਪਾ ਨੂੰ 263227 (1.9 ਫੀਸਦੀ), ਨੋਟਾ 58754 (0.4 ਫੀਸਦੀ), ਭਾਰਤੀ ਕਮਿਊਨਿਸਟ ਪਾਰਟੀ ਨੂੰ 54785 (0.4 ਫੀਸਦੀ), ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ 35516 (0.3 ਫੀਸਦੀ) ਵੋਟ ਮਿਲੇ ਹਨ। ਅਕਾਲੀ-ਭਾਜਪਾ ਮੰਤਰੀਆਂ ਅਤੇ ਮੁੱਖ ਸੰਸਦੀ ਸਕੱਤਰਾਂ ਦੇ ਹਲਕਿਆਂ ਤੋਂ ਕਾਂਗਰਸ ਦੇ ਉਮੀਦਵਾਰ ਅਤੇ ਕਾਂਗਰਸੀ ਵਿਧਾਇਕਾਂ ਦੇ ਹਲਕਿਆਂ ਤੋਂ ਅਕਾਲੀ ਦਲ ਜਾਂ 'ਆਪ' ਦੇ ਉਮੀਦਵਾਰ ਮੋਹਰੀ ਰਹੇ।

ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਬਿਕਰਮ ਸਿੰਘ ਮਜੀਠੀਆ ਅਤੇ ਕਾਂਗਰਸੀ ਵਿਧਾਇਕ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਦੇ ਹਲਕੇ ਤੋਂ ਅਰੁਣ ਜੇਤਲੀ ਦੀ ਲੀਡ ਰਹੀ ਜਦਕਿ ਅਨਿਲ ਜੋਸ਼ੀ, ਗੁਲਜ਼ਾਰ ਸਿੰਘ ਰਣੀਕੇ, ਅਮਰਪਾਲ ਸਿੰਘ ਬੋਨੀ ਅਜਨਾਲਾ, ਡਾ. ਨਵਜੋਤ ਕੌਰ ਸਿੱਧੂ ਅਤੇ ਬੁਲਾਰੀਆ ਦੇ ਵਿਧਾਨ ਸਭਾ ਹਲਕਿਆਂ ਤੋਂ ਕੈਪਟਨ ਅਮਰਿੰਦਰ ਸਿੰਘ ਨੇ ਲੀਡ ਹਾਸਲ ਕੀਤੀ। ਦੂਜਾ ਚਰਚਿਤ ਹਲਕਾ ਬਠਿੰਡਾ ਹੈ। ਇਸ ਹਲਕੇ ਤੋਂ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਤਿੰਨ ਹਲਕਿਆਂ ਬਠਿੰਡਾ ਦਿਹਾਤੀ, ਬਠਿੰਡਾ ਸ਼ਹਿਰੀ ਅਤੇ ਮਾਨਸਾ ਜੋ ਅਕਾਲੀ ਦਲ ਦੇ ਕਬਜ਼ੇ ਹੇਠ ਹਨ, ਤੋਂ ਭਾਰੀ ਵੋਟਾਂ ਨਾਲ ਪਛੜ ਗਈ। ਬੀਬੀ ਬਾਦਲ ਨੂੰ ਕਾਂਗਰਸ ਦੇ ਕਬਜ਼ੇ ਵਾਲੇ ਸਰਦੂਲਗੜ੍ਹ ਹਲਕੇ ਤੋਂ ਵੱਡੀ ਲੀਡ ਮਿਲੀ। ਸ਼੍ਰੋਮਣੀ ਅਕਾਲੀ ਦਲ ਦੇ ਸੁਖਦੇਵ ਸਿੰਘ ਢੀਂਡਸਾ ਨੇ ਕਾਂਗਰਸ ਆਗੂ ਰਾਜਿੰਦਰ ਕੌਰ ਭੱਠਲ ਦੇ ਹਲਕੇ ਲਹਿਰਾ ਤੋਂ ਲੀਡ ਹਾਸਲ ਕੀਤੀ ਜਦਕਿ ਉਹ ਆਪਣੇ ਪੁੱਤਰ ਦੇ ਹਲਕੇ ਸੁਨਾਮ ਸਮੇਤ 8 ਵਿਧਾਨ ਸਭਾ ਹਲਕਿਆਂ ਤੋਂ ਬੁਰੀ ਤਰ੍ਹਾਂ ਪਛੜ ਗਏ।

ਜਲੰਧਰ ਲੋਕ ਸਭਾ ਹਲਕੇ ਵਿਚਲੇ ਵਿਧਾਨ ਸਭਾ ਹਲਕਿਆਂ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਦੀ ਹਾਰ ਹੈਰਾਨੀਜਨਕ ਹੈ। ਇਸ ਜ਼ਿਲ੍ਹੇ ਦੇ ਸਾਰੇ ਹਲਕਿਆਂ ਤੋਂ ਅਕਾਲੀ-ਭਾਜਪਾ ਦੇ ਵਿਧਾਇਕ ਹਨ। ਕਾਂਗਰਸ ਦੇ ਚੌਧਰੀ ਸੰਤੋਖ ਸਿੰਘ ਨੇ ਮੰਤਰੀ ਸਰਵਨ ਸਿੰਘ ਫਿਲੌਰ ਦੇ ਹਲਕੇ ਕਰਤਾਰਪੁਰ, ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ ਦੇ ਹਲਕੇ ਫਿਲੌਰ ਅਤੇ ਪਵਨ ਕੁਮਾਰ ਟੀਨੂੰ ਦੇ ਹਲਕੇ ਆਦਮਪੁਰ ਤੋਂ ਅਕਾਲੀ ਦਲ ਦੇ ਉਮੀਦਵਾਰ ਨਾਲੋਂ ਵੱਧ ਵੋਟਾਂ ਹਾਸਲ ਕੀਤੀਆਂ। ਹੁਸ਼ਿਆਰਪੁਰ ਤੋਂ ਭਾਵੇਂ ਭਾਜਪਾ ਦੇ ਉਮੀਦਵਾਰ ਵਿਜੇ ਸਾਂਪਲਾ ਜੇਤੂ ਰਹੇ ਪਰ ਕਾਂਗਰਸੀ ਉਮੀਦਵਾਰ ਮਹਿੰਦਰ ਸਿੰਘ ਕੇ.ਪੀ. ਨੇ ਮੁੱਖ ਸੰਸਦੀ ਸਕੱਤਰਾਂ ਮਹਿੰਦਰ ਕੌਰ ਜੋਸ਼ ਅਤੇ ਸੋਮ ਪ੍ਰਕਾਸ਼ ਦੇ ਹਲਕਿਆਂ ਤੋਂ ਲੀਡ ਹਾਸਲ ਕਰ ਲਈ। ਆਨੰਦਪੁਰ ਸਾਹਿਬ ਹਲਕੇ ਵਿਚਲੇ ਸਿਰਫ਼ ਦੋ ਵਿਧਾਨ ਸਭਾ ਹਲਕਿਆਂ ਖਰੜ ਅਤੇ ਆਨੰਦਪੁਰ ਸਾਹਿਬ ਤੋਂ ਪ੍ਰੇਮ ਸਿੰਘ ਚੰਦੂਮਾਜਰਾ ਮੋਹਰੀ ਰਹਿ ਕੇ ਲੋਕ ਸਭਾ ਵਿਚ ਪਹੁੰਚ ਗਏ। ਅੰਬਿਕਾ ਸੋਨੀ ਅਕਾਲੀਆਂ ਦੇ ਕਬਜ਼ੇ ਵਾਲੇ ਗੜ੍ਹਸ਼ੰਕਰ, ਬਲਾਚੌਰ ਅਤੇ ਰੋਪੜ ਤੋਂ ਅੱਗੇ ਰਹੇ ਜਦਕਿ 'ਆਪ' ਦੇ ਉਮੀਦਵਾਰ ਹਿੰਮਤ ਸਿੰਘ ਸ਼ੇਰਗਿੱਲ ਭਾਵੇਂ ਤੀਜੇ ਨੰਬਰ 'ਤੇ ਰਹੇ ਪਰ ਕਾਂਗਰਸ ਦੇ ਕਬਜ਼ੇ ਵਾਲੇ ਮੁਹਾਲੀ, ਬੰਗਾ, ਨਵਾਂਸ਼ਹਿਰ ਅਤੇ ਚਮਕੌਰ ਸਾਹਿਬ ਹਲਕਿਆਂ ਤੋਂ ਪਹਿਲੀ ਥਾਂ 'ਤੇ ਰਹੇ।

ਲੁਧਿਆਣਾ ਤੋਂ ਵੀ ਕੁਝ ਇਸੇ ਤਰ੍ਹਾਂ ਦੀ ਸਥਿਤੀ ਹੈ। ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਜੋ ਸੰਸਦ ਮੈਂਬਰ ਚੁਣੇ ਗਏ, ਸਿਰਫ਼ ਸ਼ਹਿਰੀ ਹਲਕਿਆਂ ਤੋਂ ਹੀ ਲੀਡ ਹਾਸਲ ਕਰ ਸਕੇ। 'ਆਪ' ਦੇ ਐਚ.ਐਸ. ਫੂਲਕਾ ਨੇ ਅਕਾਲੀਆਂ ਦੇ ਗੜ੍ਹ ਮੰਨੇ ਜਾਂਦੇ ਜਗਰਾਉਂ, ਗਿੱਲ ਅਤੇ ਦਾਖਾ ਤੋਂ ਲੀਡ ਲਈ। ਦਾਖਾ ਹਲਕੇ ਦੀ ਨੁਮਾਇੰਦਗੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਮਨਪ੍ਰੀਤ ਸਿੰਘ ਇਯਾਲੀ ਖੁਦ ਕਰਦੇ ਹਨ। ਸ੍ਰੀ ਇਯਾਲੀ ਨੂੰ ਸਮੁੱਚੇ 9 ਵਿਧਾਨ ਸਭਾ ਹਲਕਿਆਂ ਤੋਂ ਨਮੋਸ਼ੀ ਭਰੀ ਹਾਰ ਮਿਲੀ ਜਦਕਿ ਆਜ਼ਾਦ ਉਮੀਦਵਾਰ ਸਿਮਰਜੀਤ ਸਿੰਘ ਬੈਂਸ ਦੋ ਹਲਕਿਆਂ ਤੋਂ ਅੱਗੇ ਰਹੇ। ਫਤਿਹਗੜ੍ਹ ਸਾਹਿਬ ਤੋਂ ਅਕਾਲੀ ਦਲ ਦੇ ਉਮੀਦਵਾਰ ਕੁਲਵੰਤ ਸਿੰਘ ਸਿਰਫ਼ ਸਾਹਨੇਵਾਲ ਤੋਂ ਮੋਹਰੀ ਰਹੇ। ਕਾਂਗਰਸ ਦੇ ਸਾਧੂ ਸਿੰਘ ਧਰਮਸੋਤ ਨੇ ਕਾਂਗਰਸ ਦੇ ਕਬਜ਼ੇ ਵਾਲੀਆਂ ਸੀਟਾਂ ਅਮਲੋਹ ਅਤੇ ਖੰਨਾ ਤੋਂ ਲੀਡ ਹਾਸਲ ਕੀਤੀ ਜਦਕਿ 'ਆਪ' ਦੇ ਉਮੀਦਵਾਰ ਹਰਿੰਦਰ ਸਿੰਘ ਖਾਲਸਾ ਨੇ ਕਾਂਗਰਸ ਤੇ ਅਕਾਲੀਆਂ ਦੇ ਕਬਜ਼ੇ ਵਾਲੇ 3-3 ਕੁੱਲ ਛੇ ਹਲਕਿਆਂ ਤੋਂ ਭਾਰੀ ਵੋਟਾਂ ਲੈ ਕੇ ਬਾਜ਼ੀ ਮਾਰ ਲਈ।

ਫਿਰੋਜ਼ਪੁਰ 'ਚ ਵੀ ਅਕਾਲੀ ਦਲ ਦਾ ਉਮੀਦਵਾਰ ਕਾਂਗਰਸ ਦੀਆਂ ਸੀਟਾਂ ਤੋਂ ਲੀਡ ਪ੍ਰਾਪਤ ਕਰਨ ਵਿਚ ਕਾਮਯਾਬ ਰਿਹਾ। ਪਟਿਆਲਾ ਸੀਟ ਵਿਚਲੇ ਵਿਧਾਨ ਸਭਾ ਹਲਕਿਆਂ ਦੀ ਸਥਿਤੀ ਵੀ ਰੌਚਕ ਹੈ। ਸ਼੍ਰੋਮਣੀ ਅਕਾਲੀ ਦਲ ਦੇ ਦੀਪਇੰਦਰ ਸਿੰਘ ਢਿੱਲੋਂ ਸਿਰਫ਼ ਅਕਾਲੀ ਦਲ ਦੇ ਕਬਜ਼ੇ ਵਾਲੇ ਹਲਕਿਆਂ ਡੇਰਾ ਬਸੀ ਅਤੇ ਘਨੌਰ ਤੋਂ ਅੱਗੇ ਰਹੇ। ਕਾਂਗਰਸੀ ਉਮੀਦਵਾਰ ਪਰਨੀਤ ਕੌਰ ਰਾਜਪੁਰਾ, ਪਟਿਆਲਾ ਸ਼ਹਿਰ ਅਤੇ ਪੰਚਾਇਤ ਮੰਤਰੀ ਸੁਰਜੀਤ ਸਿੰਘ ਰੱਖੜਾ ਦੇ ਵਿਧਾਨ ਸਭਾ ਹਲਕੇ ਸਮਾਣਾ ਤੋਂ ਮੋਹਰੀ ਰਹੇ। 'ਆਪ' ਦੇ ਉਮੀਦਵਾਰ ਧਰਮਵੀਰ ਗਾਂਧੀ ਨੇ 4 ਹਲਕਿਆਂ ਤੋਂ ਜਿੱਤ ਪ੍ਰਾਪਤ ਕਰ ਕੇ ਦੋਹਾਂ ਨੂੰ ਚਿੱਤ ਕਰ ਦਿੱਤਾ।

# ਅਕਾਲੀ ਵਜ਼ੀਰਾਂ ਦੇ ਹਲਕਿਆਂ 'ਚ ਜੇਤਲੀ ਦੀ ਹਾਰ



**ਅੰਮ੍ਰਿਤਸਰ:** ਸੂਬਾ ਸਰਕਾਰ ਵਿਚ ਵਜ਼ੀਰ ਤੇ ਮੁੱਖ ਸੰਸਦੀ ਸਕੱਤਰ ਦੇ ਅਹੁਦੇ ਮਾਣ ਰਹੇ ਆਗੂ ਹੀ ਆਪਣੇ ਖੇਤਰ ਵਿਚੋਂ ਅਕਾਲੀ-ਭਾਜਪਾ ਗੱਠਜੋੜ ਦੇ ਸਾਂਝੇ ਉਮੀਦਵਾਰ ਅਰੁਣ ਜੇਤਲੀ ਨੂੰ ਜਿਤਾ ਨਾ ਸਕੇ। ਬੇਸ਼ੱਕ ਆਮ ਆਦਮੀ ਪਾਰਟੀ ਦੇ ਡਾ. ਦਲਜੀਤ ਸਿੰਘ 81 ਹਜ਼ਾਰ 21 ਵੋਟਾਂ ਲੈ ਗਏ ਪਰ ਕੈਪਟਨ ਅਮਰਿੰਦਰ ਸਿੰਘ ਦੀ ਜਿੱਤ ਨੂੰ ਉਨ੍ਹਾਂ ਦੀ ਸੰਨ੍ਹ ਵੀ ਟਾਲ ਨਾ ਸਕੀ। ਸ੍ਰੀ ਜੇਤਲੀ ਰਾਜਾਸਾਂਸੀ ਤੇ ਮਜੀਠਾ ਤੋਂ ਹੀ ਅੱਗੇ ਨਿਕਲ ਸਕੇ, ਜਦ ਕਿ ਅਟਾਰੀ, ਅਜਨਾਲਾ, ਅੰਮ੍ਰਿਤਸਰ ਉੱਤਰੀ, ਦੱਖਣੀ, ਪੱਛਮੀ, ਪੂਰਬੀ ਤੇ ਕੇਂਦਰੀ ਤੋਂ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਜੇਤਲੀ ਦੀ ਹਾਰ ਦਾ ਕਾਰਨ ਬਣੇ ਸੱਤ ਵਿਧਾਨ ਸਭਾ ਹਲਕਿਆਂ ਵਿਚੋਂ ਪੰਜ 'ਤੇ ਅਕਾਲੀ-ਭਾਜਪਾ ਦੇ ਵਿਧਾਇਕ ਹਨ ਤੇ ਖਾਸੀਅਤ ਇਹ ਹੈ ਕਿ ਇਹ ਪੰਜੇ ਹੀ ਵਜ਼ੀਰ ਜਾਂ ਮੁੱਖ ਸੰਸਦੀ ਸਕੱਤਰ ਦੇ ਅਹੁਦਿਆਂ ਦੇ ਨਿੱਘ ਹੰਢਾਅ ਰਹੇ ਹਨ।

## ਨੌਂ ਵਿਚੋਂ ਸੱਤ ਵਿਧਾਨ ਸਭਾ ਹਲਕਿਆਂ ਵਿਚ ਟੀਨੂੰ ਨੂੰ ਹਾਰ



**ਜਲੰਧਰ:** ਕਾਂਗਰਸ ਨੇ ਜਲੰਧਰ ਲੋਕ ਸਭਾ ਸੀਟ 'ਤੇ ਕਬਜ਼ਾ ਕਾਇਮ ਰੱਖਦਿਆਂ 70,989 ਵੋਟਾਂ ਨਾਲ ਜਿੱਤ ਹਾਸਲ ਕੀਤੀ ਹੈ। ਕਾਂਗਰਸ ਦੇ ਉਮੀਦਵਾਰ ਚੌਧਰੀ ਸੰਤੋਖ ਸਿੰਘ ਨੂੰ 3.89 ਲੱਖ ਵੋਟਾਂ ਮਿਲੀਆਂ, ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪਵਨ ਕੁਮਾਰ ਟੀਨੂੰ ਨੂੰ 70 ਹਜ਼ਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾਇਆ। ਸ਼੍ਰੋਮਣੀ ਅਕਾਲੀ ਦਲ ਉਮੀਦਵਾਰ ਪਵਨ ਕੁਮਾਰ ਟੀਨੂੰ ਨੂੰ 3,09,478 ਵੋਟਾਂ ਪਈਆਂ। ਤਿਕੋਣੇ ਮੁਕਾਬਲੇ ਵਿਚ ਆਮ ਆਦਮੀ ਪਾਰਟੀ (ਆਪ) ਦੀ ਉਮੀਦਵਾਰ ਜੋਤੀ ਮਾਨ ਨੇ 2,54,104 ਵੋਟਾਂ ਲੈ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ।

## ਬਾਜਵਾ 1.36 ਲੱਖ ਵੋਟਾਂ ਨਾਲ ਹਾਰੇ



**ਗੁਰਦਾਸਪੁਰ:** ਲੋਕ ਸਭਾ ਹਲਕਾ (ਗੁਰਦਾਸਪੁਰ) ਤੋਂ ਅਕਾਲੀ-ਭਾਜਪਾ ਗੱਠਜੋੜ ਦੇ ਉਮੀਦਵਾਰ ਵਿਨੋਦ ਖੰਨਾ ਨੇ ਆਪਣੇ ਮੁੱਖ ਵਿਰੋਧੀ ਕਾਂਗਰਸ ਪਾਰਟੀ ਦੇ ਉਮੀਦਵਾਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ 1,36,065 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾ ਕੇ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ। ਸ੍ਰੀ ਖੰਨਾ ਨੇ ਕੁੱਲ 4,82,255 ਵੋਟਾਂ ਪ੍ਰਾਪਤ ਕੀਤੀਆਂ ਹਨ, ਜਦੋਂਕਿ ਪ੍ਰਤਾਪ ਸਿੰਘ ਬਾਜਵਾ 3,46,190 ਵੋਟਾਂ ਹਾਸਲ ਕਰਕੇ ਦੂਜੇ ਸਥਾਨ ਉੱਤੇ ਰਹੇ।

## ਖਹਿਰਾ ਤੇ ਸੁਖਜਿੰਦਰ ਸਿੰਘ ਰੰਧਾਵਾ ਵਲੋਂ ਅਸਤੀਫ਼ੇ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਚੋਣਾਂ ਦੌਰਾਨ ਪੰਜਾਬ ਕਾਂਗਰਸ ਦੀ ਮਾੜੀ ਕਾਰਗੁਜ਼ਾਰੀ ਦੀ ਜ਼ਿੰਮੇਵਾਰੀ ਲੈਂਦਿਆਂ ਉਨ੍ਹਾਂ ਅਸਤੀਫ਼ਾ ਦਿੱਤਾ ਹੈ। ਇਸ ਤੋਂ ਇਲਾਵਾ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਲੋਕ ਸਭਾ ਚੋਣਾਂ ਵਿਚ ਹੋਈ ਹਾਰ ਦੀ ਜ਼ਿੰਮੇਵਾਰੀ ਲੈਂਦਿਆਂ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਖਜਿੰਦਰ ਸਿੰਘ ਰੰਧਾਵਾ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਂਜ ਉਨ੍ਹਾਂ ਨੇ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਤੋਂ ਵਿਧਾਇਕ ਵਜੋਂ ਅਸਤੀਫ਼ਾ ਨਹੀਂ ਦਿੱਤਾ ਹੈ।

# ਡਰੱਗ ਕੇਸ; ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਫ਼ੈਸਲੇ 'ਤੇ ਚੁੱਕੇ ਸਵਾਲ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਕ ਡਰੱਗ ਕੇਸ ਬਾਰੇ ਜਾਂਚ ਮੁਕੰਮਲ ਕਰਨ ਲਈ ਹੇਠਲੀ ਅਦਾਲਤ ਵੱਲੋਂ 30 ਦਿਨਾਂ ਦੀ ਹੋਰ ਮੋਹਲਤ ਦੇਣ ਦੇ ਫੈਸਲੇ ਦੀ ਕਰੜੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਇਹ ਹੁਕਮ ਬਹੁਤ ਹੀ ਮਕਾਨਕੀ ਢੰਗ ਨਾਲ ਸੁਣਾਇਆ ਗਿਆ ਹੈ। ਮੁਲਜ਼ਮ ਹਰਗੋਬਿੰਦ ਸਿੰਘ ਵੱਲੋਂ ਦਾਇਰ ਪਟੀਸ਼ਨ 'ਤੇ ਜਸਟਿਸ ਤੇਜਿੰਦਰ ਸਿੰਘ ਢੀਂਡਸਾ ਨੇ ਇਹ ਟਿੱਪਣੀ ਕੀਤੀ। ਹਰਗੋਬਿੰਦ ਸਿੰਘ ਖਿਲਾਫ਼ 14 ਅਗਸਤ 2013 ਨੂੰ ਅੰਮ੍ਰਿਤਸਰ ਦੇ ਵਿਸ਼ੇਸ਼ ਅਪਰੇਸ਼ਨ ਸੈਲ ਦੇ ਪੁਲਿਸ ਸਟੇਸ਼ਨ 'ਚ ਐਨ. ਡੀ.ਪੀ.ਐਸ ਐਕਟ ਤਹਿਤ ਦਾਇਰ ਐਫ. ਆਈ. ਆਰ ਸਬੰਧੀ ਉਸ ਨੇ ਪੱਕੀ ਜ਼ਮਾਨਤ ਦੀ ਮੰਗ ਕੀਤੀ ਸੀ। ਜਸਟਿਸ ਢੀਂਡਸਾ ਨੇ ਕਿਹਾ ਕਿ ਹੇਠਲੀ ਅਦਾਲਤ ਨੇ ਇਸਤਗਾਸਾ ਪੱਖ ਵੱਲੋਂ ਜਾਂਚ ਦੀ ਮਿਆਦ ਵਿਚ ਵਾਧੇ ਬਾਰੇ ਪੇਸ਼ ਸਰਸਰੀ ਪ੍ਰਮਾਣਾਂ ਦੇ ਆਧਾਰ 'ਤੇ 11 ਫਰਵਰੀ ਨੂੰ ਇਸ ਮਾਮਲੇ ਦੀ ਜਾਂਚ ਦੀ ਮਿਆਦ 30 ਦਿਨਾਂ ਲਈ ਵਧਾ ਦਿੱਤੀ। ਉਨ੍ਹਾਂ ਕਿਹਾ ਕਿ "ਅਦਾਲਤ ਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਹੇਠਲੀ ਅਦਾਲਤ ਨੇ ਇਸ ਮਾਮਲੇ ਵਿਚ ਬਹੁਤ ਹੀ ਮਕਾਨਕੀ ਢੰਗ ਨਾਲ ਆਮ ਵਾਂਗ ਇਹ ਫੈਸਲਾ ਸੁਣਾਇਆ।"

ਜਸਟਿਸ ਢੀਂਡਸਾ ਨੇ ਕਿਹਾ ਕਿ ਜਦੋਂ ਕੇਸ ਦੀ ਪੜਤਾਲ ਚੱਲ ਰਹੀ ਹੋਵੇ ਤਾਂ ਕਿਸੇ ਵੀ ਵਿਅਕਤੀ ਨੂੰ ਮਾਮਲੇ ਦੀ ਗੰਭੀਰਤਾ ਦੇ ਮੱਦੇਨਜ਼ਰ 60 ਤੋਂ 90 ਦਿਨਾਂ ਤਕ ਹਿਰਾਸਤ 'ਚ ਰੱਖਿਆ ਜਾ ਸਕਦਾ ਹੈ।

# ਪੰਜਾਬ ਦੀਆਂ ਜੇਲ੍ਹਾਂ 'ਚ ਇਕ ਤਿਹਾਈ ਕੈਦੀ ਨਸ਼ਈ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਜੇਲ੍ਹਾਂ ਬਾਰੇ ਵਿਭਾਗ ਵੱਲੋਂ ਪੇਸ਼ ਕੀਤੀ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਸੂਬੇ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਕੈਦੀਆਂ ਵਿਚੋਂ ਇਕ ਤਿਹਾਈ ਨਸ਼ਿਆਂ ਦੇ ਆਦੀ ਹਨ। ਹਰ ਰੋਜ਼ ਜੇਲ੍ਹਾਂ ਵਿਚ ਆ ਰਹੇ ਨਵੇਂ ਕੈਦੀਆਂ, ਹਵਾਲਾਤੀਆਂ ਵਿਚੋਂ 40 ਫੀਸਦੀ ਨਸ਼ਿਆਂ ਦੇ ਆਦੀ ਹਨ। ਸੂਬੇ ਦੀਆਂ ਅੱਠ ਕੇਂਦਰੀ ਜੇਲ੍ਹਾਂ, 18 ਜ਼ਿਲ੍ਹਾ ਤੇ ਸਬ ਜੇਲ੍ਹਾਂ ਵਿਚ ਬੰਦ 28000 ਤੋਂ ਵੱਧ ਕੈਦੀਆਂ ਵਿਚੋਂ 9500 ਨਸ਼ਿਆਂ ਦੀ ਲੱਤ ਦੇ ਸ਼ਿਕਾਰ ਹਨ।

ਵਿਭਾਗ ਦੇ ਅੰਕੜਿਆਂ ਮੁਤਾਬਕ ਹਰ ਰੋਜ਼ ਜੇਲ੍ਹਾਂ ਵਿਚ ਆਉਣ ਵਾਲੇ ਕੈਦੀ/ਹਵਾਲਾਤੀ ਭੁੱਕੀ, ਅਫੀਮ, ਹੈਰੋਇਨ ਜਾਂ ਸਮੈਕ ਦੇ ਆਦੀ ਹਨ। ਜੇਲ੍ਹਾਂ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕੋਈ ਨਵੀਂ ਗੱਲ ਨਹੀਂ ਹੈ। ਹਾਲਾਂਕਿ ਜੇਲ੍ਹਾਂ ਵਿਭਾਗ ਦੇ ਸੀਨੀਅਰ ਅਧਿਕਾਰੀ ਦਾਅਵਾ ਕਰਦੇ ਹਨ ਕਿ ਨਿਯਮਿਤ ਰੂਪ ਵਿਚ ਬੈਰਕਾਂ ਦੀ ਚੈਕਿੰਗ ਹੁੰਦੀ ਹੈ ਜਦਕਿ ਬਹੁਤੀਆਂ ਜੇਲ੍ਹਾਂ ਵਿਚ ਵੀ ਸਾਮਾਨ ਦੀ ਚੈਕਿੰਗ ਲਈ ਸਕੈਨਰ ਹੀ ਨਹੀਂ ਹਨ। ਹਾਲ ਹੀ ਵਿਚ ਚੋਣਾਂ ਤੋਂ ਪਹਿਲਾਂ ਸਰਕਾਰ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਰੋਕਣ ਲਈ ਮੁਹਿੰਮ ਚਲਾਈ ਸੀ ਤੇ ਵੱਡੀ ਗਿਣਤੀ ਨਸ਼ੱਈ ਫੜ ਕੇ ਜੇਲ੍ਹਾਂ ਵਿਚ ਭੇਜ ਦਿੱਤੇ ਗਏ ਸਨ।

ਲੋਕ ਸਭਾ ਚੋਣਾਂ ਤੋਂ ਇਕ ਦਿਨ ਪਹਿਲਾਂ ਮਾਡਰਨ ਜੇਲ੍ਹ ਕਪੂਰਥਲਾ ਦੇ ਸੈਂਕੜੇ ਕੈਦੀਆਂ ਦੀ ਹਾਲਤ ਵਿਗੜਨ ਲੱਗੀ ਸੀ ਕਿਉਂਕਿ ਨਸ਼ਿਆਂ ਦੀ ਸਪਲਾਈ ਜੇਲ੍ਹਾਂ ਵਿਚ ਰੁਕ ਗਈ ਸੀ। 29 ਅਪਰੈਲ ਨੂੰ 1500 ਕੈਦੀਆਂ ਦੀ ਹਾਲਤ ਖਰਾਬ ਹੋ ਰਹੀ ਸੀ ਤੇ ਕਈਆਂ ਨੂੰ ਸਿਵਲ ਹਸਪਤਾਲ ਲਿਜਾਣਾ ਪਿਆ ਸੀ। ਹਸਪਤਾਲ ਵਾਲੇ ਚੋਣਾਂ ਦੀ ਪੂਰਵ ਸੰਧਿਆ 'ਤੇ ਐਮਰਜੈਂਸੀ ਭਰਨ ਦੇ ਰੌਅ ਵਿਚ ਨਹੀਂ ਸਨ। ਹਾਰ ਕੇ ਡਾਕਟਰਾਂ ਦੀਆਂ ਟੀਮਾਂ ਜੇਲ੍ਹ ਵਿਚ ਕੈਦੀਆਂ ਨੂੰ ਚੈੱਕ ਕਰਨ ਗਈਆਂ ਸਨ।

ਕਪੂਰਥਲਾ ਜੇਲ੍ਹ ਦੇ ਸੁਪਰਡੈਂਟ ਪ੍ਰੇਮ ਸਾਗਰ ਸ਼ਰਮਾ ਮੁਤਾਬਕ ਜੇਲ੍ਹ ਵਿਚਲੇ 4000 ਕੈਦੀਆਂ ਵਿਚੋਂ 75 ਫੀਸਦੀ ਨਸ਼ੱਈ ਹਨ। ਫਰੀਦਕੋਟ ਕੇਂਦਰੀ ਜੇਲ੍ਹ ਦੇ 2000 ਕੈਦੀਆਂ ਵਿਚੋਂ 400 ਅਮਲੀ ਹਨ।

ਹੁਣ ਪੈਕਡ ਦਹੀਂ ਇਥੇ ਜੇਲ੍ਹ ਵਿਚ ਨਹੀਂ ਭੇਜੀ ਜਾ ਸਕਦੀ ਕਿਉਂਕਿ ਇਸ ਦੀ ਐਲੂਮੀਨੀਅਮ ਫੋਆਇਲ ਹੈਰੋਇਨ ਤੇ ਸਮੈਕ ਲੈਣ ਲਈ ਵਰਤੀ ਜਾਂਦੀ ਹੈ।

# ਸਰਕਾਰੀ ਹਸਪਤਾਲਾਂ ਦਾ ਪ੍ਰਬੰਧ ਪ੍ਰਾਈਵੇਟ ਹੱਥਾਂ ਵਿਚ ਸੌਂਪਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਹੁਣ ਸੂਬੇ ਦੇ ਸਰਕਾਰੀ ਹਸਪਤਾਲਾਂ ਦੇ ਨਿੱਜੀਕਰਨ ਦੇ ਰਾਹ ਉਤੇ ਤੁਰ ਪਈ ਹੈ। ਪੰਜਾਬ ਸਿਹਤ ਵਿਭਾਗ ਨੇ ਸਰਕਾਰੀ ਹਸਪਤਾਲਾਂ ਦੀ ਸਫਾਈ, ਸੁਰੱਖਿਆ, ਸਾਂਭ ਸੰਭਾਲ ਤੇ ਬਾਗਬਾਨੀ ਦਾ ਕੰਮ ਪ੍ਰਾਈਵੇਟ ਕੰਪਨੀਆਂ ਹਵਾਲੇ ਕਰਨ ਦਾ ਫੈਸਲਾ ਲਿਆ ਹੈ। ਸੂਤਰ ਦੱਸਦੇ ਹਨ ਕਿ ਪ੍ਰਾਈਵੇਟ ਕੰਪਨੀਆਂ ਨੂੰ ਅਦਾਇਗੀ ਹਸਪਤਾਲ ਨੂੰ ਮਰੀਜ਼ਾਂ ਦੇ ਇਲਾਜ ਤੋਂ ਹੋਣ ਵਾਲੀ ਆਮਦਨ ਵਿਚੋਂ ਕੀਤੀ ਜਾਇਆ ਕਰੇਗੀ।

ਵਿਭਾਗ ਵਿਚ ਪਿਛਲੇ 16 ਸਾਲਾਂ ਤੋਂ ਦਰਜਾ ਚਾਰ ਮੁਲਾਜ਼ਮਾਂ ਦੀ ਰੈਗੂਲਰ ਭਰਤੀ ਨਹੀਂ ਕੀਤੀ ਗਈ ਹੈ ਤੇ ਇਹ ਪਹਿਲੀ ਵਾਰ ਹੈ ਜਦੋਂ ਸਿਹਤ ਵਿਭਾਗ ਨੇ ਪ੍ਰਾਈਵੇਟ ਕੰਪਨੀਆਂ ਲਈ ਰਸਤੇ ਖੋਲ੍ਹ ਦਿੱਤੇ ਹਨ। ਮਿਲੀ ਜਾਣਕਾਰੀ ਮੁਤਾਬਕ ਸੂਬੇ ਵਿਚ 21 ਜ਼ਿਲ੍ਹਾ ਹਸਪਤਾਲ, 119 ਕਮਿਊਨਿਟੀ ਹੈਲਥ ਸੈਂਟਰ ਤੇ 34 ਸਬ ਡਿਵੀਜ਼ਨਲ ਹਸਪਤਾਲ ਹਨ। ਇਨ੍ਹਾਂ ਹਸਪਤਾਲਾਂ ਵਿਚ ਦਰਜਾ ਚਾਰ ਰੈਗੂਲਰ ਮੁਲਾਜ਼ਮਾਂ ਦੀ ਗਿਣਤੀ ਨਾਮਾਤਰ ਰਹਿ ਗਈ ਹੈ।

ਮਿਲੀ ਜਾਣਕਾਰੀ ਮੁਤਾਬਕ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਸਰਕਾਰੀ ਹਸਪਤਾਲਾਂ ਦੀ ਸਫਾਈ, ਸੁਰੱਖਿਆ, ਬਾਗ਼ਬਾਨੀ ਤੇ ਸਾਂਭ ਸੰਭਾਲ ਦਾ ਕੰਮ ਪ੍ਰਾਈਵੇਟ ਕੰਪਨੀਆਂ ਨੂੰ ਦੇਣ ਦਾ ਫੈਸਲਾ ਲਿਆ ਗਿਆ ਹੈ।




## ਹੁਣ ਹੋਰ ਕੋਈ ਚਾਰਾ ਨਹੀਂ: ਜਿਆਣੀ

ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ ਕਿਹਾ ਹੈ ਕਿ ਸਰਕਾਰੀ ਹਸਪਤਾਲਾਂ ਦਾ ਹਾਲ ਇੰਨਾ ਮਾੜਾ ਹੋ ਚੁੱਕਿਆ ਹੈ ਕਿ ਆਮ ਲੋਕ ਔਖੇ ਹੋ ਕੇ ਵੀ ਪ੍ਰਾਈਵੇਟ ਹਸਪਤਾਲਾਂ ਵਿਚ ਇਲਾਜ ਕਰਾਉਣ ਨੂੰ ਤਰਜੀਹ ਦੇਣ ਲੱਗੇ ਹਨ। ਇਸ ਲਈ ਇਹ ਮਹਿਸੂਸ ਕੀਤਾ ਜਾਣ ਲੱਗਿਆ ਹੈ ਕਿ ਆਊਟਸੋਰਸਿੰਗ ਤੋਂ ਬਗ਼ੈਰ ਕੋਈ ਚਾਰਾ ਨਹੀਂ ਰਹਿ ਗਿਆ ਹੈ।

ਫੈਸਲੇ ਵਿਚ ਸਭ ਤੋਂ ਪਹਿਲਾਂ ਸਿਵਲ ਹਸਪਤਾਲ, ਜਲੰਧਰ ਦਾ ਕੰਮ ਤਜਰਬੇ ਦੇ ਆਧਾਰ 'ਤੇ ਇਕ ਪ੍ਰਾਈਵੇਟ ਕੰਪਨੀ ਨੂੰ ਦੇਣ ਲਈ ਸਹਿਮਤੀ ਬਣੀ ਹੈ। ਇਸ ਤੋਂ ਬਾਅਦ ਦੂਜੇ ਹਸਪਤਾਲਾਂ ਨੂੰ ਜ਼ੋਨਾਂ ਵਿਚ ਵੰਡ ਕੇ ਕੰਪਨੀਆਂ ਤੋਂ ਟੈਂਡਰ ਮੰਗੇ ਜਾਣਗੇ। ਮੀਟਿੰਗ ਵਿਚ ਇਸ ਗੱਲ 'ਤੇ ਵੀ ਸਹਿਮਤੀ ਬਣੀ ਹੈ ਕਿ ਹਰੇਕ ਹਸਪਤਾਲ ਦਾ ਕੰਮ ਅੱਡ-ਅੱਡ ਕੰਪਨੀਆਂ ਨੂੰ ਦੇਣ ਦੀ ਥਾਂ ਅੱਧੀ ਦਰਜਨ ਕੰਪਨੀਆਂ ਨੂੰ ਸਾਰੇ ਹਸਪਤਾਲਾਂ ਦਾ ਕੰਮ ਦੇ ਦਿੱਤਾ ਜਾਵੇ। ਵੱਖਰੀ ਸੂਚਨਾ ਮੁਤਾਬਕ ਹਸਪਤਾਲਾਂ ਨੂੰ ਸਫੈਦੀ ਕਰਾਉਣ ਤੇ ਬਿਜਲੀ ਦੀਆਂ ਪੁਰਾਣੀਆਂ ਤਾਰਾਂ ਬਦਲਣ ਦਾ ਕੰਮ ਵੀ ਪ੍ਰਾਈਵੇਟ ਕੰਪਨੀਆਂ ਨੂੰ ਠੇਕੇ 'ਤੇ ਦੇਣ ਦਾ ਪ੍ਰਸਤਾਵ ਤਿਆਰ ਕੀਤਾ ਜਾ ਰਿਹਾ ਹੈ।

ਮੀਟਿੰਗ ਵਿਚ ਸਰਕਾਰੀ ਹਸਪਤਾਲਾਂ ਵਿਚ ਮਾੜੇ ਸੁਰੱਖਿਆ ਪ੍ਰਬੰਧਾਂ ਸਮੇਤ ਸਫਾਈ ਦੀ ਬੁਰੀ ਹਾਲਤ 'ਤੇ ਚਿੰਤਾ ਪ੍ਰਗਟ ਕੀਤੀ ਗਈ ਹੈ। ਸਰਕਾਰੀ ਹਸਪਤਾਲਾਂ ਵਿਚ ਡਾਕਟਰਾਂ, ਨਰਸਾਂ ਤੇ ਪੈਰਾ ਮੈਡੀਕਲ ਸਟਾਫ ਸਮੇਤ ਮਰੀਜ਼ਾਂ ਦੀ ਸਰੁੱਖਿਆ ਦੇ ਪੁਖ਼ਤਾ ਬੰਦੋਬਸਤ ਨਹੀਂ ਹਨ। ਵਿਭਾਗ ਵਿਚ ਦਰਜਾ ਚਾਰ ਮੁਲਜ਼ਮਾਂ ਦੀ ਭਾਰੀ ਕਿੱਲਤ ਕਾਰਨ ਸਾਫ ਸਫਾਈ ਦਾ ਕੰਮ ਵੀ ਪ੍ਰਭਾਵਿਤ ਹੋ ਰਿਹਾ ਹੈ।

ਸਰਕਾਰ ਨੇ ਨਵੀਂ ਭਰਤੀ ਕਰਨ ਦੀ ਥਾਂ ਕੰਮ ਆਊਟ ਸੋਰਸਿੰਗ 'ਤੇ ਦੇਣ ਨੂੰ ਬੇਹਤਰ ਸਮਝਿਆ ਹੈ। ਵਿਭਾਗ ਵੱਲੋਂ ਨਰਸਾਂ ਸਮੇਤ ਹੋਰ ਕਈ ਮੁਲਾਜ਼ਮਾਂ ਨੂੰ ਠੇਕੇ 'ਤੇ ਰੱਖਣ ਦਾ ਅਮਲ ਪਹਿਲਾਂ ਹੀ ਸ਼ੁਰੂ ਕੀਤਾ ਜਾ ਚੁੱਕਿਆ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਵਿਭਾਗ ਨੇ ਸਰਕਾਰੀ ਹਸਪਤਾਲਾਂ ਵਿਚ ਸੀ.ਟੀ. ਸਕੈਨ, ਅਲਟਰਾਸਾਊਂਡ ਤੇ ਐਮ.ਆਰ.ਆਈ. ਆਦਿ ਪ੍ਰਾਈਵੇਟ ਪਬਲਿਕ ਪਾਰਟਨਰਸ਼ਿਪ ਵਿਚ ਸ਼ੁਰੂ ਕਰਨ ਬਾਰੇ ਵੀ ਪ੍ਰਸਤਾਵ ਤਿਆਰ ਕਰ ਲਿਆ ਹੈ।

# ਸੁਪਰੀਮ ਕੋਰਟ ਦੇ ਖੇਤਰੀ ਭਾਸ਼ਾਵਾਂ ਬਾਰੇ ਫੈਸਲੇ ਨੇ ਸਭ ਨੂੰ ਫਿਕਰਾਂ 'ਚ ਪਾਇਆ

**ਜਲੰਧਰ:** ਸੁਪਰੀਮ ਕੋਰਟ ਵੱਲੋਂ ਖੇਤਰੀ/ਮਾਤ ਭਾਸ਼ਾ ਬਾਰੇ ਦਿੱਤੇ ਫ਼ੈਸਲੇ 'ਤੇ ਸੂਬੇ ਦੀਆਂ ਸਾਹਿਤਕ ਤੇ ਪੰਜਾਬੀ ਭਾਸ਼ਾ ਲਈ ਸੰਜੀਦਗੀ ਨਾਲ ਕੰਮ ਕਰਨ ਵਾਲੀਆਂ ਤਕਰੀਬਨ 10 ਜਥੇਬੰਦੀਆਂ ਨੇ ਅਸਹਿਮਤੀ ਪ੍ਰਗਟਾਈ ਹੈ। ਜਥੇਬੰਦੀਆਂ ਨੇ ਇਸ ਫ਼ੈਸਲੇ ਨਾਲ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਸੁਪਰੀਮ ਕੋਰਟ ਤੋਂ ਮੰਗ ਕੀਤੀ ਹੈ ਕਿ ਉਹ ਆਪਣੇ ਫ਼ੈਸਲੇ 'ਤੇ ਪੁਨਰ ਵਿਚਾਰ ਕਰੇ।

ਪੰਜਾਬੀ ਭਾਸ਼ਾ ਅਕਾਦਮੀ ਜਲੰਧਰ ਦੇ ਪ੍ਰਧਾਨ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਉਪ ਕੁਲਪਤੀ ਡਾ. ਜੋਗਿੰਦਰ ਸਿੰਘ ਪੁਆਰ ਦੀ ਪਹਿਲਕਦਮੀ 'ਤੇ ਦੇਸ਼ ਭਗਤ ਯਾਦਗਾਰ ਹਾਲ ਵਿਚ ਜਥੇਬੰਦੀਆਂ ਦੀ ਇਹ ਮੀਟਿੰਗ ਹੋਈ। ਮੀਟਿੰਗ ਦੀ ਅਗਵਾਈ ਡਾ. ਪੁਆਰ ਸਮੇਤ ਡਾ. ਬਲਦੇਵ ਸਿੰਘ ਸੜਕਨਾਮਾ, ਪਿਆਰਾ ਸਿੰਘ ਭੋਗਲ ਤੇ ਡਾ. ਸੁਖਦੇਵ ਸਿੰਘ ਸਿਰਸਾ ਨੇ ਸਾਂਝੇ ਤੌਰ 'ਤੇ ਕੀਤੀ। ਮੀਟਿੰਗ ਵਿਚ ਪੰਜਾਬੀ ਰਾਜ ਭਾਸ਼ਾ ਐਕਟ 2008 (ਸੋਧ) ਤੇ ਪੰਜਾਬ ਰਾਜ ਸਕੂਲ ਸਿੱਖਿਆ ਐਕਟ ਨੂੰ ਇੰਨ-ਬਿੰਨ ਲਾਗੂ ਕਰਨ ਦੀ ਮੰਗ ਕੀਤੀ ਗਈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਿਜਨਲ ਸੈਂਟਰ ਜਲੰਧਰ ਵਿਚੋਂ ਪੰਜਾਬੀ ਵਿਭਾਗ ਨੂੰ ਖਤਮ ਕਰਨ ਦੇ ਫ਼ੈਸਲੇ ਦੀ ਜ਼ੋਰਦਾਰ ਸ਼ਬਦਾਂ ਵਿਚ ਨਿੰਦਾ ਕੀਤੀ ਗਈ ਤੇ ਬੰਦ ਕੀਤੇ ਗਏ ਪੰਜਾਬੀ ਵਿਭਾਗ ਨੂੰ ਮੁੜ ਚਾਲੂ ਕਰਨ ਦੀ ਮੰਗ ਕੀਤੀ ਗਈ। ਵੱਖ-ਵੱਖ ਬੁਲਾਰਿਆਂ ਨੇ ਇਕਸੁਰ ਹੁੰਦਿਆਂ ਇਸ ਗੱਲ 'ਤੇ ਡੂੰਘੀ ਚਿੰਤਾ ਪ੍ਰਗਟਾਈ ਕਿ ਛੇ



ਮਈ ਨੂੰ ਸੁਪਰੀਮ ਕੋਰਟ ਦੇ ਖੇਤਰੀ/ਮਾਤ ਭਾਸ਼ਾ ਬਾਰੇ ਆਏ ਫ਼ੈਸਲੇ ਕਿ ਪਹਿਲੀ ਤੋਂ ਚੌਥੀ ਜਮਾਤ ਤੱਕ ਬੱਚੇ ਨੂੰ ਸੂਬਿਆਂ ਦੀ ਖੇਤਰੀ ਭਾਸ਼ਾ ਵਿਚ ਪੜ੍ਹਨਾ ਜ਼ਰੂਰੀ ਨਹੀਂ ਹੈ।

ਸੁਪਰੀਮ ਕੋਰਟ ਦੇ ਫ਼ੈਸਲੇ 'ਤੇ ਪੁਨਰ ਵਿਚਾਰ ਕਰਵਾਉਣ ਲਈ ਸੂਬਾ ਤੇ ਕੇਂਦਰ ਸਰਕਾਰ 'ਤੇ ਵੀ ਦਬਾਅ ਬਣਾਉਣ ਦਾ ਫ਼ੈਸਲਾ ਕੀਤਾ। ਮੀਟਿੰਗ ਵਿਚ ਪੰਜਾਬ ਦੀਆਂ ਸਮੂਹ ਖੇਤਰੀ/ਮਾਤ ਭਾਸ਼ਾ ਦੀ ਤਰੱਕੀ ਲਈ ਕੰਮ ਕਰਦੀਆਂ ਜਥੇਬੰਦੀਆਂ ਨੂੰ ਅਪੀਲ ਕੀਤੀ ਗਈ ਕਿ ਇਸ ਕਾਰਜ ਲਈ ਇਕ ਮੰਚ 'ਤੇ ਇੱਕਠਿਆਂ ਹੋ ਕੇ ਲੜਾਈ ਲੜੀ ਜਾਵੇ। ਇਸ ਗੰਭੀਰ ਮੁੱਦੇ ਨੂੰ ਅੱਗੇ ਵਧਾਉਣ 'ਤੇ ਲੋਕਾਂ ਦੀ ਲਾਮਬੰਦੀ ਕਰਨ ਲਈ ਬਣਾਈ ਗਈ 10 ਮੈਂਬਰੀ ਕਮੇਟੀ ਦੇ ਕਨਵੀਨਰ ਡਾ. ਜੋਗਿੰਦਰ ਸਿੰਘ ਪੁਆਰ ਨੂੰ ਬਣਾਇਆ ਗਿਆ ਹੈ। ਉਨ੍ਹਾਂ ਨਾਲ ਦੋ ਸਹਾਇਕ ਮੈਂਬਰ ਵੀ ਲਏ ਗਏ ਹਨ, ਜਿਨ੍ਹਾਂ ਵਿਚ ਸੁਖਦੇਵ ਸਿੰਘ ਸਿਰਸਾ ਤੇ ਡਾ. ਅਨੂਪ ਸਿੰਘ ਸ਼ਾਮਲ ਹਨ। ਦੇਸ਼ ਦੀਆਂ ਵੱਖ-ਵੱਖ ਖੇਤਰੀ ਭਾਸ਼ਾਵਾਂ ਦੀ ਰਾਖੀ ਲਈ ਇੱਕਜੁਟਤਾ ਨਾਲ ਮੁਕਾਬਲਾ ਕਰਨ ਦਾ ਫ਼ੈਸਲਾ ਕੀਤਾ ਗਿਆ। ਬੁਲਾਰਿਆਂ ਨੇ ਮੰਗ ਕੀਤੀ ਕਿ ਪੰਜਾਬੀ ਭਾਸ਼ਾ ਨੂੰ ਬਚਾਉਣਾ ਸੂਬਾ ਸਰਕਾਰ ਦਾ ਰਾਜ ਧਰਮ ਬਣਦਾ ਹੈ। ਜਥੇਬੰਦੀਆਂ ਨੇ ਕਿਹਾ ਕਿ ਸਰਕਾਰੀ ਸਿੱਖਿਆ ਦੇ ਢਾਂਚੇ ਨੂੰ ਬਚਾਉਣ ਲਈ ਲੋਕਾਂ ਦੀ ਲਾਮਬੰਦੀ ਕਰਨਾ ਜ਼ਰੂਰੀ ਹੈ।

ਲਾਜ਼ਮੀ ਸਿੱਖਿਆ ਐਕਟ ਤਹਿਤ ਅੱਠਵੀਂ ਜਮਾਤ ਤੱਕ ਬੱਚਿਆਂ ਨੂੰ ਫੇਲ੍ਹ ਨਾ ਕਰਨ ਦੇ ਫੈਸਲੇ ਨੂੰ ਮੁੱਢੋਂ ਰੱਦ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਅਜਿਹਾ ਫੈਸਲਾ ਸਮਾਜ ਨੂੰ ਅਨਪੜ੍ਹਤਾ ਵੱਲ ਧੱਕੇਗਾ। ਹਾਜ਼ਰ ਜਥੇਬੰਦੀਆਂ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਪੰਜਾਬੀ ਭਾਸ਼ਾ ਅਕਾਦਮੀ ਜਲੰਧਰ, ਪੰਜਾਬ ਜਾਗ੍ਰਤੀ ਮੰਚ ਤੇ ਪੰਜਾਬੀ ਲਿੰਗੂਏਸਿਟਕ ਐਸੋਸੀਏਸ਼ਨ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ), ਪੰਜਾਬੀ ਸੱਥ ਲਾਂਬੜਾ, ਫੋਕਲੋਰ ਰੀਸਰਚ ਅਕਾਦਮੀ ਅੰਮ੍ਰਿਤਸਰ, ਪਿੰਡ ਬਚਾਓ ਕਮੇਟੀ ਚੰਡੀਗੜ੍ਹ ਤੇ ਟੀਚਰ ਹੋਮ ਬਠਿੰਡਾ ਦੇ ਪ੍ਰਤੀਨਿਧੀ ਹਾਜ਼ਰ ਸਨ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

ਬੇਬੀ ਸਿਟਰ ਲਈ ਸੰਪਰਕ ਕਰੋ
ਘਰ ਵਿਚ ਰਹਿ ਕੇ ਬੱਚੇ ਦੀ ਦੇਖ-ਭਾਲ ਕਰਨ ਲਈ ਜੇ ਬੇਬੀ ਸਿਟਰ ਦੀ ਲੋੜ ਹੈ ਤਾਂ ਸੰਪਰਕ ਕਰੋ
ਫੋਨ: 630-233-8883

ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਤੇ ਆਸ-ਪਾਸ ਦੇ ਇਲਾਕਿਆਂ 'ਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੁਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

# ਕੇਂਦਰ 'ਚ ਭਾਜਪਾ ਦੀ ਚੜ੍ਹਤ ਪਰ ਪੰਜਾਬ ਅੰਦਰ ਨਵਾਂ ਬੁੱਲਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਰਾਜਸੀ ਹਾਲਾਤ ਦੇ ਵਿਸ਼ਲੇਸ਼ਕਾਂ ਲਈ ਸਭ ਤੋਂ ਔਖਾ ਕੰਮ ਚੋਣ-ਨਤੀਜੇ ਆਉਂਦੇ ਸਾਰ ਉਦੋਂ ਰਾਏ ਦੇਣ ਦਾ ਹੁੰਦਾ ਹੈ, ਜਦੋਂ ਹਾਲੇ ਸਥਿਤੀ ਵਿਚ ਟਿਕਾਅ ਨਾ ਆਇਆ ਹੋਵੇ ਤੇ ਰਾਜਸੀ ਤਸਵੀਰ ਪਲ-ਪਲ ਬਦਲਦੀ ਪਈ ਹੋਵੇ। ਜਦੋਂ ਇਹ ਲਿਖਤ ਲਿਖੀ ਜਾ ਰਹੀ ਹੈ, ਸਥਿਤੀ ਇਹੋ ਜਿਹੀ ਹੀ ਹੈ। ਦੇਸ਼ ਦੀ ਪਾਰਲੀਮੈਂਟ ਚੁਣੀ ਜਾ ਚੁੱਕੀ ਹੈ। ਨਤੀਜੇ ਏਦਾਂ ਦੇ ਆਏ ਹਨ, ਜਿਨ੍ਹਾਂ ਦਾ ਕਿਸੇ ਨੂੰ ਵੀ, ਜਿੱਤਣ ਵਾਲਿਆਂ ਨੂੰ ਵੀ, ਕਿਸੇ ਤਰ੍ਹਾਂ ਦਾ ਕੋਈ ਅਗਾਊਂ ਅੰਦਾਜ਼ਾ ਨਹੀਂ ਸੀ। ਸਾਰੇ ਗੇੜਾਂ ਦੀਆਂ ਵੋਟਾਂ ਪੈ ਚੁੱਕਣ ਮਗਰੋਂ ਜਿਹੜੇ ਐਗਜ਼ਿਟ ਪੋਲ ਲੋਕਾਂ ਦੇ ਸਾਹਮਣੇ ਆਏ ਸਨ, ਉਹ ਭਾਰਤੀ ਜਨਤਾ ਪਾਰਟੀ ਦੇ ਐਨ ਡੀ ਏ ਗੱਠਜੋੜ ਨੂੰ 249 ਸੀਟਾਂ ਤੋਂ ਸ਼ੁਰੂ ਕਰ ਕੇ 340 ਤੱਕ ਪੁਚਾ ਦਿੰਦੇ ਸਨ, ਤੇ ਇਹ ਗੱਠਜੋੜ 339 ਸੀਟਾਂ ਲੈ ਗਿਆ ਹੈ, ਪਰ ਭਾਜਪਾ ਆਪਣੇ ਸਿਰ ਬਹੁ-ਸੰਮਤੀ ਲੈ ਜਾਵੇਗੀ, ਇਹ ਦਾਅਵਾ ਕਿਸੇ ਇੱਕ ਨੇ ਵੀ ਨਹੀਂ ਸੀ ਕੀਤਾ। ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਾਏ ਗਏ ਨਰਿੰਦਰ ਮੋਦੀ ਨੇ ਵੀ ਇਹ ਕਿਹਾ ਸੀ ਕਿ ਉਸ ਦੀ ਅਗਵਾਈ ਹੇਠ ਪਾਰਟੀ 180 ਸੀਟਾਂ ਲੈ ਜਾਵੇਗੀ ਅਤੇ ਗੱਠਜੋੜ ਕੁੱਲ ਮਿਲਾ ਕੇ 300 ਦੀ ਹੱਦ ਪਾਰ ਕਰ ਸਕਦਾ ਹੈ। ਇਸ ਪਾਰਟੀ ਦੀ ਮਾਂ ਮੰਨੇ ਜਾਂਦੇ ਰਾਸ਼ਟਰੀ ਸੋਇਮ ਸੇਵਕ ਸੰਘ ਦਾ ਤਾਣਾ ਪਿੰਡ ਪੱਧਰ ਤੱਕ ਜਾਂਦਾ ਹੈ ਤੇ ਉਸ ਨੇ ਆਪਣਾ ਸਰਵੇਖਣ ਕਰਵਾਇਆ ਸੀ, ਜਿਹੜਾ ਭਾਜਪਾ ਨੂੰ ਲੋਕ ਸਭਾ ਦੀਆਂ 226 ਸੀਟਾਂ ਦਿੰਦਾ ਸੀ। ਲੋਕ ਸਭਾ ਵਿਚ ਬਹੁ-ਸੰਮਤੀ ਲਈ ਚਾਹੀਦੀਆਂ 272 ਤੋਂ ਵਧ ਕੇ ਭਾਜਪਾ ਆਪਣੇ ਸਿਰ 282 ਤੱਕ ਜਾ ਪਹੁੰਚੀ ਹੈ। ਸਾਫ ਹੈ ਕਿ ਇਸ ਨਾਲ ਉਸ ਪਾਰਟੀ, ਜਾਂ ਪਾਰਟੀ ਦੇ ਆਗੂ ਨਰਿੰਦਰ ਮੋਦੀ, ਦੀ ਕਿਸੇ ਵੀ ਹੋਰ ਉਤੇ ਨਿਰਭਰਤਾ ਦੀ ਗੱਲ ਖਤਮ ਹੋ ਗਈ ਹੈ। ਸਰਕਾਰ ਉਹ ਅਜੇ ਵੀ ਸਾਂਝੀ ਬਣਾਉਣਗੇ, ਪਰ ਕੋਈ ਮਜਬੂਰੀ ਦੀ ਸਥਿਤੀ ਉਨ੍ਹਾਂ ਦੇ ਸਾਹਮਣੇ ਨਹੀਂ ਹੋਵੇਗੀ ਤੇ ਭਾਈਵਾਲ ਰਾਜਸੀ ਧਿਰਾਂ ਵਾਲੇ ਰਾਮ ਵਿਲਾਸ ਪਾਸਵਾਨ ਤੋਂ ਉਧਵ ਠਾਕਰੇ ਅਤੇ ਪੰਜਾਬ ਦੇ ਅਕਾਲੀ ਭਾਈਆਂ ਤੱਕ ਸਾਰੇ ਜਣੇ ਉਸ ਪਾਰਟੀ ਦੇ ਪਿੱਛਲੱਗ ਜਿਹੇ ਬਣ ਕੇ ਚੱਲਣ ਨੂੰ ਮਜਬੂਰ ਹੋਣਗੇ।

ਜਦੋਂ ਇਹ ਨਤੀਜੇ ਆ ਰਹੇ ਸਨ, ਸਾਰਿਆਂ ਦਾ ਧਿਆਨ ਇਸ ਗੱਲ ਵੱਲ ਲੱਗਾ ਹੋਇਆ ਸੀ ਕਿ ਏਨੀ ਤਕੜੀ ਜਿੱਤ ਦੇ ਬਾਅਦ ਪਾਰਟੀ ਦੇ ਸਭ ਤੋਂ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਕੀ ਬੋਲਣਗੇ ਅਤੇ ਕੱਲ੍ਹ ਤੱਕ ਦੀ ਲੋਕ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਕੀ ਬੋਲੇਗੀ? ਉਨ੍ਹਾਂ ਦੋਵਾਂ ਨੇ ਇਸ ਜਿੱਤ ਲਈ ਨਰਿੰਦਰ ਮੋਦੀ ਨੂੰ ਵਧਾਈ ਦਿੱਤੀ। ਅਡਵਾਨੀ ਨੇ ਵਧਾਈ ਦਿੱਤੀ, ਪਰ ਜਿੱਤ ਦਾ ਸਿਹਰਾ ਕਿਸੇ ਨੂੰ ਨਹੀਂ ਦਿੱਤਾ। ਇਸ ਪਿੱਛੋਂ ਬੀਬੀ ਸੁਸ਼ਮਾ ਦੀ ਵਾਰੀ ਸੀ, ਜਿਸ ਨੂੰ ਸਾਰੀ ਚੋਣ ਮੁਹਿੰਮ ਵਿਚ ਖੂੰਜੇ ਬਿਠਾ ਦਿੱਤਾ ਗਿਆ ਸੀ। ਉਸ ਨੇ ਵਧਾਈ ਦੇਣ ਵੇਲੇ ਇਹ ਵੀ ਕਹਿ ਦਿੱਤਾ ਕਿ ਜਿੱਤ ਦਾ ਸਿਹਰਾ ਸਮੁੱਚੀ ਪਾਰਟੀ ਨੂੰ ਜਾਂਦਾ ਹੈ। ਜਿਨ੍ਹਾਂ ਲੋਕਾਂ ਨੇ ਜਿੱਤਣ ਮਗਰੋਂ ਵਡੋਦਰਾ ਵਿਚ ਦਿੱਤਾ ਗਿਆ ਨਰਿੰਦਰ ਮੋਦੀ ਦਾ ਭਾਸ਼ਣ ਸੁਣਿਆ ਹੈ, ਉਹ ਇਸ ਤਰ੍ਹਾਂ ਨਹੀਂ ਸੋਚ ਸਕਦੇ। ਇਸ ਮਿਸਾਲੀ ਜਿੱਤ ਦਾ ਸਿਹਰਾ ਨਾ ਭਾਜਪਾ ਨੂੰ ਜਾਂਦਾ ਹੈ, ਨਾ ਇਸ ਜਿੱਤ ਦੇ ਅਗਵਾਨੂੰ ਬਣੇ ਨਰਿੰਦਰ ਮੋਦੀ ਨੇ ਆਪਣੇ ਸਿਵਾ ਕਿਸੇ ਹੋਰ ਨੂੰ ਲੈਣ ਦੇਣਾ ਹੈ। ਮੋਦੀ ਨੂੰ ਜਿੱਤ ਦਾ ਵੀ ਪਤਾ ਹੈ, ਜਿੱਤ ਦੇ ਸਿਹਰੇ ਦਾ ਵੀ ਅਤੇ ਪਾਰਟੀ ਦੇ ਸਿਰ ਸਿਹਰਾ ਬੰਨ੍ਹਣ ਦੇ ਬਹਾਨੇ ਆਪਣੇ ਸਿਰ ਸਿਹਰਾ ਲੈਣ ਦੇ ਚਾਹਵਾਨਾਂ ਬਾਰੇ ਵੀ ਉਹ ਅਣਜਾਣ ਨਹੀਂ ਹੈ।

ਇੱਕ ਸਵਾਲ ਇਸ ਚੋਣ ਨਤੀਜੇ ਦੇ ਨਾਲ ਇਹ ਪੁੱਛਿਆ ਜਾਣ ਲੱਗ ਪਿਆ ਕਿ ਆਖਰ ਇਸ ਚੋਣ ਵਿਚ ਮੁੱਖ ਮੁੱਦੇ ਕੀ ਸਨ? ਸੱਚੀ ਗੱਲ ਇਹ ਮੰਨ ਲੈਣੀ ਚਾਹੀਦੀ ਹੈ ਕਿ ਮੁੱਦਾ ਹੀ ਕੋਈ ਨਹੀਂ ਸੀ ਬਣ ਸਕਿਆ। ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੇਲੇ ਬਿਹਾਰ ਦੀਆਂ ਵਿਧਾਨ ਸਭਾ ਚੋਣਾਂ ਹੋਣੀਆਂ ਸਨ ਤੇ ਇਹੋ ਸਵਾਲ ਉਥੇ ਲਾਲੂ ਪ੍ਰਸਾਦ ਨੂੰ ਪੁੱਛਿਆ ਗਿਆ ਸੀ ਕਿ ਮੁੱਦਾ ਕੀ ਹੈ? ਲਾਲੂ ਨੇ ਕਿਹਾ ਸੀ, 'ਮੁੱਦਾ ਤੋ ਹਮ ਹੈਂ, ਕੁਛ ਲੋਗ ਹਮੇ ਹਰਾਨੇ ਕੇ ਲੀਏ ਲੜ ਰਹੇ ਹੈਂ, ਕੁਛ ਲੋਗ ਹਮੇਂ ਜਿਤਾਨੇ ਕੇ ਲੀਏ ਹਮਾਰਾ ਸਾਥ ਦੇ ਰਹੇ ਹੈਂ।' ਜਦੋਂ ਲਾਲੂ ਹੀ ਮੁੱਦਾ ਬਣ ਗਿਆ ਤਾਂ ਬਿਹਾਰ ਦੀ ਉਹ ਚੋਣ ਲਾਲੂ ਦੀ ਪਾਰਟੀ ਜਿੱਤ ਗਈ ਸੀ। ਇਸ ਵਾਰੀ ਮੁੱਦਾ ਸਿਰਫ ਨਰਿੰਦਰ ਮੋਦੀ ਸੀ। ਚੋਣਾਂ ਦੇ ਅੰਤਲੇ ਦੌਰ ਵਿਚ ਉਸ ਨੇ ਆਪਣੇ ਭਾਸ਼ਣਾਂ ਵਿਚ ਕਹਿਣਾ ਸ਼ੁਰੂ ਕਰ ਦਿੱਤਾ ਸੀ, 'ਮੈਂ ਕਹਿਤਾ ਹੂੰ ਕਿ ਭ੍ਰਿਸ਼ਟਾਚਾਰ ਰੋਕਨਾ ਹੈ ਔਰ ਵੋ ਕਹਿਤੇ ਹੈਂ ਕਿ ਮੋਦੀ ਕੋ ਰੋਕਨਾ ਹੈ।' ਇਸ ਤਰ੍ਹਾਂ ਉਸ ਨੇ ਖੁਦ ਇਸ ਚੋਣ ਨੂੰ ਆਪਣੇ ਦੁਆਲੇ ਘੁੰਮਣ ਵਾਲੀ ਬਣਾ ਦਿੱਤਾ ਸੀ ਤੇ ਪਾਰਟੀ ਦੇ ਪੁਰਾਣੇ ਆਗੂਆਂ ਲਾਲ ਕ੍ਰਿਸ਼ਨ ਅਡਵਾਨੀ, ਸੁਸ਼ਮਾ ਸਵਰਾਜ ਜਾਂ ਹਰ ਹੋਰ ਲੀਡਰ ਨੂੰ ਚੋਣ ਮੁਹਿੰਮ ਤੋਂ ਪਾਸੇ ਕਰ ਕੇ ਬਿਠਾ ਦਿੱਤਾ ਗਿਆ ਸੀ। ਰਾਜਨੀਤੀ ਵਿਚ ਮੋਦੀ ਦਾ ਇਹ ਬੜਾ ਚੁਸਤ ਪੈਂਤੜਾ ਸੀ।

ਸੌ ਮੁੱਦਿਆਂ ਦਾ ਮੁੱਦਾ ਨਰਿੰਦਰ ਮੋਦੀ ਬਣ ਜਾਣ ਪਿੱਛੇ ਜਿਹੜੇ ਕਈ ਕਾਰਨ ਸਨ, ਉਨ੍ਹਾਂ ਵਿਚੋਂ ਇੱਕ ਕਾਰਨ ਕੇਂਦਰ ਵਿਚ ਰਾਜ ਕਰਦੀ ਪਾਰਟੀ ਦੀ ਅਗਵਾਈ ਕਰਦੇ ਮਾਂ-ਪੁੱਤਰ ਦਾ ਹਾਲ ਚਾਲੀ ਸਾਲ ਪਹਿਲਾਂ ਜੁੰਡੀ ਦੀ ਜਕੜ ਵਿਚ ਫਸੇ ਹੋਏ ਮਾਂ-ਪੁੱਤਰ ਇੰਦਰਾ ਗਾਂਧੀ ਤੇ ਸੰਜੇ ਗਾਂਧੀ ਵਾਲਾ ਬਣ ਜਾਣਾ ਸੀ। ਹਰ ਪੁੱਠਾ ਕੰਮ ਉਹ ਜੁੰਡੀ ਇੰਦਰਾ ਤੇ ਸੰਜੇ ਗਾਂਧੀ ਤੋਂ ਕਰਵਾ ਕੇ ਉਨ੍ਹਾਂ ਨੂੰ ਫਸਾਈ ਗਈ ਤੇ ਉਹ ਦੋਵੇਂ ਹਵਾ ਵਿਚ ਉਡਦੇ ਰਹੇ ਸਨ। ਕਿਸੇ ਨੇ 'ਇੰਦਰਾ ਇਜ਼ ਇੰਡੀਆ, ਇੰਡੀਆ ਇਜ਼ ਇੰਦਰਾ' ਦਾ ਨਾਹਰਾ ਲਾ ਦਿੱਤਾ, ਮਾਂ-ਪੁੱਤਰ ਉਦੋਂ ਵੀ ਖੁਸ਼ ਹੋ ਗਏ। ਜਦੋਂ ਇੰਦਰਾ ਗਾਂਧੀ ਤੋਂ ਕਈ ਸਾਲ ਵੱਡੇ ਕਾਂਗਰਸ ਪ੍ਰਧਾਨ ਨੇ ਇੱਕ ਜਲਸੇ ਵਿਚ ਇੰਦਰਾ ਗਾਂਧੀ ਨੂੰ 'ਇੰਦਰਾ ਅੰਮਾ' ਆਖ ਦਿੱਤਾ ਤਾਂ ਇਸ ਚਾਪਲੂਸੀ ਨਾਲ ਵੀ ਉਹ ਫੁੱਲ ਕੇ ਕੁੱਪਾ ਹੋ ਗਏ ਸਨ। ਹੁਣ ਵੀ ਇਹੋ ਜਿਹੇ ਚਮਚੇ ਸੋਨੀਆ ਤੇ ਰਾਹੁਲ ਦੇ ਦੁਆਲੇ ਆਣ ਜੁੜੇ ਸਨ। ਸੋਨੀਆ ਗਾਂਧੀ ਦੀ ਧੀ ਪ੍ਰਿਅੰਕਾ ਦੇ ਘਰ ਜਦੋਂ ਪੁੱਤਰ ਹੋਇਆ ਤਾਂ ਇਨ੍ਹਾਂ ਦੇ ਘਰ ਅੱਗੇ ਬੈਂਡ-ਵਾਜੇ ਵਜਾ ਕੇ ਨੱਚਣ ਵਾਲੇ ਕਾਂਗਰਸੀ, ਯੂਥ ਕਾਂਗਰਸੀ ਵੀ ਤੇ ਕਰੜ-ਬਰੜੀ ਉਮਰ ਵਾਲੇ ਵੀ, ਇਹ ਗਾਈ ਜਾ ਰਹੇ ਸਨ, 'ਆਹਾ ਮੈਂ ਤੋਂ ਮਾਮਾ ਬਨ ਗਇਆ।' ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਆਪਣੇ ਪੁੱਤਰ ਨੂੰ ਇਹ ਨਹੀਂ ਸੀ ਸਮਝਾ ਸਕੀ ਕਿ 'ਮਾਮਾ' ਬਣੇ ਫਿਰਦੇ ਚਮਚਿਆਂ ਦੀ ਧਾੜ ਲਿੱਬੜੀਆਂ ਪਲੇਟਾਂ ਨਾਲ ਰਹਿੰਦੀ ਹੈ, ਜਦੋਂ ਮੇਜ਼ ਮੂਧਾ ਹੋ ਗਿਆ, ਸੰਜੇ ਗਾਂਧੀ ਦੇ ਸਾਥੀਆਂ ਵਾਂਗ ਇਹ ਭਾਜਪਾ ਵਾਲਿਆਂ ਦੇ ਮਾਮੇ ਬਣਨ ਚਲੇ ਜਾਣਗੇ। ਬਾਕੀ ਲੋਕਾਂ ਤਾਂ ਜਾਣਾ ਹੀ ਹੈ, ਸੋਨੀਆ ਗਾਂਧੀ ਨੂੰ ਆਪਣੇ ਜਵਾਈ ਰਾਬਰਟ ਵਾਡਰਾ ਦੀ ਮੋਦੀ ਦੇ ਸਭ ਤੋਂ ਨੇੜਲੇ ਸਨਅਤਕਾਰ ਅਡਾਨੀ ਨਾਲ ਸਾਂਝ ਤੇ ਇਸ ਦੇ ਓਹਲੇ ਮੋਦੀ ਨਾਲ ਸਾਂਝ ਬਾਰੇ ਵੀ ਪਤਾ ਨਹੀਂ ਲੱਗ ਸਕਿਆ। ਰਾਹੁਲ ਗਾਂਧੀ ਰੈਲੀਆਂ ਵਿਚ ਅਡਾਨੀ ਅਤੇ ਮੋਦੀ ਨੂੰ ਇਕੱਠੇ ਰੱਖ ਕੇ ਨਿਸ਼ਾਨਾ ਲਾ ਰਿਹਾ ਸੀ ਤੇ ਲੋਕ ਅਡਾਨੀ ਨਾਲ ਉਸ ਦੇ ਜੀਜੇ ਰਾਬਰਟ ਵਾਡਰਾ ਦੀਆਂ ਤਸਵੀਰਾਂ ਵੇਖ ਕੇ ਹੱਸਦੇ ਸਨ। ਸੋਨੀਆ ਗਾਂਧੀ ਨੂੰ ਇਹ ਵੀ ਪਤਾ ਨਾ ਲੱਗ ਸਕਿਆ ਕਿ ਉਸ ਦੇ ਰਿਮੋਟ ਦੇ ਸੈਲ ਕੰਮ ਕਰਨੋਂ ਹਟ ਗਏ ਹਨ ਤੇ ਉਸ ਦਾ ਬਣਾਇਆ ਪ੍ਰਧਾਨ ਮੰਤਰੀ ਪਿਛਲੇ ਸਾਲ ਤੋਂ ਕਿਸੇ ਹੋਰ ਫਰੀਕੁਐਂਸੀ ਦੇ ਮੁਤਾਬਕ ਚੱਲਣ ਲੱਗ ਪਿਆ ਹੈ। ਮਾਂ-ਪੁੱਤਰ ਦੀਆਂ ਇਹੋ ਭੁੱਲਾਂ ਇਸ ਪਾਰਟੀ ਨੂੰ ਲੈ ਬੈਠੀਆਂ ਹਨ।

ਦੂਸਰਾ ਕਾਰਨ ਇਹ ਸੀ ਕਿ ਜਦੋਂ ਤੋਂ ਨਰਿੰਦਰ ਮੋਦੀ ਨੇ ਗੁਜਰਾਤ ਦਾ ਰਾਜ ਸਾਂਭਿਆ ਸੀ ਤੇ ਜਿਹੜੇ ਹਾਲਾਤ ਵਿਚੋਂ ਉਹ ਰਾਜ ਲੰਘ ਰਿਹਾ ਸੀ, ਉਸ ਦੀ ਸੈਕੂਲਰ ਧਿਰਾਂ ਵਾਲੇ ਨੁਕਤਾਚੀਨੀ ਕਰਦੇ ਸਨ, ਪਰ ਆਰ ਐਸ ਐਸ ਦੀ ਲੀਡਰਸ਼ਿਪ ਇਸ ਨੂੰ 'ਹਿੰਦੂਤਵ ਦੀ ਪ੍ਰਯੋਗਸ਼ਾਲਾ' ਕਹਿੰਦੀ ਸੀ। ਉਸ 'ਪ੍ਰਯੋਗਸ਼ਾਲਾ' ਵਿਚ ਸਿਰਫ ਇੱਕ ਭਾਈਚਾਰੇ ਦੀ ਚੜ੍ਹਤ ਦੀ ਰਾਜਨੀਤੀ ਚੱਲਦੀ ਸੀ ਤੇ ਬਾਕੀਆਂ ਨੇ ਹੌਲੀ-ਹੌਲੀ ਅਮਲ ਵਿਚ ਆਪਣੇ ਆਪ ਨੂੰ ਰਾਜਸੀ ਤੇ ਸਮਾਜੀ ਸਥਿਤੀ ਮੁਤਾਬਕ ਢਾਲਣਾ ਸ਼ੁਰੂ ਕਰ ਦਿੱਤਾ ਸੀ। ਭਾਜਪਾ ਦੇ ਲੀਡਰ ਕੌਮੀ ਪੱਧਰ ਦੀਆਂ ਬਹਿਸਾਂ ਵਿਚ ਵਿਕਾਸ ਦੇ ਮੁੱਦੇ ਦੀ ਚਰਚਾ ਕਰਦੇ ਸਨ, ਪਰ ਜਦੋਂ ਕਦੀ ਉਨ੍ਹਾਂ ਦੇ ਆਪਣੇ ਮੁੱਦਿਆਂ ਦੀ ਗੱਲ ਛੇੜੀ ਜਾਂਦੀ ਤੇ ਉਨ੍ਹਾਂ ਮੁੱਦਿਆਂ ਨੂੰ ਫਿਰਕੂ ਕਿਹਾ ਜਾਂਦਾ ਸੀ, ਉਹ ਇਸ ਤੋਂ ਭੱਜਦੇ ਨਹੀਂ ਸਨ, ਸਿੱਧਾ ਕਹਿ ਦਿੰਦੇ ਸਨ ਕਿ ਜਿਸ ਦਿਨ ਸਾਡੀ ਆਪਣੇ ਸਿਰ ਬਹੁ-ਸੰਮਤੀ ਆਵੇਗੀ, ਉਸ ਦਿਨ ਇਹ ਵੀ ਲਾਗੂ ਕਰ ਦਿਆਂਗੇ। ਸਾਫ ਹੈ ਕਿ ਇਹੋ ਜਿਹੇ ਮੁੱਦਿਆਂ ਨੂੰ ਅੰਦਰੋ-ਅੰਦਰ ਉਹ ਪ੍ਰਚਾਰਦੇ ਵੀ ਪਏ ਸਨ ਤੇ ਇਨ੍ਹਾਂ ਦੇ ਲਾਗੂ ਕਰਨ ਵਾਲਾ ਰਾਜਸੀ ਮੈਦਾਨ ਤਿਆਰ ਕਰਨ ਲਈ ਚੇਤੰਨ ਸਰਗਰਮੀ ਵੀ ਕਰ ਰਹੇ ਸਨ, ਜਿਹੜੀ ਦੂਸਰੀਆਂ ਰਾਜਸੀ ਧਿਰਾਂ ਨੂੰ ਦਿੱਸਦੀ ਨਹੀਂ ਸੀ।

ਇਹ ਸਿਰਫ ਦੋ ਧਿਰਾਂ ਨੂੰ ਦਿੱਸੀ ਸੀ, ਇੱਕ ਬਿਹਾਰ ਦੇ ਨਿਤੀਸ਼ ਕੁਮਾਰ ਤੇ ਸ਼ਰਦ ਯਾਦਵ ਨੂੰ ਤੇ ਰਾਜਸੀ ਪੱਖ ਤੋਂ ਦੂਸਰੀ ਧਿਰ ਕਮਿਊਨਿਸਟਾਂ ਨੂੰ, ਪਰ ਦੋਵਾਂ ਵਿਚ ਇੱਕ ਫਰਕ ਸੀ। ਨਿਤੀਸ਼ ਕੁਮਾਰ ਲੜਾਈ ਲੜਨ ਲਈ ਮੈਦਾਨ ਵਿਚ ਸੀ, ਕਮਿਊਨਿਸਟ ਮਤੇ ਪਾਸ ਕਰਨ ਤੱਕ ਸੀਮਤ ਹੋ ਗਏ ਸਨ। ਜਿਸ ਦਿਨ ਸੂਰਜ ਗ੍ਰਹਿਣ ਲੱਗਣਾ ਸੀ, ਬਿਹਾਰ ਵਿਚ ਨਿਤੀਸ਼ ਦੇ ਮੰਤਰੀਆਂ ਵਿਚੋਂ ਭਾਜਪਾ ਵਾਲੇ ਸੂਰਜ-ਪ੍ਰਣਾਮ ਕਰਨ ਚਲੇ ਗਏ ਸਨ, ਪਰ ਨਿਤੀਸ਼ ਆਪ ਤਾਰੇਗਨਾ ਪਿੰਡ ਵਿਚ ਸੰਸਾਰ ਭਰ ਤੋਂ ਆਏ ਵਿਗਿਆਨੀਆਂ ਦੇ ਨਾਲ ਖੜਾ ਦੂਰਬੀਨ ਨਾਲ ਸੂਰਜ ਵੱਲ ਝਾਕ ਰਿਹਾ ਸੀ। ਦੇਸ਼ ਦੇ ਭਵਿੱਖ ਦੇ ਫੈਸਲੇ ਦੀ ਘੜੀ ਨਿਤੀਸ਼ ਕੁਮਾਰ ਭਾਜਪਾ ਵਿਰੋਧੀ ਮੋਰਚੇ ਦਾ ਨੇਤਾ ਨਹੀਂ ਬਣ ਸਕਿਆ ਤੇ ਮੁਲਾਇਮ ਸਿੰਘ ਵਰਗਿਆਂ ਦਾ ਵਜ਼ਨ ਵੱਧ ਗਿਣਿਆ ਜਾਂਦਾ ਰਿਹਾ, ਜਿਸ ਨੂੰ ਮਾਇਆਵਤੀ ਦੀ ਥਾਂ ਯੂ ਪੀ ਦਾ ਮੁੱਖ ਮੰਤਰੀ ਬਣਾ ਦਿੱਤਾ ਗਿਆ ਸੀ ਤਾਂ ਕਈ ਦਿਨ ਉਹ ਵਾਜਪਾਈ ਤੇ ਭਾਜਪਾ ਦੀਆਂ ਸਿਫਤਾਂ ਕਰਨੋਂ ਹੀ ਨਹੀਂ ਸੀ ਹਟਿਆ।

ਹੁਣ ਜਦੋਂ ਭਾਰਤੀ ਜਨਤਾ ਪਾਰਟੀ ਆਪਣੇ ਸਿਰ ਬਹੁ-ਗਿਣਤੀ ਲੈ ਗਈ ਹੈ ਅਤੇ ਭਾਈਵਾਲਾਂ ਦੀ ਮਦਦ ਦੀ ਮੁਥਾਜ ਵੀ ਨਹੀਂ ਰਹੀ, ਇਹ ਸਵਾਲ ਖੜਾ ਹੋ ਗਿਆ ਹੈ ਕਿ ਕੀ ਇਹ ਆਪਣੇ ਏਜੰਡੇ ਦੇ ਉਹ ਮੁੱਦੇ ਲਾਗੂ ਕਰਨ ਵੱਲ ਮੂੰਹ ਕਰ ਲਵੇਗੀ, ਜਿਹੜੇ ਬਹੁ-ਸੰਮਤੀ ਆਉਣ ਤੱਕ ਪਿੱਛੇ ਪਾ ਰੱਖੇ ਸਨ? ਇਸ ਦੌਰਾਨ ਇਸ ਦੇ ਆਰ ਐਸ ਐਸ ਨਾਲ ਸਬੰਧਾਂ ਦਾ ਸਵਾਲ ਪੈਦਾ ਹੋਣ ਲੱਗ ਪਿਆ ਹੈ। ਆਰ ਐਸ ਐਸ ਸੰਗਠਨ ਹੈ, ਜਿੱਥੇ ਵਿਅਕਤੀ ਤੇ ਸੰਗਠਨ ਦੇ ਤੋਲ-ਤੁਲਾਵੇ ਵਿਚ ਵਿਅਕਤੀ ਕਿੱਡਾ ਵੀ ਵੱਡਾ ਹੋਵੇ, ਵੱਧ ਅਹਿਮੀਅਤ ਸੰਗਠਨ ਨੂੰ ਦੇਣ ਦੀ ਧਾਰਨਾ ਸੀ ਤੇ ਪਿਛਲੇ ਸਾਲ ਤੋਂ ਉਹ ਧਾਰਨਾ ਨਹੀਂ ਰਹੀ। 'ਵਿਅਕਤੀ' ਜਦੋਂ ਵੱਡਾ ਹੋਇਆ ਤਾਂ ਉਸ ਨੇ ਸੰਗਠਨ ਨੂੰ ਆਪਣੀ ਕਹੀ ਗੱਲ ਮੰਨਣ ਨੂੰ ਮਜਬੂਰ ਕਰ ਦਿੱਤਾ ਸੀ ਤੇ ਇਸ ਦੇ ਨਤੀਜੇ ਵਜੋਂ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵਿਚ ਸੰਘ ਦੇ ਪ੍ਰਤੀਨਿਧ ਸੰਜੇ ਜੋਸ਼ੀ ਨੂੰ ਟਿੰਡ-ਫਹੁੜੀ ਚੁੱਕ ਕੇ ਜਾਣਾ ਪਿਆ ਸੀ। ਹੁਣ ਜਦੋਂ ਨਤੀਜੇ ਆਏ ਹਨ ਤਾਂ ਨਾਲ ਇਹ ਖਬਰ ਆ ਗਈ ਹੈ ਕਿ ਨਰਿੰਦਰ ਮੋਦੀ ਨੂੰ ਸੰਘ ਦਾ ਰਾਜਸੀ ਮਾਮਲਿਆਂ ਵਿਚ ਪੈਰ-ਪੈਰ ਉਤੇ ਦਖਲ ਚੰਗਾ ਨਹੀਂ ਲੱਗਾ ਤੇ ਜਦੋਂ ਉਸ ਨੇ ਇਸ ਦਾ ਸੰਕੇਤ ਭੇਜਿਆ ਤਾਂ ਅੱਗੋਂ ਸੰਘ ਨੇ ਕਹਿ ਦਿੱਤਾ ਕਿ ਵਿਚੋਲਿਆਂ ਦੀ ਲੋੜ ਨਹੀਂ, ਨਰਿੰਦਰ ਮੋਦੀ ਸਿੱਧੀ ਗੱਲ ਕਰੇ। ਜਿਸ ਗੁਜਰਾਤ ਨੂੰ ਸੰਘ ਨੇ ਹਿੰਦੂਤਵ ਦੀ ਪ੍ਰਯੋਗਸ਼ਾਲਾ ਕਿਹਾ ਸੀ, ਉਸ ਵਿਚ ਮੋਦੀ ਨੇ ਸੰਘ ਵਲੋਂ ਦਖਲ ਦੀ ਗੁੰਜਾਇਸ਼ ਨਹੀਂ ਸੀ ਛੱਡੀ ਤੇ ਇਹ ਸਥਿਤੀ ਹੁਣ ਉਹ ਕੇਂਦਰ ਵਿਚ ਵੀ ਬਣਾਉਣ ਦਾ ਯਤਨ ਕਰ ਸਕਦਾ ਹੈ।

ਨਤੀਜੇ ਚੰਗੇ ਕਹੋ ਜਾਂ ਮਾੜੇ, ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਨਰਿੰਦਰ ਮੋਦੀ ਇੱਕ ਪਾਰਟੀ ਜਾਂ ਵਿਚਾਰਧਾਰਾ ਦਾ ਆਗੂ ਨਹੀਂ, ਇਸ ਦੇਸ਼ ਦੇ ਇੱਕ ਸੌ ਪੰਝੀ ਕਰੋੜ ਲੋਕਾਂ ਦਾ ਆਗੂ ਵੀ ਹੋਣਾ ਹੈ। ਸਾਰੇ ਦੇਸ਼ ਵਿਚ ਜਦੋਂ ਇੱਕ ਵੀ ਆਧਾਰ ਰੱਖਦੀ ਪਾਰਟੀ ਉਸ ਨਾਲ ਅੱਖ ਵਿਚ ਅੱਖ ਪਾ ਕੇ ਗੱਲ ਕਰਨ ਵਾਲੀ ਨਹੀਂ ਦਿੱਸਦੀ, ਉਦੋਂ ਨਵੀਂ ਰਾਜਸੀ ਧਿਰ ਬਣ ਕੇ ਆਮ ਆਦਮੀ ਪਾਰਟੀ ਉਭਰੀ ਹੈ। ਇਸ ਨੇ ਉਹ ਮੁੱਦੇ ਚੁੱਕੇ ਹਨ, ਜਿਹੜੇ ਅੱਜ ਤੋਂ ਤੀਹ ਸਾਲ ਪਹਿਲਾਂ ਤੱਕ ਕਮਿਊਨਿਸਟ ਚੁੱਕਿਆ ਕਰਦੇ ਸਨ। ਦਿੱਲੀ ਦੇ ਮੁੱਖ ਮੰਤਰੀ ਵਜੋਂ ਪਹਿਲੀ ਤਕਰੀਰ ਵਿਚ ਅਰਵਿੰਦ ਕੇਜਰੀਵਾਲ ਨੇ ਇਹ ਗੱਲ ਉਚੇਚ ਨਾਲ ਕਹੀ ਸੀ ਕਿ ਗੈਸ ਦਾ ਮੁੱਦਾ ਪੰਜ ਸੌ ਤਿਰਤਾਲੀ ਮੈਂਬਰਾਂ ਵਾਲੀ ਲੋਕ ਸਭਾ ਅੰਦਰ ਸਿਰਫ ਕਾਮਰੇਡ ਗੁਰੂਦਾਸ ਦਾਸਗੁਪਤਾ ਨੇ ਚੁੱਕਿਆ, ਹੋਰ ਕਿਸੇ ਨੇ ਕਿਉਂ ਨਾ ਚੁੱਕਿਆ? ਅਰਵਿੰਦ ਕਮਿਊਨਿਸਟ ਨਹੀਂ ਹੈ, ਪਰ ਜਿਸ ਸਿਰੜ ਨਾਲ ਤੁਰਿਆ ਹੈ, ਉਹ ਕਦੀ ਕਮਿਊਨਿਸਟਾਂ ਵਿਚ ਵੇਖਿਆ ਜਾਂਦਾ ਸੀ। ਜਾਤੀਵਾਦ ਦੀ ਰਾਜਸੀ ਖੇਡ ਨੂੰ ਉਸ ਪਾਰਟੀ ਨੇ ਕਈ ਥਾਂ ਖੋਰਾ ਲਾਇਆ ਤੇ ਭਾਵੇਂ ਬਾਕੀ ਸਾਰੇ ਭਾਰਤ ਵਿਚ ਉਸ ਦੇ ਪੱਲੇ ਕੁਝ ਵੀ ਨਹੀਂ ਪਿਆ, ਸਾਡੇ ਪੰਜਾਬ ਵਿਚ ਤੇਰਾਂ ਵਿਚੋਂ ਚਾਰ ਸੀਟਾਂ ਉਸ ਦਾ ਜਿੱਤ ਜਾਣਾ ਖਾਸ ਅਰਥ ਰੱਖਦਾ ਹੈ।

ਪੰਜਾਬ ਵਿਚ ਆਮ ਆਦਮੀ ਪਾਰਟੀ ਨੇ ਆਪਣੀ ਜਿਹੜੀ ਹੋਂਦ ਵਿਖਾਈ ਹੈ, ਉਸ ਦਾ ਅਹਿਸਾਸ ਹਾਕਮ ਧਿਰ ਨੂੰ ਵੀ ਹੋ ਗਿਆ ਹੋਵੇਗਾ ਤੇ ਵਿਰੋਧ ਦੀ ਮੁੱਖ ਧਿਰ ਕਾਂਗਰਸ ਪਾਰਟੀ ਦੇ ਆਗੂਆਂ ਨੂੰ ਵੀ। ਸੰਗਰੂਰ ਤੋਂ ਭਗਵੰਤ ਮਾਨ ਦੀ ਜਿੱਤ ਦਾ ਫਰਕ ਪੰਜਾਬ ਵਿਚ ਸਭ ਤੋਂ ਵੱਡਾ ਹੈ। ਦੂਸਰੀ ਵੱਡੀ ਜਿੱਤ ਵੀ ਫਰੀਦਕੋਟ ਸੀਟ ਤੋਂ ਆਮ ਆਦਮੀ ਪਾਰਟੀ ਦੀ ਹੋਈ ਹੈ। ਚਾਰ ਸੀਟਾਂ ਜਿੱਤ ਕੇ ਇਹ ਪਾਰਟੀ ਦੋ ਹੋਰ ਸੀਟਾਂ ਤੋਂ ਚਾਲੀ ਤੇ ਵੀਹ ਹਜ਼ਾਰ ਦੇ ਫਰਕ ਨਾਲ ਹਾਰੀ ਅਤੇ ਦੋ ਹੋਰ ਸੀਟਾਂ ਤੋਂ ਉਨ੍ਹਾਂ ਦੀਆਂ ਵੋਟਾਂ ਦੋ ਲੱਖ ਤੋਂ ਵੱਧ ਹਨ, ਜਦ ਕਿ ਕਾਂਗਰਸ ਨੇ ਅਮਰਿੰਦਰ ਸਿੰਘ ਦੇ ਇੱਕ ਲੱਖ ਦੇ ਫਰਕ ਤੋਂ ਬਿਨਾਂ ਬਾਕੀ ਦੋਵੇਂ ਸੀਟਾਂ ਜ਼ੋਰ ਲਾ ਕੇ ਜਿੱਤੀਆਂ ਹਨ। ਅਕਾਲੀ ਦਲ ਦੇ ਰਣਜੀਤ ਸਿੰਘ ਬ੍ਰਹਮਪੁਰਾ ਤੇ ਭਾਜਪਾ ਦੇ ਵਿਨੋਦ ਖੰਨਾ ਦੀਆਂ ਇੱਕ ਲੱਖ ਦੇ ਫਰਕ ਵਾਲੀਆਂ ਨੂੰ ਛੱਡ ਦੇਣ ਦੇ ਬਾਅਦ ਬਾਕੀ ਸੀਟਾਂ ਇਹ ਗੱਠਜੋੜ ਵੀ ਪੈਂਤੀ ਹਜ਼ਾਰ ਤੋਂ ਘੱਟ ਦੇ ਫਰਕ ਨਾਲ ਜਿੱਤ ਸਕਿਆ ਹੈ। ਜਦੋਂ ਦੇਸ਼ ਭਰ ਦੇ ਨਤੀਜੇ ਕਈ ਤਰ੍ਹਾਂ ਦੇ ਵਿਸਵਿਸੇ ਪੈਦਾ ਕਰਨ ਵਾਲੇ ਕਹੇ ਜਾ ਸਕਦੇ ਹਨ, ਉਦੋਂ ਪੰਜਾਬ ਦੇ ਲੋਕ ਇਹ ਸੋਚ ਕੇ ਤਸੱਲੀ ਕਰ ਸਕਦੇ ਹਨ ਕਿ ਹੁਣ ਅਕਾਲੀ-ਭਾਜਪਾ ਅਤੇ ਕਾਂਗਰਸ ਨੂੰ ਹਕੀਕੀ ਚੁਣੌਤੀ ਦੇਣ ਵਾਲੀ ਕੋਈ ਨਵੀਂ ਰਾਜਸੀ ਧਿਰ ਵੀ ਉਠਣ ਲੱਗੀ ਹੈ।

ਫਿਰ ਵੀ ਇਹ ਸਾਰਾ ਕੁਝ ਉਹ ਹੈ, ਜਿਹੜਾ ਨਤੀਜੇ ਆਉਣ ਮਗਰੋਂ ਦੇ ਫੌਰੀ ਪ੍ਰਭਾਵ ਵਾਲਾ ਹੈ, ਅਗਲੇ ਦਿਨਾਂ ਵਿਚ ਸਹੀ ਤਸਵੀਰ ਕੇਂਦਰ ਦੀ ਸਰਕਾਰ ਬਣਨ ਤੇ ਹੋਰ ਪੱਖ ਨਿੱਖਰਨ ਤੋਂ ਬਾਅਦ ਹੀ ਸਮਝੀ ਜਾ ਸਕਦੀ ਹੈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
United Airlines
British Airways

Jet Airways, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

40 ਟਰੱਕ ਰਿਪੇਅਰ-ਓਕਲਹੋਮਾ
ਮਕੈਨਿਕਾਂ ਦੀ ਜ਼ਰੂਰਤ ਹੈ
ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 832-512-7172

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
J FRESH VEGETABLES EVERY THURSDAY
J FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

ਪੰਜਾਬ ਟਾਈਮਜ਼

*ਸਨਿਚਰਵਾਰ, 24 ਮਈ 2014*

## ਪੰਜਾਬ ਵਿਚ ਮਿਨੀ ਗਦਰ

ਸਿਆਸੀ ਮਾਹਿਰਾਂ ਅਤੇ ਵਿਸ਼ਲੇਸ਼ਣਕਾਰਾਂ ਦੀਆਂ ਸਭ ਗਿਣਤੀਆਂ-ਮਿਣਤੀਆਂ ਅਤੇ ਅੰਕੜੇ ਉਲਟ-ਪੁਲਟ ਗਏ ਹਨ। ਬਹੁਤੇ ਲੋਕਾਂ ਨੂੰ ਅਜੇ ਤਕ ਭਾਰਤ ਦੀਆਂ 16ਵੀਆਂ ਲੋਕ ਸਭ ਚੋਣਾਂ ਦੇ ਨਤੀਜੇ ਸਵੀਕਾਰ ਕਰਨੇ ਔਖੇ ਜਾਪ ਰਹੇ ਹਨ। ਇਨ੍ਹਾਂ ਚੋਣਾਂ ਵਿਚ ਸਿਰਫ ਭਾਜਪਾ ਨੇ ਹੀ ਇਕੱਲਿਆਂ ਬਹੁਮਤ ਹਾਸਲ ਨਹੀਂ ਕੀਤਾ, ਬਲਕਿ ਕਾਂਗਰਸ ਨੂੰ ਚੰਗੀ ਸੱਟ ਵੱਜੀ ਹੈ। ਇਸ ਨੂੰ ਸਿਰਫ 44 ਸੀਟਾਂ ਨਾਲ ਸਬਰ ਕਰਨਾ ਪਿਆ ਹੈ। ਮੁਕਾਬਲੇ ਵਿਚ ਭਾਰਤੀ ਜਨਤਾ ਪਾਰਟੀ ਨੂੰ 282 ਸੀਟਾਂ ਮਿਲੀਆਂ ਹਨ। ਜ਼ਾਹਿਰ ਹੈ ਕਿ ਲੋਕ ਸਭਾ ਨੂੰ ਪੂਰਾ ਭਗਵਾਂ ਰੰਗ ਚੜ੍ਹ ਗਿਆ ਹੈ। ਇਸ ਤੋਂ ਵੀ ਵੱਡੀ ਗੱਲ, ਜਿਹੜਾ ਪਹਿਲਾਂ ਵਿਸ਼ਲੇਸ਼ਣ ਆ ਰਿਹਾ ਸੀ ਕਿ ਭਾਜਪਾ ਨੂੰ ਨਰੇਂਦਰ ਮੋਦੀ ਦੀ ਅਗਵਾਈ ਵਿਚ ਭਾਈਵਾਲ ਗੰਢਣ ਵਿਚ ਬਹੁਤ ਮੁਸ਼ਕਿਲ ਆਉਣੀ ਹੈ, ਬੁਰੀ ਤਰ੍ਹਾਂ ਗਲਤ ਸਾਬਤ ਹੋਇਆ ਹੈ। ਭਾਜਪਾ ਨਾਲ ਰਲਣ ਵਾਲੀਆਂ ਪਾਰਟੀਆਂ ਦਾ ਤਾਂਤਾ ਬੱਝਿਆ ਪਿਆ ਹੈ। ਤਿੱਖੇ ਤੋਂ ਤਿੱਖੇ ਵਿਰੋਧੀਆਂ ਦੀ ਸੁਰ ਵੀ ਧੀਮੀ ਹੋ ਗਈ ਹੈ। ਗੁਜਰਾਤ ਵਿਚ ਮੁਸਲਮਾਨਾਂ ਦਾ ਕਤਲੇਆਮ ਕਾਰਨ ਮੋਦੀ ਦਾ ਵੀਜ਼ਾ ਰੋਕੀ ਬੈਠਾ ਅਮਰੀਕਾ ਵੀ ਹੁਣ ਉਸ ਨੂੰ ਅਮਰੀਕਾ ਆਉਣ ਦੇ ਸੱਦੇ ਦੇਣ ਲੱਗ ਪਿਆ ਹੈ। ਬਸਪਾ ਅਤੇ ਡੀ.ਐਮ.ਕੇ. ਵਰਗੀਆਂ ਪਾਰਟੀਆਂ ਦਾ ਲੋਕ ਸਭਾ ਵਿਚ ਖਾਤਾ ਵੀ ਨਹੀਂ ਖੁੱਲ੍ਹ ਸਕਿਆ ਹੈ। ਤਿੰਨ ਦਹਾਕੇ ਕਮਿਊਨਿਸਟਾਂ ਦਾ ਗੜ੍ਹ ਰਹੇ ਪੱਛਮੀ ਬੰਗਾਲ ਵਿਚੋਂ ਇਨ੍ਹਾਂ ਨੂੰ ਸਿਰਫ 2 ਹਲਕਿਆਂ ਤੋਂ ਜਿੱਤ ਹਾਸਲ ਹੋ ਸਕੀ ਹੈ। ਕੁੱਲ ਤਿੰਨ ਪਾਰਟੀਆਂ ਹੀ ਜ਼ਿਕਰਯੋਗ ਜਿੱਤ ਹਾਸਲ ਕਰ ਸਕੀਆਂ ਹਨ। ਇਨ੍ਹਾਂ ਵਿਚ ਮਮਤਾ ਬੈਨਰਜੀ ਦੀ ਜਥੇਬੰਦੀ ਤ੍ਰਿਣਮੂਲ ਕਾਂਗਰਸ, ਜੈਲਲਿਤਾ ਦੀ ਅੰਨਾ ਡੀ.ਐਮ.ਕੇ. ਅਤੇ ਨਵੀਨ ਪਟਨਾਇਕ ਦੀ ਜਥੇਬੰਦੀ ਬੀਜੂ ਜਨਤਾ ਦਲ ਸ਼ਾਮਲ ਹਨ, ਪਰ ਇਹ ਤਿੰਨੇ ਹੀ ਪਾਰਟੀਆਂ ਭਾਜਪਾ ਦੇ ਭਗਵੇਂਪਣ ਨੂੰ ਟੱਕਰ ਦੇਣ ਦੇ ਮਾਮਲੇ ਵਿਚ ਕਤੱਈ ਖਰੀਆਂ ਉਤਰਨ ਵਾਲੀਆਂ ਨਹੀਂ। ਬੀਜੂ ਜਨਤਾ ਦਲ ਦੀ ਡਾਵਾਂਡੋਲ ਹਾਲਤ ਪਹਿਲਾਂ ਹੀ ਸਾਹਮਣੇ ਆ ਗਈ ਹੈ। ਅੰਨਾ ਡੀ.ਐਮ.ਕੇ. ਆਗੂ ਜੈਲਲਿਤਾ ਨਾਲ ਵੀ ਮੋਦੀ ਰਾਬਤਾ ਬਣਾ ਰਿਹਾ ਹੈ। ਤੇ ਮਮਤਾ ਬੈਨਰਜੀ ਦੀਆਂ ਸਿਆਸੀ ਛੁਰਲੀਆਂ ਬਾਰੇ ਤਾਂ ਸਭ ਵਾਕਫ ਹੀ ਹਨ।

ਕੁੱਲ ਮਿਲਾ ਕੇ ਦੇਸ਼ ਭਰ ਵਿਚ ਵਿਰੋਧ ਦੀ ਹਰ ਆਵਾਜ਼ ਫਿਲਹਾਲ ਮੱਧਮ ਪੈ ਗਈ ਜਾਪਦੀ ਹੈ ਪਰ ਪੰਜਾਬ ਵਿਚ ਇਸ ਦੇ ਐਨ ਉਲਟ ਵਾਪਰਿਆ ਹੈ। ਆਮ ਆਦਮੀ ਪਾਰਟੀ (ਆਪ) ਨੇ ਕੁੱਲ 13 'ਚੋਂ 4 ਸੀਟਾਂ ਜਿੱਤ ਕੇ ਅਤੇ ਸਮੁੱਚੇ ਸੂਬੇ ਵਿਚ ਕਰੀਬ 25 ਫੀਸਦੀ ਵੋਟਾਂ ਹਾਸਲ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਪੰਜਾਬ ਦੀਆਂ ਦੋਵੇਂ ਮੁੱਖ ਸਿਆਸੀ ਧਿਰਾਂ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ, ਜਿਹੜੀਆਂ ਪਹਿਲਾਂ ਇਹੀ ਆਖ ਰਹੀਆਂ ਸਨ ਕਿ ਪੰਜਾਬ ਵਿਚ 'ਆਪ' ਦੀ ਕੋਈ ਹੋਂਦ ਸੰਭਵ ਹੀ ਨਹੀਂ ਹੋ ਸਕਦੀ, ਹੁਣ ਬੇਵਸੀ ਨਾਲ ਚੋਣ ਨਤੀਜਿਆਂ ਨੂੰ ਘੂਰ ਰਹੀਆਂ ਹਨ। ਰਹਿੰਦੀ ਕਸਰ ਅੰਮ੍ਰਿਤਸਰ ਹਲਕੇ ਵਿਚ ਕਾਂਗਰਸੀ ਆਗੂ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਭਾਜਪਾ ਆਗੂ ਅਰੁਣ ਜੇਤਲੀ ਉਤੇ ਵੱਡੀ ਜਿੱਤ ਨੇ ਕੱਢ ਦਿੱਤੀ ਹੈ। ਅਰੁਣ ਜੇਤਲੀ ਦੇਸ਼ ਭਰ ਵਿਚ ਇਕੱਲਾ ਅਜਿਹਾ ਸਿਰਕੱਢ ਭਾਜਪਾ ਆਗੂ ਹੈ ਜਿਸ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਹੈ। ਭਾਜਪਾ ਨੂੰ ਹੁਣ ਤੱਕ ਸ਼ਹਿਰਾਂ ਵਿਚ ਹਰ ਥਾਂ ਵੱਡੀ ਹਮਾਇਤ ਮਿਲਦੀ ਰਹੀ ਹੈ ਪਰ ਅੰਮ੍ਰਿਤਸਰ ਦੇ ਸ਼ਹਿਰੀ ਹਲਕੇ ਵਿਚ ਅਰੁਣ ਜੇਤਲੀ ਨੂੰ ਜੋ ਸੱਟ ਵੱਜੀ ਹੈ, ਉਸ ਨੇ ਸਿਆਸੀ ਮਾਹਿਰਾਂ ਨੂੰ ਵੀ ਹੈਰਾਨ ਕੀਤਾ ਹੈ। ਸ਼ਹਿਰੀ ਵੋਟਰਾਂ ਨੇ ਇਸ ਆਗੂ ਨੂੰ ਰੱਦ ਕਰ ਦਿੱਤਾ। ਅਰੁਣ ਜੇਤਲੀ ਦੀ ਇਹ ਪਹਿਲੀ ਲੋਕ ਸਭਾ ਚੋਣ ਸੀ ਅਤੇ ਪਹਿਲੀ ਵਾਰ ਹੀ ਪੰਜਾਬ ਨੇ ਉਸ ਦੇ ਗਲ ਹਾਰ ਦਾ ਹਾਰ ਪਾ ਕੇ ਉਸ ਨੂੰ ਵਾਪਸ ਦਿੱਲੀ ਤੋਰ ਦਿੱਤਾ ਹੈ।

ਪੰਜਾਬ ਵਿਚ 'ਆਪ' ਦੀ ਜਿੱਤ ਵਿਚ ਹੋਰ ਪੱਖਾਂ ਤੋਂ ਇਲਾਵਾ ਪਰਵਾਸੀ ਪੰਜਾਬੀਆਂ ਦਾ ਵੱਡਾ ਯੋਗਦਾਨ ਰਿਹਾ ਹੈ। ਜਿਸ ਤਰ੍ਹਾਂ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਪਰਵਾਸੀਆਂ ਨੇ ਲੱਕ ਬੰਨ੍ਹ ਕੇ ਮਨਪ੍ਰੀਤ ਸਿੰਘ ਬਾਦਲ ਦੀ ਇਮਦਾਦ ਕੀਤੀ ਸੀ, ਐਨ ਉਸੇ ਤਰ੍ਹਾਂ ਦਾ ਹੁੰਗਾਰਾ 'ਆਪ' ਨੂੰ ਭਰਿਆ। ਇਸ ਵਾਰ ਵਾਧਾ ਇਹ ਰਿਹਾ ਕਿ 'ਆਪ' ਦੇ ਹੱਕ ਵਿਚ ਲੋਕ ਲਹਿਰ ਉਠ ਖੜ੍ਹੀ ਹੋਈ। ਪਰਵਾਸ ਵਿਚੋਂ ਇਸ ਤਰ੍ਹਾਂ ਦਾ ਹੰਭਲਾ ਇਕ ਸਦੀ ਪਹਿਲਾਂ ਗਦਰੀਆਂ ਨੇ ਮਾਰਿਆ ਸੀ ਅਤੇ ਅੰਗਰੇਜ਼ ਸ਼ਾਸਕਾਂ ਨੂੰ ਵੰਗਾਰਿਆ ਸੀ। ਜਿਹਾ ਕਿ ਆਮ ਲੋਕ ਲਹਿਰਾਂ ਵਿਚ ਹੁੰਦਾ ਹੀ ਹੈ, ਲੋਕਾਂ ਦੀ ਸਰਗਰਮੀ ਲੀਡਰਾਂ ਤੋਂ ਅਗਾਂਹ ਨਿਕਲ ਗਈ ਅਤੇ ਨਤੀਜਾ ਸਭ ਦੇ ਸਾਹਮਣੇ ਹੈ। ਹੁਣ ਤਕ ਪੰਜਾਬ ਦੇ ਲੋਕ ਕਾਂਗਰਸ ਜਾਂ ਅਕਾਲੀ ਦਲ ਵਿਚੋਂ ਕਿਸੇ ਇਕ ਧਿਰ ਨੂੰ ਜਿਤਾਉਂਦੇ ਸਨ, ਪਰ ਐਤਕੀਂ ਪੰਜਾਬੀਆਂ ਨੇ ਤੀਜੀ ਧਿਰ ਵਜੋਂ 'ਆਪ' ਨੂੰ ਚਣਿਆ। 'ਆਪ' ਨੇ ਚਾਰ ਸੀਟਾਂ ਹੀ ਨਹੀਂ ਜਿੱਤੀਆਂ, ਸੂਬੇ ਭਰ ਵਿਚ ਚੋਖੀਆਂ ਵੋਟਾਂ ਹਾਸਲ ਕੀਤੀਆਂ। ਵਿਸ਼ਲੇਸ਼ਣ ਦੱਸਦਾ ਹੈ ਕਿ 'ਆਪ' ਨੇ ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਵਿਚੋਂ 33 ਵਿਚ ਲੀਡ ਹਾਸਲ ਕੀਤੀ। ਇਸ ਹਿਸਾਬ ਨਾਲ ਸਿਰਫ ਕਾਂਗਰਸ ਹੀ 37 ਹਲਕਿਆਂ ਵਿਚ ਲੀਡ ਨਾਲ ਇਸ ਤੋਂ ਅੱਗੇ ਨਿਕਲ ਸਕੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ 29 ਅਤੇ ਭਾਜਪਾ ਨੂੰ 19 ਹਲਕਿਆਂ ਵਿਚ ਲੀਡ ਮਿਲੀ ਹੈ। 'ਆਪ' ਨੂੰ ਹਾਸਲ ਹੋਈ ਵੋਟ ਫੀਸਦ ਵੀ ਸੱਤਾਧਾਰੀ ਅਕਾਲੀ ਦਲ ਦੇ ਬਹੁਤ ਕਰੀਬ ਪਹੁੰਚ ਗਈ ਹੈ। ਭਵਿਖ ਵਿਚ ਜੇ 'ਆਪ' ਪੰਜਾਬ ਵਿਚ ਪੂਰੀ ਤਰ੍ਹਾਂ ਜਥੇਬੰਦ ਹੋ ਕੇ ਸਿਆਸੀ ਪਿੜ ਵਿਚ ਵਿਚਰਦੀ ਹੈ ਤਾਂ ਅਗਾਮੀ ਵਿਧਾਨ ਸਭਾ ਚੋਣਾਂ ਦਾ ਨਕਸ਼ਾ ਮੁੱਢੋਂ ਹੀ ਬਦਲ ਸਕਦਾ ਹੈ। ਪੰਜਾਬੀ ਪਹਿਲਾਂ ਵੀ ਇਸ ਤਰ੍ਹਾਂ ਦੀ ਹਾਜ਼ਰੀ ਗਾਹੇ-ਬਗਾਹੇ ਦਰਜ ਕਰਵਾਉਂਦੇ ਰਹੇ ਹਨ। 'ਆਪ' ਦੀ ਇਹ ਤਾਜ਼ਾ ਹਾਜ਼ਰੀ ਵੀ ਉਸੇ ਕੜੀ ਦਾ ਹਿੱਸਾ ਹੈ। ਪੰਜਾਬੀਆਂ ਦਾ 'ਆਪ' ਨੂੰ ਭਰਿਆ ਇਹ ਆਪ-ਮੁਹਾਰਾ ਹੁੰਗਾਰਾ ਅਸਲ ਵਿਚ ਤਬਦੀਲੀ ਦੀ ਉਸ ਤਾਂਘ ਦਾ ਲਖਾਇਕ ਹੈ ਜਿਸ ਲਈ ਪੰਜਾਬ ਸਦਾ ਜੂਝਦਾ ਰਿਹਾ ਹੈ। ਇਸ ਨੇ ਆਪਣੇ ਉਸੇ ਜੁਝਾਰੂਪਣ ਉਤੇ ਹੁਣ ਮੋਹਰ ਹੀ ਲਵਾਈ ਹੈ। ਹੁਣ 'ਆਪ' ਦੀ ਲਡਿਰਸ਼ਿਪ ਉਤੇ ਨਿਰਭਰ ਹੈ ਕਿ ਇਸ ਨੇ ਇਸ ਹੁੰਗਾਰੇ ਨੂੰ ਅਗਾਂਹ ਕਿਸ ਤਰ੍ਹਾਂ ਅਤੇ ਕਿਸ ਦਿਸ਼ਾ ਵਿਚ ਲੈ ਕੇ ਜਾਣਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜਿੱਤ ਕਿ ਹਾਰ?*

ਸੁੰਨ ਪਾਈ ਏ ਚੋਣ ਨਤੀਜਿਆਂ ਨੇ, ਸਾਹਵੇਂ ਦੇਖ ਨਾ ਆਵੇ ਇਤਬਾਰ ਭਾਈ।
ਲੱਗੀ ਸੱਟ ਹੈ ਧਰਮ-ਨਿਰਪੱਖਤਾ ਨੂੰ, ਫਾਸ਼ੀਵਾਦ ਨੇ ਲਿਆ ਬਲ ਧਾਰ ਭਾਈ।
ਕੀ ਬਣ ਗਿਆ? ਸੋਚ ਹੈਰਾਨ ਹੁੰਦੇ, ਆਸਾਂ ਰੱਖੀਆਂ ਜਿਨ੍ਹਾਂ ਹਜ਼ਾਰ ਭਾਈ।
ਜਾਗ ਪਿਆ ਪੰਜਾਬ ਦਾ ਆਮ ਬੰਦਾ, ਤਾਹੀਂਉਂ ਜਿੱਤੀਆਂ ਸੀਟਾਂ ਨੇ ਚਾਰ ਭਾਈ।
ਘਰੇ ਕਿਸੇ ਦੇ ਸੋਗ ਮਾਹੌਲ ਛਾਇਆ, ਖੁਸ਼ੀ ਕਿਸੇ ਦੇ ਘਰੇ ਬਹਾਰ ਵਰਗੀ।
ਹੋਈ ਹਾਰ ਵੀ ਕਿਸੇ ਦੀ 'ਜਿੱਤ' ਲੱਗੇ, ਜਿੱਤ ਕਈਆਂ ਦੀ ਜਾਪਦੀ 'ਹਾਰ' ਵਰਗੀ!

# ਪੰਜਾਬ ਵਿਚ ਨਵੀਂ ਸਿਆਸੀ ਤਬਦੀਲੀ ਦੀ ਪੈੜਚਾਲ

**ਭੀਮ ਇੰਦਰ ਸਿੰਘ**

ਸੋਲ੍ਹਵੀਆਂ ਲੋਕ ਸਭਾ ਚੋਣਾਂ ਦੇ ਨਤੀਜੇ ਆ ਚੁੱਕੇ ਹਨ। ਪੰਜਾਬ ਵਿਚ ਇਹ ਨਤੀਜੇ ਹਿੰਦੁਸਤਾਨ ਦੇ ਬਾਕੀ ਸੂਬਿਆਂ ਨਾਲੋਂ ਵਿਲੱਖਣ ਅਤੇ ਵੱਖਰੇ ਰਹੇ ਹਨ। ਆਮ ਆਦਮੀ ਪਾਰਟੀ (ਆਪ) ਦੇ ਉਭਾਰ ਨੇ ਪੰਜਾਬ ਦੇ ਸਿਆਸੀ ਸਮੀਕਰਨ ਬਦਲ ਦਿੱਤੇ ਹਨ। ਪੰਜਾਬ ਵਿਚ ਆਮ ਆਦਮੀ ਪਾਰਟੀ ਨੂੰ ਮਿਲੀਆਂ ਚਾਰ ਸੀਟਾਂ ਅਤੇ ਤਕਰੀਬਨ ਪੱਚੀ ਫ਼ੀਸਦੀ ਵੋਟ ਹਿੱਸਾ ਨਵੇਂ ਸਿਆਸੀ ਪਰਿਵਰਤਨ ਦੀ ਆਹਟ ਹੈ। ਪੰਜਾਬ ਅਤੇ ਤਬਦੀਲੀ ਇੱਕੋ ਸਿੱਕੇ ਦੇ ਦੋ ਪਹਿਲੂ ਰਹੇ ਹਨ। ਇਹ ਤਬਦੀਲੀ ਸਿਰਫ਼ ਹੱਦਾਂ ਜਾਂ ਸਰਹੱਦਾਂ ਤਕ ਮਹਿਦੂਦ ਨਹੀਂ ਰਹੇ, ਸਗੋਂ ਸਿਆਸਤ ਦੇ ਖੇਤਰ ਵਿਚ ਵੀ ਵਾਪਰਦੇ ਰਹੇ ਹਨ। ਪੰਜਾਬ ਦੇ ਭੂਗੋਲਿਕ, ਇਤਿਹਾਸਕ, ਸਮਾਜਕ ਅਤੇ ਆਰਥਿਕ ਪੱਖਾਂ ਨੇ ਪੰਜਾਬੀਆਂ ਦਾ ਨਿਵੇਕਲਾ ਸਿਆਸੀ ਇਤਿਹਾਸ ਸਿਰਜਣ ਵਿਚ ਅਹਿਮ ਯੋਗਦਾਨ ਪਾਇਆ ਹੈ। ਵੈਦਿਕ ਕਾਲ ਤੋਂ ਲੈ ਕੇ ਸਿੱਖ ਇਨਕਲਾਬ ਤਕ ਪੰਜਾਬ ਨੇ ਨਵੇਂ ਵਿਚਾਰਾਂ ਅਤੇ ਵਿਹਾਰਾਂ ਨੂੰ ਫੈਲਾਉਣ ਵਿਚ ਪਹਿਲਕਦਮੀ ਕੀਤੀ ਹੈ। ਅੰਗਰੇਜ਼ਾਂ ਦੇ ਸਭਿਆਚਾਰਕ, ਆਰਥਿਕ ਅਤੇ ਸਮਾਜਕ ਮਾਡਲ ਦੀ ਸਾਮਰਾਜੀ ਧੌਂਸ ਨਾਲ ਦਸਤਪੰਜਾ ਲੈਣ ਵਿਚ ਵੀ ਪੰਜਾਬੀਆਂ ਨੇ ਕੋਈ ਢਿੱਲ ਨਹੀਂ ਛੱਡੀ। ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਪੈਪਸੂ ਮੁਜ਼ਾਰਾ ਲਹਿਰ ਅਤੇ ਅਕਾਲੀ ਮੋਰਚੇ ਪੰਜਾਬੀਆਂ ਦੀ ਸਿਆਸੀ ਪਹਿਲਕਦਮੀ ਦੇ ਗਵਾਹ ਹਨ। ਆਜ਼ਾਦੀ ਤੋਂ ਬਾਅਦ ਵੀ ਪੰਜਾਬੀਆਂ ਨੇ ਸਿਆਸੀ ਸਰਗਰਮੀਆਂ ਨੂੰ ਮੱਠਾ ਨਹੀਂ ਪੈਣ ਦਿੱਤਾ।

ਪੰਜਾਬ ਦੀਆਂ ਅਜੋਕੀਆਂ ਚੋਣਾਂ ਆਪਣੇ ਰੂਪ ਅਤੇ ਤੱਤ ਪੱਖੋਂ ਪਿਛਲੀਆਂ ਚੋਣਾਂ ਦੇ ਮੁਕਾਬਲੇ ਵੱਖਰੀਆਂ ਸਨ। ਇਨ੍ਹਾਂ ਚੋਣਾਂ ਵਿਚ ਸੂਚਨਾ ਕ੍ਰਾਂਤੀ, ਤਕਨੀਕ, ਪੂੰਜੀ, ਖੁੱਲ੍ਹੀ ਮੰਡੀ, ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ ਅਤੇ ਸ਼ੇਅਰ ਬਾਜ਼ਾਰ ਨੇ ਅਹਿਮ ਰੋਲ ਅਦਾ ਕੀਤਾ। ਇਨ੍ਹਾਂ ਚੋਣਾਂ ਵਿਚ ਕਾਰਪੋਰੇਟ ਪੂੰਜੀਵਾਦ ਦਾ ਪ੍ਰਭਾਵ ਸਿੱਧੇ ਜਾਂ ਅਸਿੱਧੇ ਤੌਰ 'ਤੇ ਭਰਪੂਰ ਰੂਪ ਵਿਚ ਵੇਖਣ ਨੂੰ ਮਿਲਿਆ। ਲੰਮੇ ਸਮੇਂ ਬਾਅਦ ਆਮ ਲੋਕਾਂ ਨੇ ਚੋਣਾਂ ਵਿਚ ਦਿਲਚਸਪੀ ਵਿਖਾਈ। ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ ਦਿੱਲੀ ਵਿਚ ਹੋਏ ਆਮ ਆਦਮੀ ਪਾਰਟੀ ਦੇ ਸੱਤਾ ਪਰਿਵਰਤਨ ਨੇ ਪੰਜਾਬ ਦੇ ਲੋਕਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ। ਇਹੀ ਕਾਰਨ ਸੀ ਕਿ ਕੇਜਰੀਵਾਲ ਦੀਆਂ ਰੈਲੀਆਂ ਅਤੇ ਰੋਡ ਸ਼ੋਆਂ ਵਿਚ ਪੰਜਾਬੀਆਂ ਦਾ ਭਰਪੂਰ ਇਕੱਠ ਉਮੜਦਾ ਰਿਹਾ। ਆਮ ਆਦਮੀ ਪਾਰਟੀ ਦੀ ਕਾਰਜਸ਼ੈਲੀ ਅਤੇ ਵਿਚਾਰਾਂ ਨੇ ਪੰਜਾਬੀਆਂ ਨੂੰ ਚੁੰਬਕ ਵਾਂਗ ਖਿੱਚਿਆ। ਇਸ ਖਿੱਚ ਦੇ ਸਿੱਟੇ ਵਜੋਂ ਪੰਜਾਬ ਦੀਆਂ ਹਾਕਮ ਪਾਰਟੀਆਂ ਦਾ ਕਾਡਰ ਅਤੇ ਵੋਟ ਬੈਂਕ ਖਿਸਕਣ ਲੱਗਾ। ਜਿਉਂ-ਜਿਉਂ ਵੋਟਾਂ ਦਾ ਦਿਨ ਨੇੜੇ ਆਉਂਦਾ ਗਿਆ, ਤਿਉਂ-ਤਿਉਂ ਆਮ ਆਦਮੀ ਪਾਰਟੀ ਦੀ ਲਹਿਰ ਜ਼ੋਰ ਫੜਦੀ ਗਈ। ਅਖੀਰ ਵੋਟਾਂ ਵਾਲੇ ਦਿਨ ਇਸ ਲਹਿਰ ਵਿਚਲਾ ਵੱਡਾ ਹਿੱਸਾ 'ਆਪ' ਨੂੰ ਵੋਟ ਪਾਉਣ ਵਿਚ ਕਾਮਯਾਬ ਹੋਇਆ। ਇਸ ਵੋਟ ਬੈਂਕ ਦੇ ਖਿਸਕਣ ਨੇ ਜਿੱਥੇ ਅਕਾਲੀ-ਭਾਜਪਾ ਅਤੇ ਕਾਂਗਰਸ ਵਰਗੀਆਂ ਵੱਡੀਆਂ ਪਾਰਟੀਆਂ ਦੀ ਨੀਂਦ ਉਡਾ ਦਿੱਤੀ, ਉੱਥੇ ਇਸ ਨੇ ਇਨ੍ਹਾਂ ਪਾਰਟੀਆਂ ਦੁਆਰਾ ਪੰਜਾਬ ਦੇ ਲੋਕਾਂ ਉੱਪਰ ਥੋਪੀਆਂ ਲੋਕ-ਵਿਰੋਧੀ ਨੀਤੀਆਂ ਦੀ ਵੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ।

ਪੰਜਾਬ ਦੀਆਂ ਹਾਕਮ ਪਾਰਟੀਆਂ ਨੇ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਵਿਚ ਕਾਰਪੋਰੇਟ ਪੂੰਜੀਵਾਦੀ ਮਾਡਲ ਲਾਗੂ ਕੀਤਾ ਹੈ। ਇਸ ਮਾਡਲ ਦੇ ਸਿੱਟੇ ਵਜੋਂ ਪੰਜਾਬੀਆਂ ਦਾ ਆਰਥਿਕ ਧਰੁਵੀਕਰਨ ਡੂੰਘਾ ਹੁੰਦਾ ਗਿਆ। ਪੰਜਾਬ ਦੇ ਆਮ ਲੋਕ ਚੰਗੀ ਸਿਹਤ, ਸਿੱਖਿਆ, ਰੁਜ਼ਗਾਰ, ਸਾਫ਼-ਸੁਥਰੇ ਵਾਤਾਵਰਨ ਅਤੇ ਸ਼ੁੱਧ ਪਾਣੀ ਜਿਹੀਆਂ ਬੁਨਿਆਦੀ ਸਹੂਲਤਾਂ ਤੋਂ ਮਹਿਰੂਮ ਹੁੰਦੇ ਚਲੇ ਗਏ। ਰਹਿੰਦੀ ਕਸਰ ਰੇਤਾ-ਬੱਜਰੀ ਦੀ ਕਿੱਲਤ, ਮਹਿੰਗਾਈ ਅਤੇ ਭ੍ਰਿਸ਼ਟਾਚਾਰ ਨੇ ਕੱਢ ਦਿੱਤੀ। ਹਾਕਮ ਪਾਰਟੀਆਂ ਨੇ ਨਵੇਂ-ਨਵੇਂ ਢੰਗ ਲੱਭ ਕੇ ਆਮ ਲੋਕਾਂ ਦੇ ਵਿਚਾਰਾਂ ਅਤੇ ਵਿਰੋਧਾਂ ਨੂੰ ਆਪਣੇ ਹਿੱਤਾਂ ਅਨੁਕੂਲ ਵਰਤਣ ਦੇ ਭਰਪੂਰ ਯਤਨ ਕੀਤੇ। ਆਟਾ-ਦਾਲ, ਸਾਈਕਲ ਸਕੀਮਾਂ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਗਈ। ਨਸ਼ਿਆਂ ਦੀ ਵਿਕਰੀ ਅਤੇ ਸਮਗਲਿੰਗ ਨੇ ਪੰਜਾਬ ਦੇ ਅਨੇਕਾਂ ਘਰ ਤਬਾਹ ਕਰ ਦਿੱਤੇ। ਪੰਜਾਬ ਵਿਚ ਸਿਆਸਤ ਦਾ ਅਪਰਾਧੀਕਰਨ ਅਤੇ ਅਪਰਾਧ ਦਾ ਸਿਆਸੀਕਰਨ ਬੜੀ ਤੇਜ਼ੀ ਨਾਲ ਹੋਇਆ। ਭੂ-ਮਾਫ਼ੀਆ, ਹੋਟਲ ਸਨਅਤਕਾਰ, ਠੇਕੇਦਾਰ, ਟਰਾਂਸਪੋਰਟਰ, ਡੇਰੇਦਾਰ, ਨਸ਼ਿਆਂ ਦੇ ਸਮਗਲਰ, ਬਲੈਕੀਏ, ਸਿੱਖਿਆ ਮਾਫ਼ੀਆ ਅਤੇ ਰੇਤ ਮਾਫ਼ੀਆ ਨੇ ਪੰਜਾਬ ਦੀ ਸਿਆਸਤ ਵਿਚ ਆਪਣੇ ਪੈਰ ਪਸਾਰ ਕੇ ਬੇਹੱਦ ਲਾਭ ਪ੍ਰਾਪਤ ਕੀਤਾ। ਪੰਜਾਬ ਦੀਆਂ ਹਾਕਮ ਧਿਰਾਂ ਨੇ ਬਹੁ-ਕੌਮੀ ਅਤੇ ਕੌਮੀ ਕਾਰਪੋਰੇਸ਼ਨਾਂ ਨੂੰ 'ਜੀ ਆਇਆਂ' ਕਿਹਾ ਅਤੇ ਇਨ੍ਹਾਂ ਕੋਲੋਂ ਵੱਡੇ ਪੱਧਰ 'ਤੇ ਕਮਿਸ਼ਨ ਖਾਧਾ। ਸਿੱਟੇ ਵਜੋਂ ਪੰਜਾਬ ਦੀ ਸਿਆਸਤ ਦੁਆਰਾ ਸ਼ੁਰੂ ਕੀਤੀਆਂ ਗਈਆਂ ਕਾਰਪੋਰੇਟ ਨੀਤੀਆਂ ਨੇ ਬੜੀ ਤੇਜ਼ੀ ਨਾਲ ਸੂਬੇ ਦੇ ਸਭਿਆਚਾਰ, ਆਰਥਿਕਤਾ, ਖੇਤੀਬਾੜੀ ਅਤੇ ਧਰਮ ਨੂੰ ਪ੍ਰਭਾਵਿਤ ਕੀਤਾ। ਪੰਜਾਬ ਵਿਚ ਸ਼ਹਿਰੀਕਰਨ ਦੇ ਫੈਲਾਅ ਕਾਰਨ ਕਾਰਪੋਰੇਟ ਖੇਤਰ ਨੇ ਆਪਣੀ ਪੂੰਜੀ ਪੰਜਾਬ ਦੀ ਕਿਸਾਨੀ ਦੀ ਜ਼ਮੀਨ ਆਪਣੇ ਕਬਜ਼ੇ ਵਿਚ ਕਰਨ ਲਈ ਵਰਤੀ। ਨਤੀਜੇ ਵਜੋਂ ਪੈਦਾ ਹੋਏ ਭੂ-ਮਾਫ਼ੀਆ ਦੀ ਸਿਆਸਤ ਵਿਚ ਸ਼ਮੂਲੀਅਤ ਨੇ ਨਵੇਂ ਸੰਕਟ ਪੈਦਾ ਕੀਤੇ। ਇਨ੍ਹਾਂ ਸੰਕਟਾਂ ਨੇ ਆਮ ਆਦਮੀ ਪਾਰਟੀ ਲਈ ਆਧਾਰ ਤਿਆਰ ਕੀਤਾ।

ਪੰਜਾਬ ਦੀਆਂ ਸਰਕਾਰਾਂ ਦੁਆਰਾ ਖੇਤੀਬਾੜੀ ਨੂੰ ਵੀ ਕਾਰਪੋਰੇਟ ਮਾਡਲ ਰਾਹੀਂ ਕੰਟਰੋਲ ਕਰਨ ਦੇ ਯਤਨ ਹੋਏ। ਇਨ੍ਹਾਂ ਯਤਨਾਂ ਦੇ ਸਿੱਟੇ ਵਜੋਂ ਪੰਜਾਬ ਦੀ ਕਿਸਾਨੀ ਖ਼ੁਦਕੁਸ਼ੀਆਂ ਦੇ ਰਾਹ ਤੁਰੀ, ਪਰ ਵੱਖ-ਵੱਖ ਸਰਕਾਰਾਂ ਨੇ ਇਸ ਵੱਲ ਧਿਆਨ ਨਾ ਦਿੱਤਾ। ਸਰਕਾਰਾਂ, ਕਾਰਪੋਰੇਟ, ਨੌਕਰਸ਼ਾਹੀ ਅਤੇ ਅਮੀਰ ਕਿਸਾਨੀ ਨਾਲ ਪੰਜਾਬ ਦੀ ਗ਼ਰੀਬ ਕਿਰਸਾਨੀ ਦਾ ਵਿਰੋਧ ਡੂੰਘਾ ਹੁੰਦਾ ਗਿਆ। ਪੰਜਾਬ ਦੀਆਂ ਖੱਬੇ-ਪੱਖੀ ਪਾਰਟੀਆਂ ਅਤੇ ਧੜਿਆਂ ਨੇ ਇਸ ਵਿਰੋਧ ਨੂੰ ਵੋਟਾਂ ਰਾਹੀਂ ਆਪਣੇ ਹੱਕ ਵਿਚ ਭੁਗਤਾਉਣ ਵਿਚ ਸਫ਼ਲਤਾ ਹਾਸਲ ਨਾ ਕੀਤੀ। ਗ਼ਰੀਬੀ ਦੀ ਦਲਦਲ ਵਿਚ ਧਸੇ ਛੋਟੇ ਕਿਸਾਨ, ਮਜ਼ਦੂਰ, ਦਲਿਤ ਅਤੇ ਪੰਜਾਬ ਦੇ ਮੱਧ-ਵਰਗ ਦਾ ਵੱਡਾ ਹਿੱਸਾ ਕਿਸੇ ਨਵੇਂ ਸਿਆਸੀ ਬਦਲ ਦੀ ਤਲਾਸ਼ ਵਿਚ ਸੀ। ਇਨ੍ਹਾਂ ਦੀ ਇਹ ਤਲਾਸ਼ ਆਮ ਆਦਮੀ ਪਾਰਟੀ ਨੇ ਪੂਰੀ ਕੀਤੀ। ਮਸ਼ੀਨੀਕਰਨ ਦੇ ਹੜ੍ਹ ਕਾਰਨ ਸੂਬੇ ਦੇ ਦਲਿਤ ਵਰਗ ਲਈ ਕੰਮ ਦੇ ਮੌਕੇ ਸੀਮਤ ਹੋ ਗਏ ਸਨ। ਪੰਜਾਬ ਵਿਚ 'ਆਪ' ਦੀ ਆਮਦ ਨੇ ਦਲਿਤ ਭਾਈਚਾਰੇ ਨੂੰ ਆਪਣੇ ਨੇੜੇ ਕਰਨ ਵਿਚ ਸਹਾਇਤਾ ਕੀਤੀ।

> ***ਪੰਜਾਬੀਆਂ ਨੇ ਆਪਣੇ ਵੱਖਰੇ ਸੁਭਾਅ ਕਰ ਕੇ ਨਵੇਂ ਵਿਚਾਰ ਗ੍ਰਹਿਣ ਕਰਨ ਵਿਚ ਸਦਾ ਪਹਿਲਕਦਮੀ ਕੀਤੀ ਹੈ। ਐਤਕੀਂ ਲੋਕ ਸਭਾ ਚੋਣਾਂ ਦੇ ਨਤੀਜੇ ਗਵਾਹੀ ਭਰਦੇ ਹਨ ਕਿ ਪੰਜਾਬੀ ਨਵੇਂ ਸਿਆਸੀ ਵਿਚਾਰਾਂ ਨੂੰ ਅਪਨਾਉਣ ਵਿਚ ਵੀ ਬਾਜ਼ੀ ਮਾਰ ਸਕਦੇ ਹਨ।***

ਪੰਜਾਬ ਦਾ ਮੱਧ-ਵਰਗ ਜਿਸ ਵਿਚ ਵੱਡੀ ਗਿਣਤੀ ਵਿਚ ਦਰਮਿਆਨੀ ਕਿਸਾਨੀ, ਮੁਲਾਜ਼ਮ, ਵਿਦਿਆਰਥੀ, ਦਰਮਿਆਨੇ ਵਪਾਰੀ, ਛੋਟੇ ਕਾਰਖਾਨੇਦਾਰ ਅਤੇ ਦੁਕਾਨਦਾਰ ਸ਼ਾਮਲ ਹਨ, ਆਰਥਿਕ ਤੇ ਸਿਆਸੀ ਤੌਰ 'ਤੇ ਹਾਕਮ ਪਾਰਟੀਆਂ ਤੋਂ ਮਾਰ ਖਾਂਦਾ ਰਿਹਾ ਹੈ। ਇਹ ਆਪਣੀਆਂ ਲੋੜਾਂ ਅਤੇ ਹਿੱਤਾਂ ਮੁਤਾਬਿਕ ਕਦੇ ਕਾਂਗਰਸ ਤੇ ਕਦੇ ਅਕਾਲੀ-ਭਾਜਪਾ ਵੱਲ ਝੁਕਦਾ ਰਿਹਾ ਹੈ। ਇਹ ਵਰਗ ਅਕਸਰ ਸਿਆਸੀ ਤੌਰ 'ਤੇ ਦੁਬਿਧਾ ਦਾ ਸ਼ਿਕਾਰ ਹੁੰਦੇ ਰਹੇ ਹਨ। ਪੰਜਾਬ ਵਿਚ ਆਮ ਆਦਮੀ ਪਾਰਟੀ ਨੂੰ ਮਕਬੂਲ ਅਤੇ ਪਕੇਰਾ ਕਰਨ ਵਿਚ ਇਸ ਵਰਗ ਦਾ ਵੱਡਾ ਰੋਲ ਹੈ। ਇਸ ਵਰਗ ਦੀ ਸਿਆਸੀ ਸਰਗਰਮੀ ਪਿਛਲੀਆਂ ਸਰਕਾਰਾਂ ਬਣਾਉਣ ਅਤੇ ਉਲਟਾਉਣ ਵਿਚ ਅਹਿਮ ਯੋਗਦਾਨ ਪਾਉਂਦੀ ਰਹੀ ਹੈ। ਇਸ ਵਾਰ ਅਤੇ ਭਵਿੱਖ ਵਿਚ ਵੀ ਇਹ ਵਰਗ ਆਮ ਆਦਮੀ ਪਾਰਟੀ ਦੇ ਪੈਰ ਜਮਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਵੇਗਾ।

ਪਿਛਲੇ ਸਮੇਂ ਦੌਰਾਨ ਪੰਜਾਬ ਦੀ ਸਿਆਸਤ ਵਿਚ ਭਾਵੇਂ ਧਾਰਮਿਕ ਮੂਲਵਾਦ ਅਤੇ ਕੇਂਦਰ ਨਾਲ ਤਣਾਅ ਵਿਚ ਕਮੀ ਆਈ ਪਰ ਵੱਖ-ਵੱਖ ਪਾਰਟੀਆਂ ਵਿਚ ਮੌਕਾਪ੍ਰਸਤੀ, ਪਰਿਵਾਰਵਾਦ ਤੇ ਗਰੁੱਪਬਾਜ਼ੀ ਦੀ ਸਿਆਸਤ ਵਿਚ ਭਰਪੂਰ ਵਾਧਾ ਹੋਇਆ। ਅਜਿਹੀ ਸਿਆਸਤ ਦਾ ਲਾਭ ਆਮ ਆਦਮੀ ਪਾਰਟੀ ਨੂੰ ਹੋਇਆ। ਭਵਿੱਖ ਵਿਚ ਅਕਾਲੀ ਦਲ (ਬਾਦਲ), ਭਾਜਪਾ ਅਤੇ ਕਾਂਗਰਸ ਦੀ ਅਸੰਤੁਸ਼ਟ ਲੀਡਰਸ਼ਿਪ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਸਕਦੀ ਹੈ। ਪੰਜਾਬ ਦੀਆਂ ਕਈ ਖੱਬੇ-ਪੱਖੀ ਪਾਰਟੀਆਂ ਅਤੇ ਗਰੁੱਪਾਂ ਨੇ ਭਾਵੇਂ ਆਮ ਆਦਮੀ ਪਾਰਟੀ ਦੀ ਆਮਦ ਨੂੰ 'ਜੀ ਆਇਆਂ' ਨਹੀਂ ਕਿਹਾ, ਪਰ ਇਨ੍ਹਾਂ ਦਾ ਇੱਕ ਹਿੱਸਾ 'ਆਪ' ਵੱਲ ਝੁਕਿਆ ਹੈ। ਇਸੇ ਤਰ੍ਹਾਂ ਅਕਾਲੀ ਦਲ (ਬਾਦਲ) ਦੀ ਬਦਲ ਰਹੀ ਸਿਆਸਤ ਤੋਂ ਪ੍ਰੇਸ਼ਾਨ ਅਕਾਲੀ ਲੀਡਰ ਅਤੇ ਸਿੱਖ ਜਥੇਬੰਦੀਆਂ ਜਾਂ ਪਾਰਟੀਆਂ ਨੇ ਆਮ ਆਦਮੀ ਪਾਰਟੀ ਨੂੰ ਭਰਪੂਰ ਸਮਰਥਨ ਦਿੱਤਾ ਹੈ। ਇਸ ਦਾ ਮੁੱਖ ਕਾਰਨ 'ਆਪ' ਵੱਲੋਂ ਦਿੱਲੀ ਦੰਗਿਆਂ ਦੇ ਮਸਲੇ ਨੂੰ ਗੰਭੀਰਤਾ ਨਾਲ ਲੈਣਾ ਵੀ ਹੈ। ਜੇ ਆਮ ਆਦਮੀ ਪਾਰਟੀ ਆਪਣੀ ਉਦਾਰਵਾਦੀ ਸੋਚ ਨੂੰ ਪ੍ਰਮੁੱਖਤਾ ਦਿੰਦੀ ਹੋਈ ਘੱਟ-ਗਿਣਤੀਆਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਹੱਲ ਕਰਨ ਦਾ ਯਤਨ ਕਰਦੀ ਹੈ ਤਾਂ ਇਹ ਅਕਾਲੀ ਦਲ ਦਾ ਵੋਟ ਬੈਂਕ ਤੋੜਨ ਵਿਚ ਸਫ਼ਲਤਾ ਹਾਸਲ ਕਰ ਸਕਦੀ ਹੈ।

ਪੰਜਾਬ ਦੀਆਂ ਅਮੀਰ ਜਮਾਤਾਂ ਸਿਆਸਤ 'ਤੇ ਕਾਬਜ਼ ਹੋ ਕੇ ਧਰਮ, ਉਦਯੋਗ, ਟਰਾਂਸਪੋਰਟ, ਮੀਡੀਆ, ਭੂਮੀ, ਸਿੱਖਿਆ, ਰੇਤਾ, ਬੱਜਰੀ ਆਦਿ 'ਤੇ ਕਾਬਜ਼ ਹੋ ਚੁੱਕੀਆਂ ਹਨ। ਪੰਜਾਬ ਦੀ ਜ਼ਮੀਨ, ਜਲਵਾਯੂ ਅਤੇ ਜਵਾਨੀ ਸੰਕਟ ਵਿਚ ਹਨ। ਪੰਜਾਬੀ ਭਾਸ਼ਾ, ਸਭਿਆਚਾਰ, ਸਿੱਖਿਆ, ਸਾਹਿਤ ਅਤੇ ਸਿਹਤ ਦੇ ਮੁੱਦੇ ਪੰਜਾਬ ਦੀ ਸਿਆਸਤ ਵਿਚੋਂ ਗਾਇਬ ਹੁੰਦੇ ਜਾ ਰਹੇ ਹਨ। ਆਮ ਆਦਮੀ ਪਾਰਟੀ ਭਵਿੱਖ ਵਿਚ ਇਨ੍ਹਾਂ ਸੰਕਟਾਂ ਅਤੇ ਮੁੱਦਿਆਂ ਨੂੰ ਸਿਆਸਤ ਦੇ ਕੇਂਦਰ ਵਿਚ ਲਿਆ ਕੇ ਆਪਣਾ ਆਧਾਰ ਤਿਆਰ ਕਰ ਸਕਦੀ ਹੈ। ਇਸ ਸਮੇਂ ਪੰਜਾਬ ਦੀ ਆਰਥਿਕਤਾ ਅਤੇ ਸਿਆਸਤ ਨੂੰ ਸਾਕਾਰਤਮਕ ਲੀਹਾਂ 'ਤੇ ਤੋਰਨਾ ਜ਼ਰੂਰੀ ਹੈ। ਆਮ ਆਦਮੀ ਪਾਰਟੀ ਨੂੰ ਮਜ਼ਬੂਤ ਜਥੇਬੰਦੀ ਅਤੇ ਵਿਚਾਰਧਾਰਕ ਸਪਸ਼ਟਤਾ ਦੀ ਬੇਹੱਦ ਲੋੜ ਹੈ। ਆਪਣੀਆਂ ਗ਼ਲਤੀਆਂ ਤੋਂ ਸਿੱਖ ਕੇ ਆਮ ਆਦਮੀ ਪਾਰਟੀ ਨੂੰ ਆਪਣੀ ਰਚਨਾਤਮਕ ਸਿਆਸਤ ਰਾਹੀਂ ਆਮ ਲੋਕਾਂ ਦੇ ਮੁੱਦਿਆਂ ਨੂੰ ਉਭਾਰ ਕੇ ਪੰਜਾਬ ਦੀ ਪਰੰਪਰਾਗਤ ਸਿਆਸਤ ਨੂੰ ਪਛਾੜਨਾ ਪਵੇਗਾ।

ਪੰਜਾਬੀਆਂ ਨੇ ਆਪਣੇ ਵੱਖਰੇ ਸੁਭਾਅ ਕਰ ਕੇ ਨਵੇਂ ਵਿਚਾਰ ਗ੍ਰਹਿਣ ਕਰਨ ਵਿਚ ਸਦਾ ਪਹਿਲਕਦਮੀ ਕੀਤੀ ਹੈ। ਐਤਕੀਂ ਲੋਕ ਸਭਾ ਚੋਣਾਂ ਦੇ ਨਤੀਜੇ ਗਵਾਹੀ ਭਰਦੇ ਹਨ ਕਿ ਪੰਜਾਬੀ ਨਵੇਂ ਸਿਆਸੀ ਵਿਚਾਰਾਂ ਨੂੰ ਅਪਨਾਉਣ ਵਿਚ ਵੀ ਬਾਜ਼ੀ ਮਾਰ ਸਕਦੇ ਹਨ। ਪੰਜਾਬ ਦੀਆਂ ਲੋਕ-ਪੱਖੀ ਤਾਕਤਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸੂਬੇ ਨੂੰ ਵੱਖ-ਵੱਖ ਸੰਕਟਾਂ ਵਿਚੋਂ ਕੱਢਣ ਲਈ ਇੱਕਜੁਟ ਹੋਣ ਅਤੇ ਲੰਮੇ ਦਾਅ ਤੇ ਸਮਝਦਾਰੀ ਨਾਲ ਲੜਨ। ਆਮ ਆਦਮੀ ਪਾਰਟੀ ਨੂੰ ਨਵ-ਸਾਮਰਾਜੀ ਸਿਆਸਤ ਨਾਲ ਲੜਨ ਲਈ ਉਨ੍ਹਾਂ ਹਮਖ਼ਿਆਲੀ ਪਾਰਟੀਆਂ, ਗਰੁੱਪਾਂ ਅਤੇ ਵਿਅਕਤੀਆਂ ਵੱਲ ਵੀ ਹੱਥ ਵਧਾਉਣਾ ਚਾਹੀਦਾ ਹੈ ਜੋ ਪਿਛਲੇ ਲੰਮੇ ਸਮੇਂ ਤੋਂ ਆਮ ਲੋਕਾਂ, ਕਿਰਤੀਆਂ, ਕਿਸਾਨਾਂ, ਦਲਿਤਾਂ, ਘੱਟ-ਗਿਣਤੀਆਂ, ਔਰਤਾਂ ਤੇ ਸ਼ੁੱਧ ਵਾਤਾਵਰਨ ਲਈ ਲੜ ਰਹੇ ਹਨ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਫੌਰੀ ਲੋੜ ਹੈ ਕਿ ਇਹ ਜਲਦੀ ਆਪਣਾ ਜਥੇਬੰਦਕ ਢਾਂਚਾ ਤਿਆਰ ਕਰ ਕੇ ਨਵ-ਸਾਮਰਾਜੀ ਸਿਆਸਤ ਦੇ ਸਤਾਏ ਲੋਕਾਂ ਦੀ ਬਾਂਹ ਫੜੇ ਅਤੇ ਆਮ ਲੋਕਾਂ ਦੇ ਇਸ ਸਿਆਸੀ ਉਭਾਰ ਨੂੰ ਸਹੀ ਦਿਸ਼ਾ ਦੇਵੇ। ਜੇ ਅਜਿਹਾ ਨਹੀਂ ਹੁੰਦਾ ਤਾਂ ਆਮ ਆਦਮੀ ਪਾਰਟੀ ਨੂੰ ਇਤਿਹਾਸ ਦਾ ਪੰਨਾ ਬਣਦਿਆਂ ਦੇਰ ਨਹੀਂ ਲੱਗੇਗੀ।

# ਤਬਦੀਲੀ ਚਾਹੁੰਦਾ ਅਵਾਮ ਅਤੇ ਮੋਦੀ ਦੀ ਜਿੱਤ ਦੇ ਮਾਇਨੇ

**ਮੋਦੀ ਦੀ ਜਿੱਤ ਨਾਲ ਮੁਲਕ ਵਿਚ ਫਿਰਕੂ ਕਤਲੋਗਾਰਤ ਦੇ ਮੂੰਹ ਧੱਕੇ ਜਾਣ ਦਾ ਖ਼ਤਰਾ ਪਹਿਲਾਂ ਨਾਲੋਂ ਵਧ ਗਿਆ ਹੈ ਪਰ ਚਿੰਤਾ ਤੇ ਚਿੰਤਨ ਦਾ ਵਿਸ਼ਾ ਕਾਂਗਰਸ ਦੀ ਹਾਰ ਨਹੀਂ, ਸਗੋਂ ਐਸੇ ਲੋਕਪੱਖੀ ਰਾਜਸੀ ਬਦਲ ਦੀ ਅਣਹੋਂਦ ਹੈ ਜਿਸ ਦਾ ਮਨੋਰਥ ਸੱਚੇ ਮਾਇਨਿਆਂ 'ਚ ਬਦਲਾਅ ਹੋਵੇ ਅਤੇ ਜੋ ਦੱਬੇ-ਕੁਚਲੇ ਅਵਾਮ ਨੂੰ ਸਥਾਪਤੀ ਦੀ ਪਿਛਾਖੜੀ ਸਿਆਸਤ ਦੀ ਜਿੱਲ੍ਹਣ ਵਿਚੋਂ ਕੱਢ ਕੇ ਸਮਾਜੀ ਤਰੱਕੀ ਲਈ ਸੰਜੀਦਾ ਸਿਆਸੀ ਸੋਚ-ਵਿਚਾਰ ਤੇ ਜੱਦੋਜਹਿਦ ਦਾ ਮੰਚ ਮੁਹੱਈਆ ਕਰੇ। ਚਿੰਤਨ ਇਸ ਬਾਰੇ ਹੋਣਾ ਚਾਹੀਦਾ ਹੈ ਕਿ ਤਰੱਕੀਪਸੰਦ ਤੇ ਸਮਾਜੀ ਸਰੋਕਾਰਾਂ ਦੀ ਧਾਰਾ ਦੀ ਨੁਮਾਇੰਦਗੀ ਕਰਦੀ ਰਵਾਇਤੀ ਖੱਬੀ ਧਿਰ, ਨਕਸਲੀ ਲਹਿਰ ਅਤੇ ਉਨ੍ਹਾਂ ਪਛਾਣ ਆਧਾਰਤ ਤਹਿਰੀਕਾਂ ਦਾ ਘੇਰਾ ਹੋਰ ਤੋਂ ਹੋਰ ਸੁੰਗੜਦਾ ਹੋਇਆ ਐਨ ਹਾਸ਼ੀਏ 'ਤੇ ਕਿਉਂ ਚਲਾ ਗਿਆ ਜਿਨ੍ਹਾਂ ਨੇ ਕਦੇ ਸਥਾਪਤੀ ਦੇ ਜ਼ਾਲਮ ਦਸਤੂਰ ਨੂੰ ਵੰਗਾਰਿਆ ਸੀ।**

16 ਮਈ ਨੂੰ 16ਵੀਂ ਲੋਕ ਸਭਾ ਲਈ ਚੋਣਾਂ ਦੇ ਨਤੀਜਿਆਂ ਦੀ ਪੌੜੀ ਜ਼ਰੀਏ ਇਕ ਖ਼ਾਸ ਗੱਠਜੋੜ ਅਗਲੇ ਪੰਜ ਸਾਲ ਲਈ ਹਿੰਦੁਸਤਾਨ ਦੇ 125 ਕਰੋੜ ਅਵਾਮ ਦੀ ਹੋਣੀ ਉਪਰ ਸਵਾਰ ਹੋ ਗਿਆ। ਇਸ 'ਜਮਹੂਰੀ' ਕਵਾਇਦ ਦੇ ਬਹਾਨੇ ਮੁਲਕ ਦੇ ਖ਼ਜ਼ਾਨੇ ਨੂੰ 34 ਅਰਬ ਰੁਪਏ ਦਾ ਰਗੜਾ ਲੱਗਿਆ (ਪਾਰਟੀਆਂ/ਉਮੀਦਵਾਰਾਂ ਦੇ ਮੋਟੇ ਖ਼ਰਚੇ ਜੋੜ ਕੇ 3.14 ਖਰਬ ਰੁਪਏ ਖ਼ਰਚ ਗਏ) ਅਤੇ ਜਿੱਤ ਦੀ ਝੰਡੀ ਹਿੰਦੁਤਵੀ ਫਾਸ਼ੀਵਾਦ ਦਾ ਪ੍ਰਤੀਕ ਨਰੇਂਦਰ ਮੋਦੀ ਲੈ ਗਿਆ। ਹਾਲੀਆ ਚੋਣਾਂ ਜਿਥੇ ਮੋਦੀ ਹੀ ਮੁੱਦਾ ਸੀ, ਦੇ ਨਤੀਜੇ ਉਕਾ ਹੀ ਅਣਕਿਆਸੇ ਨਹੀਂ, ਬੇਸ਼ੱਕ ਮੋਦੀ ਲਹਿਰ ਦੀ ਕਾਮਯਾਬੀ ਸਿਆਸੀ ਵਿਸ਼ਲੇਸ਼ਣਕਾਰਾਂ ਦੀ ਉਮੀਦ ਤੋਂ ਕਿਤੇ ਵੱਧ ਹੈ। ਨਿਸ਼ਚੇ ਹੀ ਇਸ ਦੇ ਕੇਂਦਰ ਵਿਚ ਮੋਦੀ/ਭਾਜਪਾ ਦੀ ਮਕਬੂਲੀਅਤ ਨਹੀਂ, ਸਗੋਂ ਅਵਾਮ ਦੀ ਤਬਦੀਲੀ

**ਬੂਟਾ ਸਿੰਘ**
**ਫੋਨ: 91-94634-74342**

ਦੀ ਤਾਂਘ ਹੈ। 66.38 ਫ਼ੀਸਦੀ ਦੀ ਰਿਕਾਰਡ ਪੋਲਿੰਗ ਅਤੇ 81 ਕਰੋੜ ਵੋਟਰਾਂ ਦੀ ਚੋਣਾਂ ਵਿਚ ਰੁਚੀ ਦਿਖਾਉਂਦੀ ਹੈ ਕਿ ਲੋਕ ਤਬਦੀਲੀ ਚਾਹੁੰਦੇ ਹਨ ਅਤੇ ਕਿਸੇ ਪਾਏਦਾਰ ਬਦਲ ਦੀ ਅਣਹੋਂਦ 'ਚ ਮੁਲਕ ਤੇ ਖੇਤਰੀ ਦੋਵਾਂ ਪੱਧਰਾਂ 'ਤੇ ਮੁੱਖਧਾਰਾ ਦੀਆਂ ਏ. ਤੇ ਬੀ. ਪਾਰਟੀਆਂ ਵਿਚੋਂ ਹੀ ਚੋਣ ਕਰਨ ਲਈ ਮਜਬੂਰ ਹਨ।

ਕਾਂਗਰਸ ਦੇ ਮਹਾਂ-ਘੁਟਾਲਿਆਂ ਦੇ ਰਾਜ ਤੋਂ ਨਿਜਾਤ ਪਾਉਣ ਲਈ ਭਾਜਪਾ ਦੇ ਗਵਰਨੈਂਸ ਅਤੇ ਆਰਥਿਕ ਤਬਦੀਲੀ ਤੋਂ ਭਲੇ ਦਾ ਭਰਮ ਪਾਲਦਿਆਂ ਐਨ ਉਸੇ ਪ੍ਰੋਗਰਾਮ ਵਾਲੀ ਭਾਜਪਾ ਨੂੰ ਜਿਤਾਉਣਾ ਕਿਵੇਂ ਵੀ ਪੱਖੋਂ ਜਾਗਰੁਕਤਾ ਜਾਂ ਤਬਦੀਲੀ ਦੀ ਸੁਚੇਤ ਸਿਆਸੀ ਲਹਿਰ ਦਾ ਪ੍ਰਤੀਕ ਨਹੀਂ ਮੰਨਿਆ ਜਾ ਸਕਦਾ। ਮੋਦੀ ਦਾ 'ਭਾਰਤ ਜਿੱਤ ਗਿਆ ਹੈ' ਦਾ ਐਲਾਨ ਇਸ ਸਚਾਈ ਨੂੰ ਛੁਪਾ ਨਹੀਂ ਸਕਦਾ ਕਿ ਇਸੇ ਗਿਆਨ ਵਿਹੂਣੀ ਖ਼ਲਕਤ ਨੇ ਇਸੇ ਤਰ੍ਹਾਂ ਦੀ ਤਬਦੀਲੀ ਦੀ ਤਾਂਘ ਵਿਚੋਂ 2004 ਵਿਚ ਭਾਜਪਾ ਗੱਠਜੋੜ ਦਾ ਬਿਸਤਰਾ ਗੋਲ ਕੀਤਾ ਸੀ।

ਇਸ ਤੋਂ 37 ਵਰ੍ਹੇ ਪਹਿਲਾਂ ਐਮਰਜੈਂਸੀ ਦੀ ਨੰਗੀ ਤਾਨਾਸ਼ਾਹੀ ਤੋਂ ਅੱਕੇ/ਸਤੇ ਅਵਾਮ ਵਲੋਂ 1977 ਵਿਚ ਜਿਸ ਇੰਦਰਾ ਕਾਂਗਰਸ ਨੂੰ ਬੁਰੀ ਤਰ੍ਹਾਂ ਹਰਾ ਕੇ ਨਮੋਸ਼ੀ ਦੀ ਹਾਲਤ ਵਿਚ ਸੁੱਟਿਆ ਸੀ, ਮਹਿਜ਼ ਤਿੰਨ ਸਾਲ ਦੇ ਅੰਦਰ ਹੀ ਉਸੇ ਨੇ ਕਾਂਗਰਸ ਨੂੰ ਜਿਤਾ ਦਿੱਤਾ ਸੀ। ਹਾਲ ਹੀ ਵਿਚ ਜਦੋਂ ਉਹੀ ਲੋਕ ਕਾਂਗਰਸ ਦੇ ਅੱਤਿਆਚਾਰੀ ਰਾਜ ਦਾ ਜੂਲਾ ਲਾਹੁਣ ਲਈ 'ਮੋਦੀ ਸੁਨਾਮੀ' ਦੇ ਵਹਿਣ ਵਿਚ ਵਹਿ ਰਹੇ ਸਨ ਤਾਂ ਉਹ ਉਕਾ ਹੀ ਭੁੱਲ-ਭੁਲਾ ਚੁੱਕੇ ਸਨ ਕਿ 1998-2004 ਦੌਰਾਨ ਇਨ੍ਹਾਂ ਹੀ ਭਗਵੇਂ ਹੁਕਮਰਾਨਾਂ ਦੇ ਧਾੜਵੀ ਰਾਜ ਨੇ ਘਪਲਿਆਂ ਤੇ ਨੰਗੇ ਅਨਿਆਂ ਦੇ ਕਿਸ ਤਰ੍ਹਾਂ ਦੇ ਜਲਵੇ ਦਿਖਾਏ ਸਨ।

ਇਕ ਸਾਲ ਤੋਂ ਜਿਵੇਂ 'ਕਾਰੋਬਾਰੀ ਹਿੱਤਾਂ' ਵਲੋਂ ਮੋਦੀ ਨੂੰ ਭਵਿੱਖੀ ਪ੍ਰਧਾਨ ਮੰਤਰੀ ਵਜੋਂ ਸ਼ਿੰਗਾਰ ਕੇ 'ਮੋਦੀ ਦੀ ਜਿੱਤ ਵਿਚ ਹੀ ਹਿੰਦੁਸਤਾਨ ਦਾ ਭਵਿੱਖ ਮਹਿਫੂਜ਼' ਦੀ ਲੋਕ-ਰਾਏ ਪੈਦਾ ਕੀਤੀ ਜਾ ਰਹੀ ਸੀ, ਉਸ ਤੋਂ ਸਾਫ਼ ਨਜ਼ਰ ਆਉਂਦਾ ਸੀ ਕਿ ਕਾਂਗਰਸ ਹਕੂਮਤ ਤੋਂ ਅਵਾਮ ਦੀ ਬਦਜ਼ਨੀ ਦੇ ਮੱਦੇਨਜ਼ਰ, ਕਾਰਪੋਰੇਟ ਸਰਮਾਏਦਾਰੀ ਹੁਣ ਵਧੇਰੇ 'ਸਥਿਰ' ਬਦਲ ਦੀ ਤਲਾਸ਼ ਵਿਚ ਹੈ ਜੋ ਇਸ ਸਿਆਸੀ ਖੱਪੇ ਨੂੰ ਭਰਨ ਦੇ ਨਾਲ-ਨਾਲ ਕਾਰਪੋਰੇਟ ਵਿਕਾਸ ਮਾਡਲ ਦੇ ਹਰ ਵਾਜਬ ਜਮਹੂਰੀ ਵਿਰੋਧ ਨੂੰ ਵਧੇਰੇ ਸਖ਼ਤੀ ਨਾਲ ਕੁਚਲਦਿਆਂ 'ਵਿਕਾਸ' ਦੇ ਰਥ ਨੂੰ ਅੱਗੇ ਲਿਜਾ ਸਕੇ। ਇਹ ਖ਼ੂਬੀਆਂ ਸਭ ਤੋਂ ਵੱਧ ਮੋਦੀ ਦੀ ਅਗਵਾਈ ਵਾਲੀ ਭਾਜਪਾ ਨੂੰ ਛੱਡ ਕੇ ਹੋਰ ਕਿਤੇ ਨਹੀਂ ਸਨ, ਪਰ ਮੋਦੀ ਦੇ ਖ਼ੂੰਖ਼ਾਰ ਅਕਸ ਨੂੰ ਕੋਈ ਹੋਰ ਦਿਲਕਸ਼ ਨਕਾਬ ਪਹਿਨਾਏ ਬਗ਼ੈਰ ਉਸ ਨੂੰ ਹੂ-ਬ-ਹੂ ਸਟਾਰ ਬਣਾ ਕੇ ਸਥਾਪਤ ਕਰਨਾ ਮੁਸ਼ਕਿਲ ਸੀ। ਇਸ ਖ਼ਾਤਰ ਗੁਜਰਾਤ ਵਿਚ ਬੇਮਿਸਾਲ ਵਿਕਾਸ ਦੀ ਮਹਾਂ-ਗੱਪ ਸਿਰਜ ਕੇ ਮੀਡੀਆ ਦੀ ਜਾਦੂਮਈ ਭੂਮਿਕਾ ਨਾਲ ਇਸ ਦੀ ਪੁਰਜ਼ੋਰ ਮਸ਼ਹੂਰੀ ਕੀਤੀ ਗਈ। ਉਧਰ ਸੰਘ ਪਰਿਵਾਰ ਦੇ ਮੁਖੀਆਂ ਨੂੰ ਵੀ ਇਹ ਜਚ ਗਿਆ ਸੀ ਕਿ ਉਨ੍ਹਾਂ ਦੀ ਦੁਬਾਰਾ ਸੱਤਾ 'ਤੇ ਕਾਬਜ਼ ਹੋਣ ਦੀ ਲਾਲਸਾ ਮੋਦੀ ਲਹਿਰ ਜ਼ਰੀਏ ਹੀ ਪੂਰੀ ਹੋ ਸਕਦੀ ਹੈ। ਇਸ ਤੋਂ ਅੱਗੇ ਸਭ ਨੂੰ ਪਤਾ ਹੈ ਕਿ ਖ਼ਾਸ ਕਾਰਪੋਰੇਟ ਘਰਾਣਿਆਂ ਵਲੋਂ ਮੋਦੀ ਦੀ 'ਗਵਰਨੈਂਸ ਅਤੇ ਆਰਥਿਕ ਬਦਲਾਓ' ਦੀ ਮੁਹਿੰਮ ਨੂੰ ਅੱਖਾਂ ਚੁੰਧਿਆਉਣ ਵਾਲੀ ਬਣਾਉਣ ਲਈ ਕਿਵੇਂ ਪੈਸਾ ਪਾਣੀ ਵਾਂਗ ਰੋੜ੍ਹਿਆ ਗਿਆ; ਕਿਵੇਂ ਕਾਰਪੋਰੇਟ ਮੀਡੀਆ ਨੇ ਸੰਘ ਪਰਿਵਾਰ ਦੀ ਵਿਆਪਕ ਪ੍ਰਚਾਰ ਮਸ਼ੀਨਰੀ ਵਜੋਂ ਕੰਮ ਕੀਤਾ; ਕਿਵੇਂ ਖ਼ਾਸ ਚੋਣ ਰਣਨੀਤੀ ਰਾਹੀਂ ਓ.ਬੀ.ਸੀ., ਖ਼ਾਸ ਕਰ ਕੇ ਮੁਸਲਿਮ ਤੇ ਦਲਿਤ ਵੋਟ ਨੂੰ ਕਾਬੂ ਕੀਤਾ ਗਿਆ; ਅਤੇ ਕਿਵੇਂ ਐਗਜ਼ਿਟ ਪੋਲ ਤੇ ਓਪੀਨੀਅਨ ਪੋਲ ਰਾਹੀਂ ਪਹਿਲਾਂ ਹੀ ਉਸ ਨੂੰ ਬਿਨਾਂ ਮੁਕਾਬਲਾ ਪ੍ਰਧਾਨ ਮੰਤਰੀ ਐਲਾਨ ਕੇ ਜੇਤੂ ਐਲਾਨਿਆ ਗਿਆ। ਆਖ਼ਿਰ ਜਿਸ ਭਾਜਪਾ ਦੀ ਵੋਟ ਫ਼ੀਸਦੀ 1998 'ਚ 25.6 ਤੋਂ ਖੁਰ ਕੇ 2009 ਵਿਚ ਮਹਿਜ਼ 18.8 ਰਹਿ ਗਈ ਸੀ, ਜਿਸ ਦੇ ਅੰਦਰ ਲੀਡਰਸ਼ਿਪ ਦੇ ਆਪਸੀ ਕਲੇਸ਼ ਅਤੇ 2004 ਦੀ ਹਾਰ ਦੀ ਨਮੋਸ਼ੀ ਨਾਲ ਸਫ਼ਾਂ 'ਚ ਛਾਈ ਘੋਰ ਮਾਯੂਸੀ ਕਾਰਨ ਇਹ ਪਾਰਟੀ ਡੂੰਘੇ ਸੰਕਟ ਵਿਚ ਘਿਰੀ ਹੋਈ ਸੀ, ਉਸ ਨੇ ਪੰਜ ਸਾਲ ਵਿਚ ਲੋਕਾਈ ਦੇ ਦਿਲ ਜਿੱਤ ਲੈਣ ਵਾਲਾ ਅਜਿਹਾ ਕਿਹੜਾ ਮਾਅਰਕਾ ਮਾਰ ਲਿਆ ਕਿ ਇਹ 2014 ਦੀਆਂ ਚੋਣਾਂ ਵਿਚ ਇਕੱਲੀ ਹੀ 282 (ਗੱਠਜੋੜ ਵਜੋਂ 337) ਤੋਂ ਉਪਰ ਸੀਟਾਂ ਲੈਣ ਦੇ ਸਮਰੱਥ ਹੋ ਗਈ?

ਇਹ ਹਿੰਦੁਤਵੀ ਅਤੇ ਕਾਰਪੋਰੇਟ ਹਿੱਤਾਂ ਦੇ ਗੱਠਜੋੜ ਦਾ ਕ੍ਰਿਸ਼ਮਾ ਹੈ, ਤੇ ਮੋਦੀ ਮੁਹਿੰਮ ਮਹਿਜ਼ ਸੰਘ ਪਰਿਵਾਰ ਵਲੋਂ ਨਹੀਂ ਸਗੋਂ ਮੁੱਖ ਤੌਰ 'ਤੇ ਕਾਰਪੋਰੇਟ ਸਰਮਾਏਦਾਰੀ ਵਲੋਂ ਚਲਾਈ ਗਈ। ਇਸੇ ਦਾ ਨਤੀਜਾ ਹੈ ਕਿ ਯੂ.ਪੀ., ਬਿਹਾਰ ਵਰਗੀਆਂ ਥਾਵਾਂ 'ਤੇ ਇਸ ਨੇ ਜਿਥੇ ਮਾਇਆਵਤੀ-ਮੁਲਾਇਮ ਸਿੰਘ-ਲਾਲੂ ਯਾਦਵ ਦੇ ਓ.ਬੀ.ਸੀ. ਵੋਟ ਬੈਂਕ ਨੂੰ ਕਾਮਯਾਬੀ ਨਾਲ ਹਥਿਆਇਆ, ਉਥੇ ਸਗੋਂ ਉਨ੍ਹਾਂ ਥਾਵਾਂ 'ਤੇ ਵੀ ਗਿਣਨਯੋਗ ਵੋਟ ਫ਼ੀਸਦੀ ਹਾਸਲ ਕੀਤੀ ਜਿਥੇ ਇਸ ਦਾ ਕੋਈ ਖ਼ਾਸ ਸਿਆਸੀ ਰਸੂਖ਼ ਹੀ ਨਹੀਂ। ਮਸਲਨ, ਤਾਮਿਲਨਾਡੂ (5%), ਅਸਾਮ (36%) ਜੰਮੂ-ਕਸ਼ਮੀਰ (32%), ਕੇਰਲਾ (10%), ਮਨੀਪੁਰ (11%)। ਕਾਰਪੋਰੇਟ ਮੀਡੀਆ ਦੀ ਪ੍ਰਚਾਰ ਹਨ੍ਹੇਰੀ ਅੱਗੇ ਆਮ ਆਦਮੀ ਪਾਰਟੀ (ਆਪ) ਦਾ ਨਵਾਂ ਵਰਤਾਰਾ ਵੀ ਪ੍ਰਭਾਵਸ਼ਾਲੀ ਸਾਬਤ ਨਹੀਂ ਹੋਇਆ ਜਿਸ ਦੇ 443 ਵਿਚੋਂ 421 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਪੰਜਾਬ ਤੇ ਕੁਝ ਹੋਰ ਸੀਟਾਂ ਨੂੰ ਛੱਡ ਕੇ ਬਾਕੀ ਥਾਈਂ ਇਸ ਨੂੰ ਉਮੀਦ ਅਨੁਸਾਰ ਹੁੰਗਾਰਾ ਨਹੀਂ ਮਿਲਿਆ। ਪੂਰੇ ਮੁਲਕ ਅਤੇ ਪੰਜਾਬ ਵਿਚ ਖੱਬੀ ਧਿਰ ਕੋਈ ਕਾਰਗੁਜ਼ਾਰੀ ਦਿਖਾਉਣ ਤੋਂ ਅਸਮਰੱਥ ਰਹੀ ਹੈ। ਪੰਜਾਬ ਵਿਚ ਇਸ ਨੂੰ ਕੁਲ 126731 ਵੋਟਾਂ ਪਈਆਂ: ਸੀ.ਪੀ.ਆਈ. ਦੇ ਪੰਜ ਉਮੀਦਵਾਰਾਂ ਨੂੰ 54785, ਸੀ.ਪੀ.ਐਮ. ਦੇ ਦੋ ਉਮੀਦਵਾਰਾਂ ਨੂੰ 14650, ਸੀ.ਪੀ.ਐਮ. (ਪੰਜਾਬ) ਦੇ ਦੋ ਉਮੀਦਵਾਰਾਂ ਨੂੰ 13657 ਅਤੇ 7 ਨਕਸਲੀ ਉਮੀਦਵਾਰਾਂ ਨੂੰ 34000 ਵੋਟਾਂ। ਇਸੇ ਤਰ੍ਹਾਂ ਬੀ.ਐਸ.ਪੀ., ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਆਦਿ ਆਪਣੀਆਂ ਜ਼ਮਾਨਤਾਂ ਜ਼ਬਤ ਹੋਣੋਂ ਵੀ ਨਹੀਂ ਬਚਾ ਸਕੇ। ਗਰਮ-ਖ਼ਿਆਲ ਸਿੱਖ ਜਥੇਬੰਦੀਆਂ ਆਪਣੀ ਹਾਲਤ ਨੂੰ ਦੇਖਦਿਆਂ ਚੋਣਾਂ ਤੋਂ ਦੂਰ ਹੀ ਰਹੀਆਂ। ਮੁੱਖਧਾਰਾ ਸਿਆਸਤ ਦੀ ਮੁੱਖ ਕਸਵੱਟੀ-ਪੋਲਿੰਗ ਫ਼ੀਸਦੀ ਅਤੇ ਸੀਟਾਂ ਦੀ ਤਦਾਦ, ਅਨੁਸਾਰ ਦੇਖਿਆਂ ਵੀ ਉਨ੍ਹਾਂ ਤਾਕਤਾਂ ਦੀ ਸਿਆਸੀ ਵਾਜਬੀਅਤ ਲਗਾਤਾਰ ਖੁਰਦੀ ਹੀ ਗਈ ਹੈ ਜਿਨ੍ਹਾਂ ਨੇ ਕਦੇ ਅਵਾਮ 'ਚ ਉਮੀਦ ਦੀ ਕਿਰਨ ਜਗਾਈ ਸੀ। ਉਹ ਜਾਂ ਤਾਂ ਰਵਾਇਤੀ ਖੱਬੀ ਧਿਰ, ਅਸਾਮ ਗਣ ਪ੍ਰੀਸ਼ਦ ਵਾਂਗ ਮੁੱਖਧਾਰਾ ਦੀ ਲੂਣ ਦੀ ਖਾਣ ਵਿਚ ਲੂਣ ਹੋ ਗਏ, ਜਾਂ ਨਕਸਲੀ ਧੜਿਆਂ, ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ, ਉਲਫ਼ਾ ਆਦਿ ਵਾਂਗ ਅਲੱਗ-ਥਲੱਗ ਪੈ ਗਏ।

ਇਹ ਸਵਾਲ ਬੇਮਾਇਨਾ ਹੈ ਕਿ ਭਾਜਪਾ ਦੇ ਆਉਣ ਨਾਲ ਕਾਂਗਰਸ ਦੇ ਰਾਜ ਨਾਲੋਂ ਕੋਈ ਮਹਾਂ-ਪਰਲੋ ਆ ਜਾਵੇਗੀ। ਇਹ ਉਹ ਭਰਮ ਅਤੇ ਖ਼ਾਸ ਧਿਰਾਂ ਦੀ ਸਿਆਸੀ ਖ਼ੁਦਗਰਜ਼ੀਆਂ ਵਿਚੋਂ ਘੜੀ ਸਿੱਥ ਹੈ ਜਿਸ ਦੇ ਆਧਾਰ 'ਤੇ ਹਿੰਦੁਸਤਾਨ ਦੀ ਮੁੱਖਧਾਰਾ ਖੱਬੀ ਲਹਿਰ ਹਿੰਦੁਤਵੀ ਭਾਜਪਾ ਨੂੰ ਸੱਤਾ 'ਚ ਆਉਣ ਤੋਂ ਰੋਕਣ ਦੇ ਪੱਜ ਕਾਂਗਰਸ ਦੇ ਸਾਲਮ ਪਿਛਾਖੜੀ ਏਜੰਡੇ ਦੀ ਪੂਰੀ ਬੇਹਯਾਈ ਨਾਲ ਹਮਾਇਤ ਕਰਦੀ ਰਹੀ ਤੇ ਇਸ ਦੇ ਲੜਖੜਾਉਂਦੇ ਰਾਜ ਨੂੰ ਥੰਮੀਆਂ ਦੇ ਕੇ ਬਚਾਉਂਦੀ ਰਹੀ ਹੈ। ਇਹ ਅਵਾਮ ਵਿਚ ਅਖੌਤੀ ਧਰਮ-ਨਿਰਪੱਖਤਾ ਦਾ ਭਰਮ ਫੈਲਾ ਕੇ ਉਨ੍ਹਾਂ ਨੂੰ ਕਾਂਗਰਸ ਦੀ ਪਿੱਛਲੱਗ ਬਣਾਉਂਦੀ ਤੇ ਅਗਾਂਹਵਧੂ ਅੰਸ਼ਾਂ ਦਾ ਮੱਚ ਮਾਰ ਕੇ ਮੁੱਖਧਾਰਾ ਪਿਛਾਖੜ ਦੇ ਪੱਕੇ ਪੈਰੀਂ ਹੋਣ ਦੀ ਜ਼ਮੀਨ ਤਿਆਰ ਕਰਦੀ ਰਹੀ ਹੈ। ਹਮਾਇਤ ਵਾਪਸ ਲੈਣ ਦਾ ਬਹਾਨਾ ਬਣਾਏ ਗਏ ਪਰਮਾਣੂ ਸਮਝੌਤੇ ਤੋਂ ਪਹਿਲਾਂ ਕਾਂਗਰਸ ਮੁਲਕ ਦੇ ਹਿੱਤਾਂ ਨੂੰ ਸ਼ਰੇਆਮ ਨਿਲਾਮ ਕਰ ਦੇਣ ਵਾਲੇ ਐਨੇ ਵੱਡੇ-ਵੱਡੇ ਫ਼ੈਸਲੇ ਲੈ ਚੁੱਕੀ ਸੀ ਜਿਨ੍ਹਾਂ ਦੇ ਸਾਹਮਣੇ ਇਹ ਕੁਝ ਵੀ ਨਹੀਂ ਸੀ। ਇਸ ਰਾਜ ਨੂੰ ਜਮਹੂਰੀਅਤ ਦੇ ਨਾਂ ਹੇਠ ਪੁਲਿਸ/ਫ਼ੌਜਤੰਤਰ ਵਜੋਂ ਚਲਾਉਣ, ਸਥਾਪਤੀ ਦੀਆਂ ਮਨਮਾਨੀਆਂ ਵਿਰੁੱਧ ਉਠਦੀ ਹਰ ਆਵਾਜ਼ ਨੂੰ ਮੁਲਕ ਦੀ ਏਕਤਾ-ਅਖੰਡਤਾ ਦੇ ਨਾਂ 'ਤੇ ਤਾਕਤ ਨਾਲ ਕੁਚਲਣ, ਹਾਸ਼ੀਆਗ੍ਰਸਤ ਅਵਾਮ ਨੂੰ ਚੁਣ-ਚੁਣ ਕੇ ਹਕੂਮਤੀ ਦਹਿਸ਼ਤਗਰਦੀ ਦੀ ਮਾਰ ਹੇਠ ਲਿਆਉਣ, ਧਰਮ-ਨਿਰਪੱਖਤਾ ਦੇ ਨਾਂ ਹੇਠ ਬਹੁ-ਗਿਣਤੀ ਫਿਰਕਾਪ੍ਰਸਤੀ ਨੂੰ ਪ੍ਰਫੁੱਲਤ ਕਰਨ ਤੇ ਧਾਰਮਿਕ ਘੱਟ-ਗਿਣਤੀਆਂ ਦਾ ਘਾਣ ਕਰਨ ਅਤੇ 1990 'ਚ ਨਹਿਰੂਵਾਦੀ ਮਿੱਸੇ ਆਰਥਿਕ ਮਾਡਲ ਦਾ ਭੋਗ ਪਾ ਕੇ ਬੇਲਗਾਮ ਕਾਰਪੋਰੇਟ ਵਿਕਾਸ ਮਾਡਲ ਥੋਪਣ ਅਤੇ ਵਿਆਪਕ ਹਕੂਮਤੀ ਦਮਨ ਰਾਹੀਂ ਇਸ ਬੁਨਿਆਦੀ ਆਰਥਿਕ ਪ੍ਰੋਗਰਾਮ ਨੂੰ ਜਾਰੀ ਰੱਖਣ ਵਿਚੋਂ ਉਹ ਕਿਹੜਾ ਪਹਿਲੂ ਹੈ ਜਿਸ ਦੇ ਆਧਾਰ 'ਤੇ ਕਾਂਗਰਸ ਨੂੰ ਭਾਜਪਾ ਨਾਲੋਂ ਵੱਖਰੀ ਮੰਨਿਆ ਜਾ ਸਕਦਾ ਸੀ/ਹੈ। ਸਿਵਾਏ ਇਸ ਦੇ ਕਿ ਲੋਕਾਂ ਦੇ ਗੁਜ਼ਾਰੇ ਦੇ ਵਸੀਲੇ ਖੋਹ ਕੇ ਕਾਰਪੋਰੇਟਾਂ ਦੇ ਹਵਾਲੇ ਕਰਨ ਅਤੇ ਅਵਾਮ ਦੇ ਵਿਰੋਧ ਨੂੰ ਕੁਚਲਣ ਲਈ ਪੁਲਿਸ/ਫ਼ੌਜ ਭੇਜਣ ਦੇ ਜਿਹੜੇ ਫ਼ੈਸਲੇ ਮਨਮੋਹਨ ਹਕੂਮਤ ਘੁੰਡ ਕੱਢ ਕੇ ਤੇ ਥੋੜ੍ਹਾ ਹਿਚਕਚਾ ਕੇ ਲੈਂਦੀ ਸੀ, ਉਹ ਮੋਦੀ ਹਕੂਮਤ ਜ਼ਾਹਰਾ ਤੇ ਝੱਟਪੱਟ ਲਏਗੀ।

ਦਰਅਸਲ, ਭਾਜਪਾ ਦੀ ਹਾਲੀਆ ਬੇਮਿਸਾਲ ਜਿੱਤ ਦੇ ਉਸ ਪਾਸੇ ਬਾਰੇ ਵੱਧ ਗੰਭੀਰਤਾ ਨਾਲ ਸੋਚ-ਵਿਚਾਰ ਕਰਨ ਦੀ ਲੋੜ ਹੈ ਜਿਸ ਨੂੰ ਸਿਆਸੀ ਵਿਸ਼ਲੇਸ਼ਣਕਾਰ ਪ੍ਰੋਫ਼ੈਸਰ ਸਰੋਜ ਗਿਰੀ ਨੇ 'ਗਰੋਥ-ਫਰੈਂਡਲੀ ਫਿਰਕਾਪ੍ਰਸਤੀ' ਦਾ ਨਾਂ ਦਿੱਤਾ ਹੈ ਜਿਸ ਦਾ ਤਿੱਖਾ ਰੂਪ ਭਾਜਪਾ ਹੈ ਅਤੇ ਥੋੜ੍ਹਾ ਮੁਲਾਇਮ ਰੂਪ ਕਾਂਗਰਸ। ਹੈੱਡ ਐਂਡ ਇਕਵਿਟੀ ਦਾ ਮੈਨੇਜਿੰਗ ਡਾਇਰੈਕਟਰ ਗੌਤਮ ਤ੍ਰਿਵੇਦੀ ਇਸ ਤਬਦੀਲੀ ਨੂੰ 'ਪਹਿਲੀ ਵਾਰ ਕੌਮ ਵਲੋਂ ਤਰੱਕੀ ਦੇ ਹੱਕ ਵਿਚ ਵੋਟ' ਕਹਿੰਦਾ ਹੋਇਆ ਤਸੱਲੀ ਜ਼ਾਹਿਰ ਕਰਦਾ ਹੈ ਕਿ 'ਹੁਣ ਸਾਡੇ ਅੱਗੇ ਘੱਟੋ-ਘੱਟ ਪੰਜ ਸਾਲ ਲਈ ਕਾਰੋਬਾਰ ਲਈ ਸਾਜ਼ਗਰ ਸਥਿਰ ਹਕੂਮਤ ਤਾਂ ਹੈ।' ਸ਼ੇਅਰ ਬਾਜ਼ਾਰ ਨੇ ਇਸ ਨੂੰ ਬੇਜੋੜ ਚੜ੍ਹਤ ਦਿਖਾ ਕੇ ਅਤੇ ਓਬਾਮਾ ਨੇ ਮੋਦੀ ਨੂੰ ਅਮਰੀਕਾ ਪਧਾਰਨ ਦਾ ਸੱਦਾ ਦੇ ਕੇ 'ਜੀ ਆਇਆਂ ਨੂੰ' ਕਿਹਾ ਹੈ।

ਬੇਸ਼ੱਕ, ਮੋਦੀ ਦੀ ਜਿੱਤ ਨਾਲ ਮੁਲਕ ਵਿਚ ਫਿਰਕੂ ਕਤਲੋਗਾਰਤ ਦੇ ਮੂੰਹ ਧੱਕੇ ਜਾਣ ਦਾ ਖ਼ਤਰਾ ਪਹਿਲਾਂ ਨਾਲੋਂ ਵਧ ਗਿਆ ਹੈ ਪਰ ਚਿੰਤਾ ਤੇ ਚਿੰਤਨ ਦਾ ਵਿਸ਼ਾ ਕਾਂਗਰਸ ਦੀ ਹਾਰ ਨਹੀਂ, ਸਗੋਂ ਐਸੇ ਲੋਕਪੱਖੀ ਰਾਜਸੀ ਬਦਲ ਦੀ ਅਣਹੋਂਦ ਹੈ ਜਿਸ ਦਾ ਮਨੋਰਥ ਸੱਚੇ ਮਾਇਨਿਆਂ 'ਚ ਬਦਲਾਅ ਹੋਵੇ ਅਤੇ ਜੋ ਦੱਬੇ-ਕੁਚਲੇ ਅਵਾਮ ਨੂੰ ਸਥਾਪਤੀ ਦੀ ਪਿਛਾਖੜੀ ਸਿਆਸਤ ਦੀ ਜਿੱਲ੍ਹਣ ਵਿਚੋਂ ਕੱਢ ਕੇ ਸਮਾਜੀ ਤਰੱਕੀ ਲਈ ਸੰਜੀਦਾ ਸਿਆਸੀ ਸੋਚ-ਵਿਚਾਰ ਤੇ ਜੱਦੋਜਹਿਦ ਦਾ ਮੰਚ ਮੁਹੱਈਆ ਕਰੇ। ਚਿੰਤਨ ਇਸ ਬਾਰੇ ਹੋਣਾ ਚਾਹੀਦਾ ਹੈ ਕਿ ਤਰੱਕੀਪਸੰਦ ਅਤੇ ਸਮਾਜੀ ਸਰੋਕਾਰਾਂ ਦੀ ਧਾਰਾ ਦੀ ਨੁਮਾਇੰਦਗੀ ਕਰਦੀ ਰਵਾਇਤੀ ਖੱਬੀ ਧਿਰ, ਨਕਸਲੀ ਲਹਿਰ ਅਤੇ ਉਨ੍ਹਾਂ ਪਛਾਣ ਆਧਾਰਤ ਤਹਿਰੀਕਾਂ ਦਾ ਘੇਰਾ ਹੋਰ ਤੋਂ ਹੋਰ ਸੁੰਗੜਦਾ ਹੋਇਆ ਐਨ ਹਾਸ਼ੀਏ 'ਤੇ ਕਿਉਂ ਚਲਾ ਗਿਆ ਜਿਨ੍ਹਾਂ ਨੇ ਕਦੇ ਸਥਾਪਤੀ ਦੇ ਜ਼ਾਲਮ ਦਸਤੂਰ ਨੂੰ ਵੰਗਾਰਿਆ ਅਤੇ ਮਜ਼ਲੂਮਾਂ ਦੀ ਧਿਰ ਬਣ ਕੇ ਸਮਾਜੀ ਨਿਆਂ ਦੇ ਸਭ ਤੋਂ ਬੁਨਿਆਦੀ ਸਵਾਲਾਂ ਨੂੰ ਹੱਥ ਪਾਇਆ ਸੀ। ਚੋਣਾਂ ਵਿਚ ਹਿੱਸੇਦਾਰੀ ਸਿਆਸੀ ਸਰਗਰਮੀ ਦੀ ਸਿਰਫ਼ ਇਕ ਸ਼ਕਲ ਹੈ। ਬਦਲਾਅ ਦੀ ਮੁਤਬਾਦਲ ਲਹਿਰ ਅਸਲ ਬਦਲ ਅਵਾਮ ਦੀ ਰੋਜ਼ਮੱਰਾ ਜ਼ਿੰਦਗੀ 'ਚ ਮੁਹੱਈਆ ਕਰਦੀ ਹੈ ਜਿਸ ਨੂੰ ਵੱਢ ਮਾਰਨ 'ਚ ਇਨ੍ਹਾਂ ਤਾਕਤਾਂ ਦੀ ਪੇਸ਼ਕਦਮੀ ਨਜ਼ਰ ਨਹੀਂ ਆ ਰਹੀ। ਪੂਰੇ ਹਿੰਦੁਸਤਾਨ ਨੂੰ ਦਿਸ਼ਾ ਦਿਖਾਉਣ ਤੋਂ ਊਣੀ ਮਾਓਵਾਦੀ ਲਹਿਰ ਜੰਗਲਾਂ ਤਕ ਮਹਿਦੂਦ ਹੈ। ਜੰਗਲਾਂ ਤੋਂ ਬਾਹਰ ਵੰਨ-ਸੁਵੰਨੇ ਨਿੱਕੇ-ਨਿੱਕੇ ਸੰਘਰਸ਼ ਤਾਂ ਹਨ, ਪਰ ਲੋਕ-ਰਾਏ ਨੂੰ ਸੱਚੇ ਬਦਲਾਅ ਦੀ ਦਿਸ਼ਾ 'ਚ ਮੋੜਾ ਦੇਣ ਵਾਲੀ ਸਿਆਸੀ ਲਹਿਰ ਨਦਾਰਦ ਹੈ।

# ਭਾਰਤ ਅਤੇ ਨਵ-ਉਦਾਰਵਾਦੀ ਨੀਤੀਆਂ

ਇਹ ਭਾਰਤ ਦੇ ਮੁੱਖਧਾਰਾ ਦੇ ਮੀਡੀਆ ਉਤੇ ਦੁਖਦ ਟਿੱਪਣੀ ਹੀ ਹੈ ਕਿ ਹਿੰਦੂਜਾ ਭਰਾਵਾਂ ਵੱਲੋਂ ਬਰਤਾਨੀਆ (ਨਾ ਕਿ ਭਾਰਤ) ਦੇ ਅਰਬਪਤੀਆਂ ਦੀ ਸੂਚੀ ਵਿਚ ਸਭ ਤੋਂ ਸਿਖਰ 'ਤੇ ਪਹੁੰਚਣ ਦੀ ਗੱਲ ਨੂੰ ਭਾਰਤੀ ਮੀਡੀਆ ਵੱਲੋਂ ਲੋੜ

**ਪ੍ਰਫੁੱਲ ਬਿਦਵਈ**

ਤੋਂ ਕਿਤੇ ਵਧੇਰੇ ਮਹੱਤਵ ਦਿੱਤਾ ਗਿਆ, ਜਦੋਂ ਕਿ ਦੇਸ਼ ਵਿਚ ਪਸਰੀ ਗ਼ਰੀਬੀ ਅਤੇ ਲਗਾਤਾਰ ਵਧ ਰਹੀਆਂ ਆਰਥਿਕ ਗ਼ੈਰ-ਬਰਾਬਰੀਆਂ ਦਾ ਇਸ ਵੱਲੋਂ ਨਾਂ ਤੱਕ ਨਹੀਂ ਲਿਆ ਜਾਂਦਾ। ਵਧ ਰਹੀਆਂ ਗ਼ੈਰ-ਬਰਾਬਰੀਆਂ ਅੱਜ ਸੰਸਾਰ ਪੱਧਰ 'ਤੇ ਮੁੱਖਧਾਰਾ ਦੇ ਮੀਡੀਆ ਵਿਚ ਆਰਥਿਕ ਵਿਚਾਰ-ਵਟਾਂਦਰੇ ਦਾ ਕੇਂਦਰ ਬਣੀਆਂ ਹੋਈਆਂ ਹਨ। ਕੁਝ ਨਵੇਂ ਸਰਵੇਖਣ ਦਰਸਾਉਂਦੇ ਹਨ ਕਿ ਬਹੁਤੇ ਸਨਅਤ-ਮੁਖੀ ਦੇਸ਼ਾਂ ਅਤੇ ਚੀਨ ਤੇ ਭਾਰਤ ਵਰਗੀਆਂ ਉੱਭਰ ਰਹੀਆਂ ਆਰਥਿਕਤਾਵਾਂ ਵਿਚ ਗ਼ੈਰ-ਬਰਾਬਰੀਆਂ ਦਾ ਪਾੜਾ ਹੋਰ ਵਧ ਰਿਹਾ ਹੈ। ਇਨ੍ਹਾਂ ਸਰਵੇਖਣਾਂ ਵਿਚ 'ਆਰਗੇਨਾਈਜ਼ੇਸ਼ਨ ਫਾਰ ਇਕਨਾਮਿਕ ਕੋਆਪ੍ਰੇਸ਼ਨ ਐਂਡ ਡਿਵੈਲਪਮੈਂਟ' (ਓ.ਈ.ਸੀ.ਡੀ.) ਦਾ ਸਰਵੇਖਣ ਵੀ ਸ਼ਾਮਿਲ ਹੈ। ਏਸ਼ੀਆ ਦੀਆਂ 12 ਵਿਕਾਸਸ਼ੀਲ ਆਰਥਿਕਤਾਵਾਂ, ਜਿਥੇ ਖੇਤਰ ਦੀ 80 ਫੀਸਦੀ ਆਬਾਦੀ ਵਸਦੀ ਹੈ, ਵਿਚ ਆਰਥਿਕ ਗ਼ੈਰ-ਬਰਾਬਰੀਆਂ ਪਿਛਲੇ ਇਕ ਦਹਾਕੇ ਦੌਰਾਨ ਬੜੀ ਤੇਜ਼ੀ ਨਾਲ ਵਧੀਆਂ ਹਨ। ਇਸ ਸਬੰਧੀ ਭਾਰਤ ਦਾ 1991 ਤੋਂ ਬਾਅਦ ਦਾ ਰਿਕਾਰਡ ਬੇਹੱਦ ਸ਼ਰਮਿੰਦਗੀ ਭਰਿਆ ਹੈ। ਓ.ਈ.ਸੀ.ਡੀ. ਦਾ ਕਹਿਣਾ ਹੈ ਕਿ 'ਪਿਛਲੇ ਦੋ ਦਹਾਕਿਆਂ ਦੌਰਾਨ ਭਾਰਤ ਵਿਚ ਆਮਦਨਾਂ ਵਿਚਲੀ ਗ਼ੈਰ-ਬਰਾਬਰੀ ਦੁੱਗਣੀ ਹੋ ਗਈ ਹੈ। ਸਾਰੀਆਂ ਉੱਭਰ ਰਹੀਆਂ ਆਰਥਿਕਤਾਵਾਂ ਵਿਚ ਇਸ ਸਬੰਧੀ ਸਭ ਤੋਂ ਮਾੜੀ ਕਾਰਗੁਜ਼ਾਰੀ ਭਾਰਤ ਦੀ ਹੀ ਹੈ। ਭਾਰਤ ਦੇ ਸਿਖਰਲੇ 10 ਫ਼ੀਸਦੀ ਤਨਖ਼ਾਹਦਾਰਾਂ ਦੀ ਆਮਦਨ ਹੇਠਲੇ 10 ਫ਼ੀਸਦੀ ਨਾਲੋਂ 12 ਗੁਣਾਂ ਵਧੇਰੇ ਹੈ।'

ਇਥੋਂ ਤੱਕ ਕਿ ਕੌਮਾਂਤਰੀ ਮੁਦਰਾ ਕੋਸ਼ ਨੇ ਵੀ ਗ਼ੈਰ-ਬਰਾਬਰੀਆਂ ਦੇ ਗੰਭੀਰ ਨਤੀਜਿਆਂ ਦੀ ਚਿਤਾਵਨੀ ਦਿੱਤੀ ਹੈ। ਮੁਦਰਾ ਕੋਸ਼ ਦੀ ਪ੍ਰਬੰਧਕੀ ਨਿਰਦੇਸ਼ਕ ਕ੍ਰਿਸਟੀਨ ਲੇਗਾਰਡ ਦਾ ਕਹਿਣਾ ਹੈ ਕਿ 'ਭਾਰਤ ਵਿਚ ਪਿਛਲੇ 15 ਵਰ੍ਹਿਆਂ ਦੌਰਾਨ ਅਰਬਪਤੀ ਭਾਈਚਾਰੇ ਦੀ ਨਿਰੋਲ ਸੰਪਤੀ 12 ਗੁਣਾਂ ਵਧੀ ਹੈ। ਇਸ ਵਾਧੇ ਨਾਲ ਹੀ ਦੇਸ਼ ਭਰ ਦੀ ਸਮੁੱਚੀ ਗਰੀਬੀ ਦੋ ਵਾਰ ਦੂਰ ਕੀਤੀ ਜਾ ਸਕਦੀ ਹੈ।' ਭਾਰਤ ਦੇ ਕੌਮੀ ਨਮੂਨਾ ਸਰਵੇਖਣ ਦੇ ਅੰਕੜੇ ਵੀ ਕੁਝ ਅਜਿਹੀ ਹੀ ਕਹਾਣੀ ਪੇਸ਼ ਕਰਦੇ ਹਨ।

ਉਕਤ ਰਿਪੋਰਟਾਂ ਇਸ ਧਾਰਨਾ ਨੂੰ ਰੱਦ ਕਰਦੀਆਂ ਹਨ ਕਿ ਜੇ ਵਿਕਾਸ ਦਰ ਵਿਚ ਤੇਜ਼ ਵਾਧਾ ਹੋਵੇ ਤਾਂ ਗ਼ਰੀਬ ਵੀ ਵਧੀਆ ਕਾਰਗੁਜ਼ਾਰੀ ਦਿਖਾ ਸਕਦੇ ਹਨ। ਇਸ ਨਾਲ 'ਵਿਕਾਸ ਦੇ ਲਾਭ ਰਿਸ ਕੇ ਹੇਠਾਂ ਤੱਕ ਪਹੁੰਚਣ' ਵਾਲੇ ਸਿਧਾਂਤ ਦੀ ਵੀ ਫੂਕ ਨਿਕਲ ਜਾਂਦੀ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਭਾਰਤ ਵਿਚ ਅਜਿਹਾ ਕੁਝ ਨਹੀਂ ਹੋਇਆ ਜਦੋਂ ਕਿ ਇਹ ਹੁਣ ਤੱਕ ਦਾ ਸਭ ਤੋਂ ਤੇਜ਼ ਵਿਕਾਸ ਵਾਲਾ ਸਮਾਂ ਸੀ। ਗੁੰਮਰਾਹ ਕਰਨ ਵਾਲੇ ਇਨ੍ਹਾਂ ਸਿਧਾਂਤਾਂ ਅਤੇ ਧਾਰਨਾਵਾਂ ਨੂੰ ਹੁਣ ਥਾਮਸ ਪਿਕੇਟੀ ਦੀ ਨਵੀਂ ਛਪੀ ਕਿਤਾਬ 'ਕੈਪੀਟਲ ਇਨ ਦਿ ਟਵੰਟੀ ਫਸਟ ਸੈਂਚੁਰੀ' ਵਿਚ ਵੀ ਬੜੇ ਠੋਸ ਅਤੇ ਵਿਹਾਰਕ ਢੰਗ ਨਾਲ ਰੱਦ ਕੀਤਾ ਗਿਆ ਹੈ। ਪਿਕੇਟੀ ਪੈਰਿਸ ਸਕੂਲ ਆਫ ਇਕਨਾਮਿਕਸ ਦੇ ਪ੍ਰੋਫੈਸਰ ਹਨ। ਉਨ੍ਹਾਂ ਵੱਲੋਂ ਵਿਆਪਕ ਵਿਸ਼ਲੇਸ਼ਣ ਕਰ ਕੇ ਸਿੱਟਾ ਕੱਢਿਆ ਗਿਆ ਹੈ ਕਿ ਲਗਾਤਾਰ ਵਧ ਰਹੀ ਗ਼ੈਰ-ਬਰਾਬਰੀ ਉਸ ਖੁੱਲ੍ਹੇ ਬਾਜ਼ਾਰ ਵਾਲੇ ਪੂੰਜੀਵਾਦ ਦਾ ਅਟਲ ਨਤੀਜਾ ਹੈ ਜੋ ਪਿਛਲੇ 200 ਸਾਲ ਤੋਂ ਜਾਰੀ ਹੈ।

ਪਿਕੇਟੀ ਦਾ ਕਹਿਣਾ ਹੈ ਕਿ ਗ਼ੈਰ-ਬਰਾਬਰੀ ਦੇ ਰੁਝਾਨ 'ਤੇ 1914 ਤੋਂ 74 ਤੱਕ ਦੇ ਸਮੇਂ ਦੌਰਾਨ ਕੁਝ ਹੱਦ ਤੱਕ ਰੋਕ ਲੱਗੀ ਸੀ। ਅਜਿਹਾ ਪੂੰਜੀਵਾਦ ਦੀ ਕਿਸੇ ਵਿਸ਼ੇਸ਼ਤਾ ਕਰ ਕੇ ਨਹੀਂ ਸੀ ਹੋਇਆ, ਸਗੋਂ ਇਹ ਦੋ ਸੰਸਾਰ ਜੰਗਾਂ, ਵੱਡੀ ਆਰਥਿਕ ਮੰਦੀ, ਯੂਰਪ ਭਰ ਵਿਚ ਹੋਈ ਸਰਮਾਏ ਦੀ ਤਬਾਹੀ, ਜੰਗਾਂ ਵਾਸਤੇ ਧਨ ਜੁਟਾਉਣ ਲਈ ਲਾਏ ਗਏ ਵੱਡੇ ਟੈਕਸਾਂ, ਕੁਝ ਰਾਜਾਂ ਦੀਆਂ ਭਲਾਈ ਨੀਤੀਆਂ ਅਤੇ ਉਸ ਮਜ਼ਬੂਤ ਮਜ਼ਦੂਰ ਅੰਦੋਲਨ ਦਾ ਸਿੱਟਾ ਸੀ ਜਿਸ ਕਰ ਕੇ ਮਜ਼ਦੂਰਾਂ ਨੂੰ ਵਧੇਰੇ ਤਨਖ਼ਾਹਾਂ ਅਤੇ ਹੋਰ ਲਾਭ ਮਿਲਣੇ ਸ਼ੁਰੂ ਹੋਏ ਸਨ। ਇਸ ਸਮੇਂ ਦੌਰਾਨ ਪੂੰਜੀ ਦੇ ਮਾਲਕਾਂ ਨੂੰ ਇਸ ਕਰ ਕੇ ਵੀ ਵੱਡਾ ਧੱਕਾ ਲੱਗਾ ਕਿ ਪੱਛਮੀ ਯੂਰਪ ਅਤੇ ਕਈ ਹੋਰ ਨਵੇਂ ਆਜ਼ਾਦ ਹੋਏ ਦੇਸ਼ਾਂ ਵਿਚ ਸਰਕਾਰਾਂ ਮੁੱਖ ਸਨਅਤਾਂ ਦਾ ਕੌਮੀਕਰਨ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਜਨਤਕ ਨਿਵੇਸ਼ ਵਾਲੀਆਂ ਨੀਤੀਆਂ ਨੂੰ ਅੱਗੇ ਵਧਾਇਆ ਗਿਆ।

ਇਸ ਬਹਿਸ ਤੋਂ ਭਾਰਤ ਨੂੰ ਵੱਡਾ ਸਬਕ ਸਿੱਖਣ ਦੀ ਲੋੜ ਹੈ। ਭਾਰਤ ਵਿਚਲੀਆਂ ਗ਼ੈਰ-ਬਰਾਬਰੀਆਂ ਭੱਦਾ ਰੂਪ ਅਖ਼ਤਿਆਰ ਕਰ ਚੁੱਕੀਆਂ ਹਨ। ਸਿਖਰਲੇ 10 ਫ਼ੀਸਦੀ ਭਾਰਤੀ ਤਨਖ਼ਾਹਦਾਰ ਦਰਮਿਆਨੇ 10 ਫ਼ੀਸਦੀ ਨਾਲੋਂ ਤਕਰੀਬਨ 5 ਗੁਣਾਂ ਵਧੇਰੇ ਕਮਾ ਰਹੇ ਹਨ। ਭਾਰਤ ਵਿਚਲੀਆਂ ਗ਼ੈਰ-ਬਰਾਬਰੀਆਂ ਜ਼ਮੀਨ ਅਤੇ ਸਰਮਾਏ ਸਮੇਤ ਸਾਰੇ ਸਾਧਨਾਂ ਦੀ ਸੌੜੀ ਵੰਡ ਦਾ ਸਿੱਟਾ ਹਨ। ਇਸ ਦਾ ਭਾਵ ਇਹ ਹੈ ਕਿ ਨਵ-ਉਦਾਰਵਾਦੀ ਨੀਤੀਆਂ ਨੂੰ ਰੱਦ ਕਰਨਾ ਪਵੇਗਾ।

# ਹੈਨਿ ਵਿਰਲੇ ਨਾਹੀ ਘਣੇ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਗੁਰਦੁਆਰਿਆਂ ਵਿਚ ਹੁੰਦੇ ਸਮਾਗਮਾਂ ਮੌਕੇ ਉਥੋਂ ਦੇ ਪ੍ਰਬੰਧਕ ਸਾਹਿਬਾਨ ਆਮ ਤੌਰ 'ਤੇ ਇਹ ਦਾਅਵੇ ਕਰਦੇ ਰਹਿੰਦੇ ਹਨ ਕਿ ਸਾਡੇ ਇਥੇ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਦੀ ਪਾਲਣਾ ਕੀਤੀ ਜਾਂਦੀ ਹੈ। ਇਹ ਵੀ ਗੱਜ-ਵੱਜ ਕੇ ਆਖਿਆ ਜਾਂਦਾ ਹੈ ਕਿ ਅਸੀਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹਾਂ, ਜਦ ਕਿ ਉਥੇ ਅਖੰਡ ਪਾਠਾਂ ਦੀਆਂ ਲੜੀਆਂ ਵੀ ਚੱਲ ਰਹੀਆਂ ਹੁੰਦੀਆਂ ਹਨ। ਮੌਲੀ-ਧਾਗੇ ਨਾਲ ਬੰਨ੍ਹੇ ਲਾਲ ਜਾਂ ਪੀਲੇ ਕੱਪੜੇ ਵਿਚ ਲਪੇਟੇ ਹੋਏ ਨਾਰੀਅਲ, ਕੁੰਭ ਦੀ ਚੱਪਣੀ ਉਪਰ ਪਏ ਸ਼ੋਭਾ ਵਧਾ ਰਹੇ ਹੁੰਦੇ ਹਨ। ਲਾਗੇ ਹੀ ਜੋਤ ਵੀ ਜਗ ਰਹੀ ਹੁੰਦੀ ਹੈ। ਸ਼ਾਮ ਨੂੰ ਪੜ੍ਹੀ ਜਾ ਰਹੀ ਰਹਿਰਾਸ ਵਿਚ,

ਰਾਮ ਰਹੀਮ ਪੁਰਾਨ ਕੁਰਾਨ
ਅਨੇਕ ਕਹੈ ਮਤ ਏਕ ਨ ਮਾਨਯੋ॥

ਸਵੱਈਆ ਪੜ੍ਹਨ ਦੇ ਨਾਲ-ਨਾਲ ਪੰਥਕ ਵਿਧਾਨ ਦੀ ਅਣਦੇਖੀ ਕਰਦਿਆਂ, ਉਸੇ ਰਹਿਰਾਸ ਵਿਚ 'ਰਾਮ ਕਥਾ ਜੁਗ ਜੁਗ ਅਟੱਲ' ਵਾਲੀਆਂ ਪੰਕਤੀਆਂ ਵੀ ਪੜ੍ਹੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਅਰਦਾਸ ਵਿਚ 'ਹੁਣ ਲਾਵਹੁ ਭੋਗੁ ਹਰਿ ਰਾਏ॥' ਦੀ ਤੁਕ ਪੜ੍ਹ ਕੇ ਦੇਗ ਨੂੰ 'ਭੋਗ ਲਵਾਇਆ' ਜਾਂਦਾ ਹੈ। ਕਿਤੇ-ਕਿਤੇ ਮੱਸਿਆ-ਪੁੰਨਿਆ ਵੀ ਮਨਾਈਆਂ ਜਾਂਦੀਆਂ ਹਨ। ਇਹ ਸਾਰਾ ਕੁਝ ਦੇਖਦਿਆਂ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਗੁਰੂ ਘਰਾਂ ਵਿਚ ਪੰਥਕ ਰਹਿਤ ਮਰਿਆਦਾ ਦੀ ਨਹੀਂ, ਸਗੋਂ 'ਰਹਤ ਅਵਰ ਕੁਛ ਅਵਰ ਕਮਾਵਤ' ਦੀ ਪਾਲਣਾ ਕੀਤੀ ਜਾ ਰਹੀ ਹੁੰਦੀ ਹੈ।

ਗੁਰਮਤਿ ਪ੍ਰਚਾਰ ਦੇ ਕੇਂਦਰ ਸਮਝੇ ਜਾਂਦੇ ਅਜਿਹੇ ਸਿੱਖ ਗੁਰਦੁਆਰਿਆਂ ਵਿਚ ਚੱਲ ਰਹੀ 'ਮਿਲ-ਗੋਭਾ ਮਰਿਆਦਾ' ਦੇਖਦਿਆਂ ਸਵਾਲ ਉਠਦਾ ਹੈ ਕਿ ਜੇ ਪੰਥ ਦੇ ਜਥੇਬੰਦਕ ਕੇਂਦਰਾਂ ਵਿਚ ਹੀ ਕੌਮੀ ਯੱਕ-ਜਹਿਤੀ ਦੀ ਜਾਮਨ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਦੀ ਅਵੱਗਿਆ ਕੀਤੀ ਜਾ ਰਹੀ ਹੈ, ਤਾਂ ਨਿੱਜੀ ਤੌਰ 'ਤੇ ਭਾਵ ਵਿਅਕਤੀਗਤ ਰੂਪ ਵਿਚ ਇਸ 'ਤੇ ਕੌਣ ਚੱਲਦਾ ਹੋਵੇਗਾ? ਬੇਸ਼ਕ ਇਸ ਸਵਾਲ ਦਾ ਉਤਰ ਨਿਰਾਸ਼ ਕਰ ਦੇਣ ਵਾਲਾ ਹੀ ਹੋਵੇਗਾ ਪਰ ਗੁਰਵਾਕ ਹੈ,

ਹੈਨਿ ਵਿਰਲੇ ਨਾਹੀ ਘਣੇ
ਫੈਲ ਫਕੜੁ ਸੰਸਾਰੁ॥

ਸਿੱਖੀ ਦੇ ਲੇਬਲ ਅਧੀਨ ਕਰੇ-ਕਰਾਏ ਜਾ ਰਹੇ ਕਰਮ-ਕਾਂਡਾਂ, ਮਨਮਤਾਂ ਅਤੇ ਬਿਪਰ ਵਰਤਾਰੇ ਦੇ ਪਏ ਘੜਮੱਸ ਵਿਚ ਵੀ ਕੋਈ ਅਜਿਹੇ ਚਾਨਣ ਮੁਨਾਰੇ ਹੁੰਦੇ ਨੇ, ਜਿਹੜੇ ਬਗੈਰ ਕਿਸੇ ਥੋਥੀ ਪ੍ਰਸਿੱਧੀ ਦੀ ਹੋੜ ਦੇ, ਪੰਥਕ ਮਰਿਆਦਾ ਦੇ ਕੌਮੀ ਬੰਧਨ ਵਿਚ ਜੀਵਨ ਗੁਜ਼ਾਰ ਦਿੰਦੇ ਹਨ। ਮਨਘੜਤ ਰਸਮਾਂ-ਰੀਤਾਂ ਦੇ ਬਰਖਿਲਾਫ ਚੱਟਾਨ ਵਾਂਗ ਖੜ੍ਹਦੇ ਹੋਏ ਕੌਮੀ ਮਰਿਆਦਾ ਤੋਂ ਰਾਈ ਭਰ ਵੀ ਇੱਧਰ-ਉਧਰ ਨਹੀਂ ਹੁੰਦੇ। ਇਹ ਗੱਲ ਅਲੱਗ ਹੈ ਕਿ ਤੱਤਿ ਗੁਰਮਤਿ ਨੂੰ ਪ੍ਰਣਾਏ ਅਜਿਹੇ ਗੁਰੂ ਕੇ ਲਾਲ, ਦਿਖਾਵੇ ਜਾਂ ਅਡੰਬਰਾਂ ਤੋਂ ਦੂਰ ਰਹਿ ਕੇ ਸਾਦ ਮੁਰਾਦਾ ਜੀਵਨ ਬਤੀਤ ਕਰ ਜਾਂਦੇ ਹਨ। ਕਿਰਤ ਵਿਰਤ ਕਰਿ ਧਰਮ ਦੀ, ਹੱਥਹੁੰ ਦੇ ਕੇ ਭਲਾ ਮਨਾਉਣ ਵਾਲਾ ਗਾਡੀ ਰਾਹ, ਉਨ੍ਹਾਂ ਨੂੰ ਇੰਨੀ ਵਿਹਲ ਹੀ ਨਹੀਂ ਦਿੰਦਾ ਕਿ ਉਹ ਡੋਰਾਵਾਦੀਆਂ ਵਾਂਗ ਸਵੈ-ਪ੍ਰਚਾਰ ਦੀ ਡੁਗ-ਡੁਗੀ ਵਜਾਉਂਦੇ ਫਿਰਨ; ਜਦ ਕਿ ਤੁਲਨਾਤਮਿਕ ਤੌਰ 'ਤੇ ਉਨ੍ਹਾਂ ਦਾ ਜੀਵਨ ਸੰਗਰਾਮ, ਰਾਗੀਆਂ, ਢਾਡੀਆਂ ਜਾਂ ਸਾਧ ਬਾਬਿਆਂ ਨਾਲੋਂ ਕਿਤੇ ਵੱਧ ਪੰਥਕ ਰਹਿਤ-ਬਹਿਤ ਦਾ ਅਨੁਸਾਰੀ ਹੁੰਦਾ ਹੈ।

ਅਰਥਾਂ ਸਹਿਤ ਗੁਰਬਾਣੀ ਪੜ੍ਹਦਿਆਂ ਆਪਣਾ ਜੀਵਨ, ਪੰਥਕ ਜੁਗਤਿ ਮੁਤਾਬਕ ਢਾਲਣ ਵਾਲੇ ਅਜਿਹੇ ਹੀ ਮਿਸਾਲੀ ਸੱਜਣ ਸ. ਸ਼ਰਧਾ ਸਿੰਘ ਬਾਬਤ ਕੁਝ ਸਤਰਾਂ ਲਿਖ ਰਿਹਾ ਹਾਂ ਜਿਨ੍ਹਾਂ ਨਾਲ ਵਿਚਾਰਧਾਰਾ ਸਾਂਝ ਸਦਕਾ ਮੇਰੀ ਉਨ੍ਹਾਂ ਨਾਲ ਦੋਸਤੀ ਸੀ। ਮੇਰੇ ਆਪਣੇ ਜ਼ਿਲ੍ਹਾ ਨਵਾਂ ਸ਼ਹਿਰ ਵਿਚ ਇਤਿਹਾਸਕ ਕਸਬੇ ਰਾਹੋਂ ਨਜ਼ਦੀਕ ਪਿੰਡ ਨੀਲੋਵਾਲ ਦੇ ਵਸਨੀਕ ਸੰਨ 1949 ਵਿਚ ਜਨਮੇ ਭਾਈ ਸ਼ਰਧਾ ਸਿੰਘ ਨੇ ਸ਼ਾਦੀ ਉਪਰੰਤ ਅੰਮ੍ਰਿਤਪਾਨ ਕਰ ਲਿਆ। ਗੁਰਮਤਿ ਅਧਿਐਨ ਦੀ ਮਨਸ਼ਾ ਪੂਰੀ ਕਰਦਿਆਂ ਕੋਰਸ ਪਾਸ ਕਰਿਆ। ਕੋਰਸ ਕਰਦਿਆਂ ਉਹ ਮਿਸ਼ਨਰੀ ਕਾਲਜ ਨਾਲ ਅਜਿਹੇ ਜੁੜੇ ਕਿ ਉਨ੍ਹਾਂ ਆਪਣੇ ਜੀਵਨ ਵਿਚੋਂ ਫੋਕਟ ਕਰਮ ਕਾਂਡਾਂ ਤੇ ਮਨਮਤੀ ਰਸਮੋ-ਰਿਵਾਜਾਂ ਦਾ ਸਫਾਇਆ ਕਰਨਾ ਸ਼ੁਰੂ ਕਰ ਦਿੱਤਾ।

ਜਦੋਂ ਵੀ ਮੈਨੂੰ ਬਤੌਰ ਅਖੰਡਪਾਠੀ ਉਨ੍ਹਾਂ ਦੇ ਪਿੰਡ ਜਾਣ ਦਾ ਮੌਕਾ ਮਿਲਦਾ, ਉਹ ਅਕਸਰ ਮੇਰੇ ਨਾਲ ਸਿੱਖ ਸਮਾਜ ਵਿਚ ਛਾ ਚੁੱਕੇ ਅੰਧ-ਵਿਸ਼ਵਾਸਾਂ ਨੂੰ ਦੂਰ ਕਰਨ ਦੀਆਂ ਲੰਮੀਆਂ ਗੋਸ਼ਟੀਆਂ ਕਰਦੇ ਰਹਿੰਦੇ। ਖੇਤੀਬਾੜੀ ਦੇ ਕੰਮ-ਧੰਦੇ ਕਰਦਿਆਂ ਉਨ੍ਹਾਂ ਕਦੇ ਵੀ ਗੁਰਬਾਣੀ ਦਾ ਨੇਮ-ਪ੍ਰੇਮ ਨਹੀਂ ਖੁੰਝਾਇਆ।

ਮਿਸ਼ਨਰੀ ਕਾਲਜ ਵਲੋਂ ਛਾਪਿਆ ਜਾਂਦਾ ਧਾਰਮਿਕ ਲਿਟਰੇਚਰ, ਖਾਸ ਕਰ ਕੇ ਮਾਸਿਕ ਮੈਗਜ਼ੀਨ 'ਸਿੱਖ ਫੁਲਵਾੜੀ' ਖੁਦ ਪੜ੍ਹਨਾ ਅਤੇ ਹੋਰਾਂ ਨੂੰ ਇਸ ਦੇ ਪਾਠਕ ਬਣਾਉਣਾ, ਭਾਈ ਸ਼ਰਧਾ ਸਿੰਘ ਨੇ ਆਪਣਾ ਮਿਸ਼ਨ ਹੀ ਬਣਾਇਆ ਹੋਇਆ ਸੀ। ਵਿਚਾਰ-ਵਟਾਂਦਰੇ ਦੌਰਾਨ ਖੰਡਨ-ਮੰਡਨ ਕਰਦਿਆਂ ਉਹ ਹਮੇਸ਼ਾ ਹੱਸੂੰ-ਹੱਸੂੰ ਕਰਦੇ ਰਹਿੰਦੇ। ਗੁਰ-ਮਰਿਆਦਾ ਤੋਂ ਉਲਟ ਰਸਮਾਂ-ਰਿਵਾਜਾਂ 'ਚ ਫਸੇ ਮਨਮਤੀਏ ਲੋਕਾਂ ਨਾਲ ਬਹਿਸ-ਮੁਬਹਿਸਾ ਕਰਦਿਆਂ ਉਹ ਕਦੇ ਤੈਸ਼ ਵਿਚ ਨਹੀਂ ਸਨ ਆਉਂਦੇ, ਸਗੋਂ ਵਿਅੰਗਮਈ ਅੰਦਾਜ਼ ਨਾਲ ਉਹ ਫੋਕਟ ਭਰਮਾਂ ਦੀ ਨਿਖੇਧੀ ਕਰਦੇ ਰਹਿੰਦੇ।

ਇਸੇ ਸਾਲ ਫਰਵਰੀ ਮਹੀਨੇ ਦੀ 17 ਤਰੀਕ ਨੂੰ 65 ਕੁ ਸਾਲ ਦੀ ਉਮਰ ਵਿਚ ਜਦੋਂ ਉਹ ਅਚਾਨਕ ਅਕਾਲ ਚਲਾਣਾ ਕਰ ਗਏ, ਤਦੋਂ ਮੈਂ ਵੀ ਅਮਰੀਕਾ ਤੋਂ ਪਿੰਡ ਪਹੁੰਚਿਆ ਹੋਇਆ ਸਾਂ। ਸਰੀ, ਕੈਨੇਡਾ ਰਹਿੰਦਾ ਉਨ੍ਹਾਂ ਦਾ ਛੋਟਾ ਬੇਟਾ ਹਰਵਿੰਦਰ ਸਿੰਘ ਵੀ ਪਿਤਾ ਦਾ ਸਦੀਵੀ ਵਿਛੋੜਾ ਸੁਣ ਕੇ, ਪਿੰਡ ਰਹਿੰਦੇ ਆਪਣੇ ਵੱਡੇ ਵੀਰ ਮਨਜੀਤ ਸਿੰਘ ਕੋਲ ਪਹੁੰਚਿਆ ਹੋਇਆ ਸੀ।



ਸ. ਸ਼ਰਧਾ ਸਿੰਘ

ਦੋਹਾਂ ਸ਼ਾਦੀਸ਼ੁਦਾ ਗੁਰਸਿੱਖ ਭਰਾਵਾਂ ਕੋਲ ਅਫਸੋਸ ਨੂੰ ਬੈਠਿਆਂ, ਮੈਨੂੰ ਸ. ਸ਼ਰਧਾ ਸਿੰਘ ਦੀ ਸਿਧਾਂਤਕ ਪਰਪੱਕਤਾ ਬਾਬਤ ਹੋਰ ਬਹੁਤ ਕੁਝ ਅਜਿਹਾ ਸੁਣਨ ਨੂੰ ਮਿਲਿਆ ਜਿਸ ਨੇ ਮੈਨੂੰ ਇਹ ਸਤਰਾਂ ਲਿਖਣ ਲਈ ਮਜਬੂਰ ਕਰ ਦਿੱਤਾ।

ਕਹਿੰਦੇ, ਜਦ ਕਦੇ ਉਹ ਕਿਸੇ ਪ੍ਰਾਣੀ ਦੇ ਦਾਹ ਸੰਸਕਾਰ ਬਾਅਦ ਘਰੇ ਆਉਂਦੇ ਤਾਂ ਆਪਣੇ ਪਰਿਵਾਰ ਜਨਾਂ ਨੂੰ ਸਖ਼ਤ ਹਦਾਇਤਾਂ ਦੇਣ ਲੱਗ ਪੈਂਦੇ ਕਿ ਮੇਰੀ ਮੌਤ ਤੋਂ ਬਾਅਦ ਕੋਈ ਰੋਣ-ਧੋਣ, ਸਿਠ੍ਹੀ-ਸਿਆਪਾ ਨਾ ਕੀਤਾ ਜਾਵੇ। ਨਾ ਹੀ ਕਿਸੇ ਵਹਿਮ ਭਰਮ 'ਚ ਫਸ ਕੇ ਕੋਈ ਕਰਮ ਕਾਂਡ ਹੀ ਕੀਤਾ ਜਾਵੇ ਜੋ ਸਿੱਖ ਮਰਿਆਦਾ ਦੇ ਉਲਟ ਹੋਵੇ। ਉਹ ਅਕਸਰ ਹੀ ਕਿਹਾ ਕਰਦੇ ਸਨ ਕਿ ਸੁਰੱਖਿਆ ਸੈਨਾਵਾਂ ਦੇ ਜ਼ਾਬਤੇ ਵਾਂਗ ਪ੍ਰਵਾਨਿਤ ਰਹਿਤ ਮਰਿਆਦਾ ਵੀ ਸਿੱਖ ਸਮਾਜ ਲਈ 'ਕੋਡ ਆਫ ਕੰਡਕਟ' ਦੀ ਨਿਆਈਂ ਹੈ।

ਵਿਚਾਰਨ ਵਾਲੀ ਗੱਲ ਹੈ ਕਿ ਅਵੱਲ ਤਾਂ ਸਾਡੀ ਕੌਮ ਵਿਚੋਂ ਅਜਿਹੀ ਸਿਧਾਂਤਕ ਚੇਤਨਤਾ ਅਤੇ ਦ੍ਰਿੜ੍ਹਤਾ ਲੋਪ ਹੀ ਹੋ ਗਈ ਹੈ, ਪਰ ਜੇ ਕੋਈ ਸ਼ਰਧਾ ਸਿੰਘ ਵਰਗਾ ਵਿਰਲਾ ਟਾਵਾਂ ਸਿੱਖ, ਆਪਣੇ ਚਲਾਣੇ ਮੌਕੇ ਪ੍ਰਚਲਿਤ ਰਸਮਾਂ-ਰੀਤਾਂ ਦੇ ਉਲਟ ਕੁਝ ਇਛਾਵਾਂ ਦੱਸ ਵੀ ਜਾਵੇ, ਤਦ ਉਸ ਦੇ ਪਰਿਵਾਰ ਵਾਲੇ ਇਨ੍ਹਾਂ ਗੱਲਾਂ ਦਾ ਧੂੰਆਂ ਵੀ ਬਾਹਰ ਨਹੀਂ ਨਿਕਲਣ ਦਿੰਦੇ, ਕਿਉਂਕਿ ਉਨ੍ਹਾਂ ਨੂੰ ਭਾਈਚਾਰੇ ਵਿਚ ਆਪਣੇ 'ਨੱਕ ਨਮੂਜ' ਦੀ ਚਿੰਤਾ ਹੁੰਦੀ ਹੈ, ਪਰ ਸਦਕੇ ਜਾਈਏ ਸ਼ਰਧਾ ਸਿੰਘ ਦੇ ਦੋਹਾਂ ਪੁੱਤਰਾਂ ਦੇ, ਜਿਨ੍ਹਾਂ ਆਪਣੇ ਬਾਪ ਦੀ ਇਕ-ਇਕ ਹਦਾਇਤ ਨੂੰ ਪੂਰਿਆਂ ਕਰ ਕੇ 'ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥' ਉਤੇ ਡਟ ਕੇ ਪਹਿਰਾ ਦਿੱਤਾ।

ਉਨ੍ਹਾਂ ਦੇ ਅੰਤਿਮ ਇਸ਼ਨਾਨ ਮੌਕੇ ਸਿਰਫ ਘਰਦਿਆਂ ਵੱਲੋਂ ਹੀ ਵਸਤਰ ਪਹਿਨਾਏ ਗਏ। ਰਿਸ਼ਤੇਦਾਰਾਂ ਨੂੰ ਪਹਿਲੋਂ ਹੀ ਮਨ੍ਹਾ ਕਰ ਦਿੱਤਾ ਗਿਆ ਸੀ। ਅੰਤਿਮ ਸੰਸਕਾਰ ਮੌਕੇ ਸਿੱਖ ਵਿਧਾਨ ਮੁਤਾਬਿਕ ਕੋਈ ਕਪਾਲ-ਕਿਰਿਆ, ਅੱਧ-ਮਾਰਗ, ਫੂਹੜੀ, ਦੀਵਾ ਜਾਂ ਅੰਗੀਠਾ ਕੀਲਣਾ ਵਰਗੀਆਂ ਮਨਮਤਾਂ ਕਤੱਈ ਨਹੀਂ ਕੀਤੀਆਂ ਗਈਆਂ। ਕਾਲਵੱਸ ਹੋ ਚੁੱਕੇ ਸਾਡੇ ਸਿਆਸੀ ਤੇ ਧਾਰਮਿਕ ਮੁਖੀਆਂ ਤੋਂ ਲੈ ਕੇ ਤਮਾਮ 'ਮਹਾਂ ਪੁਰਸ਼ਾਂ' ਤੱਕ, ਸਭ ਦੇ ਅਸਤ ਜ਼ਰੂਰ 'ਪਾਏ' ਜਾਂਦੇ ਹਨ। ਕਈ ਵਾਰੀ ਇਹ ਬਿਪਰਵਾਦੀ ਰਸਮ ਨਿਭਾਉਣ ਮੌਕੇ, ਅਸਤ-ਯਾਤਰਾ ਨੂੰ 'ਅਡੰਬਰੀ ਜਲੂਸ' ਬਣਾ ਦਿੱਤਾ ਜਾਂਦਾ ਹੈ। ਬਹੁਤੀ ਵਾਰ ਕਈ ਵਿਦੇਸ਼ੀਂ ਵਸਦੇ ਸਿੱਖ ਭਰਾ ਵੀ ਆਪਣੇ ਸਕੇ-ਸਬੰਧੀਆਂ ਦੀਆਂ ਹੱਡੀਆਂ ਦੀ ਪੋਟਲੀ ਚੁੱਕੀ, ਉਚੇਚੇ ਤੌਰ 'ਤੇ ਪਤਾਲ ਪੁਰੀ ਸਾਹਿਬ ਨੂੰ ਭੱਜੇ ਜਾਂਦੇ ਹਨ, ਪਰ ਸ਼ਰਧਾ ਸਿੰਘ ਦੇ ਪੁੱਤਰਾਂ ਨੇ ਆਪਣੇ ਪਿਤਾ ਦੇ ਦਾਹ ਸੰਸਕਾਰ ਉਪਰੰਤ ਸਾਰੀ ਰਾਖ ਚੁੱਕ ਕੇ, ਯੋਗ ਜਿਹੇ ਥਾਂ ਟੋਆ ਪੁੱਟ ਕੇ ਦੱਬ ਦਿੱਤੀ। ਜਿਵੇਂ ਰਹਿਤ ਮਰਿਆਦਾ ਦੇ ਖਰੜੇ ਵਿਚ 'ਮ੍ਰਿਤਕ ਸੰਸਕਾਰ' ਦੇ ਸਿਰਲੇਖ ਅਧੀਨ ਹਦਾਇਤ ਲਿਖੀ ਹੀ ਹੋਈ ਹੈ।

ਅੰਤਮ ਅਰਦਾਸ ਸਮੇਂ ਇਲਾਹੀ ਬਾਣੀ ਦੇ ਭੋਗ ਉਪਰੰਤ ਕੀਰਤਨ ਤੋਂ ਇਲਾਵਾ ਮਿਸ਼ਨਰੀ ਕਾਲਜ ਲੁਧਿਆਣਾ ਤੋਂ ਆਏ ਹੋਏ ਭਾਈ ਹਰਜੀਤ ਸਿੰਘ ਨੇ ਗੁਰਸ਼ਬਦ ਦੀ ਵਿਆਖਿਆ ਕੀਤੀ। ਨਾ ਹੀ ਇਸ ਮੌਕੇ ਮ੍ਰਿਤਕ ਪ੍ਰਾਣੀ ਦੇ 'ਨਮਿੱਤ' ਕੋਈ ਵਸਤਰ-ਬਰਤਨ ਭੇਟ ਕਰਨ ਦੀ 'ਭੇਡ ਚਾਲ' ਹੀ ਕੀਤੀ ਗਈ ਅਤੇ ਨਾ ਹੀ 'ਸ਼ਰਧਾਂਜਲੀਆਂ' ਦੀ ਆੜ ਹੇਠ ਸੰਗਤ ਦਾ ਕੀਮਤੀ ਵਕਤ ਬਰਬਾਦ ਕੀਤਾ ਗਿਆ। ਕਿਉਂ ਜੋ ਭਾਈ ਸ਼ਰਧਾ ਸਿੰਘ ਪੁੱਤਰਾਂ ਨੂੰ ਆਦੇਸ਼ ਦੇ ਗਏ ਸਨ ਕਿ ਮੇਰੇ ਭੋਗ ਮੌਕੇ ਭਾਵੇਂ ਕੋਈ ਕਿੱਡੀ ਵੀ ਵੱਡੀ 'ਮਹਾਨ ਹਸਤੀ' ਕਿਉਂ ਨਾ ਆਈ ਹੋਈ ਹੋਵੇ, ਕਿਸੇ ਨੂੰ ਵੀ ਸ਼ਰਧਾਂਜਲੀ ਦੇ ਨਾਂ ਹੇਠ 'ਗੱਪ ਗੋਸ਼ਟੀ' ਚਲਾਉਣ ਦੀ ਕਦਾਚਿਤ ਆਗਿਆ ਨਹੀਂ ਦੇਣੀ।

ਉਨ੍ਹਾਂ ਦੇ ਦਰਸ਼ਨੀ ਚਿਹਰਿਆਂ ਮੋਹਰਿਆਂ ਵਾਲੇ ਦੋਹਾਂ ਸੁਭਵਾਨ ਪੁੱਤਰਾਂ ਨੇ ਸਤਿਕਾਰ ਭਰੀ ਭਾਵੁਕਤਾ ਨਾਲ ਦੱਸਿਆ, "ਅੰਕਲ ਜੀ, ਸਾਡੇ ਡੈਡੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਡੂੰਘਾ ਅਧਿਐਨ ਕਰਦੇ ਰਹਿੰਦੇ ਸਨ। ਉਨ੍ਹਾਂ ਨੇ ਪ੍ਰੋ. ਸਾਹਿਬ ਸਿੰਘ ਵੱਲੋਂ ਕੀਤੇ ਗਏ ਸਟੀਕ ਦੀਆਂ ਦਸ ਪੋਥੀਆਂ (ਸ੍ਰੀ ਗੁਰੂ ਗ੍ਰੰਥ ਦਰਪਣ) ਘਰੇ ਰੱਖੀਆਂ ਹੋਈਆਂ ਸਨ। ਹੁਣ ਤੱਕ ਉਨ੍ਹਾਂ ਨੇ ਅੱਠ ਪੋਥੀਆਂ ਦਾ ਪਾਠ ਸੰਪੂਰਨ ਕਰ ਲਿਆ ਸੀ। ਸਾਨੂੰ ਸਦੀਵੀ ਵਿਛੋੜਾ ਦੇਣ ਤੋਂ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਨੌਵੀਂ ਪੋਥੀ ਆਰੰਭ ਕੀਤੀ ਸੀ।"

ਇਹ ਗੱਲ ਸੁਣ ਕੇ, ਅਫਸੋਸ ਕਰਨ ਆਏ ਬੈਠੇ ਸਾਰੇ ਸੱਜਣਾਂ ਦਾ ਸ. ਸ਼ਰਧਾ ਸਿੰਘ ਦੀ ਯਾਦ ਵਿਚ ਸਿਰ ਝੁਕ ਗਿਆ।

"ਜਿੱਥੇ ਉਹ ਨਿਸ਼ਾਨੀ ਰੱਖ ਗਏ ਨੇ, ਉਥੋਂ ਹੁਣ ਮੈਂ ਪਾਠ ਸ਼ੁਰੂ ਕਰ ਕੇ, ਦੋਵੇਂ ਪੋਥੀਆਂ ਸੰਪੂਰਨ ਕਰਾਂਗਾ।"

ਸ. ਸ਼ਰਧਾ ਸਿੰਘ ਦੇ ਵੱਡੇ ਪੁੱਤਰ ਨੇ ਅੱਖਾਂ ਸਾਫ ਕਰਦਿਆਂ ਜਦੋਂ ਇਹ ਆਖਿਆ ਤਾਂ ਉਹਦਾ ਗਲਾ ਭਰ ਆਇਆ!

# ਹੁਣ ਸੁਲਝਾਓ ਪੰਜਾਬ ਦੇ ਮਸਲੇ

ਪ੍ਰਿੰ. ਸਰਵਣ ਸਿੰਘ, ਕੈਨੇਡਾ
ਫੋਨ: 905-799-1661

ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਜੈ ਜੈ ਕਾਰ ਹੋ ਗਈ ਹੈ। 1984 ਤੋਂ ਬਾਅਦ ਪਹਿਲੀ ਵਾਰ ਕਿਸੇ ਇਕ ਪਾਰਟੀ ਨੂੰ ਪੂਰਨ ਬਹੁਮੱਤ ਮਿਲਿਆ ਹੈ। ਦੇਸ਼ ਦਾ ਵਿਕਾਸ ਕਿਵੇਂ ਕਰਨਾ ਹੈ, ਭਾਜਪਾ ਹੁਣ ਆਪਣੇ ਬਲਬੂਤੇ ਪੂਰੇ ਭਰੋਸੇ ਨਾਲ ਕਰ ਸਕਦੀ ਹੈ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀਆਂ ਕਈ ਮਜਬੂਰੀਆਂ ਸਨ, ਨਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੋਈ ਮਜਬੂਰੀ ਨਹੀਂ। ਹੁਣ ਵੀ ਜੇ ਦੇਸ਼ ਦਾ ਕਲਿਆਣ ਨਾ ਹੋਇਆ ਤਾਂ ਭਾਜਪਾ ਦਾ ਵੀ ਉਹੀ ਹਾਲ ਹੋਵੇਗਾ ਜੋ ਕਾਂਗਰਸ ਪਾਰਟੀ ਦਾ ਹੋਇਆ।

ਭਾਰਤੀ ਰਾਜਨੀਤੀ ਦਾ ਸਭ ਤੋਂ ਵੱਡਾ ਸੰਕਟ ਕਹਿਣੀ ਤੇ ਕਰਨੀ ਦੇ ਫਰਕ ਦਾ ਹੈ। ਕਿਹਾ ਕੁਝ ਜਾਂਦੈ, ਕਰਿਆ ਕੁਝ ਹੋਰ ਜਾਂਦੈ। ਭਾਰਤੀ ਜਨਤਾ ਪਾਰਟੀ, ਯੂ ਪੀ ਏ ਸਰਕਾਰ ਦੇ ਭ੍ਰਿਸ਼ਟਾਚਾਰ ਤੇ ਮਹਿੰਗਾਈ ਦੇ ਮੁੱਦਿਆਂ ਨੂੰ ਉਭਾਰ ਕੇ ਸੱਤਾ ਵਿਚ ਆਈ ਹੈ। ਉਸ ਦਾ ਕਹਿਣਾ ਹੈ ਕਿ ਉਹ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਰੇਗੀ। ਦੇਸ਼ ਨੂੰ ਸਾਫ ਸੁਥਰਾ ਪ੍ਰਸ਼ਾਸਨ ਦੇਵੇਗੀ ਤੇ ਦੇਸ਼ ਦਾ ਸਹੀ ਦਿਸ਼ਾ ਵਿਚ ਵਿਕਾਸ ਕਰੇਗੀ। ਚੋਣਾਂ ਉਸ ਨੇ ਵਿਕਾਸ ਦੇ ਮੁੱਦੇ 'ਤੇ ਲੜੀਆਂ ਹਨ। ਹੁਣ ਭਾਰਤੀਆਂ ਨੇ ਭਾਜਪਾ ਤੇ ਇਸ ਦੀਆਂ ਸਹਿਯੋਗੀ ਪਾਰਟੀਆਂ ਦਾ ਅਮਲ ਵੇਖਣਾ ਹੈ। ਵੇਖਣਾ ਹੈ ਭ੍ਰਿਸ਼ਟਾਚਾਰ ਕਦੋਂ ਰੁਕਦੈ ਤੇ ਭ੍ਰਿਸ਼ਟਾਚਾਰੀਆਂ ਨੂੰ ਸਜ਼ਾਵਾਂ ਕਦੋਂ ਮਿਲਦੀਐਂ?

ਗੱਲ ਹੁਣ ਪੰਜਾਬ ਦੀ ਵੀ ਕਰਨ ਵਾਲੀ ਹੈ। ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਹੋਣ ਕਾਰਨ ਪੰਜਾਬ ਵਿਚ ਜੋ ਕੁਝ ਵੀ ਮਾੜਾ ਹੁੰਦਾ ਸੀ ਉਹਦਾ ਦੋਸ਼ ਕੇਂਦਰ ਦੀ ਕਾਂਗਰਸ ਸਰਕਾਰ ਸਿਰ ਮੜ੍ਹ ਦਿੱਤਾ ਜਾਂਦਾ ਸੀ। ਕਿਹਾ ਜਾਂਦਾ ਸੀ ਕਿ ਨਸ਼ੇ ਸਰਹੱਦ ਪਾਰੋਂ ਆਉਂਦੇ ਹਨ ਜਿਨ੍ਹਾਂ ਨੂੰ ਰੋਕਣ ਦੀ ਜ਼ਿੰਮੇਵਾਰੀ ਕੇਂਦਰੀ ਸਰਕਾਰ ਦੀ ਹੈ ਕਿਉਂਕਿ ਬੀ ਐਸ ਐਫ ਕੇਂਦਰ ਦੇ ਅਧੀਨ ਹੈ। ਹੁਣ ਪੰਜਾਬ ਤੇ ਕੇਂਦਰ ਵਿਚ ਇਕੋ ਗੱਠਜੋੜ ਦੀਆਂ ਹੀ ਸਾਂਝੀਆਂ ਸਰਕਾਰਾਂ ਹੋਣਗੀਆਂ। ਵੇਖਦੇ ਹਾਂ ਪੰਜਾਬ ਵਿਚ ਨਸ਼ਿਆਂ ਦਾ ਹੜ੍ਹ ਕਦੋਂ ਰੁਕਦੈ? ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਨ ਨਾਲ ਪੰਜਾਬ ਸਰਕਾਰ ਕੋਲ ਇਹ ਬਹਾਨਾ ਨਹੀਂ ਹੋਵੇਗਾ ਕਿ ਨਸ਼ਿਆਂ ਦੀਆਂ ਖੇਪਾਂ ਕੇਂਦਰ ਸਰਕਾਰ ਦੀ ਸ਼ਹਿ ਨਾਲ ਸਰਹੱਦੋਂ ਲੰਘਦੀਆਂ ਹਨ। ਹੁਣ ਆਪਣੀ ਕਮਜ਼ੋਰੀ ਦਾ ਭਾਂਡਾ ਕੇਂਦਰ ਸਰਕਾਰ ਸਿਰ ਭੰਨਣਾ ਔਖਾ ਹੋਵੇਗਾ। ਇਹ ਵਰਨਣਯੋਗ ਹੈ ਕਿ ਚੋਣਾਂ ਮੌਕੇ ਚੋਣ ਕਮਿਸ਼ਨ ਨੇ ਸਾਰੇ ਦੇਸ਼ ਵਿਚੋਂ ਜਿੰਨੇ ਮਣ/ਟਨ ਨਸ਼ਿਆਂ ਦਾ ਮਾਲ ਮੱਤਾ ਫੜਿਆ, ਉਹਦੇ 'ਚੋਂ ਅੱਧੋਂ ਵੱਧ 'ਕੱਲੇ ਪੰਜਾਬ 'ਚੋਂ ਸੀ!

ਪੰਜਾਬ ਦੇ ਕੁਝ ਮਸਲੇ ਲੰਮੇ ਸਮੇਂ ਤੋਂ ਲਟਕ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਉਨ੍ਹਾਂ ਨੂੰ ਹਰ ਵਾਰ ਆਪਣੇ ਚੋਣ ਮੈਨੀਫੈਸਟੋ ਵਿਚ ਪਾਉਂਦਾ ਆ ਰਿਹੈ। ਸਭ ਤੋਂ ਅਹਿਮ ਮਸਲਾ ਹੈ ਪੰਜਾਬੀ ਬੋਲਦੇ ਇਲਾਕਿਆਂ ਤੇ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਨ ਦਾ ਅਤੇ ਪੰਜਾਬ ਦੇ ਪਾਣੀਆਂ ਦੀ ਲੁੱਟ ਰੋਕਣ ਦਾ। ਪੰਜਾਬ ਦੀ ਹੋਂਦ ਦਰਿਆਵਾਂ ਦੇ ਪਾਣੀਆਂ ਸਦਕਾ ਹੀ ਹੈ। ਪਾਣੀ ਬਿਨਾਂ ਪੰਜਾਬ ਬੰਜਰ ਹੋ ਜਾਵੇਗਾ। ਅਕਾਲੀ ਦਲ ਦਾ ਅਹਿਮ ਮਤਾ ਹੈ ਸੂਬਿਆਂ ਲਈ ਵੱਧ ਅਧਿਕਾਰ ਹਾਸਲ ਕਰਨੇ। ਬੇਰੁਜ਼ਗਾਰੀ ਦੂਰ ਕਰਨ ਲਈ ਸੂਬੇ ਵਿਚ ਵੱਡੀ ਪੱਧਰ 'ਤੇ ਸਨਅਤ ਲਗਾਉਣਾ। ਅੱਤਿਵਾਦ ਵਿਰੁਧ ਲੜਾਈ ਵਿਚ ਕੇਂਦਰ ਦੀਆਂ ਫੋਰਸਾਂ ਦਾ ਕਰੋੜਾਂ ਰੁਪਏ ਦਾ ਖਰਚਾ ਪੰਜਾਬ ਸਿਰ ਮੜ੍ਹਿਆ ਗਿਆ ਜੋ ਹੁਣ ਲੱਖ ਕਰੋੜ ਤੋਂ ਉਪਰ ਹੋ ਚੁੱਕੈ। ਪੰਜਾਬ ਅਨਾਜ ਨਾਲ ਦੇਸ਼ ਦਾ ਢਿੱਡ ਭਰਦਾ ਹੈ। ਪੰਜਾਬ ਕੋਲ ਖੇਤੀਬਾੜੀ ਦੀਆਂ ਫਸਲਾਂ ਹੀ ਹਨ ਜਿਨ੍ਹਾਂ ਦੀ ਵੱਟਤ ਨਾਲ ਪੰਜਾਬੀਆਂ ਨੇ ਕਰਜ਼ਾ ਲਾਹੁਣਾ ਹੈ। ਜੇ ਉਨ੍ਹਾਂ ਫਸਲਾਂ ਦਾ ਲਾਹੇਵੰਦਾ ਮੁੱਲ ਹੀ ਨਹੀਂ ਮਿਲੇਗਾ ਤਾਂ ਪੰਜਾਬ ਦਾ ਕਰਜ਼ਾ ਕਿਥੋਂ ਲਹਿਣੈ? ਪੰਜਾਬ ਜੋ ਖਰੀਦਦੈ ਮੂੰਹ ਮੰਗਿਆ ਮੁੱਲ ਦਿੰਦੈ ਪਰ ਜੋ ਵੇਚਦੈ ਉਹਦਾ ਕਦੇ ਉਚਿਤ ਮੁੱਲ ਨਹੀਂ ਮਿਲਿਆ। ਨਾਲੇ ਅੱਤਿਵਾਦ ਵਿਰੁਧ ਲੜਾਈ ਦਾ ਖਰਚਾ ਪੰਜਾਬ ਸਿਰ ਕਿਉਂ? ਕੀ ਪੰਜਾਬ ਦੇਸ਼ ਦਾ ਅੰਗ ਨਹੀਂ?




ਅਕਾਲੀ ਦਲ/ਭਾਜਪਾ ਨੇ ਚੋਣਾਂ ਤੋਂ ਪਹਿਲਾਂ ਜਗਰਾਓਂ ਵਿਚ ਮੋਦੀ ਦੀ ਵੱਡੀ ਫਤਹਿ ਰੈਲੀ ਕਰਵਾਈ। ਉਸ ਵਿਚ ਮੋਦੀ ਦੀਆਂ ਸਿਫਤਾਂ ਦੇ ਪੁਲ ਬੱਧੇ ਗਏ। ਮੋਦੀ ਨੇ ਕਿਹਾ ਕਿ ਗੁਜਰਾਤ ਵਿਚੋਂ ਕਿਸੇ ਪੰਜਾਬੀ ਕਿਸਾਨ ਨੂੰ ਉਜਾੜਿਆ ਨਹੀਂ ਜਾਵੇਗਾ। ਖੇਤੀਬਾੜੀ ਦੀਆਂ ਫਸਲਾਂ ਦਾ ਲਾਹੇਵੰਦਾ ਮੁੱਲ ਦਿੱਤਾ ਜਾਵੇਗਾ ਤਾਂ ਜੋ ਖੇਤੀਬਾੜੀ ਮੁਨਾਫਾ-ਬਖਸ਼ ਧੰਦਾ ਬਣੇ। ਪੰਜਾਬ ਦੇ ਮੁੱਖ ਮੰਤਰੀ ਤਾਂ ਇਥੋਂ ਤਕ ਕਹਿ ਗਏ ਕਿ ਮੋਦੀ ਸਾਹਿਬ ਨੂੰ ਜਿਤਾ ਦਿਓ ਫਿਰ ਦੇਖਿਓ, ਪੰਜਾਬ 'ਚ ਕਿਵੇਂ ਲਹਿਰਾਂ-ਬਹਿਰਾਂ ਹੁੰਦੀਆਂ। ਇਹ ਗੱਲ ਬਾਦਲ ਹੋਰਾਂ ਨੇ ਹੋਰ ਚੋਣ ਰੈਲੀਆਂ ਵਿਚ ਵੀ ਵਾਰ ਵਾਰ ਦੁਹਰਾਈ। 'ਕੇਰਾਂ ਮੋਦੀ ਸਰਕਾਰ ਬਣ ਜਾਵੇ ਪੰਜਾਬ ਦੇ ਸਾਰੇ ਸੰਕਟ ਦੂਰ ਹੋ ਜਾਣਗੇ। ਕੇਂਦਰ ਦੇ ਖ਼ਜ਼ਾਨੇ ਦਾ ਮੂੰਹ ਪੰਜਾਬ ਵੱਲ ਖੁੱਲ੍ਹ ਜਾਵੇਗਾ।

1984 ਵਿਚ ਦਿੱਲੀ 'ਚ ਹੋਏ ਸਿੱਖ ਕਤਲੇਆਮ ਦੀ ਦੁਹਾਈ ਵਾਰ ਵਾਰ ਪਾਈ ਜਾਂਦੀ ਹੈ। ਵਾਰ ਵਾਰ ਆਵਾਜ਼ ਉਠਦੀ ਹੈ ਕਿ ਦੋਸ਼ੀਆਂ ਨੂੰ ਸਜ਼ਾਵਾਂ ਦਿਓ। ਅਕਾਲੀ ਦਲ ਤਾਂ ਇਹ ਮੰਗ ਕਰਦਾ ਹੀ ਆਉਂਦਾ ਹੈ ਉਸ ਦੀ ਭਾਈਵਾਲ ਭਾਰਤੀ ਜਨਤਾ ਪਾਰਟੀ ਵੀ ਕਤਲੇਆਮ ਦੇ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹੇ ਕਰਨ ਦੀ ਹਾਮੀ ਭਰਦੀ ਆਉਂਦੀ ਹੈ। ਹੁਣ ਜਦੋਂ ਦਿੱਲੀ ਵਿਚ ਅਕਾਲੀ ਦਲ ਦੀ ਭਾਈਵਾਲੀ ਵਾਲੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਤਾਂ ਦੋਸ਼ੀਆਂ ਨੂੰ ਸਜ਼ਾ ਦੇਣ 'ਚ ਕਾਹਦੀ ਦੇਰ ਹੈ? ਜੇ ਕਾਂਗਰਸ ਪਾਰਟੀ ਦੋਸ਼ੀਆਂ ਨੂੰ ਬਚਾਉਂਦੀ ਆਈ ਹੈ ਤਾਂ ਭਾਜਪਾ ਤਾਂ ਸਜ਼ਾ ਦੇ ਹੀ ਸਕਦੀ ਹੈ। ਵੇਖਦੇ ਹਾਂ ਦੋਸ਼ੀਆਂ ਨੂੰ ਸਜ਼ਾਵਾਂ ਕਦ ਮਿਲਦੀਆਂ ਹਨ?

ਹੁਣ ਵੀ ਉਪਰੋਕਤ ਮਸਲੇ ਹੱਲ ਨਾ ਹੋਏ ਤਾਂ ਅਕਾਲੀ ਦਲ/ਭਾਜਪਾ ਸਰਕਾਰ ਜਨਤਾ ਨੂੰ ਸਪੱਸ਼ਟੀਕਰਨ ਦੇਣ ਲਈ ਤਿਆਰ ਰਹੇ।

ਨਾਲੇ ਅਜੋਕੀਆਂ ਲੋਕ ਸਭਾ ਚੋਣਾਂ ਨਾਲ ਪੰਜਾਬ ਦੇ ਹਾਲਾਤ ਵੀ ਬਦਲ ਗਏ ਹਨ। ਆਮ ਆਦਮੀ ਪਾਰਟੀ ਪੰਜਾਬ ਦੇ ਵਿਧਾਨ ਸਭਾ ਹਲਕਿਆਂ ਦੀਆਂ ਅਕਾਲੀਆਂ ਨਾਲੋਂ ਵੱਧ ਸੀਟਾਂ ਜਿੱਤ ਗਈ ਹੈ। ਇਸ ਦਾ ਮਤਲਬ ਹੈ ਕਿ ਕੱਲ੍ਹ ਕਲੋਤਰ ਨੂੰ ਅਸੰਬਲੀ ਦੀਆਂ ਚੋਣਾਂ ਹੋਣ ਤਾਂ ਆਪ ਪਾਰਟੀ ਅਕਾਲੀਆਂ ਤੋਂ ਵੱਧ ਸੀਟਾਂ ਜਿੱਤਣ ਦੇ ਯੋਗ ਹੈ। ਆਮ ਆਦਮੀ ਪਾਰਟੀ ਅਜੇ ਕੱਲ੍ਹ ਜੰਮੀ ਹੈ, ਫਿਰ ਵੀ 33 ਵਿਧਾਨ ਸਭਾ ਹਲਕਿਆਂ ਵਿਚ ਇਹ ਸਭ ਤੋਂ ਮੂਹਰੇ ਨਿਕਲ ਗਈ ਹੈ। ਪੰਜਾਬ ਸਰਕਾਰ ਨੂੰ ਹੁਣ ਸੱਚਮੁੱਚ ਹੀ 'ਰਾਜ ਨਹੀਂ ਸੇਵਾ' ਉਤੇ ਅਮਲ ਕਰਨ ਦੀ ਲੋੜ ਪਵੇਗੀ। ਭਾਵੇਂ ਵੱਡੀ ਗਿਣਤੀ ਵਿਚ ਨੌਜਵਾਨ ਨਸ਼ਿਆਂ 'ਚ ਡੋਬ ਦਿੱਤੇ ਗਏ ਹਨ ਪਰ ਸਾਰਿਆਂ ਦਾ ਬੀ ਨਾਸ ਨਹੀਂ ਹੋਇਆ। ਇਹ ਉਹੀ ਨੌਜਵਾਨ ਹਨ ਜਿਨ੍ਹਾਂ ਨੇ ਪੰਜਾਬ ਵਿਚ ਆਮ ਆਦਮੀ ਪਾਰਟੀ ਦੀਆਂ ਜੜ੍ਹਾਂ ਲਾਈਆਂ। ਉਹ ਪੰਜਾਬ ਦਾ ਭਵਿੱਖ ਸੁਆਰਨ ਲਈ ਤਿਆਰ ਹਨ।

ਸੂਬੇ ਤੇ ਕੇਂਦਰ ਵਿਚ ਇਕੋ ਪਾਰਟੀ/ਗੱਠਜੋੜ ਦੀ ਸਰਕਾਰ ਹੋਵੇ ਤਾਂ ਜਿਥੇ ਫਾਇਦੇ ਹੁੰਦੇ ਹਨ ਉਥੇ ਨੁਕਸਾਨ ਹੋਣ ਦਾ ਵੀ ਡਰ ਹੁੰਦੈ। ਪੰਜਾਬ ਦਾ ਇਤਿਹਾਸ ਦੱਸਦਾ ਹੈ ਕਿ ਕੇਂਦਰ ਤੇ ਪੰਜਾਬ ਵਿਚ ਕਾਂਗਰਸੀ ਸਰਕਾਰਾਂ ਦੀ ਸਾਂਝ ਸਮੇਂ ਪੰਜਾਬ ਨਾਲ ਨਿਆਂ ਨਹੀਂ ਹੋਇਆ। ਪੰਜਾਬ ਦੇ ਹਿਤਾਂ ਵਿਰੁਧ ਮੁੱਖ ਮੰਤਰੀਆਂ ਵੱਲੋਂ ਦਬਾਅ ਨਾਲ ਗੂਠੇ ਲਵਾਏ ਜਾਂਦੇ ਰਹੇ। ਵੇਖਣਾ ਕਿਤੇ ਪੰਜਾਬ ਦੇ ਦਰਿਆਵਾਂ ਦਾ ਪਾਣੀ ਲੈਂਦੇ-ਲੈਂਦੇ ਉਲਟਾ ਮੋਦੀ ਦੀ ਦੇਸ਼ ਦੀਆਂ ਨਦੀਆਂ ਜੋੜਨ ਵਾਲੀ ਨੀਤੀ ਉਤੇ ਗੂਠਾ ਨਾ ਲਵਾ ਲਿਆ ਜਾਵੇ। ਸਾਵਧਾਨ ਰਹਿਣਾ ਪਵੇਗਾ ਪੰਜਾਬ ਸਰਕਾਰ ਨੂੰ! ਨਾਲੇ ਮੋਦੀ ਸਾਹਿਬ ਨੂੰ ਯਾਦ ਕਰਵਾਉਂਦੇ ਰਹਿਣਾ ਪਵੇਗਾ ਕਿ ਜੋ ਉਨ੍ਹਾਂ ਨੇ ਪੰਜਾਬੀਆਂ ਨਾਲ ਵਾਅਦੇ ਕੀਤੇ ਹਨ, ਕਿਤੇ ਭੁੱਲ ਨਾ ਜਾਣ।

# ਅੰਮ੍ਰਿਤਸਰ ਦੇ 131 ਗੈਰ-ਕਾਨੂੰਨੀ ਹੋਟਲ ਢਾਹੁਣ ਦੇ ਹੁਕਮ ਜਾਰੀ

**ਚੰਡੀਗੜ੍ਹ (ਬਿਊਰੋ):** ਪੰਜਾਬ ਸਰਕਾਰ ਨੇ ਅੰਮ੍ਰਿਤਸਰ ਵਿਚ ਸ੍ਰੀ ਦਰਬਾਰ ਸਾਹਿਬ ਦੇ ਚੌਗਿਰਦੇ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਇਲਾਕੇ ਅੰਦਰਲੇ 131 ਗ਼ੈਰ-ਕਾਨੂੰਨੀ ਹੋਟਲਾਂ ਤੇ ਹੋਰਨਾਂ ਵਪਾਰਕ ਇਮਾਰਤਾਂ ਦੀ ਨਿਸ਼ਾਨਦੇਹੀ ਕਰਕੇ ਇਨ੍ਹਾਂ ਨੂੰ ਢਾਹੁਣ ਦੀ ਮੁਹਿੰਮ ਵਿੱਢਣ ਦੇ ਹੁਕਮ ਦੇ ਦਿੱਤੇ ਹਨ। ਸੂਬਾ ਸਰਕਾਰ ਨੇ ਇਸ ਬਾਰੇ ਪੰਜਾਬ ਤੇ ਹਰਿਆਣਾ ਹਾਈਕੋਰਟ ਨੂੰ ਜਾਣੂ ਕਰਵਾਉਂਦਿਆਂ ਦੱਸਿਆ ਹੈ ਕਿ ਅਦਾਲਤੀ ਹਦਾਇਤਾਂ 'ਤੇ ਗਠਿਤ ਕੀਤੀ ਉਪ-ਮੁੱਖ ਮੰਤਰੀ ਦੇ ਡਿਪਟੀ ਪ੍ਰਿੰਸੀਪਲ ਸਕੱਤਰ ਰਾਹੁਲ ਤਿਵਾੜੀ (ਆਈ.ਏ.ਐਸ.) ਦੀ ਚੇਅਰਮੈਨੀ ਵਾਲੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵੱਲੋਂ ਆਪਣੀ ਤਕਰੀਬਨ ਦੋ ਮਹੀਨਿਆਂ ਦੀ ਜਾਂਚ ਮਗਰੋਂ ਸੌਂਪੀ ਰਿਪੋਰਟ ਵਿਚ ਗਲਿਆਰਾ ਪ੍ਰਾਜੈਕਟ ਅੰਦਰਲੀਆਂ ਤੇ ਆਲੇ-ਦੁਆਲੇ ਦੀਆਂ 131 ਅਜਿਹੀਆਂ ਇਮਾਰਤਾਂ ਦੇ ਗੈਰ-ਕਾਨੂੰਨੀ ਹੋਣ ਦੀ ਪੁਸ਼ਟੀ ਕਰ ਦਿੱਤੀ ਹੈ।

ਆਪਣੀ ਰਿਪੋਰਟ ਵਿਚ ਐਸ.ਆਈ.ਟੀ. ਨੇ ਕਿਹਾ ਹੈ ਕਿ ਉਸ ਵੱਲੋਂ ਬਕਾਇਦਾ ਤੌਰ 'ਤੇ ਸਬੰਧਤ ਇਮਾਰਤਾਂ ਦੇ ਮਾਲਕਾਂ ਆਦਿ ਨੂੰ ਆਪਣਾ ਪੱਖ ਰੱਖਣ ਦਾ ਵੀ ਮੌਕਾ ਦਿੱਤਾ ਜਾ ਚੁੱਕਾ ਹੈ ਤੇ ਇਨ੍ਹਾਂ ਦੀ ਗੱਲ ਸੁਣਨ ਮਗਰੋਂ ਨਿਯਮਾਂ ਮੁਤਾਬਕ ਹੀ ਇਨ੍ਹਾਂ ਦੇ ਇਤਰਾਜ਼ ਵੀ ਰੱਦ ਕੀਤੇ ਜਾ ਚੁੱਕੇ ਹਨ। ਸਰਕਾਰ ਵੱਲੋਂ ਇਸ 'ਤੇ ਕਾਰਵਾਈ ਲਈ ਬਕਾਇਦਾ ਤੌਰ 'ਤੇ ਨੋਟੀਫ਼ਿਕੇਸ਼ਨ ਵੀ ਜਾਰੀ ਕਰਦਿਆਂ ਆਉਂਦੀ 22 ਜੁਲਾਈ ਤੱਕ ਕਾਰਵਾਈ ਨਿਬੇੜਨ ਦਾ ਟੀਚਾ ਮਿਥਿਆ ਗਿਆ ਹੈ।

ਮਨੁੱਖੀ ਅਧਿਕਾਰ ਕਾਰਕੁਨ ਤੇ ਐਡਵੋਕੇਟ ਸਰਬਜੀਤ ਸਿੰਘ ਵੇਰਕਾ ਵੱਲੋਂ ਜਨ ਹਿਤ ਪਟੀਸ਼ਨ ਦੇ ਰੂਪ ਵਿਚ ਸਾਲ 2010 ਤੋਂ ਹਾਈਕੋਰਟ ਵਿਚ ਚੁੱਕੇ ਇਸ ਮਾਮਲੇ ਵਿਚ ਅਦਾਲਤ ਵੱਲੋਂ ਪਹਿਲਾਂ ਹੀ ਕਬਜ਼ਿਆਂ ਨੂੰ ਹਟਾਉਣ ਤੇ ਵੱਖ-ਵੱਖ ਸਮੇਂ ਇਨ੍ਹਾਂ ਦੀ ਉਸਾਰੀ ਲਈ ਆਪਣੀਆਂ ਡਿਊਟੀਆਂ ਵਿਚ ਕੁਤਾਹੀਆਂ ਵਰਤਣ ਵਾਲੇ ਸਰਕਾਰੀ ਖ਼ਾਸਕਰ ਨਗਰ-ਨਿਗਮ ਦੇ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਨੂੰ ਕਿ ਲਾਗੂ ਕਰਨ ਦੀ ਜ਼ਿੰਮੇਵਾਰੀ ਇਸ ਉੱਚ ਪੱਧਰੀ ਐਸ.ਆਈ.ਟੀ ਨੂੰ ਸੌਂਪੀ ਗਈ।

ਹਾਲਾਂਕਿ ਕੁਝ ਦਿਨ ਪਹਿਲਾਂ ਤੱਕ ਇਹ ਕਾਰਵਾਈ ਦੀ ਸਾਰੀ ਜ਼ਿੰਮੇਵਾਰੀ ਤਕਰੀਬਨ 3-4 ਵਰ੍ਹਿਆਂ ਤੋਂ ਨਗਰ ਨਿਗਮ ਹਵਾਲੇ ਹੀ ਰਹੀ ਪਰ ਮਾਮਲੇ ਵਿਚ ਉਦੋਂ ਦਿਲਚਸਪ ਮੋੜ ਆ ਗਿਆ ਜਦੋਂ ਪਟੀਸ਼ਨਰ ਦੇ ਵਕੀਲ ਆਰ.ਐਸ. ਬੈਂਸ ਵੱਲੋਂ ਦੋਸ਼ ਲਾਇਆ ਗਿਆ ਕਿ ਸਰਕਾਰ ਖ਼ਾਸਕਰ ਅੰਮ੍ਰਿਤਸਰ ਨਗਰ ਨਿਗਮ



ਵੱਲੋਂ ਹਲਫ਼ਨਾਮੇ ਦਾਇਰ ਕਰਨ ਵਾਲੇ ਹੇਮੰਤ ਬਤਰਾ (ਸੀਨੀਅਰ ਟਾਊਨ ਪਲਾਨਰ) ਵੀ ਉਨ੍ਹਾਂ 33 ਅਫ਼ਸਰਾਂ ਵਿਚ ਸ਼ਾਮਲ ਹਨ, ਜਿਨ੍ਹਾਂ ਨੂੰ ਇਸ ਧਾਰਮਿਕ ਤੇ ਇਤਿਹਾਸਿਕ ਸ਼ਹਿਰ ਵਿਚ 'ਗੋਲਡਨ ਟੈਂਪਲ' ਦੇ ਚੌਗਿਰਦੇ ਵਿਚ ਲਗਾਤਾਰ ਖੁੰਬਾਂ ਵਾਂਗ ਪਨਪ ਰਹੇ ਇਨ੍ਹਾਂ ਸੈਂਕੜੇ ਗ਼ੈਰ-ਕਾਨੂੰਨੀ ਹੋਟਲਾਂ, ਗੈਸਟ ਹਾਊਸਾਂ ਤੇ ਸਰਾਂਵਾਂ ਆਦਿ ਦੀ ਮਨਜ਼ੂਰੀ ਦੇਣ ਦੇ ਦੋਸ਼ਾਂ ਵਿਚ ਚਾਰਜ ਸ਼ੀਟ ਕੀਤਾ ਹੋਇਆ ਹੈ।

ਪੰਜਾਬ ਸਰਕਾਰ ਦੇ ਵਕੀਲ ਵੱਲੋਂ ਵੀ ਦਸਤਾਵੇਜ਼ਾਂ ਦੇ ਆਧਾਰ 'ਤੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਗਈ ਕਿ ਇਹ ਅਧਿਕਾਰੀ ਵੀ ਇਨ੍ਹਾਂ ਵਿਚ ਹੀ ਸ਼ਾਮਲ ਹੈ, ਜਿਨ੍ਹਾਂ ਦੇ ਕਾਰਜਕਾਲ ਵਿਚ ਹੀ ਇਹ ਹੋਟਲ ਤੇ ਹੋਰ ਵਿਵਾਦਤ ਇਮਾਰਤਾਂ ਹੋਂਦ ਵਿਚ ਆਈਆਂ। ਹਾਈਕੋਰਟ ਵੱਲੋਂ ਇਸ 'ਤੇ ਬੇਇਤਬਾਰੀ ਦਾ ਪ੍ਰਗਟਾਵਾ ਕਰਦੇ ਹੋਏ ਹੀ ਸੂਬਾ ਸਰਕਾਰ ਨੂੰ ਇਨ੍ਹਾਂ ਇਮਾਰਤਾਂ ਦੀ ਉਸਾਰੀ, ਸਥਾਪਤੀ ਤੇ ਮਨਜ਼ੂਰੀਆਂ ਬਾਰੇ ਠੋਸ ਜਾਂਚ ਤੇ ਨਿਯਮਾਂ ਮੁਤਾਬਕ ਕਾਰਵਾਈ ਹਿੱਤ ਇਸ ਕੰਮ ਵਾਸਤੇ ਹੁਣ ਐਸ.ਆਈ.ਟੀ ਦਾ ਗਠਨ ਕਰਨ ਦੀ ਤਾਕੀਦ ਕਰ ਦਿੱਤੀ ਗਈ।

ਹਾਈਕੋਰਟ ਦੇ ਚੀਫ਼ ਜਸਟਿਸ ਸੰਜੇ ਕਿਸ਼ਨ ਕੌਲ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਵੱਲੋਂ ਪੰਜਾਬ ਸਰਕਾਰ ਦੇ ਉਕਤ ਕਦਮ 'ਤੇ ਤਸੱਲੀ ਦਾ ਪ੍ਰਗਟਾਵਾ ਕਰਦੇ ਹੋਏ ਕਾਰਵਾਈ ਮੁਕੰਮਲ ਕਰ ਸਰਕਾਰ ਨੂੰ 22 ਜੁਲਾਈ ਤੱਕ ਸਟੇਟਸ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਗਏ ਹਨ।

# ਅਸਥਘਾਟ: ਜ਼ਮੀਨ ਖਰੀਦਣ ਬਾਰੇ ਗੰਭੀਰ ਨਹੀਂ ਸ਼੍ਰੋਮਣੀ ਕਮੇਟੀ

**ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਪਤਾਲਪੁਰੀ ਦੇ ਅਸਥਘਾਟ ਵਿਖੇ ਅਸਥੀਆਂ ਜਲ ਪ੍ਰਵਾਹ ਕਰਨ ਵਿਚ ਅੜਿੱਕਾ ਬਣੀ ਜ਼ਮੀਨ ਖ਼ਰੀਦਣ ਦੇ ਰੌਂਅ ਵਿਚ ਨਹੀਂ ਹੈ। ਇਸੇ ਕਰਕੇ ਕਈ ਦਹਾਕੇ ਬੀਤਣ ਤੋਂ ਬਾਅਦ ਵੀ ਕਮੇਟੀ ਇਸ ਬਾਰੇ ਗੰਭੀਰ ਨਹੀਂ ਹੈ। ਹਿਮਾਚਲ ਪ੍ਰਦੇਸ਼ ਦੇ ਪ੍ਰਵੇਸ਼ ਦੁਆਰ ਵਜੋਂ ਜਾਣੇ ਜਾਂਦੇ ਕੀਰਤਪੁਰ ਸਾਹਿਬ ਵਿਖੇ ਮਰਨ ਉਪਰੰਤ ਸਿੱਖਾਂ ਦੀਆਂ ਅਸਥੀਆਂ ਜਲਪ੍ਰਵਾਹ ਕੀਤੀਆਂ ਜਾਂਦੀਆਂ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਅਧੀਨ ਗੁਰਦੁਆਰਾ ਪਤਾਲਪੁਰੀ ਦੇ ਅਸਥਘਾਟ 'ਤੇ ਹਰ ਰੋਜ਼ ਸੈਂਕੜੇ ਸਿੱਖ ਸ਼ਰਧਾਲੂ ਆਪਣੇ ਪਰਿਵਾਰਕ ਮੈਂਬਰਾਂ ਦੀ ਮੌਤ ਉਪਰੰਤ ਉਨ੍ਹਾਂ ਦੀਆਂ ਅਸਥੀਆਂ ਜਲ ਪ੍ਰਵਾਹ ਕਰਨ ਆਉਂਦੇ ਹਨ ਤੇ ਇਥੇ ਹੀ ਇਸ਼ਨਾਨ ਕਰਨ ਉਪਰੰਤ ਵਾਪਸ ਪਰਤਦੇ ਹਨ।

ਦੁੱਖ ਇਸ ਗੱਲ ਦਾ ਹੈ ਕਿ ਜਦੋਂ ਸ਼ਰਧਾਲੂ ਅਸਥਘਾਟ 'ਤੇ ਅਸਥੀਆਂ ਜਲ ਪ੍ਰਵਾਹ ਕਰਦੇ ਹਨ ਤਾਂ ਇਹ ਅਸਥੀਆਂ ਪੂਰੀ ਤਰ੍ਹਾਂ ਜਲ ਪ੍ਰਵਾਹ ਨਹੀਂ ਹੁੰਦੀਆਂ ਕਿਉਂਕਿ ਦਰਿਆ ਵਿਚਾਲੇ ਸਥਿਤ ਜ਼ਮੀਨ ਅਸਥੀਆਂ ਦੇ ਵਹਿਣ ਵਿਚ ਵੱਡਾ ਅੜਿੱਕਾ ਬਣਦੀ ਹੈ। ਇਸ ਬਾਰੇ ਕਈ ਵਾਰ ਸੁਰਖੀਆਂ ਬਣਨ ਦੇ ਬਾਵਜੂਦ ਅੱਜ ਤੱਕ ਸ਼੍ਰੋਮਣੀ ਕਮੇਟੀ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ।

ਸ਼੍ਰੋਮਣੀ ਕਮੇਟੀ ਵੱਲੋਂ ਬੇਸ਼ੱਕ ਜ਼ਮੀਨ ਦੇ ਮਾਲਕਾਂ ਨਾਲ ਕਈ ਵਾਰੀ ਬੈਠਕਾਂ ਕੀਤੀਆਂ ਜਾ ਚੁੱਕੀਆਂ ਹਨ ਪਰ ਕਈ ਸਾਲ ਬੀਤਣ ਦੇ ਬਾਵਜੂਦ ਸੌਦਾ ਤੈਅ ਨਹੀਂ ਹੋ ਸਕਿਆ। ਜਿਥੇ ਮਾਲਕ ਘੱਟ ਕੀਮਤ 'ਤੇ ਜ਼ਮੀਨ ਦੇਣ ਨੂੰ ਤਿਆਰ ਨਹੀਂ ਹਨ, ਉਥੇ ਹੀ ਸ਼੍ਰੋਮਣੀ ਕਮੇਟੀ ਵੀ ਵੱਧ ਭਾਅ ਨਹੀਂ ਦੇ ਰਹੀ। ਇਹੀ ਕਾਰਨ ਹੈ ਕਿ ਕਈ ਦਹਾਕਿਆਂ ਤੋਂ ਚੱਲਦੀ ਆ ਰਹੀ ਇਸ ਸਮੱਸਿਆ ਦਾ ਹੱਲ ਨਹੀਂ ਨਿਕਲ ਸਕਿਆ ਤੇ ਸ਼ਰਧਾਲੂਆਂ ਦੀ ਆਸਥਾ ਨੂੰ ਡੂੰਘੀ ਸੱਟ ਵੱਜਦੀ ਹੈ।

ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਜਥੇਦਾਰ ਸੁਖਦੇਵ ਸਿੰਘ ਭੌਰ ਨੇ ਕਿਹਾ ਕਿ ਇਸ ਜ਼ਮੀਨ ਦੇ ਮਸਲੇ ਬਾਰੇ ਉਨ੍ਹਾਂ ਬੁਹਤ ਛੇਤੀ ਇਕ ਬੈਠਕ ਸੱਦੀ ਹੈ ਤੇ ਆਸ ਹੈ ਕਿ ਇਸ ਮਸਲੇ ਦਾ ਹਰ ਹਾਲ ਵਿਚ ਹੱਲ ਨਿਕਲ ਜਾਵੇਗਾ।

## ਸ਼੍ਰੋਮਣੀ ਕਮੇਟੀ ਵਫਦ ਵੱਲੋਂ ਅਸਥਘਾਟ ਦਾ ਦੌਰਾ

**ਆਨੰਦਪੁਰ ਸਾਹਿਬ:** ਗੁਰਦੁਆਰਾ ਪਤਾਲਪੁਰੀ ਦੇ ਅਸਥਘਾਟ ਵਿਖੇ ਸ਼ਰਧਾਲੂਆਂ ਨੂੰ ਬੀਤੇ ਕਾਫੀ ਸਮੇਂ ਤੋਂ ਆਉਂਦੀਆਂ ਸਮੱਸਿਆਵਾਂ ਦੇ ਹੱਲ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉੱਚ ਪੱਧਰੀ ਵਫਦ ਨੇ ਦੌਰਾ ਕੀਤਾ ਤੇ ਅਸਥਘਾਟ ਵਿਚ ਦਹਾਕਿਆਂ ਤੋਂ ਪੈ ਰਹੇ ਗੰਦੇ ਪਾਣੀ ਦਾ ਵੀ ਸਖ਼ਤ ਨੋਟਿਸ ਲਿਆ।

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਜਾਇਦਾਦ ਸਬ ਕਮੇਟੀ ਦੀ ਬੈਠਕ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਕੇਵਲ ਸਿੰਘ ਬਾਦਲ, ਜਨਰਲ ਸਕੱਤਰ ਜਥੇਦਾਰ ਸੁਖਦੇਵ ਸਿੰਘ ਭੌਰ, ਅੰਤ੍ਰਿੰਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ ਨੇ ਅਸਥਘਾਟ ਦਾ ਦੌਰਾ ਕੀਤਾ ਤੇ ਸ਼ਰਧਾਲੂਆਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ ਕੀਤਾ।

ਇਸ ਮੌਕੇ ਜਥੇਦਾਰ ਭੌਰ ਨੇ ਦੱਸਿਆ ਕਿ ਅਸਥਘਾਟ ਵਿਚੋਂ ਹੋ ਕੇ ਲੰਘਣ ਵਾਲੇ ਪਾਣੀ ਵਿਚ ਕੀਰਤਪੁਰ ਸਾਹਿਬ ਤੇ ਆਨੰਦਪੁਰ ਸਾਹਿਬ ਸ਼ਹਿਰ ਦਾ ਸਮੁੱਚਾ ਗੰਦਾ ਪਾਣੀ ਮਿਲਦਾ ਹੈ ਜਦਕਿ ਅਸਥੀਆਂ ਜਲ ਪ੍ਰਵਾਹ ਕਰਨ ਲਈ ਆਉਣ ਵਾਲੇ ਸ਼ਰਧਾਲੂਆਂ ਵੱਲੋਂ ਇਸੇ ਪਾਣੀ ਵਿਚ ਇਸ਼ਨਾਨ ਵੀ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸ਼ਰਧਾਲੂ ਪਲੀਤ ਹੋਏ ਪਾਣੀ ਵਿਚ ਡੁਬਕੀ ਲਾਉਂਦੇ ਹਨ। ਉਨ੍ਹਾਂ ਨੇ ਇਹ ਮਾਮਲਾ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਧਿਆਨ ਵਿਚ ਲਿਆਂਦਾ ਸੀ। ਉਨ੍ਹਾਂ ਨੇ ਕੈਬਨਿਟ ਮੰਤਰੀ ਜਨਮੇਜ਼ਾ ਸਿੰਘ ਸੇਖੋਂ ਨੂੰ ਇਥੇ ਮੌਕਾ ਦੇਖਣ ਲਈ ਭੇਜਿਆ ਸੀ ਪਰ ਅਜੇ ਤੱਕ ਇਸ ਸਮੱਸਿਆ ਦਾ ਹੱਲ ਨਹੀਂ ਹੋ ਸਕਿਆ ਹੈ। ਉਨ੍ਹਾਂ ਕਿਹਾ ਕਿ ਕੀਰਤਪੁਰ ਸਾਹਿਬ ਦੇ ਨਗਰ ਪੰਚਾਇਤ ਬਣਨ ਤੋਂ ਬਾਅਦ ਹੁਣ ਸ਼ਹਿਰ ਦਾ ਸਮੁੱਚਾ ਗੰਦਾ ਪਾਣੀ ਅਸਥਘਾਟ ਵਿਚ ਮਿਲਣ ਤੋਂ ਰੋਕਣ ਦੇ ਲਈ ਪ੍ਰਾਜੈਕਟ ਤਿਆਰ ਗਿਆ ਕੀਤਾ ਹੈ। ਇਸ ਦੇ ਬਣਨ ਤੋਂ ਬਾਅਦ ਸਾਰੀ ਸਮੱਸਿਆ ਹੱਲ ਹੋ ਜਾਵੇਗੀ।


India Delight
Indian Cuisine Sooo... Tasty
2402 W. Army Trail Road, Hanover Park, IL 60133
*(Next to Patel Brothers)*



ਇੰਡੀਆ ਡੀਲਾਈਟ ਦੇ ਸਵਾਦੀ ਖਾਣੇ
ਇਕ ਵਾਰ ਖਾਓਗੇ, ਮੁੜ ਮੁੜ ਆਓਗੇ
ਅਸੀਂ ਕੈਟਰਿੰਗ ਵੀ ਕਰਦੇ ਹਾਂ
Ph: 630-855-6067
www.india-delight.com
ਪੰਜਾਬ ਟਾਈਮਜ਼ ਦਾ ਇਹ ਕੂਪਨ ਨਾਲ ਲਿਆਓ ਤੇ 10% ਛੋਟ ਪਾਓ


punjabtimesusa.com


ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ
ਕਰਨ ਗਿੱਲ



Ph: (734) 612-9984
Either Buying or Selling a Home in Michigan
"Always Go with the Winner"
COLDWELL BANKER
44644 Ann Arbor Road Plymouth, MI 48170
Email: KarnGill@Hotmail.com
Website: www.KarnGill.com



A Motel available in North Central Iowa for $399K, less than 3 times the gross.
**Want to Buy/Sell Home**



Madan Khatri

Call Madan Khatri 847-530-1550
www.PropertyZoo.com
Recognized as the 2013 Multi-Family Broker of the Year by the MORe* MLS Board Committee.
Buy A Home anywhere in Metro !!
Top Producer at the Prudential Office in 2013!
*A Broker who can work with you from Beginning to End, Call Now!*
Prudential at 25 Turner Ave, Elk Grove Village, IL



Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
**Refinance up to 125% value of the house.*
*Loans Available In Most States!*
>100% FHA Financing >Residential (Purchase & *Refinance) >Self Employed >Cash Out Refinance >Investment Property Loans >Jumbo Loans >Commercial Property With Business or Business Only

# ਬਿਕਰਮਜੀਤ ਕੇਸ: ਇੰਸਪੈਕਟਰ ਸਣੇ ਨੌਂ ਪੁਲਿਸ ਵਾਲੇ ਬਰਤਰਫ

## ਜੇਲ੍ਹ ਵਿਚੋਂ ਚੁੱਕ ਕੇ ਕਰ ਦਿੱਤਾ ਸੀ ਕਤਲ






**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਹਸਪਤਾਲ ਵਿਚੋਂ ਕੁਝ ਦਿਨ ਪਹਿਲਾਂ ਭੇਤਭਰੀ ਹਾਲਤ ਵਿਚ ਲਾਪਤਾ ਹੋਏ ਕੈਦੀ ਬਿਕਰਮਜੀਤ ਸਿੰਘ ਨੂੰ ਪੁਲਿਸ ਨੇ ਹੀ ਅਗਵਾ ਕਰਕੇ ਮਾਰ ਮੁਕਾਇਆ ਸੀ ਤੇ ਉਸ ਦੀ ਲਾਸ਼ ਖੁਰਦ ਬੁਰਦ ਕਰਨ ਲਈ ਭਾਖੜਾ ਨਹਿਰ ਵਿਚ ਸੁੱਟ ਦਿੱਤੀ ਸੀ। ਪੁਲਿਸ ਦੀ ਇਸ ਕਰਤੂਤ ਨੇ ਪੰਜਾਬ ਵਿਚ ਅਤਿਵਾਦ ਦੇ ਦਿਨਾਂ ਦੀ ਯਾਦ ਮੁੜ ਤਾਜ਼ਾ ਕਰ ਦਿੱਤੀ ਹੈ। ਪੁਲਿਸ ਨੇ ਮ੍ਰਿਤਕ ਬਿਕਰਮਜੀਤ ਸਿੰਘ ਵਾਸੀ ਅਲਗੋਂ ਕੋਠੀ ਨਾਲ ਸਬੰਧਤ ਇਕ ਬਲੈਰੋ ਗੱਡੀ ਪੀ.ਬੀ. 38 ਐਚ 9840 ਵੀ ਬਰਾਮਦ ਕੀਤੀ ਹੈ।

ਇਸ ਘਟਨਾ ਦਾ ਖੁਲਾਸਾ ਕਰਦਿਆਂ ਪੁਲਿਸ ਕਮਿਸ਼ਨਰ ਜਤਿੰਦਰ ਸਿੰਘ ਔਲਖ ਨੇ ਦੱਸਿਆ ਕਿ ਕੈਦੀ ਬਿਕਰਮਜੀਤ ਸਿੰਘ ਦੀ ਲਾਸ਼ ਅੱਠ ਮਈ ਨੂੰ ਸ਼ਾਮ ਚਾਰ ਵਜੇ ਥਾਣਾ ਕੀਰਤਪੁਰ ਦੀ ਹੱਦ ਵਿਚ ਆਉਂਦੇ ਨੱਕੀਆਂ ਪਾਵਰ ਹਾਊਸ ਕੋਲੋਂ ਨਹਿਰ ਵਿਚੋਂ ਬਰਾਮਦ ਹੋਈ ਸੀ ਪਰ ਉਸ ਦੀ ਸ਼ਨਾਖਤ ਨਾ ਹੋਣ ਕਾਰਨ ਪੰਜ ਦਿਨਾਂ ਮਗਰੋਂ 13 ਮਈ ਨੂੰ ਕੀਰਤਪੁਰ ਪੁਲਿਸ ਵੱਲੋਂ ਸਸਕਾਰ ਕਰ ਦਿੱਤਾ ਗਿਆ ਤੇ ਉਸ ਦੇ ਫੁੱਲ 14 ਮਈ ਨੂੰ ਕੀਰਤਪੁਰ ਹੀ ਜਲ ਪ੍ਰਵਾਹ ਕਰ ਦਿੱਤੇ ਗਏ। ਕੀਰਤਪੁਰ ਪੁਲਿਸ ਵੱਲੋਂ ਪੇਸ਼ ਕੀਤੀ ਗਈ ਫੋਟੋ ਜਦੋਂ ਮ੍ਰਿਤਕ ਦੇ ਘਰ ਵਾਲਿਆਂ ਨੂੰ ਦਿਖਾਈ ਗਈ ਤਾਂ ਉਨ੍ਹਾਂ ਨੇ ਬਿਕਰਮਜੀਤ ਸਿੰਘ ਵਜੋਂ ਉਸ ਦੀ ਪਛਾਣ ਕੀਤੀ, ਜਿਸ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਗਈ ਹੈ।

ਸਮੁੱਚਾ ਘਟਨਾਕ੍ਰਮ ਬਿਆਨ ਕਰਦਿਆਂ ਉਨ੍ਹਾਂ ਦੱਸਿਆ ਕਿ ਬਿਕਰਮਜੀਤ ਸਿੰਘ ਉਮਰ ਕੈਦੀ ਸੀ ਤੇ ਉਸ ਨੂੰ ਇਲਾਜ ਲਈ ਗੁਰੂ ਨਾਨਕ ਦੇਵ ਹਸਪਤਾਲ ਦਾਖਲ ਕਰਾਇਆ ਗਿਆ ਸੀ, ਜਿਥੇ ਉਸ 'ਤੇ ਨਿਗਰਾਨੀ ਲਈ ਅੰਮ੍ਰਿਤਸਰ ਦਿਹਾਤੀ ਪੁਲਿਸ ਦਾ ਕਰਮਚਾਰੀ ਅਮਨਦੀਪ ਸਿੰਘ ਤੇ ਲਖਵਿੰਦਰ ਸਿੰਘ ਤਾਇਨਾਤ ਸਨ। ਦੋਵਾਂ ਪੁਲਿਸ ਕਰਮੀਆਂ ਦੀ ਉਸ ਨਾਲ ਦੋਸਤੀ ਹੋ ਗਈ ਸੀ, ਜਿਸ ਸਦਕਾ ਬਿਕਰਮਜੀਤ ਸਿੰਘ ਬਾਹਰ ਵੀ ਚਲਾ ਜਾਂਦਾ ਸੀ ਤੇ ਕਈ ਵਾਰ ਘਰ ਵੀ ਚਲਾ ਗਿਆ ਸੀ। ਉਹ ਨਸ਼ਾ ਕਰਨ ਦਾ ਆਦੀ ਸੀ। ਇਸ ਦੌਰਾਨ ਪੁਲਿਸ ਕਰਮਚਾਰੀ ਅਮਨਦੀਪ ਵੀ ਨਸ਼ਾ ਕਰਨ ਲੱਗ ਪਿਆ ਸੀ। ਉਨ੍ਹਾਂ ਦੱਸਿਆ ਕਿ ਏ.ਐਸ.ਆਈ. ਗੁਲਸ਼ਨਬੀਰ ਤੇ ਸਿਪਾਹੀ ਅਮਨਦੀਪ ਦੀ ਆਪਸ ਵਿਚ ਪੁਰਾਣੀ ਮਿੱਤਰਤਾ ਸੀ, ਜਿਨ੍ਹਾਂ ਨੇ ਹੈਰੋਇਨ ਬਰਾਮਦ ਕਰਨ ਦੀ ਇਕ ਯੋਜਨਾ ਤਹਿਤ ਪੰਜ ਮਈ ਨੂੰ ਸ਼ਾਮ ਛੇ ਵਜੇ ਬਿਕਰਮਜੀਤ ਸਿੰਘ ਨੂੰ ਮਾਲ ਮੰਡੀ ਨੇੜੇ ਸੱਦਿਆ ਤੇ ਉਸ ਨੂੰ ਇਕ ਲੱਖ 22 ਹਜ਼ਾਰ ਰੁਪਏ ਦੇ ਕੇ ਹੈਰੋਇਨ ਲਿਆਉਣ ਵਾਸਤੇ ਆਖਿਆ। ਤਕਰੀਬਨ ਇਕ ਘੰਟੇ ਮਗਰੋਂ ਹੀ ਬਿਕਰਮਜੀਤ ਸਿੰਘ ਆਪਣੀ ਚਿੱਟੇ ਰੰਗ ਦੀ ਬਲੈਰੋ ਵਿਚ ਉਥੇ ਪੁੱਜ ਗਿਆ। ਉਸ ਵੇਲੇ ਕਾਊਂਟਰ ਇੰਟੈਲੀਜੈਂਸ ਪੁਲਿਸ ਦੇ ਏ.ਐਸ.ਆਈ. ਗੁਲਸ਼ਨਬੀਰ ਸਿੰਘ, ਬਲਜੀਤ ਸਿੰਘ, ਸਵਿੰਦਰ ਸਿੰਘ ਤੋਂ ਇਲਾਵਾ ਹੈਡ ਕਾਂਸਟੇਬਲ ਜਗਜੀਤ ਸਿੰਘ, ਗੁਰਪ੍ਰੀਤ ਸਿੰਘ, ਜਗਤਾਰ ਸਿੰਘ ਕਾਸ਼ੀ ਵੀ ਮੌਜੂਦ ਸਨ, ਜਿਨ੍ਹਾਂ ਨੇ ਸਿਪਾਹੀ ਅਮਨਦੀਪ ਸਿੰਘ ਤੇ ਲਖਵਿੰਦਰ ਸਿੰਘ ਦੇ ਇਸ਼ਾਰੇ 'ਤੇ ਬਿਕਰਮਜੀਤ ਸਿੰਘ ਨੂੰ ਉਥੋਂ ਚੁੱਕ ਲਿਆ ਤੇ ਬਟਾਲੇ ਲੈ ਗਏ। ਇਹ ਸਾਰੀ ਪੁਲਿਸ ਟੀਮ ਵੀ ਦੋ ਵੱਖ-ਵੱਖ ਗੱਡੀਆਂ ਵਿਚ ਸਵਾਰ ਸੀ।

ਬਟਾਲੇ ਜਿਸ ਥਾਂ 'ਤੇ ਉਸ ਨੂੰ ਲੈ ਜਾਇਆ ਗਿਆ, ਉਥੇ ਇੰਸਪੈਕਟਰ ਨਾਰੰਗ ਸਿੰਘ ਤੇ ਉਸ ਦੇ ਕੁਝ ਹੋਰ ਸਾਥੀ ਪਹਿਲਾਂ ਹੀ ਮੌਜੂਦ ਸਨ, ਜਿਨ੍ਹਾਂ ਨੇ ਬਿਕਰਮਜੀਤ ਸਿੰਘ ਤੋਂ ਪੁੱਛਗਿੱਛ ਕਰਨ ਲਈ ਉਸ ਦੀ ਮਾਰ ਕੁੱਟ ਕੀਤੀ। ਇਸ ਕਾਰਵਾਈ ਦੌਰਾਨ ਰਾਤ ਸਮੇਂ ਉਸ ਦੀ ਮੌਤ ਹੋ ਗਈ। ਪੁਲਿਸ ਕਰਮਚਾਰੀਆਂ ਨੇ ਉਸ ਦੀ ਲਾਸ਼ ਨੂੰ ਰਾਤੋ ਰਾਤ ਭਾਖੜਾ ਨਹਿਰ ਵਿਚ ਸੁੱਟ ਦਿੱਤਾ ਜਦੋਂਕਿ ਉਸ ਦੀ ਬਲੈਰੋ ਗੱਡੀ ਥਾਣਾ ਸੇਖਵਾਂ ਨੇੜੇ ਨਹਿਰ ਬਿੰਦ ਦੇ ਪੁਲ ਕੋਲ ਛੱਡ ਦਿੱਤੀ।

ਉਨ੍ਹਾਂ ਆਖਿਆ ਕਿ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਕੀਤੀ ਗਈ ਇਹ ਕਾਰਵਾਈ ਗੈਰ ਕਾਨੂੰਨੀ ਤੇ ਗੈਰ ਇਨਸਾਨੀਅਤ ਵਾਲੀ ਹੈ, ਜਿਸ ਲਈ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਾਸਤੇ ਹਰ ਸੰਭਵ ਯਤਨ ਕੀਤਾ ਜਾਵੇਗਾ।

### ਪਰਿਵਾਰ ਨੇ ਮੰਗੀ ਸੀ.ਬੀ.ਆਈ. ਜਾਂਚ

**ਅੰਮ੍ਰਿਤਸਰ:** ਬਿਕਰਮਜੀਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਮੰਗ ਕੀਤੀ ਹੈ ਕਿ ਇਸ ਕੇਸ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਵੇ ਕਿਉਂਕਿ ਪੁਲਿਸ ਵੱਲੋਂ ਕੀਤੀ ਗਈ ਜਾਂਚ ਤੋਂ ਉਹ ਸੰਤੁਸ਼ਟ ਨਹੀਂ ਹਨ। ਮ੍ਰਿਤਕ ਦੇ ਵੱਡੇ ਭਰਾ ਜਸਬੀਰ ਸਿੰਘ ਜੱਸ ਨੇ ਆਖਿਆ ਕਿ ਇਸ ਮਾਮਲੇ ਵਿਚ ਪੁਲਿਸ ਵੱਲੋਂ ਹੀ ਉਸ ਦੇ ਭਰਾ ਨੂੰ ਅਗਵਾ ਕੀਤਾ ਗਿਆ ਹੈ, ਪੁਲਿਸ ਵੱਲੋਂ ਹੀ ਉਸ ਨੂੰ ਮਾਰਿਆ ਗਿਆ ਤੇ ਲਾਸ਼ ਨੂੰ ਖੁਰਦ ਬੁਰਦ ਕਰਨ ਦਾ ਯਤਨ ਕੀਤਾ ਗਿਆ ਹੈ ਤੇ ਹੁਣ ਪੁਲਿਸ ਵੱਲੋਂ ਹੀ ਇਹ ਸਾਰੀ ਕਹਾਣੀ ਸੁਣਾਈ ਜਾ ਰਹੀ ਹੈ। ਇਸ ਲਈ ਪੁਲਿਸ 'ਤੇ ਵਿਸ਼ਵਾਸ ਨਹੀਂ ਰਿਹਾ, ਜਿਸ ਦੀ ਨਿਗਰਾਨੀ ਹੇਠ ਉਸ ਦਾ ਭਰਾ ਹਸਪਤਾਲ ਵਿਚ ਜ਼ੇਰੇ ਇਲਾਜ ਸੀ। ਸਮੁੱਚੇ ਘਟਨਾਕ੍ਰਮ ਵਿਚ ਪੁਲਿਸ ਦਾ ਸ਼ੱਕੀ ਕਿਰਦਾਰ ਸਾਹਮਣੇ ਆਇਆ ਹੈ।

## ਘੱਟ ਗਿਣਤੀਆਂ ਦੀ ਰਾਖੀ ਲਈ ਪਾਕਿਸਤਾਨੀ ਸੰਸਦ ਵਿਚ ਮਤਾ ਪਾਸ

**ਇਸਲਾਮਾਬਾਦ:** ਪਾਕਿਸਤਾਨ ਵਿਚ ਮੰਦਿਰਾਂ 'ਤੇ ਲੜੀਵਾਰ ਹਮਲਿਆਂ ਦਰਮਿਆਨ ਕੌਮੀ ਅਸੰਬਲੀ ਨੇ ਹਿੰਦੂ ਤੇ ਸਿੱਖਾਂ ਸਮੇਤ ਧਾਰਮਿਕ ਘੱਟ ਗਿਣਤੀਆਂ ਦੇ ਧਾਰਮਿਕ ਸਥਾਨਾਂ ਦੀ ਰਾਖੀ ਲਈ ਸਰਬਸੰਮਤੀ ਨਾਲ ਇਕ ਮਤਾ ਪਾਸ ਕੀਤਾ ਹੈ। ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਹਿੰਦੂ ਕਾਨੂੰਨਘਾੜੇ ਰਮੇਸ਼ ਕੁਮਾਰ ਵੈਂਕਵਨੀ ਵੱਲੋਂ ਬਹੁ ਪਾਰਟੀ ਹਮਾਇਤ ਵਾਲੇ ਪੇਸ਼ ਕੀਤੇ ਮਤੇ ਵਿਚ ਸਰਕਾਰ ਨੂੰ ਕਿਹਾ ਕਿ ਉਹ ਇਨ੍ਹਾਂ ਥਾਵਾਂ 'ਤੇ ਵਿਸ਼ੇਸ਼ ਸੁਰੱਖਿਆ ਮੁਲਾਜ਼ਮ ਤਾਇਨਾਤ ਕਰੇ। ਮਤੇ ਵਿਚ ਕਿਹਾ ਗਿਆ ਹੈ ਕਿ ਇਹ ਸਦਨ ਧਾਰਮਿਕ ਘੱਟ ਗਿਣਤੀਆਂ ਦੀਆਂ ਧਾਰਮਿਕ ਥਾਵਾਂ, ਲੜਕਾਨਾ ਵਿਚ ਧਰਮਸ਼ਾਲਾਵਾਂ, ਹੈਦਰਾਬਾਦ ਵਿਚ ਹਨੂਮਾਨ ਮੰਦਿਰ, ਥਾਰ ਜ਼ਿਲ੍ਹੇ ਵਿਚ ਪਾਰਬ੍ਰਹਮ ਆਸ਼ਰਮ, ਸ੍ਰੀਮਦ ਭਗਮਦ ਗੀਤਾ ਦੀ ਸ਼ਹੀਦੀ ਸਥਾਨ ਤੇ ਸ਼ਿਕਾਰਪੁਰ ਜ਼ਿਲ੍ਹੇ ਵਿਚ ਮੈਦੇਜੀ ਵਿਖੇ ਗੁਰਦੁਆਰੇ 'ਤੇ ਹਮਲਿਆਂ ਦੀ ਜ਼ੋਰਦਾਰ ਨਿਖੇਧੀ ਕਰਦਾ ਹੈ।

ਇਹ ਸਦਨ ਮਤਾ ਪਾਸ ਕਰਕੇ ਕਹਿੰਦਾ ਹੈ ਕਿ ਘੱਟ ਗਿਣਤੀਆਂ ਦੀਆਂ ਧਾਰਮਿਕ ਥਾਵਾਂ ਦੀ ਰਾਖੀ ਲਈ ਸਰਕਾਰ ਪਹਿਲ ਦੇ ਆਧਾਰ 'ਤੇ ਜ਼ਰੂਰੀ ਕਦਮ ਚੁੱਕੇ। ਪਾਕਿਸਤਾਨ ਦੀ 18 ਕਰੋੜ ਦੀ ਆਬਾਦੀ ਵਿਚ ਘੱਟ ਗਿਣਤੀਆਂ ਦੀ ਗਿਣਤੀ ਚਾਰ ਫ਼ੀਸਦੀ ਤੋਂ ਵੀ ਘੱਟ ਹੈ।

## ਸਾਬਕਾ ਕੌਂਸਲ ਪ੍ਰਧਾਨ ਤੇ ਪਤਨੀ ਦਾ ਕਤਲ

**ਜਗਰਾਉਂ:** ਇਥੇ ਰਹਿੰਦੇ ਗੋਇਲ ਬਰਾਦਰੀ ਨਾਲ ਸਬੰਧਤ ਬਜ਼ੁਰਗ ਜੋੜੇ ਦਾ ਕਤਲ ਕਰ ਦਿੱਤਾ ਗਿਆ ਤੇ ਉਨ੍ਹਾਂ ਦੀ ਦੋਹਤੀ ਨੂੰ ਅਣਪਛਾਤੇ ਵਿਅਕਤੀ ਨੇ ਗੰਭੀਰ ਜ਼ਖ਼ਮੀ ਕਰ ਦਿੱਤਾ।

ਜੋੜੇ ਦੀ ਦੋਹਤੀ ਵੱਲੋਂ ਪੁਲਿਸ ਨੂੰ ਦਿੱਤੇ ਬਿਆਨਾਂ ਮੁਤਾਬਕ ਘਟਨਾ ਵਾਲੇ ਦਿਨ ਇਕ ਵਿਅਕਤੀ, ਜਿਸ ਦਾ ਮੂੰਹ ਢੱਕਿਆ ਹੋਇਆ ਸੀ ਤੇ ਸਿਰ ਉੱਪਰ ਛੋਟਾ ਕੇਸਰੀ ਪਰਨਾ ਸੀ, ਉਨ੍ਹਾਂ ਦੇ ਘਰ ਦਾਖਲ ਹੋਇਆ। ਸੀਨੀਅਰ ਕਾਂਗਰਸੀ ਆਗੂ ਤੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੁਰੇਸ਼ ਗੋਇਲ, ਉਨ੍ਹਾਂ ਦੀ ਪਤਨੀ ਸ਼ਿਮਲਾ ਦੇਵੀ ਤੇ ਉਨ੍ਹਾਂ ਕੋਲ ਆਈ ਉਨ੍ਹਾਂ ਦੀ ਦੋਹਤੀ ਸ਼ਗੁਨ ਗੁਪਤਾ (19) ਟੈਲੀਵਿਜ਼ਨ ਦੇਖਣ ਤੋਂ ਬਾਅਦ ਆਪੋ-ਆਪਣੇ ਕਮਰਿਆਂ ਵਿਚ ਚਲੇ ਗਏ। ਕੁਝ ਦੇਰ ਬਾਅਦ ਉਸ ਨੂੰ ਉਸ ਦੀ ਨਾਨੀ ਦੀਆਂ ਦੀਆਂ ਬਚਾਓ-ਬਚਾਓ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ, ਜਦੋਂ ਉਹ ਨਾਨੇ-ਨਾਨੀ ਦੇ ਕਮਰੇ ਵੱਲ ਭੱਜੀ ਤਾਂ ਉਸ ਦੇ ਨਾਨੇ ਦਾ ਕਿਸੇ ਨੇ ਪੇਟ ਵਿਚ ਚਾਕੂ ਨਾਲ ਵਾਰ ਕਰ ਕੇ ਕਤਲ ਕਰ ਦਿੱਤਾ ਤੇ ਦੂਸਰੇ ਪਾਸੇ ਉਸ ਦੀ ਨਾਨੀ ਦੀ ਲਾਸ਼




ਪਈ ਸੀ, ਉਸ ਦੇ ਸਿਰ ਵਿਚ ਵਾਰ ਕੀਤਾ ਹੋਇਆ ਸੀ। ਜਦੋਂ ਉਹ ਰੌਲਾ ਪਾਉਣ ਲੱਗੀ ਤਾਂ ਅਣਪਛਾਤੇ ਵਿਅਕਤੀ ਨੇ ਉਸ ਦੀਆਂ ਬਾਹਾਂ ਤੇ ਮੂੰਹ 'ਤੇ ਚਾਕੂ ਨਾਲ ਵਾਰ ਕੀਤੇ ਤੇ ਹੱਥੋਂ ਪਾਈ ਕਰਦਾ ਹੋਇਆ ਉਥੋਂ ਭੱਜ ਗਿਆ। ਲੜਕੀ ਦੇ ਰੋਣ ਤੇ ਰੌਲਾ ਪਾਉਣ ਦੀ ਆਵਾਜ਼ ਸੁਣ ਕੇ ਗੁਆਂਢੀ ਇਕੱਤਰ ਹੋ ਗਏ ਤੇ ਉਨ੍ਹਾਂ ਨੇ ਜ਼ਖ਼ਮੀ ਲੜਕੀ ਨੂੰ ਪਹਿਲਾਂ ਨਿੱਜੀ ਹਸਪਤਾਲ ਵਿਖੇ ਤੇ ਫਿਰ ਸਥਾਨਕ ਸਿਵਲ ਹਸਪਤਾਲ ਵਿਖੇ ਭਰਤੀ ਕਰਵਾਇਆ।

ਜ਼ਿਕਰਯੋਗ ਹੈ ਕਿ ਮ੍ਰਿਤਕ ਸੁਰੇਸ਼ ਗੋਇਲ ਨਗਰ ਕੌਂਸਲ ਦੇ ਪ੍ਰਧਾਨ ਤੇ ਸ਼ਹਿਰੀ ਕਾਂਗਰਸ ਦੇ ਉੱਪ ਪ੍ਰਧਾਨ ਵੀ ਰਹਿ ਚੁੱਕੇ ਹਨ। ਪੰਜਾਬ ਵਿਚ ਅਤਿਵਾਦ ਦੌਰਾਨ ਉਨ੍ਹਾਂ ਦੇ ਵੱਡੇ ਬੇਟੇ ਨੂੰ ਕਿਸੇ ਨੇ ਕਤਲ ਕਰ ਦਿੱਤਾ ਸੀ, ਦੂਜੇ ਪੁੱਤਰ ਦੀ ਐਕਸੀਡੈਂਟ ਨਾਲ ਤੇ ਤੀਸਰੇ ਬੇਟੇ ਦੀ ਸੰਖੇਪ ਬਿਮਾਰੀ ਉਪਰੰਤ ਮੌਤ ਹੋ ਗਈ ਸੀ।ਉਨ੍ਹਾਂ ਦੇ ਨੇੜਲੇ ਸਾਥੀਆਂ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਦਾ ਕਿਸੇ ਧਿਰ ਨਾਲ ਜ਼ਮੀਨ ਬਾਰੇ ਵਿਵਾਦ ਚੱਲ ਰਿਹਾ ਸੀ।

### ਭਗਤ ਸਿੰਘ ਕੇਸ ਦਾ ਰਿਕਾਰਡ ਮੰਗਵਾਉਣ ਲਈ ਪਟੀਸ਼ਨ

**ਲਾਹੌਰ:** ਪਾਕਿਸਤਾਨ ਦੀ ਅਦਾਲਤ ਵਿਚ ਇਕ ਪਟੀਸ਼ਨ ਦਾਖਲ ਕਰਕੇ ਆਜ਼ਾਦੀ ਘੁਲਾਟੀਏ ਭਗਤ ਸਿੰਘ ਦੇ ਕੇਸ ਨਾਲ ਸਬੰਧਤ ਸਾਰਾ ਰਿਕਾਰਡ ਭਾਰਤ ਤੋਂ ਮੰਗਵਾਉਣ ਲਈ ਅਪੀਲ ਕੀਤੀ ਗਈ ਹੈ। ਸੈਸ਼ਨ ਕੋਰਟ ਲਾਹੌਰ ਵਿਚ ਭਗਤ ਸਿੰਘ ਯਾਦਗਾਰੀ ਫਾਊਂਡੇਸ਼ਨ ਦੇ ਚੇਅਰਮੈਨ ਇਮਤਿਆਜ਼ ਰਾਸ਼ਿਦ ਕੁਰੈਸ਼ੀ ਵੱਲੋਂ ਦਾਖਲ ਕੀਤੀ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ ਦੇ ਸਾਬਕਾ ਕਾਰਜਕਾਰੀ ਚੀਫ਼ ਜਸਟਿਸ ਰਾਣਾ ਭਗਵਾਨ ਦਾਸ ਨੇ ਭਗਤ ਸਿੰਘ ਦੇ ਟਰਾਇਲ ਰਿਕਾਰਡ ਨੂੰ 2006 ਵਿਚ ਆਪਣੀ ਭਾਰਤ ਫੇਰੀ ਦੌਰਾਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਹਵਾਲੇ ਕਰ ਦਿੱਤਾ ਸੀ। ਉਨ੍ਹਾਂ ਅਦਾਲਤ ਨੂੰ ਕਿਹਾ ਹੈ ਕਿ ਉਹ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਸਰਕਾਰ ਨੂੰ ਹੁਕਮ ਦੇਣ ਕਿ ਉਹ ਭਗਤ ਸਿੰਘ ਦੇ ਮਾਮਲੇ ਨੂੰ ਮੁੜ ਤੋਂ ਖੋਲ੍ਹਣ ਲਈ ਉਨ੍ਹਾਂ ਦਾ ਰਿਕਾਰਡ ਮੁਹੱਈਆ ਕਰਵਾਏ ਤਾਂ ਜੋ ਉਸ ਨੂੰ ਲਾਹੌਰ ਹਾਈ ਕੋਰਟ ਵਿਚ ਪੇਸ਼ ਕੀਤਾ ਜਾ ਸਕੇ।

ਜਨਾਬ ਕੁਰੈਸ਼ੀ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਭਗਤ ਸਿੰਘ ਦੇ ਕੇਸ ਨਾਲ ਸਬੰਧਤ, ਜਿਹੜਾ 1930 ਵਿਚ ਵਿਸ਼ੇਸ਼ ਟ੍ਰਿਬਿਊਨਲ ਵੱਲੋਂ ਚਲਾਇਆ ਗਿਆ ਸੀ, ਸਾਰਾ ਜੁਡੀਸ਼ਲ ਰਿਕਾਰਡ ਚਾਹੀਦਾ ਹੈ ਤਾਂ ਜੋ ਬ੍ਰਿਟਿਸ਼ ਪੁਲਿਸ ਅਧਿਕਾਰੀ ਜੌਹਨ ਪੀ. ਸਾਂਡਰਸ ਨੂੰ ਕਤਲ ਕਰਨ ਦੇ ਮਾਮਲੇ ਵਿਚ ਭਗਤ ਸਿੰਘ ਨੂੰ ਬੇਕਸੂਰ ਸਾਬਤ ਕੀਤਾ ਜਾ ਸਕੇ। ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਮੁਹੰਮਦ ਅਰਸ਼ਦ ਅਲੀ ਨੇ ਪਟੀਸ਼ਨਰ ਨੂੰ ਕਿਹਾ ਕਿ ਉਹ ਆਪਣਾ ਪੱਖ ਪੇਸ਼ ਕਰੇ ਕਿ ਕੀ ਅਦਾਲਤ ਇਸ ਮੁੱਦੇ 'ਤੇ ਲੋੜੀਂਦੇ ਹੁਕਮ ਦੇ ਸਕਦੀ ਹੈ।

## ਨਿਊ ਯਾਰਕ 'ਚ 'ਸਿੱਖ ਪ੍ਰਭੂਸੱਤਾ ਮਾਰਚ' 6 ਜੂਨ ਨੂੰ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ 'ਤੇ ਹਮਲੇ ਦੀ 30 ਸਾਲਾ ਦੁਖਦਾਈ ਯਾਦ ਵਿਚ ਸਿੱਖ ਜਥੇਬੰਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ 6 ਜੂਨ, ਸ਼ੁੱਕਰਵਾਰ ਨੂੰ ਨਿਊ ਯਾਰਕ ਵਿਚ 'ਪ੍ਰਭੂਸੱਤਾ ਮਾਰਚ' ਕਰ ਰਹੀਆਂ ਹਨ। ਇਹ ਮਾਰਚ ਯੂ ਐਨ 'ਚ ਭਾਰਤ ਦੇ ਸਥਾਈ ਮਿਸ਼ਨ ਤੋਂ ਸ਼ੁਰੂ ਹੋ ਕੇ ਸੰਯੁਕਤ ਰਾਸ਼ਟਰ ਦੇ ਹੈਡਕੁਆਰਟਰ ਵੱਲ ਜਾਵੇਗਾ ਜਿਥੇ ਸਿੱਖ ਵਿਦਵਾਨ ਤੇ ਮਨੁੱਖੀ ਅਧਿਕਾਰ ਕਾਰਕੁਨ ਇਕੱਠ ਨੂੰ ਸੰਬੋਧਨ ਕਰਨਗੇ।

ਇਸ ਦੌਰਾਨ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਮਨੁੱਖੀ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੇ ਸਹਾਇਕ ਸਕੱਤਰ ਜਨਰਲ ਇਵਾਨ ਸਿਮੋਨੋਵਿਕ ਨੂੰ ਇਕ ਸ਼ਿਕਾਇਤ ਪੇਸ਼ ਕਰੇਗੀ ਜਿਸ ਵਿਚ ਯੂ ਐਨ ਨੂੰ ਬੇਨਤੀ ਕੀਤੀ ਜਾਵੇਗੀ ਕਿ ਸਾਕਾ ਨੀਲਾ ਤਾਰਾ ਦੌਰਾਨ ਭਾਰਤੀ ਫੌਜ ਵਲੋਂ ਕੀਤੇ ਗਏ ਮਨੁੱਖੀ ਅਧਿਕਾਰਾਂ ਦੇ ਘੋਰ ਘਾਣ ਦੀ ਜਾਂਚ ਕਰਵਾਈ ਜਾਵੇ ਜੋ ਕਿ ਸੰਯੁਕਤ ਰਾਸ਼ਟਰ ਪ੍ਰੋਟੋਕਾਲ ਤਹਿਤ ਲਾਜ਼ਮੀ ਕਈ ਅਹਿਮ ਵਿਵਸਥਾਵਾਂ ਅਤੇ ਇਹਤਿਆਤ ਦੀ ਸ਼ਰ੍ਹੇਆਮ ਉਲੰਘਣਾ ਸੀ। ਇਹ ਵਿਵਸਥਾਵਾਂ 8 ਜੂਨ 1977 ਦੇ 'ਪ੍ਰੋਟੈਕਸ਼ਨ ਆਫ ਵਿਕਟਿਮਸ ਆਫ ਨਾਨ ਇੰਟਰਨੈਸ਼ਨਲ ਆਰਮਡ ਕਨਫਲਿਕਟਸ' ਨਾਲ ਸਬੰਧਤ ਸਨ ਅਤੇ 14 ਦਸੰਬਰ 1974 ਦੇ 'ਡੈਫੀਨੇਸ਼ਨ ਆਫ ਅਗ੍ਰੈਸ਼ਨ ਯੂਨਾਈਟਿਡ ਨੈਸ਼ਨਲ ਜਨਰਲ ਅਸੈਂਬਲੀ ਰੈਜ਼ੂਲਸ਼ਨ' 3314 ਦੀ ਉਲੰਘਣਾ ਵਿਚ ਸੀ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ 6 ਜੂਨ ਦੇ 'ਸਿੱਖ ਪ੍ਰਭੂਸੱਤਾ ਮਾਰਚ' ਦਾ ਮਕਸਦ ਇਹ ਹੈ ਕਿ ਭਾਰਤ ਵਿਚ ਪਿਛਲੇ 30 ਸਾਲ ਤੋਂ ਚਲੇ ਆ ਰਹੇ ਸਿੱਖਾਂ ਦੇ ਦਮਨ ਅਤੇ ਪੰਜਾਬ ਵਿਚ ਖੁਦਮੁਖਤਿਆਰੀ ਦੇ ਅਧਿਕਾਰ ਤੋਂ ਉਨ੍ਹਾਂ ਨੂੰ ਵਾਂਝੇ ਰੱਖਣ ਬਾਰੇ ਕੌਮਾਂਤਰੀ ਭਾਈਚਾਰਾ ਆਪਣੀ ਚੁੱਪੀ ਤੋੜੇ। ਅਟਾਰਨੀ ਪੰਨੂ ਨੇ ਕਿਹਾ ਕਿ 6 ਜੂਨ ਨੂੰ ਇਕ ਯੋਜਨਾ ਤਿਆਰ ਕੀਤੀ ਜਾਵੇਗੀ ਕਿ ਸਿੱਖਾਂ ਦੇ ਖੁਦਮੁਖਤਿਆਰੀ ਦੇ ਅਧਿਕਾਰ ਨੂੰ ਹਾਸਿਲ ਕਰਨ ਲਈ ਸੰਘਰਸ਼ ਜਾਰੀ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਸ਼ਹੀਦ ਭਾਈ ਅਮਰੀਕ ਸਿੰਘ, ਜਿਨ੍ਹਾਂ ਹੋਰਨਾਂ ਦੇ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ ਸਨ, ਨੇ ਵੀ ਸਿੱਖਾਂ ਦੇ ਖ਼ੁਦਮੁਖ਼ਤਿਆਰੀ ਦੇ ਅਧਿਕਾਰ ਦੀ ਪ੍ਰੋੜਤਾ ਕੀਤੀ ਸੀ। ਦਸਣਯੋਗ ਹੈ ਕਿ ਜੂਨ 1984 ਵਿਚ ਭਾਰਤੀ ਫੌਜ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਕੇ 10,000 ਤੋਂ ਵੱਧ ਸਿੱਖ ਸ਼ਰਧਾਲੂਆਂ ਨੂੰ ਮਾਰ ਦਿੱਤਾ ਸੀ।

### ਚੀਨ ਨੂੰ ਮੋਦੀ ਸਰਕਾਰ ਤੋਂ ਵੱਡੀਆਂ ਉਮੀਦਾਂ

**ਪੇਇਚਿੰਗ:** ਭਾਜਪਾ ਦੀ ਅਗਵਾਈ ਵਿਚ ਐਨਡੀਏ ਸਰਕਾਰ ਬਣਨ 'ਤੇ ਚੀਨ ਦੇ ਇਕ ਪ੍ਰਮੁੱਖ ਅਖ਼ਬਾਰ ਨੇ ਆਸ ਪ੍ਰਗਟ ਕੀਤੀ ਹੈ ਕਿ ਨਰਿੰਦਰ ਮੋਦੀ ਦੀ ਸਰਕਾਰ ਚੀਨ ਵੱਲ ਵਿਹਾਰਕ ਪਹੁੰਚ ਅਪਣਾਏਗੀ ਤੇ ਸਰਹੱਦੀ ਵਿਵਾਦ ਤੇ ਤਿੱਬਤ ਉਤੇ ਸਖ਼ਤ ਪੈਂਤੜਾਂ ਅਖ਼ਤਿਆਰ ਕਰੇਗੀ।

ਚੀਨ ਦੇ ਅੰਗਰੇਜ਼ੀ ਅਖ਼ਬਾਰ 'ਗਲੋਬਲ ਟਾਈਮਜ਼' ਨੇ ਪਹਿਲੇ ਪੰਨੇ ਉੱਤੇ ਪ੍ਰਮੁੱਖ ਰਿਪੋਰਟ ਛਾਪ ਕੇ ਆਸ ਪ੍ਰਗਟਾਈ ਹੈ ਕਿ ਮੋਦੀ ਚੀਨ ਪ੍ਰਤੀ ਵਿਹਾਰਕ ਪਹੁੰਚ ਰੱਖਣਗੇ।

### ਪਤਨੀ ਤੇ ਬੇਟੇ ਉਤੇ ਤਸ਼ੱਦਦ ਕਰਨ ਦੇ ਦੋਸ਼ ਵਿਚ ਪੰਜਾਬੀ ਨੂੰ ਕੈਦ

**ਲੰਡਨ:** ਅਦਾਲਤ ਨੇ ਦੱਖਣੀ ਯਾਰਕਸ਼ਾਇਰ ਦੇ ਬਾਰਨਸਲੇ ਵਾਸੀ 59 ਸਾਲਾ ਅਜੀਤ ਸੇਖੋਂ ਨੂੰ ਆਪਣੀ 55 ਸਾਲਾ ਪਤਨੀ ਮਨਜੀਤ ਸੇਖੋਂ ਤੇ 32 ਸਾਲਾ ਬੇਟੇ ਪੌਲ 'ਤੇ ਤਸ਼ੱਦਦ ਕਰਨ ਦੇ ਦੋਸ਼ ਵਿਚ 16 ਸਾਲ ਕੈਦ ਦੀ ਸਜ਼ਾ ਸੁਣਾਈ।

ਅਦਾਲਤ ਵਿਚ ਦੱਸਿਆ ਗਿਆ ਕਿ ਬੀਤੇ ਵਰ੍ਹੇ ਅਕਤੂਬਰ ਵਿਚ ਇਕ ਟੀ.ਵੀ ਪ੍ਰੋਗਰਾਮ ਐਮਰਡੇਲ ਵੇਖਦੇ ਸਮੇਂ ਅਜੀਤ ਉਸ ਵੇਲੇ ਗੁੱਸੇ ਵਿਚ ਆ ਗਿਆ ਜਦੋਂ ਉਸ ਦਾ ਬੇਟਾ ਏਰੀਅਲ ਠੀਕ ਕਰ ਰਿਹਾ ਸੀ ਤੇ ਅਚਾਨਕ ਪਿਕਚਰ ਆਉਣੀ ਬੰਦ ਹੋ ਗਈ। ਇਸ ਗੱਲ ਨੂੰ ਲੈ ਕੇ ਅਜੀਤ ਆਪਣੇ ਬੇਟੇ ਨੂੰ ਲੋਹੇ ਦੀ ਇਕ ਵਸਤੂ ਨਾਲ ਬੁਰੀ ਤਰ੍ਹਾਂ ਕੁੱਟਣ ਲੱਗਾ, ਜਿਸ ਦੇ ਬਚਾਅ ਵਿਚ ਜਦੋਂ ਮਨਜੀਤ ਅੱਗੇ ਹੋਈ ਤਾਂ ਉਸ ਨੂੰ ਵੀ ਬੁਰੀ ਤਰ੍ਹਾਂ ਕੁੱਟਿਆ, ਜਿਸ ਨਾਲ ਉਸ ਦੇ ਸਿਰ ਵਿਚ ਡੂੰਘੀਆਂ ਸੱਟਾਂ ਲੱਗੀਆਂ, ਜਦਕਿ ਪੌਲ ਦੀ ਉਂਗਲ ਟੁੱਟ ਗਈ ਤੇ ਉਸ ਦੇ ਹੱਥ ਤੇ ਬਾਂਹ 'ਤੇ ਕਈ ਜ਼ਖ਼ਮ ਹੋ ਗਏ। ਅਦਾਲਤ ਸਾਹਮਣੇ ਅਜੀਤ ਨੇ ਆਪਣੇ ਗੁਨਾਹ ਕਬੂਲ ਕਰ ਲਏ ਹਨ ਤੇ ਅਦਾਲਤ ਨੇ ਅਜੀਤ ਸੇਖੋਂ ਨੂੰ ਘਰੇਲੂ ਹਿੰਸਾ ਦੇ ਦੋਸ਼ ਵਿਚ 16 ਸਾਲ ਕੈਦ ਦੀ ਸਜ਼ਾ ਸੁਣਾਈ ਹੈ।

# ਡੈਮੋਕਰੈਟ ਪਾਰਟੀ ਦੀ ਪੰਜਾਬਣ ਉਮੀਦਵਾਰ ਲਾਡੀ ਸਿੰਘ

ਇਲੀਨਾਏ ਸਟੇਟ ਦੇ 54ਵੇਂ ਡਿਸਟ੍ਰਿਕਟ ਤੋਂ ਡੈਮੋਕਰੈਟਿਕ ਉਮੀਦਵਾਰ ਲਾਡੀ ਸਿੰਘ ਇਸੇ ਸਾਲ ਨਵੰਬਰ 'ਚ ਹੋਣ ਵਾਲੀਆਂ ਚੋਣਾਂ ਵਿਚ ਹਾਊਸ ਆਫ ਰਿਪਰਜ਼ੈਂਟੇਟਿਵ ਦੀ ਚੋਣ ਲੜ ਰਹੇ ਹਨ। ਇਸ ਡਿਸਟ੍ਰਿਕਟ ਅਧੀਨ ਪੈਲਾਟਾਈਨ, ਇਨਵਰਨੈਸ, ਰੋਲਿੰਗ ਮੈਡੋਜ਼ ਸਮੇਤ ਆਰਲਿੰਗਟਨ ਹਾਈਟਸ, ਸ਼ਾਮਬਰਗ, ਹਾਫਮੈਨ ਅਸਟੇਟ ਤੇ ਬੈਰਿੰਗਟਨ ਦੇ ਥੋੜ੍ਹੇ ਥੋੜ੍ਹੇ ਹਿੱਸੇ ਆਉਂਦੇ ਹਨ। ਆਪਣੇ ਹਲਕੇ ਦੀ ਦਿੱਖ ਵਿਚ ਤਬਦੀਲੀ ਲਿਆਉਣ ਦੀ ਇਛੁਕ ਲਾਡੀ ਸਿੰਘ ਪਿਛਲੇ ਦਿਨੀਂ ਜਦੋਂ ਸੈਨੇਟਰ ਮਾਈਕ ਨੌਲੀਸਨ ਨਾਲ ਚੋਣ ਪ੍ਰਚਾਰ ਕਰ ਕੇ ਮੁੜੇ ਤਾਂ ਉਹ ਥੱਕੇ ਹੋਏ ਲੱਗ ਰਹੇ ਸਨ, ਪਰ ਜਦੋਂ ਉਨ੍ਹਾਂ ਤੋਂ ਗੱਲਬਾਤ ਕਰਨ ਲਈ ਸਮਾਂ ਮੰਗਿਆਂ ਤਾਂ ਉਨ੍ਹਾਂ ਝੱਟ ਮੁਸਕਰਾ ਕੇ ਹਾਂ ਕਰ ਦਿੱਤੀ, ਵੈਸੇ ਇਹੀ ਤਾਂ ਚੰਗੇ ਲੀਡਰ ਦੀ ਖਾਸੀਅਤ ਹੁੰਦੀ ਹੈ। ਪੇਸ਼ ਹਨ ਉਨ੍ਹਾਂ ਨਾਲ ਮੁਲਾਕਾਤ ਦੇ ਕੁਝ ਅੰਸ਼:

## ਇਕ ਮੁਲਾਕਾਤ

ਸੁਰਿੰਦਰ ਸਿੰਘ ਭਾਟੀਆ
ਫੋਨ: 224-829-1437

**ਸਵਾਲ:** ਲਾਡੀ ਸਿੰਘ ਜੀ, ਆਪਣੇ ਪਿਛੋਕੜ ਬਾਰੇ ਕੁਝ ਦੱਸੋ।

**ਜਵਾਬ:** ਮੇਰਾ ਜਨਮ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਜ਼ਿਆਨ ਵਿਚ ਪਿਤਾ ਸ. ਦਰਸ਼ਨ ਸਿੰਘ ਤੇ ਮਾਤਾ ਕੁਲਦੀਪ ਕੌਰ ਦੇ ਘਰ ਹੋਇਆ। ਪ੍ਰਾਇਮਰੀ ਸਕੂਲ ਦੀ ਪੜ੍ਹਾਈ ਨੰਗਲ ਖਿਲਾੜੀ ਤੋਂ ਅਤੇ ਹਾਈ ਸਕੂਲ ਕਾਲੇ ਭਗਤਾਂ ਵਾਲਾ ਤੋਂ ਕਰਨ ਉਪਰੰਤ ਗ੍ਰੈਜੂਏਸ਼ਨ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ-ਮਾਹਿਲਪੁਰ ਤੋਂ ਕੀਤੀ। ਮੈਂ ਸਕੂਲ/ਕਾਲਜ ਵਿਚ ਸਾਕਰ ਦੀ ਚੰਗੀ ਖਿਡਾਰਨ ਸਾਂ ਤੇ ਸਟੇਟ ਵਲੋਂ ਨੈਸ਼ਨਲ ਸਾਕਰ ਦੀ ਟੀਮ ਵਿਚ ਬਾਕਾਇਦਾ ਖੇਡੀ ਵੀ। ਇਸ ਦੇ ਨਾਲ ਨਾਲ ਐਨ ਸੀ ਸੀ ਅਤੇ ਐਨ ਐਸ ਐਸ ਦੀ ਸਰਗਰਮ ਮੈਂਬਰ ਵੀ ਰਹੀ ਤੇ ਵਾਲੰਟੀਅਰ ਦੇ ਤੌਰ 'ਤੇ ਸਮਾਜ ਸੇਵਾ ਕਰਨ ਲੱਗੀ। ਵਿਆਹ ਪਿਛੋਂ 1997 ਵਿਚ ਮੈਂ ਅਮਰੀਕਾ ਵਿਚ ਪੱਕੇ ਤੌਰ 'ਤੇ ਆ ਵੱਸੀ।

**ਸਵਾਲ:** ਰਾਜਨੀਤੀ ਵਿਚ ਅਮਲੀ ਤੌਰ 'ਤੇ ਕਦੋਂ ਪ੍ਰਵੇਸ਼ ਕੀਤਾ?

**ਜਵਾਬ:** ਇਥੇ ਅਮਰੀਕਾ ਵਿਚ ਆ ਕੇ ਪਹਿਲਾਂ ਛੋਟੀਆਂ-ਮੋਟੀਆਂ ਨੌਕਰੀਆਂ ਕੀਤੀਆਂ। ਫਿਰ ਆਪਣੇ ਹੈਲਥ ਬਿਜਨਸ ਦੇ ਜ਼ਰੀਏ ਮੇਰਾ ਸੰਪਰਕ ਬਿਜਨਸਮੈਨ, ਨੌਕਰੀ ਪੇਸ਼ਾ, ਸਿਆਸੀ ਲੀਡਰਾਂ ਤੇ ਵੱਖ ਵੱਖ ਅਦਾਰਿਆਂ ਦੇ ਨੁਮਾਇੰਦਿਆਂ ਨਾਲ ਵਧਿਆ ਅਤੇ ਉਹ ਮੇਰੇ ਵਿਚਾਰਾਂ ਤੋਂ ਪ੍ਰਭਾਵਿਤ ਹੋਏ। ਅਕਸਰ ਉਨ੍ਹਾਂ ਨਾਲ ਸਿਹਤ ਪ੍ਰਣਾਲੀ, ਸਿੱਖਿਆ ਆਦਿ ਮੁੱਦਿਆਂ 'ਤੇ ਵਿਚਾਰ-ਚਰਚਾ ਹੁੰਦੀ। ਇੰਜ ਮੇਰੀ ਸਿਆਸਤ ਵਿਚ ਰੁਚੀ ਵਧਦੀ ਗਈ ਤੇ ਸਿਆਸੀ ਲੀਡਰਾਂ ਨਾਲ ਵਿਚਾਰ ਸਾਂਝੇ ਕਰਦਿਆਂ ਡੈਮੋਕਰੈਟਿਕ ਆਗੂਆਂ ਨੇ ਮੈਨੂੰ ਰਾਜਨੀਤੀ 'ਚ ਆਉਣ ਲਈ ਉਤਸ਼ਾਹਿਤ ਕੀਤਾ।

**ਸਵਾਲ:** ਤੁਸੀਂ ਆਪਣੀ ਚੋਣ ਪ੍ਰਚਾਰ ਮੁਹਿੰਮ ਦੀਆਂ ਕਿਹੜੀਆਂ ਗੱਲਾਂ 'ਤੇ ਵਿਸ਼ੇਸ਼ ਧਿਆਨ ਦੇ ਰਹੇ ਹੋ?

**ਜਵਾਬ:** ਅਸੀਂ ਚੋਣ ਮੁਹਿੰਮ ਬੜੇ ਜਥੇਬੰਦ ਢੰਗ ਨਾਲ ਚਲਾ ਰਹੇ ਹਾਂ ਅਤੇ ਡੋਰ ਟੂ ਡੋਰ ਜਾ ਕੇ ਲੋਕਾਂ ਨਾਲ ਰਾਬਤਾ ਕਾਇਮ ਕਰ ਰਹੇ ਹਾਂ। ਲੋਕਾਂ ਦੀਆਂ ਸਮੱਸਿਆਵਾਂ ਜਾਣਨ ਅਤੇ ਉਨ੍ਹਾਂ ਦੇ ਹੱਲ ਲਈ ਲੋਕਾਂ ਦੇ ਹੀ ਸੁਝਾਅ ਮੰਗਦੇ ਹਾਂ ਤਾਂ ਜੋ ਹੱਲ ਪਹਿਲ ਦੇ ਆਧਾਰ 'ਤੇ ਹੋ ਸਕਣ। ਨਿਵੇਸ਼ਕਾਂ, ਬਿਜਨਸ ਅਦਾਰਿਆਂ ਅਤੇ ਮੌਕੇ ਵਾਲੀ ਥਾਂਵਾਂ 'ਤੇ ਜਾ ਕੇ ਲੋਕਾਂ ਨਾਲ ਵਿਚਾਰ ਸਾਂਝੇ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਉਤਮ ਸਹੂਲਤਾਂ ਦੇਣ ਲਈ ਆਪਣੇ ਸੁਝਾਅ ਵੀ ਪੇਸ਼ ਕਰਦੇ ਹਾਂ। ਇਸ ਤੋਂ ਬਿਨਾ ਸੋਸ਼ਲ ਮੀਡੀਆ ਰਾਹੀਂ ਵੀ ਲੋਕਾਂ ਨਾਲ ਰਾਬਤਾ ਬਣਾਇਆ ਹੋਇਆ ਹੈ। ਮੇਰੇ ਨਾਲ ਤਜ਼ਰਬੇਕਾਰ ਸੈਨੇਟਰ ਮਾਈਕ ਨੌਲੀਸਨ ਵੀ ਚੋਣ ਪ੍ਰਚਾਰ 'ਤੇ ਗਏ।

**ਸਵਾਲ:** ਤੁਸੀਂ ਇਸ ਜ਼ਿਲ੍ਹੇ ਦੇ ਪਹਿਲੇ ਪੰਜਾਬੀ ਅਮਰੀਕਨ ਹੋ ਜੋ ਡੈਮੋਕਰੈਟ ਪਾਰਟੀ ਵਲੋਂ ਹਾਊਸ ਆਫ ਰਿਪਰਜ਼ੈਂਟੇਟਿਵ ਲਈ ਚੋਣ ਲੜ ਰਹੇ ਹੋ। ਪਾਰਟੀ ਦੇ ਸੀਨੀਅਰ ਲੀਡਰਾਂ ਅਤੇ ਵਰਕਰਾਂ ਦਾ ਕਿਸ ਤਰ੍ਹਾਂ ਦਾ ਸਹਿਯੋਗ ਮਿਲ ਰਿਹਾ ਹੈ?

**ਜਵਾਬ:** ਬਹੁਤ ਵਧੀਆ। ਮੈਂ ਆਪਣੇ ਆਪ ਨੂੰ ਬਹੁਤ ਖੁਸ਼ਕਿਸਮਤ ਸਮਝ ਰਹੀ ਹਾਂ ਕਿ ਮੈਨੂੰ ਸਭ ਦੀ ਹਮਾਇਤੀ ਮਿਲ ਰਹੀ ਹੈ। ਚੋਣ ਮੁਹਿੰਮ ਦੀ ਤਿਆਰੀ ਮੀਟਿੰਗਾਂ ਕਰਨ ਦੌਰਾਨ ਪਾਰਟੀ ਦੇ ਸੀਨੀਅਰ ਲੀਡਰ, ਦੂਸਰੇ ਹਲਕੇ ਦੇ ਸੈਨੇਟਰ, ਜਿਨ੍ਹਾਂ ਨੂੰ ਚੋਣ ਲੜਨ ਦਾ ਅੱਛਾ ਤਜ਼ਰਬਾ ਹੈ, ਮੈਨੂੰ ਪੂਰੀ ਤਰ੍ਹਾਂ ਗਾਈਡ ਕਰ ਰਹੇ ਹਨ। ਇੱਥੋਂ ਤੱਕ ਕਿ ਗਵਰਨਰ ਆਪਣੀ ਚੋਣ ਮੁਹਿੰਮ ਦੇ ਨਾਲ ਨਾਲ ਸਾਡੇ ਹਲਕੇ ਦੀ ਕੰਪੇਨ ਵਿਚ ਪੂਰਾ ਯੋਗਦਾਨ ਪਾ ਰਹੇ ਹਨ। ਸਾਰੇ ਡੈਮੋਕਰੈਟ ਸੈਨੇਟਰ,



ਲਾਡੀ ਸਿੰਘ

ਸੀਨੀਅਰ ਲੀਡਰ, ਕਮੇਟੀਮੈਨ ਅਤੇ ਪਾਰਟੀ ਵਰਕਰ ਮੇਰੀ ਪਿੱਠ 'ਤੇ ਆਣ ਖੜ੍ਹੇ ਹੋਏ ਹਨ। ਮੈਂ ਉਨ੍ਹਾਂ ਦੀ ਬਹੁਤ ਸ਼ੁਕਰਗੁਜ਼ਾਰ ਹਾਂ।

**ਸਵਾਲ:** ਤੁਹਾਡੇ ਹਲਕੇ ਦੀਆਂ ਕਿਹੜੀਆਂ ਸਮੱਸਿਆਵਾਂ ਹਨ ਅਤੇ ਤੁਸੀਂ ਉਨ੍ਹਾਂ ਨੂੰ ਕਿਸ ਤਰ੍ਹਾਂ ਹੱਲ ਕਰੋਗੇ?

**ਜਵਾਬ:** ਚੰਗੀਆਂ ਸਿਹਤ ਸਹੂਲਤਾਂ, ਰੁਜ਼ਗਾਰ ਦੇ ਨਵੇਂ ਮੌਕੇ, ਬਜ਼ੁਰਗਾਂ ਤੇ ਲੋੜਵੰਦਾਂ ਦੀ ਸਹੀ ਸਿਹਤ ਸੰਭਾਲ, ਬੱਚਿਆਂ ਲਈ ਮਿਆਰੀ ਸਿੱਖਿਆ ਅਤੇ ਛੋਟੇ ਵਪਾਰੀਆਂ ਨੂੰ ਪ੍ਰਫੁਲਿਤ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ ਫੇਅਰ ਟੈਕਸ, ਘੱਟੋ ਘੱਟ ਨਿਯਮਤ ਉਜਰਤ ਵਿਚ ਵਾਧਾ ਕਰਨਾ, ਔਰਤਾਂ ਨੂੰ ਆਪਣੇ ਫੈਸਲੇ ਕਰਨ ਦਾ ਅਧਿਕਾਰ ਤੇ ਅਫੋਰਡੇਬਲ ਕੇਅਰ ਐਕਟ ਆਦਿ ਮੇਰੇ ਟੀਚੇ ਹਨ।

**ਸਵਾਲ:** 54ਵਾਂ ਜ਼ਿਲ੍ਹਾ ਆਮ ਤੌਰ 'ਤੇ ਰਿਬਪਲਿਕਨ ਹਲਕਾ ਮੰਨਿਆ ਜਾਂਦਾ ਹੈ, ਤੁਹਾਡੇ ਵਿਰੋਧੀ ਨੂੰ ਹਾਊਸ ਆਫ ਰਿਪਰਜ਼ੈਂਟੇਟਿਵ ਦਾ ਕਾਫੀ ਤਜ਼ਰਬਾ ਹੈ। ਤੁਹਾਡੀ ਪ੍ਰਤੀਕ੍ਰਿਆ?

**ਜਵਾਬ:** ਜੇ ਕੋਈ ਪਹਿਲਾਂ ਇਸ ਹਲਕੇ ਤੋਂ ਪ੍ਰਤੀਨਿਧਤਾ ਕਰ ਰਿਹਾ ਹੈ ਤਾਂ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਦੂਸਰਾ ਚੋਣ ਹੀ ਨਾ ਲੜੇ। ਅਸਲ ਵਿਚ ਅਜੇ ਤੱਕ ਅਸਲੀ ਮੁੱਦਿਆਂ 'ਤੇ ਧਿਆਨ ਹੀ ਨਹੀਂ ਦਿੱਤਾ ਗਿਆ। ਜੇ ਪਹਿਲਾਂ ਲਾਗੂ ਨੀਤੀਆਂ ਠੀਕ ਹਨ ਤਾਂ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਿਉਂ ਕਰਨਾ ਪੈ ਰਿਹਾ ਹੈ? ਅਸਲ ਵਿਚ ਇਨ੍ਹਾਂ ਵਿਚ ਸੁਧਾਰ ਦੀ ਲੋੜ ਹੈ। ਦੂਰ-ਦ੍ਰਿਸ਼ਟੀ ਤੋਂ ਕੰਮ ਲੈ ਕੇ ਅਰਥਚਾਰੇ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

**ਸਵਾਲ:** ਤੁਹਾਡੇ ਵਿਰੋਧੀ ਧਿਰ ਦੇ ਆਗੂ ਪੈਨਸ਼ਨ ਪ੍ਰੋਗਰਾਮ ਉਤੇ ਜ਼ੋਰ ਦੇ ਰਹੇ ਹਨ ਅਤੇ ਉਸ ਨੂੰ ਲਾਗੂ ਕਰਵਾਉਣ ਲਈ ਤਤਪਰ ਹਨ। ਕੀ ਉਸ ਬਿਲ ਬਾਰੇ ਤੁਹਾਡੇ ਕੋਲ ਕੋਈ ਸੋਧਿਆ ਹੋਇਆ ਪਲਾਨ ਹੈ?

**ਜਵਾਬ:** ਮੈਂ ਆਲੋਚਨਾ ਸਿਰਫ ਸਿਆਸੀ ਮਕਸਦ ਨਾਲ ਨਹੀਂ ਕਰਾਂਗੀ। ਉਨ੍ਹਾਂ ਦੀ ਸੋਚ ਅਤੇ ਮੇਰੀ ਸੋਚ ਵਿਚ ਫਰਕ ਹੈ। ਮੈਂ ਅਸੂਲਾਂ ਦੇ ਆਧਾਰ 'ਤੇ ਸਮੱਸਿਆਵਾਂ ਨੂੰ ਹੱਲ ਕਰਨ ਨੂੰ ਪਹਿਲ ਦੇਵਾਂਗੀ। ਮੈਂ ਸਮਝਦੀ ਹਾਂ ਕਿ ਉਹ ਦੂਰ-ਦ੍ਰਿਸ਼ਟੀ ਤੋਂ ਕੰਮ ਨਹੀਂ ਲੈ ਰਹੇ। ਹਾਲਾਤ ਮੁਤਾਬਕ ਨਵੀਆਂ ਨੀਤੀਆਂ ਬਣਦੀਆਂ ਰਹਿੰਦੀਆਂ ਹਨ। ਹਲਕੇ ਦੇ ਲੋਕਾਂ ਨੂੰ ਮਿਲਣ 'ਤੇ ਮੈਂ ਮਹਿਸੂਸ ਕੀਤਾ ਹੈ ਕਿ ਲੋਕ ਉਨ੍ਹਾਂ ਦੇ ਕੰਮ-ਕਾਜੀ ਢਾਂਚੇ ਤੋਂ ਸੰਤੁਸ਼ਟ ਨਹੀਂ ਹਨ। ਸਮੱਸਿਆਵਾਂ ਦੇ ਹੱਲ ਲਈ ਆਧੁਨਿਕ ਅਤੇ ਪਾਰਦਰਸ਼ੀ ਤਰੀਕੇ ਅਪਨਾਉਣ ਦੀ ਲੋੜ ਹੈ।

**ਸਵਾਲ:** ਪੰਜਾਬੀ ਭਾਈਚਾਰੇ ਨੂੰ ਕੋਈ ਸੁਨੇਹਾ?

**ਜਵਾਬ:** ਪੰਜਾਬੀਆਂ ਨੇ ਹਰ ਖੇਤਰ ਵਿਚ ਮੱਲਾਂ ਮਾਰੀਆਂ ਹਨ। ਉਨ੍ਹਾਂ ਇਸ ਦੇਸ਼ ਦੀ ਖੁਸ਼ਹਾਲੀ ਤੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ ਹੈ ਅਤੇ ਹਮੇਸ਼ਾ ਹੀ ਚੰਗੀਆਂ ਕਦਰਾਂ-ਕੀਮਤਾਂ 'ਤੇ ਪਹਿਰਾ ਦਿੱਤਾ ਹੈ ਪਰ ਅਮਰੀਕਾ ਦੀ ਰਾਜਨੀਤੀ ਵਿਚ ਭਾਰਤੀ ਭਾਈਚਾਰੇ ਦੇ ਬਹੁਤ ਘੱਟ ਸਰਗਰਮ ਮੈਂਬਰ ਹਨ। ਸਾਨੂੰ ਰਾਜਨੀਤਿਕ ਅਤੇ ਸਮਾਜਿਕ ਕੰਮਾਂ ਵਿਚ ਵੀ ਹਿੱਸਾ ਲੈਣਾ ਚਾਹੀਦਾ ਹੈ। ਪੰਜਾਬੀਆਂ ਨੇ ਮਾਂ ਬੋਲੀ ਪੰਜਾਬੀ ਅਤੇ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਬਹੁਤ ਸ਼ਲਾਘਾਯੋਗ ਉਪਰਾਲੇ ਕੀਤੇ ਹਨ, ਪਰ ਅਜੇ ਵੀ ਬਹੁਤ ਕੁਝ ਕਰਨ ਦੀ ਲੋੜ ਹੈ।

ਕੈਨੇਡਾ ਦੀ ਤਰਜ਼ 'ਤੇ ਅਮਰੀਕਾ ਵਿਚ ਇਥੋਂ ਦੀਆਂ ਸਿਆਸੀ ਪਾਰਟੀਆਂ ਨੂੰ ਆਪਣੀ ਹੋਂਦ ਤੇ ਵੋਟ ਬੈਂਕ ਦੀ ਤਾਕਤ ਤੋਂ ਜਾਣੂ ਕਰਵਾਉਣ ਦੀ ਲੋੜ ਹੈ ਤਾਂ ਜੋ ਸਾਡੇ ਬੱਚੇ ਵੀ ਗਵਰਨਰ, ਸੈਨੇਟਰ ਤੇ ਮੇਅਰ ਬਣ ਸਕਣ ਤੇ ਇਥੋਂ ਦੀਆਂ ਪ੍ਰਸ਼ਾਸਨਿਕ ਸੇਵਾਵਾਂ ਅਤੇ ਨੀਤੀਆਂ ਘੜਨ ਵਿਚ ਆਪਣਾ ਯੋਗਦਾਨ ਪਾ ਸਕਣ। ਡੈਮੋਕਰੈਟ ਪਾਰਟੀ ਨੇ ਮੇਰੇ ਵਿਚ ਭਰੋਸਾ ਜਤਾਇਆ ਹੈ। ਮੈਨੂੰ ਪੂਰਨ ਆਸ ਹੈ ਕਿ ਭਾਈਚਾਰਾ ਇਹ ਸੀਟ ਜਿਤਾ ਕੇ ਡੈਮੋਕਰੈਟ ਦੀ ਝੋਲੀ ਪਾਏਗਾ।

-ਲਾਡੀ ਸਿੰਘ ਜੀ, ਤੁਹਾਡਾ ਬਹੁਤ ਬਹੁਤ ਸ਼ੁਕਰੀਆ। ਤੁਹਾਡੀ ਜਿੱਤ ਲਈ ਸਾਡੀਆਂ ਸ਼ੁਭ ਇੱਛਾਵਾਂ।

## ਫੰਡਰੇਜ਼ਰ 31 ਮਈ ਨੂੰ

**ਸ਼ਿਕਾਗੋ:** ਨਵੰਬਰ ਮਹੀਨੇ ਹੋ ਰਹੀਆਂ ਚੋਣਾਂ ਲਈ ਪੰਜਾਬੀ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖਸੀਅਤ ਅਤੇ ਡੈਮੋਕਰੈਟਿਕ ਉਮੀਦਵਾਰ ਲਾਡੀ ਸਿੰਘ ਲਈ ਪਾਰਟੀ ਵਲੋਂ ਇਕ ਫੰਡਰੇਜ਼ਰ ਆਉਂਦੀ 31 ਮਈ, ਸਨਿਚਰਵਾਰ ਨੂੰ ਪੈਲਾਟਾਈਨ (Emmett's Ale House: 110 North Brockway St., Palatine) ਵਿਚ ਰੱਖਿਆ ਗਿਆ ਹੈ।

ਇਸ ਫੰਡਰੇਜ਼ਰ ਲਈ ਸੱਦਾ ਦਿੰਦਿਆਂ ਲਾਡੀ ਸਿੰਘ ਨੇ ਸਮੂਹ ਭਾਈਚਾਰੇ ਦੀ ਤਰਫੋਂ ਵੱਧ ਤੋਂ ਵੱਧ ਸ਼ਿਰਕਤ ਕਰਕੇ ਹੌਸਲਾ ਅਫਜ਼ਾਈ ਦੀ ਆਸ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਇਕ ਛੋਟੇ ਜਿਹੇ ਪਿੰਡ ਨਾਲ ਸਬੰਧਤ ਹਨ ਅਤੇ ਇਥੇ ਆ ਵੱਸਣ ਪਿਛੋਂ ਹਾਊਸ ਆਫ ਰਿਪਰਜ਼ੈਂਟੇਟਿਵ ਦੀ ਸੀਟ ਲਈ ਉਨ੍ਹਾਂ ਭਾਈਚਾਰੇ ਦੇ ਸਹਿਯੋਗ ਨਾਲ ਹੀ ਪਹਿਲਾ ਕਦਮ ਚੁਕਿਆ ਹੈ। ਲਾਡੀ ਸਿੰਘ ਨਾਲ ਸੰਪਰਕ ਫੋਨ 515-523-3413 ਰਾਹੀਂ ਕੀਤਾ ਜਾ ਸਕਦਾ ਹੈ।

INDIAN BAZAAR ਇੰਡੀਅਨ ਬਜ਼ਾਰ
334 S. Emerson Ave., GREENWOOD, IN 46143
ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਅਤੇ ਮਿਠਾਈਆਂ ਲਈ ਮਸ਼ਹੂਰ
■ਖਾਣਾ ਸ਼ੁੱਧ ਵੈਸ਼ਨੋ, ਤਾਜ਼ਾ ਸਮੋਸੇ, ਚਾਟ, ਥਾਲੀ
■ਕੈਟਰਿੰਗ ਵੀ ਕਰਦੇ ਹਾਂ
■ਵੱਡੇ ਆਰਡਰ ਲਈ ਸਪੈਸ਼ਲ ਰੇਟ
■ਤਾਜ਼ਾ ਸਬਜ਼ੀਆਂ ਹਰ ਵੀਰਵਾਰ
ਧਾਰਮਿਕ ਪ੍ਰੋਗਰਾਮਾਂ ਲਈ 10% ਛੋਟ
ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।
ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ
ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ
Ph: 317-534-5151, 317-997-9140

Call India and world wide
ਸਾਫ ਸੁਥਰੀ ਆਵਾਜ਼ ਅਤੇ ਵਧੀਆਂ ਸਰਵਿਸ
25 ਡਾਲਰ ਵਿਚ 37½ ਘੰਟੇ
ਹੁਣ ਤੁਹਾਡੇ ਆਪਣੇ ਹੀ ਇਲਾਕੇ ਇੰਡੀਆਨਾ ਵਿਚ ਸਾਡੇ ਡੀਲਰ ਨੂੰ ਕਾਲ ਕਰੋ ਅਤੇ ਡੀਲ ਲਵੋ।
Local Dealer in Indiana
Preet Boutique
Call Now 317-603-4018
Sukhpreet Kaur
334, South Emersom AVe, Green Wood In. 46143
spkaurus@yahoo.co.in www.canamfone.com

ਆਪਣੇ ਰੂਪ ਨੂੰ ਚਾਰ ਚੰਨ ਲਾਓ
DESIGNER LEHANGAS, SUITS, SAREES, KIDS WEAR
ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ
ਬੱਚਿਆਂ ਦੀਆਂ ਪੁਸ਼ਾਕਾਂ
Gidha Bhangra Dresess On Rent
Preet BOUTIQUE
ਵਿਆਹ-ਸ਼ਾਦੀ ਦੇ ਸ਼ਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ
Call: 317-603-4018, 317-332-1387
E-mail:spkaurus@yahoo.co.in
Facebook preetboutique

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼ ✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## 7ਵਾਂ ਪੰਜਾਬੀ ਖੇਡ ਮੇਲਾ

**19 ਜੁਲਾਈ 2014** *(ਸਨਿਚਰਵਾਰ, ਸਵੇਰੇ 8:30 ਤੋਂ ਸ਼ਾਮ 8:00 ਵਜੇ ਤੱਕ)*

**Canton Sports Center - Victory Park:** 46555 W. Michigan Ave. Rd., Canton, MI 48188 (Near Beck Rd.)

**ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ**

### ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ-$8500
ਦੂਜਾ ਇਨਾਮ-$7000
ਤੀਜਾ ਇਨਾਮ-$5500
ਚੌਥਾ ਇਨਾਮ-$4000

**ਕਬੱਡੀ ਅੰਡਰ-21**
ਪਹਿਲਾ ਇਨਾਮ-$2500
ਦੂਜਾ ਇਨਾਮ-$1500
ਤੀਜਾ ਇਨਾਮ-$1000

**ਕਬੱਡੀ ਅੰਡਰ-18**
ਪਹਿਲਾ ਇਨਾਮ-$800
ਦੂਜਾ ਇਨਾਮ-$600
ਤੀਜਾ ਇਨਾਮ-$400

**ਵਾਲੀਬਾਲ**
ਪਹਿਲਾ ਇਨਾਮ-$1500
ਦੂਜਾ ਇਨਾਮ-$1000

**ਸੌਕਰ**
ਪਹਿਲਾ ਇਨਾਮ-$1500
ਦੂਜਾ ਇਨਾਮ-$1000



*ਯਾਰੋ ਫੜਨੇ ਸੌਖੇ ਨਹੀਂ-ਮਿਰਗ ਦੀ ਲੱਤ, ਸ਼ੇਰ ਦਾ ਨੱਕ, ਉਡਣੇ ਸੱਪ, ਕਬੂਤਰ ਚੀਨੇ।*

ਮੇਲਾ-ਗੇਲਾ, ਖੇਡਾਂ, ਨੱਚਣ-ਟੱਪਣ, ਗਾਉਣ-ਪਾਣੀ ਅਤੇ ਖੁੱਲ੍ਹਾ ਖਾਣ-ਪੀਣ ਆਓ ਤੇ ਮੌਜ ਮਨਾਓ

**ਸਭਨਾਂ ਨੂੰ ਖੁੱਲ੍ਹਾ ਸੱਦਾ**

***Free Entry *Free Food *Free Entertainment**

ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ

*ਸਭਿਆਚਾਰਕ ਪ੍ਰੋਗਰਾਮ ਤੇ ਗਿੱਧਾ-ਭੰਗੜਾ ਵੀ ਹੋਵੇਗਾ।*

ਕਬੱਡੀ ਰੈਫਰੀ: ਨਰਿੰਦਰ ਮੁੰਦਰ, ਕੁਲਵਿੰਦਰ ਕਿੰਦਾ ਤੇ ਬਲਜੀਤ ਗਿੱਲ

**ਪੰਜਾਬੀ ਗਾਇਕ ਮੇਲਾ ਵੇਖਣ ਆਏ ਮੇਲੀਅ ਦਾ ਸਭਿਆਚਾਰਕ ਗੀਤਾਂ ਰਾਹੀਂ ਭਰਪੂਰ ਮਨੋਰੰਜਨ ਕਰਨਗੇ**

ਫੁਰਤੀਲੇ ਸ਼ੌਕੀਨ ਮਿਸ਼ੀਗਨ ਟੀਮ ਭੰਗੜੇ ਦੇ ਜੌਹਰ ਵਿਖਾਏਗੀ

ਲੰਗਰ ਦਾ ਖਰਚਾ ਤੇ ਸੇਵਾ ਆਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਵਲੋਂ ਹੋਣਗੇ

### PSCA Committee Members and Gold Sponsors


ਕਰਮਬੀਰ ਸਿੰਘ


ਅਰਜੁਨ ਗਿੱਲ


ਰਾਜ ਨਿੱਜਰ


ਜਸਵਿੰਦਰ ਧਾਲੀਵਾਲ


ਅਮਰਜੀਤ ਗਿੱਲ


ਰਵਿੰਦਰ ਥਿੰਦ


ਅਮਰੀਕ ਰਾਏ


ਰਾਜ ਜਾਮਾਰਾਏ


ਸੁਖਵੰਤ ਸਿੰਘ ਗਿੱਲ


ਸੁਖਦੇਵ ਸੇਖੋਂ


ਕੇਵਲ ਗਿੱਲ


ਕੁਲਬੀਰ ਗਿੱਲ


ਸੁੱਖਾ ਸੇਖੋਂ


ਬਲਕਾਰ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

Karn Gill (Mela, Sponsors) 734-612-9984
Karmbir Singh (Mela, Volleyball) 734-558-3151
Arjun Gill (Kabaddi) 734-231-3576
Raj Jamarai (Kabaddi, Singer) 734-644-1010
Raj Nijjar (Culctural Program, Singer, Stalls) 734-637-7540
Sukhdev Sekhon (Soccer) 248-431-9678

**WWW.PSCA-MI.COM**

*ਇਸ ਵਰ੍ਹੇ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

**ਆਰਗੇਨਾਈਜ਼ਿੰਗ ਕਮੇਟੀ ਵਲੋਂ ਸਾਲ 2014 ਮਿਸ਼ੀਗਨ ਮੇਲੇ ਦਾ ਸੁਨੇਹਾ**

ਆਓ, ਰਲ ਮਿਲ ਕੇ ਸਾਲ 2014 ਦੌਰਾਨ ਇਹ ਯਤਨ ਕਰੀਏ ਕਿ ਮਿਸ਼ੀਗਨ ਦੇ ਪੰਜਾਬੀ ਭਾਈਚਾਰੇ ਦੇ ਇਕੱਠਾਂ ਵਿਚ ਸ਼ਰਾਬ ਦੀ ਵਰਤੋਂ ਘੱਟ ਤੋਂ ਘੱਟ ਹੋਵੇ, ਕਿਉਂਕਿ ਸ਼ਰਾਬ ਦੀ ਬਹੁਤੀ ਵਰਤੋਂ ਭਾਈਚਾਰੇ ਦਾ ਦੂਜੇ ਲੋਕਾਂ ਸਾਹਮਣੇ ਨਾਂਹ-ਪੱਖੀ ਅਕਸ ਬਣਾਉਂਦੀ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੀ ਅਗਲੀ ਪੀੜ੍ਹੀ ਸਾਡੇ ਪੰਜਾਬੀ ਭਾਈਚਾਰੇ ਨੂੰ ਸਮਾਜ ਦਾ ਹੋਰ ਖੁਸ਼ ਅਤੇ ਸਿਹਤਮੰਦ ਹਿੱਸਾ ਬਣਾਵੇ।

## ਮੁੱਖ ਸਪਾਂਸਰ



ਚੈਨ ਸਿੰਘ ਸੰਧੂ | ਜੈਰੀ ਸਿੰਘ | ਹਰਪ੍ਰੀਤ ਆਹਲੂਵਾਲੀਆ | ਦਰਸ਼ਨ ਸਿੰਘ ਗਰੇਵਾਲ | ਜਤਿੰਦਰਬੀਰ ਸੰਧੂ | ਕਰਨ ਗਿੱਲ | ਹਰਪ੍ਰੀਤ ਸਿੰਘ | ਚਰਨਜੀਤ ਰਸਟੀ | ਸੁੱਖੀ ਨਰਵਾਲ | ਗੋਲਡੀ ਢਿੱਲੋਂ

## Invited Honorable Public Officials



*Gary Peters* US Senator Candidate | *Terri Lynn Land* US Senate Candidate | *Rick Snyder* MI Governor | *Mark Schauer* MI Governor Candidate | *Dr. Anil Kumar* US Congressman Candidate | *David Trott* US Congressman Candidate | *Patrick Colbeck* Michigan Senator | *Kurt Heise* MI Congressman | *Sam Singh* Michigan Congressman

## ਸਾਡੇ ਗੋਲਡ ਸਪਾਂਸਰ



ਗੁਰਬਚਨ ਗੈਰੀ ਮਾਨ | ਅਮਰਜੀਤ ਸਿੱਧੂ | ਇਕਬਾਲ ਸਿੰਘ | ਡਾ. ਸੱਈਅਦ ਤਾਜ | ਰਤਨ ਸੇਖੋਂ | ਬਲਬੀਰ ਗਰੇਵਾਲ | ਅਟਾਰਨੀ ਜੱਸੀ ਸਚਦੇਵ | ਚਮਕੌਰ ਗਿੱਲ | ਬਲਵਿੰਦਰ ਬਾਠ | ਅਮਰੀਕ ਮਾਹਲ



ਸੰਨੀ ਧੂੜ | ਮਨਜੀਤ ਨੰਨਣ | ਰਾਜਵਿੰਦਰ ਗਰੇਵਾਲ | ਇੰਦਰਜੀਤ ਗਿੱਲ | ਨਰਿੰਦਰ ਸਿੰਘ ਮੁੰਦਰ | ਹਰਪਾਲ ਸਿੰਘ ਪੰਮਾ | ਨਿਰਮਲਜੀਤ ਸਿੰਘ | ਦਲਜੀਤ ਸਿੰਘ | ਜਗਦੇਵ ਗਰੇਵਾਲ | ਗੁਰਦੇਵ ਸਿੰਘ | ਮਨਜੀਤ ਸਿੰਘ ਲੈਨਸਿੰਗ



ਬਿਕਰਮ ਗਰੇਵਾਲ | ਟੋਨੀ ਭੱਟੀ | ਮਨਜਿੰਦਰ ਸਿੱਧੂ | ਰੂਪੀ ਰੰਧਾਵਾ | ਸੁਖਦੇਵ ਬਰਾੜ | ਜਸਵੀਰ ਰੰਧਾਵਾ ਕਲੀਵਲੈਂਡ | ਬਲਦੇਵ ਸਿੱਧੂ ਕਲੀਵਲੈਂਡ | ਕੁਲਦੀਪ ਗਿੱਲ | ਸਾਵਲ ਸਿੰਘ | ਗੁਰਮੇਲ ਮਾਨ



ਬਲਜੀਤ ਬੈਂਸ | ਗੁਰਿੰਦਰ ਧਨੋਆ | ਸੁੱਖੀ ਧਾਲੀਵਾਲ | ਤਰਲੋਚਨ ਭੁੱਲਰ | ਹਰਪਾਲ ਸੰਘਾ | ਭੁਪਿੰਦਰ ਪੇਲੀਆ | ਦੀਪਇੰਦਰ ਸਿੰਘ | ਰੁਬਲ ਨਿੱਜਰ | ਗੱਗੀ ਗਿੱਲ | ਗੁਰਦੇਵ ਸਿੰਘ ਸੇਖੋਂ | ਕੁਲਵਿੰਦਰ ਗਿੱਲ

**ਸਿਲਵਰ ਸਪਾਂਸਰ:** ਜਗਤਾਰ ਜੱਗਾ, ਹਰਪਾਲ ਸੰਘਾ, ਲਾਲੀ ਮਾਂਗਟ, ਹਰਜਿੰਦਰ ਗਿੱਲ, ਚਮੌਕਰ ਸਿੰਘ ਗਿੱਲ, ਸੁਖਦੇਵ ਬਰਾੜ, ਦਲਜੀਤ ਰੰਧਾਵਾ, ਲਖਵਿੰਦਰ ਰਾਏਭੱਟੀ, ਮਲਕੀਅਤ ਸਿੰਘ ਭੱਠਲ, ਭੁਪਿੰਦਰ ਸੰਧੂ, ਭੁਪਿੰਦਰ ਪੇਲੀਆ, ਹਰਮੋਹਨਜੀਤ ਬੈਂਸ, ਅਜੈ ਗਰੋਵਰ, ਰੇਨੂ ਤੱਖਰ, ਰਾਣੀ ਸੈਲੂਨ, ਪੰਮੀ।

ਸਮਰਥਕ ਸੱਜਣ: **(ਮਿਸ਼ੀਗਨ):** ਤੇਜਕਰਨ ਢਿੱਲੋਂ, ਸੁਰਿੰਦਰ ਸਿੰਘ ਗਰਚਾ, ਸਤਵੀਰ ਸਵੈਚ, ਰਾਜ ਸਿਆਨ, ਗੁਰਪ੍ਰੀਤ ਸਿੱਧੂ, ਪਰਦੀਪ ਸੰਘਾ, ਸੁੱਖੀ ਧਾਲੀਵਾਲ, ਇੰਦਰਜੀਤ ਵਿਰਕ, ਹਰਜਿੰਦਰ ਗਿੱਲ, ਨਵਦੀਪ ਗਿੱਲ, ਦਵਿੰਦਰ ਗਰੇਵਾਲ, ਲਾਲੀ ਮਾਂਗਟ, ਗੁਰਮੀਤ ਸੰਧੂ, ਬਲਦੇਵ ਧਾਲੀਵਾਲ, ਗੁਰਦਾਤਾਰ ਸਿੰਘ, ਊਧਮ ਸਿੰਘ, ਸੁਖਪਾਲ ਢਿੱਲੋਂ, ਸੁਰਜੀਤ ਗਿੱਲ, ਗੁਰਭਿੰਦਰ ਸਿੰਘ, ਨਿਰਮਲ ਸਿੰਘ ਸਰਾਂ, ਮੋਹਨ ਸਿੰਘ ਢੋਲੀ, ਕਰਤਾਰ ਸਿੰਘ ਬੱਬੂ, ਦਲਜੀਤ ਰੰਧਾਵਾ, ਲਖਵਿੰਦਰ ਰਾਏਭੱਟੀ, ਸੁਰਿੰਦਰਜੀਤ ਕਾਹਲੋਂ, ਗੁਰਦੇਵ ਗਿੱਲ, ਇੰਦਰਪਾਲ ਸਿੰਘ, ਜਤਿੰਦਰ ਬੱਤਰਾ, ਜੌਲੀ ਸਿੰਘ, ਸੁਭਦੇਵ ਮਰਾਹਰ, ਸੁਖਵਿੰਦਰ ਸੰਧੂ, ਸੁਖਵੀਰ ਭੱਟੀ, ਗੁਰਦੇਵ ਸਿੰਘ ਨੰਨਣ, ਲਾਲੀ ਰਣਵੀਰ ਧਾਲੀਵਾਲ, ਪਾਲ ਖਲੀਲ, ਰਿੰਕੂ, ਬਲਬੀਰ ਸਿੰਘ, ਕੁਲਦੀਪ ਸਿੰਘ ਲੈਨਸਿੰਗ, ਲਾਡੀ ਮੁਲਤਾਨੀ, ਦਲਬਾਰਾ ਸਿੰਘ ਮਾਂਗਟ, ਰੇਸ਼ਮ ਸਿੰਘ ਸੈਣੀ, ਰਸ਼ਮਿੰਦਰ ਗਿੱਲ, ਹਰਵਿੰਦਰ ਗਿੱਲ, ਕੁਲਵਿੰਦਰ ਗਿੱਲ, ਬਲਵਿੰਦਰ ਰਾਏਭੱਟੀ, ਬਲਬੀਰ ਵਿਰਦੀ, ਚਰਨਪ੍ਰੀਤ ਧਾਲੀਵਾਲ, ਬੰਟੀ ਭੰਗੂ, ਜਗਦੇਵ ਗਰੇਵਾਲ, ਬਲਵਿੰਦਰ ਸਿੰਘ, ਪਲਵਿੰਦਰ ਸੇਠੀ, ਗੁਰਦੇਵ ਸੇਖੋਂ, ਜਸਵਿੰਦਰ ਜੱਗੀ, ਲਖਵੀਰ ਲੱਕੀ।

**(ਸ਼ਿਕਾਗੋ):** ਸਤਿੰਦਰ ਸੁਸਾਣਾ, ਜਸਕਰਨ ਧਾਲੀਵਾਲ, ਹੈਪੀ ਹੀਰ, ਡਾ. ਹਰਜਿੰਦਰ ਖਹਿਰਾ, ਦਰਸ਼ਨ ਬਸਰਾਓਂ, ਅਮਰਦੇਵ ਬਦੇਸ਼ਾ, ਲਵਦੀਪ ਦੁੱਲਤ, ਅਜੈਬ ਲੱਖਣ, ਮਿੱਕੀ ਕਾਹਲੋਂ, ਵਿਕਰਾਂਤ ਸਿੰਘ, ਵਿਕਰਾਂਤ ਸਿੰਘ, ਦੀਪਾ ਬਦੇਸ਼ਾ, ਸੰਨੀ ਕੁਲਾਰ, ਬਲਵਿੰਦਰ ਗਿਰਨ, ਪਰਮਿੰਦਰ ਵਾਲੀਆ, ਬਲਜੀਤ ਸਿੱਧੂ, ਅਜਮੇਰ ਪੰਨੂ, ਹਰਵਿੰਦਰ ਸਿੰਘ ਘੋਤੜਾ, ਸੰਤੋਖ ਸਿੰਘ ਡੀ ਸੀ, ਨਰਿੰਦਰ ਸਿੰਘ ਸਰਾਂ, ਟੋਨੀ ਸੰਘੇੜਾ, ਗੁਰਮੁਖ ਸਿੰਘ ਭੁੱਲਰ, ਜੈਰਾਮ ਸਿੰਘ ਕਾਹਲੋਂ, ਜੱਸੀ ਪਰਮਾਰ, ਬੇਅੰਤ ਬੋਪਾਰਾਏ, ਗੁਲਜ਼ਾਰ ਸਿੰਘ ਮੁਲਤਾਨੀ, ਲਵ ਮਿਨਹਾਸ, ਮਨਜੀਤ ਧਨੋਆ, ਸੁਰਿੰਦਰ ਕਾਲੜਾ, ਰਛਪਾਲ ਖੰਗੂੜਾ, ਠਾਕਰ ਬਸਾਤੀ, ਰਾਜਿੰਦਰ ਮਾਗੋ, ਨਿੱਕ ਗਾਖਲ, ਗੁਰਮੀਤ ਬਾਠ।

**(ਇੰਡੀਆਨਾ)**: ਸਰਵਣ ਸਿੰਘ ਟਿਵਾਣਾ, ਗੁਰਿੰਦਰ ਢਿੱਲੋਂ, ਬਲਦੇਵ ਸੱਲ੍ਹਾਂ, ਪ੍ਰਿਥਪਾਲ ਘੋਤੜਾ, ਦਰਸ਼ਨ ਸਿੰਘ ਦਰੜ, ਕਿੱਟੂ ਬਾਵਾ, ਰਾਜਿੰਦਰ ਸਿੰਘ ਬੈਂਸ, ਮਨਦੀਪ ਸਿੰਘ ਭੂਰਾ, ਲਾਲੀ ਸਿੱਧੂ, ਵਰਿੰਦਰ ਸਾਹੀ, ਮਨਜੀਤ ਨਾਗਰਾ।

**(ਓਹਾਇਓ):** ਹਰਵਿੰਦਰ ਵਾਲੀਆ, ਸੁਰਜੀਤ ਮਾਵੀ, ਇਕਬਾਲ ਬੋਪਾਰਾਏ, ਹਰਜੀਤ ਢਿੱਲੋਂ, ਮਹਿੰਦਰ ਭੇਲਾ, ਅਮਰਜੀਤ ਕੰਗ, ਪਲਵਿੰਦਰ ਸੋਹਲ, ਅੰਮ੍ਰਿਤਪਾਲ ਗਰੇਵਾਲ, ਸੁਖਜੀਤ ਗਿੱਲ, ਦਲਜੀਤ ਢਿੱਲੋਂ, ਡਾ. ਮੁਖਤਾਰ ਨਿੱਜਰ।

**(ਵਿੰਡਸਰ, ਓਂਟਾਰੀਓ):** ਗੁਰਬਖ਼ਸ਼ ਭੁੱਲਰ, ਜੋਗਾ ਸਿੰਘ, ਬਿਕਰਮ ਗਰੇਵਾਲ, ਜੀਵਨ ਗਿੱਲ, ਜੈਸਨ ਸੇਖੋਂ, ਗੁਰਬਖ਼ਸ਼ ਵਾਹਿਦ, ਹਰਜਿੰਦਰ ਕੰਦੋਲਾ, ਭਗਵੰਤ ਸਿੰਘ।

**ਸਮਰਥਕ ਸੰਸਥਾਵਾਂ:** ਕਲੀਵਲੈਂਡ ਸਪੋਰਟਸ ਕਲੱਬ, ਸ਼ਿਕਾਗੋ ਸਪੋਰਟਸ ਕਲੱਬ, ਇੰਡੀਆਨਾ ਸਪੋਰਟਸ ਕਲੱਬ, ਸਿਨਸਿਨੈਟੀ ਸਪੋਰਟਸ ਕਲੱਬ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ (ਓਹਾਇਓ), ਐਨ ਵਾਈ ਐਕਸ ਕੰਪਨੀ, ਪੀ ਸੀ ਐਸ ਸ਼ਿਕਾਗੋ, ਪੀ ਐਚ ੳ ਸ਼ਿਕਾਗੋ, ਪੀ ਸੀ ਐਸ ਕਲੀਵਲੈਂਡ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ ਮਿਡਵੈਸਟ, ਰੇਡੀਓ ਚੰਨ ਪ੍ਰਦੇਸੀ।

# ਜੀਤਨ ਮਾਂਝੀ ਬਿਹਾਰ ਦੇ ਨਵੇਂ ਮੁੱਖ ਮੰਤਰੀ

**ਪਟਨਾ:** ਜੀਤਨ ਰਾਮ ਮਾਂਝੀ ਬਿਹਾਰ ਦੇ ਨਵੇਂ ਮੁੱਖ ਮੰਤਰੀ ਬਣ ਗਏ ਹਨ। ਨਿਤੀਸ਼ ਕੁਮਾਰ ਨੇ ਆਪਣਾ ਮੁੱਖ ਮੰਤਰੀ ਵਜੋਂ ਅਸਤੀਫਾ ਵਾਪਸ ਲੈਣ ਤੋਂ ਇਨਕਾਰ ਕਰਦਿਆਂ ਮਾਂਝੀ ਨੂੰ ਆਪਣਾ ਜਾਨਸ਼ੀਨ ਚੁਣਿਆ ਹੈ। 68 ਸਾਲਾ ਦਲਿਤ ਆਗੂ ਮਾਂਝੀ ਨਿਤੀਸ਼ ਸਰਕਾਰ ਵਿਚ ਐਸ.ਸੀ. ਤੇ ਐਸ.ਟੀ. ਮੰਤਰੀ ਸਨ। ਨਿਤੀਸ਼ ਕੁਮਾਰ ਨੇ ਕਿਹਾ ਕਿ ਜਨਤਾ ਦਲ (ਯੂ) ਨੇ ਮਾਂਝੀ ਦੀ ਅਗਵਾਈ ਵਿਚ ਬਿਹਾਰ ਵਿਚ ਸਰਕਾਰ ਬਣਾਉਣ ਦਾ ਦਾਅਵਾ ਕੀਤਾ ਹੈ।



ਪਾਰਟੀ ਪ੍ਰਧਾਨ ਸ਼ਰਦ ਯਾਦਵ ਤੇ ਪਾਰਟੀ ਦੇ ਸੂਬਾ ਪ੍ਰਧਾਨ ਬਸ਼ਿਸ਼ਟ ਨਰਾਇਣ ਸਿੰਘ ਦੀ ਮਾਂਝੀ ਨੂੰ ਪੂਰੀ ਸਹਿਮਤੀ ਹੈ। ਨਿਤੀਸ਼ ਕੁਮਾਰ ਨੇ ਕਿਹਾ ਕਿ ਮਾਂਝੀ ਤਜਰਬੇਕਾਰ ਹਨ ਤੇ ਉਨ੍ਹਾਂ ਦਾ ਪਾਰਟੀ ਨੂੰ ਬਹੁਤ ਯੋਗਦਾਨ ਹੈ। ਬਿਹਾਰ ਅਸੈਂਬਲੀ ਵਿਚ ਇਸ ਵੇਲੇ 239 ਮੈਂਬਰ ਹਨ। ਜਨਤਾ ਦਲ (ਯੂ) ਦੇ 117, ਭਾਜਪਾ ਦੇ 90, ਆਰਜੇਡੀ ਦੇ 21, ਕਾਂਗਰਸ ਦੇ ਚਾਰ ਤੇ ਆਜ਼ਾਦ ਮੈਂਬਰਾਂ ਤੇ ਸੀਪੀਆਈ ਦੇ ਇਕ ਸਣੇ ਹੋਰ 7 ਮੈਂਬਰ ਹਨ। ਬਿਹਾਰ ਜਨਤਾ ਦਲ (ਯੂ) ਦੇ ਪ੍ਰਧਾਨ ਬਸ਼ਿਸ਼ਟ ਨਰਾਇਣ ਸਿੰਘ ਨੇ ਕਿਹਾ ਸੀ ਕਿ ਨਿਤੀਸ਼ ਕੁਮਾਰ ਪਾਰਟੀ ਦੀ ਅਗਵਾਈ ਕਰਨਗੇ ਤੇ ਪਾਰਟੀ ਤੇ ਸੂਬਾ ਸਰਕਾਰ ਵਿਚ ਤਾਲਮੇਲ ਬਣਾ ਕੇ ਰੱਖਣਗੇ। ਪਾਰਟੀ ਵਿਧਾਇਕਾਂ ਨੇ ਬੜੇ ਭਾਰੀ ਮਨ ਨਾਲ ਨਿਤੀਸ਼ ਕੁਮਾਰ ਦਾ ਫੈਸਲਾ ਸਵੀਕਾਰ ਕੀਤਾ ਹੈ।

# ਵਲੈਤ ’ਚ ਹਿੰਦੂਜਾ ਭਰਾਵਾਂ ਦੀ ਬੱਲੇ-ਬੱਲੇ

**ਲੰਡਨ:** ਬਰਤਾਨੀਆ ਦੇ ਸਭ ਤੋਂ ਅਮੀਰ ਇਕ ਹਜ਼ਾਰ ਲੋਕਾਂ ਦੀ ਸੂਚੀ ਵਿਚ ਹਿੰਦੂਜਾ ਭਰਾਵਾਂ ਨੇ ਸਿਖਰਲਾ ਸਥਾਨ ਹਾਸਲ ਕੀਤਾ ਹੈ। ਇਸ ਸੂਚੀ ਵਿਚ ਭਾਰਤੀ ਮੂਲ ਦੇ ਸਨਅਤਕਾਰਾਂ ਲਕਸ਼ਮੀ ਐਨ. ਮਿੱਤਲ ਤੇ ਲਾਰਡ ਸਵਰਾਜ ਪਾਲ ਸਮੇਤ ਕਈ ਹੋਰ ਭਾਰਤੀ ਵੀ ਸ਼ਾਮਲ ਹਨ। ‘ਦਿ ਸੰਡੇ ਟਾਈਮਜ਼’ ਵੱਲੋਂ ਅਮੀਰਾਂ ਦੀ ਇਸ ਵਰ੍ਹੇ ਦੀ ਜਨਤਕ ਕੀਤੀ ਗਈ ਸੂਚੀ ਵਿਚ ਸ੍ਰੀਚੰਦ (78) ਤੇ ਗੋਪੀਚੰਦ ਹਿੰਦੂਜਾ (74) ਨੂੰ 11.9 ਅਰਬ ਪੌਂਡ ਦੀ ਜਾਇਦਾਦ ਨਾਲ ਪਹਿਲੇ ਨੰਬਰ ’ਤੇ ਰੱਖਿਆ ਗਿਆ ਹੈ। ਆਟੋਮੇਟਿਵ, ਰੀਅਲ ਅਸਟੇਟ ਤੇ ਤੇਲ ਦਾ ਕਾਰੋਬਾਰ ਕਰਨ ਵਾਲੇ ਹਿੰਦੂਜਾ ਭਰਾ ਪਿਛਲੇ ਵਰ੍ਹੇ ਅਰਬਪਤੀਆਂ ਦੀ ਸੂਚੀ ਵਿਚ ਤੀਜੇ ਨੰਬਰ ’ਤੇ ਸਨ।

ਦੂਜੇ ਨੰਬਰ ‘ਤੇ ਰੂਸੀ ਕਾਰੋਬਾਰੀ ਉਸਮਾਨੋਵ ਰਹੇ। ਪਿਛਲੇ ਸਾਲ ਪਹਿਲੇ ਨੰਬਰ ‘ਤੇ ਆਉਣ ਵਾਲੇ ਉਸਮਾਨੋਵ ਦੀ ਜਾਇਦਾਦ ਇਸ ਵਰ੍ਹੇ 10.65 ਅਰਬ ਪੌਂਡ ਰਹਿ ਗਈ। ਤੀਜੇ ਨੰਬਰ ‘ਤੇ ਸਟੀਲ ਕਿੰਗ ਵਜੋਂ ਜਾਣੇ ਜਾਂਦੇ ਭਾਰਤੀ ਕਾਰੋਬਾਰੀ ਲਕਸ਼ਮੀ ਨਿਵਾਸ ਮਿੱਤਲ ਰਹੇ ਜਿਹੜੇ 10.25 ਅਰਬ ਪੌਂਡ ਦੀ ਜਾਇਦਾਦ ਨਾਲ ਇਕ ਸਥਾਨ ਉਪਰ ਆ ਗਏ। ਅਖ਼ਬਾਰ ਮੁਤਾਬਕ ਹਿੰਦੂਜਾ ਭਰਾਵਾਂ ਨੇ ਪਿਛਲੇ ਸਾਲ ਸਾਊਦੀ ਅਰਬ ਦੀ ਲੁਬਰੀਕੈਂਟ ਕੰਪਨੀ ਪੈਟਰੋਮਿਨ ਵਿਚ ਆਪਣਾ 49 ਫੀਸਦੀ ਦਾ ਹਿੱਸਾ 20 ਕਰੋੜ ਪੌਂਡ ਤੋਂ ਵੱਧ ਵਿਚ ਵੇਚਿਆ ਸੀ।



ਭਾਰਤ ਵਿਚ ਦੋ ਕਰੋੜ ਪੌਂਡ ਦਾ ਜਾਇਦਾਦ ਵਿਚ ਨਿਵੇਸ਼ ਕੀਤਾ ਗਿਆ। ਇਸ ਤਰ੍ਹਾਂ ਪਰਿਵਾਰ ਕੋਲ ਤਕਰੀਬਨ 2.7 ਅਰਬ ਪੌਂਡ ਦੇ ਵਾਲਾ ਇੰਡਸਇੰਡ ਬੈਂਕ ਵੀ ਹੈ। ਬ੍ਰਿਟੇਨ ਵਿਚ ਹਿੰਦੂਜਾ ਆਟੋਮੋਟਿਵ ਨੇ 2012-13 ਵਿਚ 1.5 ਅਰਬ ਪੌਂਡ ਦਾ ਕਾਰੋਬਾਰ ਕੀਤਾ। ਪਹਿਲੇ 100 ਸਥਾਨਾਂ ‘ਤੇ ਆਉਣ ਵਾਲਿਆਂ ਵਿਚ ਪਰਵਾਸੀ ਭਾਰਤੀ ਕਾਰੋਬਾਰੀ ਪ੍ਰਕਾਸ਼ ਲੋਹੀਆ, ਲਾਰਡ ਸਵਰਾਜ ਪਾਲ, ਅਨਿਲ ਅਗਰਵਾਲ ਤੇ ਅਜੈ ਕਲਸੀ ਸਮੇਤ ਪਰਿਵਾਰ ਵੀ ਸ਼ਾਮਲ ਹਨ। ਬ੍ਰਿਟਿਸ਼ ਸਿੱਖ ਹੋਟਲ ਮਾਲਕ ਜਸਮਿੰਦਰ ਸਿੰਘ ਤੇ ਪਰਿਵਾਰ ਨੂੰ 84 ਕਰੋੜ ਪੌਂਡ ਦੀ ਜਾਇਦਾਦ ਨਾਲ 121ਵਾਂ ਰੈਂਕ ਮਿਲਿਆ ਹੈ ਜਦਕਿ ਨਵੀਨ ਤੇ ਵਰਸ਼ਾ ਇੰਜੀਨੀਅਰ 81 ਕਰੋੜ ਪੌਂਡ ਨਾਲ 123ਵੇਂ ਨੰਬਰ ‘ਤੇ ਰਹੇ ਹਨ। ਇਸੇ ਤਰ੍ਹਾਂ ਜਟਾਣੀਆਂ ਭਰਾਵਾਂ ਨੂੰ 60 ਕਰੋੜ ਪੌਂਡ ਨਾਲ 170ਵਾਂ ਰੈਂਕ ਹਾਸਲ ਹੋਇਆ ਹੈ।

ਇਨ੍ਹਾਂ ਅਮੀਰਾਂ ਦੀ ਕੁੱਲ ਸੰਪਤੀ 518.9 ਅਰਬ ਪੌਂਡ ਹੈ ਜੋ ਬ੍ਰਿਟੇਨ ਦੀ ਸਾਲਾਨਾ ਵਿਕਾਸ ਦਰਜ ਦੀ ਇਕ ਤਿਹਾਈ ਬਣਦੀ ਹੈ। ਪਿਛਲੇ ਇਕ ਸਾਲ ਵਿਚ ਉਨ੍ਹਾਂ ਦੀ ਜਾਇਦਾਦ ਵਿਚ 15 ਫੀਸਦੀ ਦਾ ਵਾਧਾ ਹੋਇਆ ਹੈ। ਮਿੱਤਲ ਦੇ ਰਿਸ਼ਤੇਦਾਰ ਤੇ ਭਾਰਤ ਵਿਚ ਜੰਮੇ ਪ੍ਰਕਾਸ਼ ਲੋਹੀਆ 2.11 ਅਰਬ ਪੌਂਡ ਦੀ ਜਾਇਦਾਦ ਨਾਲ ਅਰਬਪਤੀਆਂ ਦੀ ਸੂਚੀ ਵਿਚ 45ਵੇਂ ਸਥਾਨ ‘ਤੇ ਹਨ। ਮਸ਼ਹੂਰ ਸਨਅਤਕਾਰ ਤੇ ਕਪਾਰੋ ਕੰਪਨੀ ਦੇ ਮਾਲਕ ਲਾਰਡ ਸਵਰਾਜ ਪਾਲ ਦੋ ਅਰਬ ਪੌਂਡ ਦੀ ਜਾਇਦਾਦ ਨਾਲ ਬ੍ਰਿਟੇਨ ਦੇ 47ਵੇਂ ਸਭ ਤੋਂ ਅਮੀਰ ਵਿਅਕਤੀ ਹਨ। ਮਹਾਰਾਣੀ ਐਲਿਜ਼ਾਬੈੱਥ ਨੂੰ 33 ਕਰੋੜ ਪੌਂਡ ਦੀ ਜਾਇਦਾਦ ਨਾਲ 285ਵਾਂ ਸਥਾਨ ਮਿਲਿਆ ਹੈ।

## ਅਮੀਰਾਂ ਦੀ ਸੂਚੀ ਵਿਚ 114 ਔਰਤਾਂ

**ਲੰਡਨ:** ਬ੍ਰਿਟੇਨ ਦੇ ਇਕ ਹਜ਼ਾਰ ਅਮੀਰਾਂ ਦੀ ਸੂਚੀ ਵਿਚ ਔਰਤਾਂ ਦੀ ਗਿਣਤੀ ਵਿਚ ਵੀ ਚੋਖਾ ਵਾਧਾ ਹੋਇਆ ਹੈ। ਇਸ ਵਰ੍ਹੇ ਵਾਲੀ ਸੂਚੀ ਵਿਚ 114 ਮਹਿਲਾਵਾਂ ਸ਼ਾਮਲ ਹਨ, ਜਦਕਿ 2004 ਵਿਚ ਸਿਰਫ 78 ਮਹਿਲਾਵਾਂ ਸਨ। ਰਿਪੋਰਟ ਮੁਤਾਬਕ ਔਰਤਾਂ ਨੇ ਆਪਣੇ ਦਮ ‘ਤੇ ਵੱਡੀ ਜਾਇਦਾਦ ਬਣਾਈ ਹੈ। ਇਨ੍ਹਾਂ ਵਿਚ ਲੇਖਿਕਾ ਜੋਆਨ ਜੇ.ਕੇ. ਰੋਲਿੰਗ (57 ਕਰੋੜ ਪੌਂਡ) ਤੇ ਤਿਮਾਹਾ ਮੈਲੋਨ ਦੀ ਮਾਲਕਣ ਜਿੰਮੀ ਛੂ (18 ਕਰੋੜ ਪੌਂਡ) ਸ਼ਾਮਲ ਹਨ।

# ਮੁੱਖ ਸੰਸਦੀ ਸਕੱਤਰਾਂ ਨੂੰ ਮਿਲੀ ਗੱਡੀ ‘ਤੇ ਸੰਤਰੀ ਬੱਤੀ ਦੀ ਇਜਾਜ਼ਤ

**ਚੰਡੀਗੜ੍ਹ:** ਪੰਜਾਬ ਵਿਚ ਹੁਣ ਮੁੱਖ ਸੰਸਦੀ ਸਕੱਤਰਾਂ, ਪ੍ਰਮੁੱਖ ਸਕੱਤਰਾਂ, ਡੀ.ਜੀ.ਪੀ., ਏ.ਡੀ.ਜੀ.ਪੀਜ਼, ਜ਼ੋਨਲ ਆਈ.ਜੀ., ਡਿਪਟੀ ਕਮਿਸ਼ਨਰ, ਜ਼ਿਲ੍ਹਾ ਤੇ ਸੈਸ਼ਨ ਜੱਜ, ਸਿਟੀ ਪੁਲਿਸ ਕਮਿਸ਼ਨਰ, ਜ਼ਿਲ੍ਹਿਆਂ ਵਿਚ ਤਾਇਨਾਤ ਐਸ.ਐਸ.ਪੀਜ਼ ਰੈਂਕ ਦੇ ਅਧਿਕਾਰੀ ਆਪਣੇ ਵਾਹਨਾਂ ‘ਤੇ ਸੰਤਰੀ ਰੰਗ ਦੀ ਬੱਤੀ ਲਾ ਸਕਣਗੇ। ਪੰਜਾਬ ਦੇ ਟਰਾਂਸਪੋਰਟ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਏ.ਡੀ.ਜੀ.ਪੀ. (ਟਰੈਫਿਕ) ਵੱਲੋਂ ਸੰਤਰੀ ਬੱਤੀ ਦੀ ਵਰਤੋਂ ਬਾਰੇ ਸਟਿਕਰ ਜਾਰੀ ਕੀਤਾ ਜਾਵੇਗਾ ਜਿਸ ‘ਤੇ ਸਬੰਧਤ ਅਧਿਕਾਰੀ ਦਾ ਅਹੁਦਾ ਲਿਖਿਆ ਜਾਵੇਗਾ।

ਇਸ ਉਪਰ ਬਾਕਾਇਦਾ ਸਟਿਕਰ ਨੰਬਰ, ਅਹੁਦਾ, ਵਾਹਨ ਨੰਬਰ ਵੀ ਲਿਖਿਆ ਹੋਵੇਗਾ ਜਿਸ ਦੀ ਸੂਚਨਾ ਟਰਾਂਸਪੋਰਟ ਵਿਭਾਗ ਨੂੰ ਦੇਣੀ ਹੋਵੇਗੀ। ਸਰਕਾਰੀ ਬੁਲਾਰੇ ਨੇ ਦੱਸਿਆ ਕਿ ਐਂਬੂਲੈਂਸ, ਵੈਕਸੀਨ ਕਰੀਅਰ ਵਹੀਕਲ, ਫਾਇਰ ਤੇ ਐਮਰਜੈਂਸੀ ਸੇਵਾਵਾਂ ਵਾਹਨ, ਆਫ਼ਤ ਪ੍ਰਬੰਧਨ ਵਾਹਨ, ਰਿਕਵਰੀ ਵਾਹਨ, ਕਾਨੂੰਨ ਤੇ ਅਮਨ ਵਿਵਸਥਾ ਦੀ ਡਿਊਟੀ ਵਾਲੇ ਵਾਹਨ, ਮੋਟਰ ਵਹੀਕਲ ਵਿਭਾਗ ਦੇ ਚੈਕਿੰਗ ਦਸਤੇ, ਟਰੈਫਿਕ ਪੁਲਿਸ ਤੇ ਪੀ.ਸੀ.ਆਰ. ਵਾਹਨਾਂ ਦੇ ਚੈਕਿੰਗ ਦਸਤੇ, ਵਾਈ.ਆਈ.ਪੀ. ਐਸਕਾਰਟ ਵਾਹਨ ਤੇ ਗਸ਼ਤ ਕਰਦੇ ਵਾਹਨਾਂ ਲਈ ਬਹੁਰੰਗੀ ਬੱਤੀ (ਲਾਲ ਤੇ ਨੀਲਾ) ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਹ ਹੁਕਮ ਸੁਪਰੀਮ ਕੋਰਟ ਦੀਆਂ ਹਦਾਇਤਾਂ ਮੁਤਾਬਕ ਲਾਗੂ ਕੀਤੇ ਗਏ ਹਨ।

# ਕਲਾਮ ਨੂੰ ਐਡਿਨਬ੍ਰਾ ਯੂਨੀਵਰਸਿਟੀ ਵੱਲੋਂ ਆਨਰੇਰੀ ਡਿਗਰੀ

**ਲੰਡਨ:** ਸਕਾਟਲੈਂਡ ਦੀ ਮਾਣਮੱਤੀ ਯੂਨੀਵਰਸਿਟੀ ਆਫ ਐਡਿਨਬ੍ਰਾ ਨੇ ਭਾਰਤ ਦੇ ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਨੂੰ ਉਨ੍ਹਾਂ ਵੱਲੋਂ ਵਿਗਿਆਨ ਤੇ ਤਕਨਾਲੋਜੀ ਦੇ ਖੇਤਰ ਵਿਚ ਪਾਏ ਯੋਗਦਾਨ ਲਈ ਆਨਰੇਰੀ ਡਿਗਰੀ ਪ੍ਰਦਾਨ ਕੀਤੀ ਹੈ।



ਯੂਨੀਵਰਸਿਟੀ ਪ੍ਰਿੰਸੀਪਲ ਤੇ ਵਾਈਸ ਚਾਂਸਲਰਟਿਮੋਥੀ ਓ'ਸ਼ੀਆ ਨੇ ਇਹ ਪੁਰਸਕਾਰ ਡਾ. ਕਲਾਮ ਨੂੰ ਭੇਟ ਕੀਤਾ। ‘ਵਰਸਿਟੀ ਨੇ ਇਹ ਡਿਗਰੀ ਉਨ੍ਹਾਂ ਵੱਲੋਂ ਸਾਇੰਸ ਤੇ ਤਕਨਾਲੋਜੀ ਦੇ ਖੇਤਰ ਵਿਚ ਪਾਏ ਲਾਮਿਸਾਲ ਯੋਗਦਾਨ ਤੇ 2020 ਤੱਕ ਭਾਰਤ ਨੂੰ ਵਿਕਸਤ ਮੁਲਕ ਵਿਚ ਤਬਦੀਲ ਕਰਨ ਦੀ ਵਚਨਬੱਧਤਾ ਲਈ ਦਿੱਤੀ ਹੈ।

2002 ਤੋਂ 2007 ਤੱਕ ਭਾਰਤ ਦੇ ਰਾਸ਼ਟਰਪਤੀ ਰਹੇ 82 ਸਾਲਾ ਕਲਾਮ ਨੂੰ ‘ਵਰਸਿਟੀ ਨੇ ਇਹ ਡਿਗਰੀ ਉਨ੍ਹਾਂ ਦੇ ਸਨਮਾਨ ਵਿਚ ਰੱਖੇ ਰਾਤਰੀ ਭੋਜ ਮੌਕੇ ਦਿੱਤੀ। ਯੂਨੀਵਰਸਿਟੀ ਦੇ ਈਡਨਬਰਗ ਇੰਡੀਆ ਇੰਸਟੀਚਿਊਟ ਦੀ ਉਦਘਾਟਨੀ ਕਾਨਫਰੰਸ ਮੌਕੇ ਕਲਾਮ ਨੇ ਕੁੰਜੀਵਤ ਭਾਸ਼ਨ ਵੀ ਦਿੱਤਾ। ਇਹ ਇੰਸਟੀਚਿਊਟ ਭਾਰਤ ਤੇ ਇਸ ‘ਵਰਸਿਟੀ ਵਿਚਾਲੇ ਤਾਲਮੇਲ ਕਾਇਮ ਕਰੇਗਾ। ਈਡਨਬਰਗ ਯੂਨੀਵਰਸਿਟੀ, ਸਕਾਟਲੈਂਡ ਦੀ ਸਭ ਤੋਂ ਵੱਡੀ ਤੇ ਵਿਸ਼ਵ ਦੀਆਂ 20 ਬਿਹਤਰੀਨ ਯੂਨੀਵਰਸਿਟੀਆਂ ਵਿਚੋਂ ਇਕ ਹੈ।

## ਜਲੰਧਰ ਦੇ ਜੰਮਪਲ ਕੇਵਲ ਸਿੰਘ ਅਠਵਾਲ ਬਣੇ ਇੰਗਲੈਂਡ ਵਿਚ ਮੇਅਰ

**ਲੰਡਨ:** ਜਲੰਧਰ ਵਿਚ ਜੰਮੇ ਵਪਾਰੀ ਕੇਵਲ ਸਿੰਘ ਅਠਵਾਲ ਇੰਗਲੈਂਡ ਦੇ ਈਸਟ ਮਿਡਲੈਂਡਸ ਖੇਤਰ ਦੇ ਇਕ ਛੋਟੇ ਜਿਹੇ ਕਸਬੇ ਦੇ ਮੇਅਰ ਚੁਣੇ ਗਏ ਹਨ। ਕੌਂਸਲਰ ਸ਼੍ਰੀ ਅਠਵਾਲ ਨੂੰ ਡਰਬੀਸ਼ਾਇਰ ਵਿਚ ਏਰੇਵਾਸ਼ ਦਾ ਮੇਅਰ ਚੁਣਿਆ ਗਿਆ ਹੈ।

ਲੇਬਰ ਪਾਰਟੀ ਦੇ ਫਰੈਂਕ ਫਿਲਿਪਸ ਤੇ ਸ਼੍ਰੀ ਅਠਵਾਲ ਵਿਚਕਾਰ 25-25 ਵੋਟਾਂ ਨਾਲ ਮੁਕਾਬਲਾ ਬਰਾਬਰ ਦਾ ਹੋ ਗਿਆ ਸੀ ਪਰ ਸਾਬਕਾ ਮੇਅਰ ਵਾਲ ਕਲੇਅਰ ਦੀ ਵੋਟ ਫ਼ੈਸਲਾਕੁਨ ਸਾਬਤ ਹੋਈ ਤੇ ਉਨ੍ਹਾਂ ਕੰਜ਼ਰਵੇਟਿਵ ਪਾਰਟੀ ਦੇ ਅਠਵਾਲ ਨੂੰ ਤਰਜੀਹ ਦਿੱਤੀ। 1960 ਦੇ ਦਹਾਕੇ ਵਿਚ ਇੰਗਲੈਂਡ ਗਏ ਸ਼੍ਰੀ ਅਠਵਾਲ ਨੇ ਮੇਅਰ ਦਾ ਅਹੁਦਾ ਸੰਭਾਲਦਿਆਂ ਕਿਹਾ ਕਿ ਵਕਾਰੀ ਅਹੁਦੇ ‘ਤੇ ਚੋਣ ਨਾਲ ਉਨ੍ਹਾਂ ਦਾ ਮਾਣ ਵਧਿਆ ਹੈ।

# ਨਿਊ ਯਾਰਕ ਟਾਈਮਜ਼ ਨੇ ਮਹਿਲਾ ਕਾਰਜਕਾਰੀ ਸੰਪਾਦਕ ਨੂੰ ਹਟਾਇਆ

**ਨਿਊ ਯਾਰਕ:** ‘ਦਿ ਨਿਊਯਾਰਕ ਟਾਈਮਜ਼’ ਅਖ਼ਬਾਰ ਨੇ ਪਹਿਲੀ ਮਹਿਲਾ ਕਾਰਜਕਾਰੀ ਸੰਪਾਦਕ ਜਿਲ ਅਬਰਾਮਸਨ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਅਖ਼ਬਾਰ ਦੇ ਪ੍ਰਬੰਧਕੀ ਸੰਪਾਦਕ ਡੀਨ ਬੈਕੁਏਟ ਨੂੰ ਅਹੁਦਾ ਸੰਭਾਲ ਦਿੱਤਾ ਹੈ। ਇਹ ਅਹੁਦਾ ਸੰਭਾਲਣ ਵਾਲੇ ਉਹ ਪਹਿਲੇ ਅਫ਼ਰੀਕੀ-ਅਮਰੀਕੀ ਹਨ।

ਅਖ਼ਬਾਰ ਦੇ ਪ੍ਰਕਾਸ਼ਨ ਤੇ ‘ਦਿ ਨਿਊਯਾਰਕ ਟਾਈਮਜ਼’ ਕੰਪਨੀ ਦੇ ਚੇਅਰਮੈਨ ਆਰਥਰ ਸਲਜ਼ਬਰਗਰ ਨੇ ਇਸ ਦਾ ਐਲਾਨ ਕਰਦਿਆਂ ਕਿਹਾ ਕਿ ਨਿਊਜ਼ ਰੂਮ ਵਿਚ ਪ੍ਰਬੰਧਕਾਂ ਨਾਲ ਮਸਲੇ ’ਤੇ ਅਬਰਾਮਸਨ (60) ਨੂੰ ਹਟਾਇਆ ਗਿਆ ਹੈ। ਰਿਪੋਰਟਾਂ ਮੁਤਾਬਕ ਅਬਰਾਮਸਨ ਤੇ ਸਲਜ਼ਬਰਗਰ ਵਿਚਕਾਰ ਤਣਾਅ ਪੈਦਾ ਹੋ ਗਿਆ ਸੀ। ਉਨ੍ਹਾਂ ਨੂੰ ਕਰਮਚਾਰੀਆਂ ਤੋਂ ਸ਼ਿਕਾਇਤਾਂ ਮਿਲੀਆਂ ਸਨ ਕਿ ਅਬਰਾਮਸਨ ਸਟਾਫ਼ ਵਿਚ ਵੰਡੀਆਂ ਪਾ ਰਹੀ ਸੀ। ਬੈਕੁਏਟ ਨੇ ਅਬਰਾਮਸਨ ਵੱਲੋਂ ‘ਦਿ ਗਾਰਜੀਅਨ’ ਦੀ ਸੀਨੀਅਰ ਸੰਪਾਦਕ ਜੈਨੀਨ ਗਿਬਸਨ ਨੂੰ ਉਨ੍ਹਾਂ ਨਾਲ ਸਲਾਹ ਕੀਤੇ ਬਿਨਾਂ ਸਹਿ ਪ੍ਰਬੰਧਕੀ ਸੰਪਾਦਕ ਦੇ ਅਹੁਦੇ ਦੀ ਪੇਸ਼ਕਸ਼ ਕਰਨ ਦੇ ਫੈਸਲੇ ’ਤੇ ਨਾਰਾਜ਼ਗੀ ਪ੍ਰਗਟ ਕੀਤੀ ਸੀ।

ਰੇਡੀਓ ਚੰਨ ਪ੍ਰਦੇਸੀ
ਫੋਨ 832-225-5354 ’ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579

Clay Oven

We Cater!
For all occasions
Up to 10,000 people
All live cooking on the spot.
Lunch Buffet
11am-3pm
$7.95
Dinner
20% off
ਕੈਟਰਿੰਗ ਲਈ ਸਾਨੂੰ ਕਾਲ ਕਰੋ
Call for packages today
Ph: 847-219-7432
ਅਸੀਂ ਮਿਡਵੈਸਟ ਦੀਆਂ ਸਾਰੀਆਂ ਸਟੇਟਾਂ ਵਿਚ ਕੈਟਰਿੰਗ ਕਰਦੇ ਹਾਂ
855 East Schaumburg Rd., Schaumburg, IL 60194
Ph: 847-524-3007



ੴ ਸਤਿਗੁਰ ਪ੍ਰਸਾਦਿ॥

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟ ਮਰੈ ਕਬਹੂੰ ਨਾ ਛਾਡੈ ਖੇਤ॥

# ਸ਼ਹੀਦੀ ਸਮਾਗਮ

## ਐਤਵਾਰ, 8 ਜੂਨ 2014



ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ

ਜੂਨ 1984 ਸਿੱਖ ਹਿਰਦਿਆਂ ਵਿਚ ਹਮੇਸ਼ਾ ਨਾਸੂਰ ਵਾਂਗ ਰੜਕਦਾ ਰਹੇਗਾ। ਭਾਰਤ ਦੀ ਜ਼ਾਲਮ ਹਕੂਮਤ ਨੇ ਕਿਸੇ ਸਾਜਿਸ਼ ਹੇਠ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਉਤੇ ਇਹ ਹਮਲਾ ਉਦੋਂ ਕੀਤਾ ਜਦੋਂ ਸਿੱਖ ਸੰਗਤਾਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ ਮਨਾ ਰਹੀਆਂ ਸਨ। ਜੂਨ 1984 ਦੇ ਪਹਿਲੇ ਹਫਤੇ ਦੇ ਉਸ ਸਮੇਂ ਨੂੰ ਸਿੱਖ ਕਦੇ ਵੀ ਨਹੀਂ ਭੁੱਲ ਸਕਦੇ ਜਦੋਂ ਭਾਰਤੀ ਫੌਜਾਂ ਨੇ ਦਰਬਾਰ ਸਾਹਿਬ, ਅੰਮ੍ਰਿਤਸਰ 'ਤੇ ਹਮਲਾ ਕਰਕੇ ਸ੍ਰੀ ਅਕਾਲ ਤਖਤ ਦੀ ਇਮਾਰਤ ਨੂੰ ਢਹਿ ਢੇਰੀ ਕਰ ਦਿੱਤਾ। ਇੰਨਾ ਹੀ ਨਹੀਂ, ਸੈਂਕੜੇ ਬੇਕਸੂਰ ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਇਆ ਤੇ ਬਹੁਤ ਸਾਰਿਆਂ ਨੂੰ ਕਤਲ ਕਰ ਦਿੱਤਾ। ਇਸ ਹਮਲੇ ਦਾ ਮੁਕਾਬਲਾ ਕਰਦਿਆਂ ਸਿੱਖ ਕੌਮ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਸੈਂਕੜੇ ਸਿੰਘਾਂ ਨੇ ਖਾਲਸਾਈ ਸ਼ਾਨ ਨਾਲ ਸ਼ਹੀਦੀਆਂ ਪਾਈਆਂ। ਇਸ ਘੱਲੂਘਾਰੇ ਵਿਚ ਸ਼ਹੀਦ ਹੋਏ ਸੰਤ ਭਿੰਡਰਾਂਵਾਲਿਆਂ, ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ ਅਤੇ ਉਨ੍ਹਾਂ ਹਜ਼ਾਰਾਂ ਲੋਕਾਂ ਦੀ ਯਾਦ 'ਚ ਇਕ ਸ਼ਹੀਦੀ ਸਮਾਗਮ ਗੁਰਦੁਆਰਾ ਸਿੰਘ ਸਭਾ-ਕੈਂਟਨ (ਮਿਸ਼ੀਗਨ) ਵਿਖੇ 8 ਜੂਨ 2014 ਨੂੰ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਇਸ ਸਮਾਗਮ ਵਿਚ ਸ਼ਾਮਲ ਹੋਣ ਦੀ ਬੇਨਤੀ ਹੈ ਜੀ।



ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ



ਸ਼ਹੀਦ ਭਾਈ ਅਮਰੀਕ ਸਿੰਘ



ਸ਼ਹੀਦ ਜਨਰਲ ਸੁਬੇਗ ਸਿੰਘ

**ਪ੍ਰੋਗਰਾਮ**

6 ਜੂਨ 2014, ਸ਼ੁੱਕਰਵਾਰ — *ਅਰੰਭ ਸ੍ਰੀ ਅਖੰਡ ਪਾਠ-ਸਵੇਰੇ 6:00 ਵਜੇ*

8 ਜੂਨ 2014, ਐਤਵਾਰ — *ਭੋਗ ਸ੍ਰੀ ਅਖੰਡ ਪਾਠ-ਸਵੇਰੇ 9:30 ਵਜੇ*

*ਭਾਈ ਖੇਮ ਸਿੰਘ ਜੀ ਅਤੇ ਜਥਾ ਸਵੇਰੇ 10:30 ਵਜੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।*
*ਉਪਰੰਤ ਭਾਈ ਹਰਬੰਸ ਸਿੰਘ ਜੀ ਬਿਲਗੇ ਵਾਲਿਆਂ ਦਾ ਕਵੀਸ਼ਰੀ ਜਥਾ ਸ਼ਹੀਦੀ ਵਾਰਾਂ ਪੇਸ਼ ਕਰੇਗਾ।*

**ਕੈਂਟਨ ਸਾਧ ਸੰਗਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ**

ਹੋਰ ਜਾਣਕਾਰੀ ਲਈ ਸੰਪਰਕ ਕਰੋ- ਫੋਨ: 734-397-7281 ਜਾਂ 734-837-0881

## ਗੁਰਦੁਆਰਾ ਸਿੰਘ ਸਭਾ ਕੈਂਟਨ, ਮਿਸ਼ੀਗਨ

3310 (S) Canton Center Rd., Canton, MI 48188, Ph: 734-397-7281

# ਨਾਇਰਾ ਨੂਰ ਦਾ ਨੂਰ-ਏ-ਗ਼ਜ਼ਲ



**ਨਾਇਰਾ ਨੂਰ ਨੇ ਸੰਗੀਤ ਦੀ ਕੋਈ ਰਸਮੀ ਸਿਖਲਾਈ ਨਹੀਂ ਸੀ ਲਈ ਅਤੇ ਨਾ ਹੀ ਉਸ ਦਾ ਪਿਛੋਕੜ ਸੰਗੀਤ ਨਾਲ ਜੁੜਿਆ ਹੋਇਆ ਸੀ। ਉਸ ਨੂੰ ਤਾਂ ਬੱਸ ਇਹ ਕੁਦਰਤੀ ਦਾਤ ਮਿਲੀ ਹੋਈ ਸੀ-ਕੁਦਰਤ ਦਾ ਤੋਹਫਾ।**

ਕਲਾ ਪਰਿਕਰਮਾ

'ਯੂਟਿਊਬ' ਉਤੇ ਗ਼ਜ਼ਲਾਂ ਫਰੋਲ ਰਿਹਾ ਸਾਂ ਤਾਂ ਅਚਾਨਕ "ਐ ਇਸ਼ਕ ਹਮੇਂ ਬਰਬਾਦ ਨਾ ਕਰ" ਗ਼ਜ਼ਲ ਨੇ ਧਿਆਨ ਖਿੱਚਿਆ। ਇਸ ਗ਼ਜ਼ਲ ਅਤੇ ਇਸ ਦੀ ਗਾਇਕਾ ਬਾਰੇ ਹੋਰ ਫਰੋਲਾ-ਫਰਾਲੀ ਕੀਤੀ ਤਾਂ ਗ਼ਜ਼ਲ ਗਾਇਕਾ ਨਾਇਰਾ ਨੂਰ ਲੱਭ ਪਈ। ਫਿਰ ਪਤਾ ਲੱਗਾ ਕਿ ਇਹ ਗਾਇਕਾ ਤਾਂ ਅਸਾਮ ਦੀ ਜੰਮੀ-ਪਲੀ ਹੈ ਅਤੇ ਉਸ ਦੇ ਪਰਿਵਾਰ ਦਾ ਪਿਛੋਕੜ ਗੁਰੂ ਕੀ ਨਗਰੀ ਅੰਮ੍ਰਿਤਸਰ ਦਾ ਹੈ। 1950 ਵਿਚ ਜਨਮੀ ਨੂਰ ਦੇ ਮਾਪੇ ਪੰਜਾਬ ਤੋਂ ਗੁਹਾਟੀ ਜਾ ਕੇ ਵਸ ਗਏ ਸਨ। ਉਸ ਦਾ ਅੱਬਾ ਮੁਸਲਿਮ ਲੀਗ ਦਾ ਮੈਂਬਰ ਸੀ ਤੇ ਫਿਰ ਸਾਰੇ ਟੱਬਰ ਨੇ 1958 ਵਿਚ ਪਾਕਿਸਤਾਨ ਜਾਣ ਦਾ ਫੈਸਲਾ ਕਰ ਲਿਆ। ਉਦੋਂ ਨੂਰ 8 ਵਰ੍ਹਿਆਂ ਦੀ ਬਾਲੜੀ ਸੀ ਅਤੇ ਉਸ ਨੂੰ ਕਾਨਨ ਦੇਵੀ ਤੇ ਕਮਲਾ ਦੇ ਭਜਨ ਅਤੇ ਬੇਗ਼ਮ ਅਖ਼ਤਰ ਦੀਆਂ ਗ਼ਜ਼ਲਾਂ ਤੇ ਠੁਮਰੀਆਂ ਬੜੀਆਂ ਚੰਗੀਆਂ ਲਗਦੀਆਂ ਸਨ। 1968 ਦੀ ਇਕ ਸ਼ਾਮ ਦੀ ਗੱਲ ਹੈ ਕਿ ਲਾਹੌਰ ਦੇ ਨੈਸ਼ਨਲ ਕਾਲਜ ਆਫ਼ ਆਰਟਸ ਵਿਚ ਸਮਾਗਮ ਦੌਰਾਨ ਨਾਇਰਾ ਨੂਰ ਨੇ ਲਤਾ ਦਾ ਗਾਇਆ ਭਜਨ 'ਜੋ ਤੁਮ ਤੋੜੋ ਪੀਆ' ਛੋਹਿਆ। ਇਹ ਭਜਨ 'ਝਨਕ ਝਨਕ ਪਾਇਲ ਬਾਜੇ' ਵਿਚੋਂ ਸੀ। ਬੱਸ ਸਮਾਂ ਬੰਨ੍ਹਿਆ ਗਿਆ। ਸੁਰਾਂ ਦੀ ਛਹਿਬਰ ਲੱਗ ਗਈ। ਉਥੇ ਲਾਹੌਰ ਦੇ ਇਸਲਾਮੀਆ ਕਾਲਜ ਦੇ ਪ੍ਰੋਫੈਸਰ ਇਸਰਾਰ ਵੀ ਪੁੱਜੇ ਹੋਏ ਸਨ। ਉਹ ਇਸ ਮੁਟਿਆਰ ਦਾ ਇਹ ਭਜਨ ਸੁਣ ਕੇ ਦੰਗ ਰਹਿ ਗਏ। ਪ੍ਰੋਫੈਸਰ ਇਸਰਾਰ ਹੋਰ ਵੀ ਹੈਰਾਨ ਹੋਏ ਬਿਨਾਂ ਨਾ ਰਹਿ ਸਕੇ ਜਦੋਂ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਨੂਰ ਨੇ ਤਾਂ ਸੰਗੀਤ ਦੀ ਕੋਈ ਰਸਮੀ ਸਿਖਲਾਈ ਵੀ ਨਹੀਂ ਲਈ ਹੋਈ ਅਤੇ ਨਾ ਹੀ ਉਸ ਦਾ ਪਿਛੋਕੜ ਸੰਗੀਤ ਨਾਲ ਜੁੜਿਆ ਹੋਇਆ ਹੈ। ਪ੍ਰੋਫੈਸਰ ਇਸਰਾਰ ਦੇ ਕਹਿਣ 'ਤੇ ਉਸ ਨੇ ਯੂਨੀਵਰਸਿਟੀ ਦੇ 'ਰੇਡੀਓ ਪਾਕਿਸਤਾਨ' ਲਈ ਗਾਇਆ। 1971 ਵਿਚ ਉਸ ਨੇ ਪਹਿਲੀ ਵਾਰ ਟੈਲੀਵਿਜ਼ਨ ਲੜੀਵਾਰਾਂ ਲਈ ਆਪਣੀ ਆਵਾਜ਼ ਦਿੱਤੀ ਤੇ ਫਿਰ 'ਘਰਾਨਾ' ਅਤੇ 'ਤਾਨਸੇਨ' ਫਿਲਮਾਂ ਲਈ ਗਾਇਆ। ਫਿਰ ਤਾਂ ਉਸ ਨੇ ਮਿਰਜ਼ਾ ਗਾਲਿਬ ਤੇ ਫੈਜ਼ ਅਹਿਮਦ ਫੈਜ਼ ਵਰਗੇ ਸ਼ਾਇਰਾਂ ਦੀਆਂ ਗ਼ਜ਼ਲਾਂ ਨੂੰ ਆਵਾਜ਼ ਦਿੱਤੀ ਅਤੇ ਮਹਿਦੀ ਹਸਨ ਤੇ ਅਹਿਮਦ ਰਸ਼ਦੀ ਵਰਗੇ ਮਿਸਾਲੀ ਗ਼ਜ਼ਲ ਗਾਇਕਾਂ ਨਾਲ ਪ੍ਰੋਗਰਾਮ ਕੀਤੇ। ਆਲ ਪਾਕਿਸਤਾਨ ਮਿਊਜ਼ਿਕ ਕਾਨਫਰੰਸ ਵਿਚ ਉਸ ਨੇ ਤਿੰਨ ਸੋਨ ਤਮਗ਼ੇ ਜਿੱਤੇ ਅਤੇ ਫਿਰ ਉਸ ਨੂੰ ਸਰਵੋਤਮ ਗਾਇਕਾ ਵਜੋਂ ਨਿਗਾਰ ਇਨਾਮ ਮਿਲਿਆ। ਉਸ ਨੇ ਅਣਗਿਣਤ ਮਹਿਫ਼ਿਲਾਂ ਅਤੇ ਮੁਸ਼ਾਇਰਿਆਂ ਵਿਚ ਗ਼ਜ਼ਲਾਂ ਗਾਈਆਂ। ਉਸ ਦੀ ਸਭ ਤੋਂ ਮਸ਼ਹੂਰ ਗ਼ਜ਼ਲ ਸੀ 'ਐ ਜ਼ਜਬਾ-ਏ-ਦਿਲ' ਸੀ। ਬਹਿਜ਼ਾਦ ਲਖਨਵੀ ਦੀ ਇਸ ਗ਼ਜ਼ਲ ਨੇ ਉਸ ਨੂੰ ਬਹੁਤ ਸਾਰੇ ਇਨਾਮ ਜਿੱਤਵਾਏ।

1976 ਵਿਚ ਨਾਇਰਾ ਨੂਰ ਦੀ ਐਲਬਮ 'ਨਾਇਰਾ ਸਿੰਗਜ਼ ਫੈਜ਼' ਆਈ। ਇਹ ਫੈਜ਼ ਅਹਿਮਦ ਫੈਜ਼ ਦੇ ਜਵਾਈ ਸ਼ੋਇਬ ਹਾਸ਼ਮੀ ਨੇ ਪ੍ਰੋਡਿਊਸ ਕੀਤੀ ਸੀ ਅਤੇ ਫੈਜ਼ ਦੇ ਜਨਮ ਦਿਨ ਮੌਕੇ ਰਿਲੀਜ਼ ਕੀਤੀ ਗਈ ਸੀ। ਇਸ ਤੋਂ ਬਾਅਦ ਨਾਇਰਾ ਦੀ ਸੰਗੀਤ ਦੀ ਦੁਨੀਆਂ ਵਿਚ ਪੂਰੀ ਪੈਂਠ ਬਣ ਗਈ। ਇਸ ਐਲਬਮ ਲਈ ਧੁਨਾਂ ਸ਼ਾਹਿਦ ਤੂਸੀ ਅਤੇ ਅਰਸ਼ਦ ਮਹਿਮੂਦ ਨੇ ਤਿਆਰ ਕੀਤੀਆਂ ਸਨ। ਇਸ ਵਿਚ ਇਕ ਦੋ-ਗਾਣਾ ਵੀ ਸੀ। ਇਹ ਅਸਲ ਵਿਚ ਫੈਜ਼ ਦਾ ਹਿੰਦੀ ਗੀਤ 'ਬਰਖ਼ਾ ਬਰਸੇ ਛੱਤ ਪਰ' ਸੀ। ਇਸ ਦੋ-ਗਾਣੇ ਵਿਚ ਨਾਇਰਾ ਦਾ ਸਾਥ ਉਸ ਦੇ ਪਤੀ ਸ਼ਹਰਯਾਰ ਜ਼ੈਦੀ ਨੇ ਦਿੱਤਾ। ਉਸ ਵੇਲੇ ਸੰਗੀਤ ਦੀ ਦੁਨੀਆਂ ਵਿਚ ਨੂਰ ਜਹਾਂ ਅਤੇ ਫਰੀਦਾ ਖਾਨਮ ਦੀ ਬਹੁਤ ਚੜ੍ਹਾਈ ਸੀ, ਤੇ ਇਸ ਐਲਬਮ ਨਾਲ ਇਨ੍ਹਾਂ ਮਹਾਨ ਗਾਇਕਾਵਾਂ ਦੇ ਨਾਲ ਨਾਇਰਾ ਨੂਰ ਦਾ ਨਾਂ ਵੀ ਜੁੜ ਗਿਆ। ਸੰਗੀਤ ਦੀ ਸੰਗਤ ਵਿਚੋਂ ਹੀ ਨਾਇਰਾ ਨੂਰ ਦੀ ਸੁਰ ਸ਼ਹਰਯਾਰ ਜੈਦੀ ਨਾਲ ਜੁੜੀ ਸੀ। ਕਾਲਜ ਦੇ ਦਿਨਾਂ ਵਿਚ ਦੋਵੇਂ ਸੰਗੀਤ ਮੁਕਾਬਲਿਆਂ ਵਿਚ ਹਿੱਸਾ ਲੈਂਦੇ ਸਨ। ਹਰ ਵਾਰ ਨਾਇਰਾ ਪਹਿਲਾ ਇਨਾਮ ਜਿੱਤ ਕੇ ਲੈ ਜਾਂਦੀ ਅਤੇ ਹੈਲੇ ਕਾਲਜ ਆਫ਼ ਕਮਰਸ ਦੇ ਸ਼ਹਰਯਾਰ ਨੂੰ ਦੂਜੇ ਇਨਾਮ ਨਾਲ ਹੀ ਸਬਰ ਕਰਨਾ ਪੈਂਦਾ। ਫਿਰ ਬਾਅਦ ਵਿਚ ਉਹ ਇਕ ਦੁਕਾਨ 'ਤੇ ਇਕੱਠੇ ਹੋਏ, ਦੋਵੇਂ ਬੇਗ਼ਮ ਅਖ਼ਤਰ ਦੀਆਂ ਐਲਬਮਾਂ ਲੱਭ ਰਹੇ ਸਨ। ਇਸ ਤੋਂ ਬਾਅਦ ਦੋਹਾਂ ਦੀ ਸੁਰ ਅਜਿਹੀ ਮਿਲੀ ਕਿ ਜੀਵਨ ਸਾਥੀ ਹੋ ਨਿਬੜੇ।



2012 ਵਿਚ ਨਾਇਰਾ ਨੂਰ ਨੇ ਗਾਉਣ ਤੋਂ ਰੁਖ਼ਸਤ ਲੈ ਲਈ। ਉਸ ਦਾ ਛੋਟਾ ਮੁੰਡਾ ਜ਼ਫ਼ਰ 'ਕਵਿਸ਼' ਨਾਂ ਦੇ ਗਰੁੱਪ ਦਾ ਲੀਡ ਸਾਜ਼ਿੰਦਾ ਹੈ। ਵੱਡੇ ਮੁੰਡੇ ਨਾਦ ਅਲੀ ਦੀ ਸੋਲੋ ਤੇ ਪਲੇਠੀ ਕੈਸਿਟ ਆਈ ਹੈ।

***-ਗੁਰਬਖਸ਼ ਸਿੰਘ ਸੋਢੀ***

## ਨਾਇਰਾ ਨੂਰ: ਸੁਰ, ਸਾਜ਼ ਤੇ ਸ਼ਾਇਰੀ

*ਰੰਗ ਬਰਸਾਤ ਨੇ ਭਰੇ ਕੁਛ ਤੋ...*
*ਫਿਰ ਸਾਵਣ ਰੁਤ ਕੀ ਪਵਨ ਚਲੀ...*
*ਐ ਇਸ਼ਕ ਹਮੇਂ ਬਰਬਾਦ ਨਾ ਕਰ...*
*ਵਤਨ ਕੀ ਮਿੱਟੀ ਗਵਾਹ ਰਹਿਨਾ...*
*ਤੇਰਾ ਸਾਇਆ ਜਹਾਂ ਵੀ ਹੋ ਸੱਜਣਾ...*
*ਤੂ ਹੀ ਬਤਾ ਪਗਲੀ ਪਵਨ...*
*ਇਤਨਾ ਵੀ ਨਾ ਚਾਹੋ ਮੁਝੇ...*
*ਰੂਠੇ ਹੋ ਤੁਮ, ਤੁਮ ਕੋ ਕੈਸੇ ਮਨਾਊਂ ਪੀਆ...*
*ਆਜ ਗ਼ਮ ਹੈ ਤੋ ਕਿਆ...*
*ਟੂਟ ਗਯਾ ਸਪਨਾ...*
*ਬੋਲ ਰੀ ਗੁੜੀਆ ਬੋਲ...*
*ਏਕ ਅਜਨਬੀ ਚਿਹਰੇ...*
*ਮੇਰਾ ਪਿਆਰ ਤੁਮੀਂ ਹੋ...*
*ਮੌਸਮ ਤੋ ਦੀਵਾਨਾ ਹੈ...*
*ਤੇਰਾ ਪਿਆਰ ਬਨ ਕੇ ਆਏ...*
*ਜ਼ਰਾ ਮੇਰੀ ਨਬਜ਼ ਦੇਖ ਕਰ...*
*ਫੂਲ ਬਣ ਜਾਊਂਗੀ...*
*ਕੁਛ ਲੋਕ ਮੁਹੱਬਤ ਕਾ ਸਿਲਾ...*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 31 ਮਈ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-118



*ਪੱਖਾ ਕਿਉਂ ਨਹੀਂ ਚਲਦਾ ਪਾਪਾ? ਪੁੱਛ ਰਿਹਾ ਨਿੱਕਾ ਸਰਦਾਰ।*
*'ਸਰਪਲੱਸ' ਪੰਜਾਬ ਹੋ ਗਿਆ, ਬਿਜਲੀ ਵੇਚ ਰਹੀ ਸਰਕਾਰ!*

## ਕੈਪਸ਼ਨ ਮੁਕਾਬਲਾ-116



ਪੰਜਾਬ ਮੇਰੇ ਦੀ ਜਵਾਨੀ
ਹੋਈ ਨਸ਼ੇ 'ਚ ਲੋਟ-ਪੋਟ।
ਦਾਰੂ ਸਸਤੀ ਵੰਡ ਨੇਤਾ ਜੀ
ਲੈ ਗਏ ਕੀਮਤੀ ਵੋਟ।
'ਪੀਓ ਤੇ ਹੋਰਾਂ ਨੂੰ ਪਿਲਾਓ'
ਕਹਿੰਦੇ, 'ਆਊਗੀ ਨਾ ਤੋਟ।
ਅਸੀਂ ਨਿਮਾਣੇ ਜਿਹੇ ਸੇਵਕ
ਦੇ ਦਿਆਂਗੇ ਬੋਤਲ ਨਾਲ ਨੋਟ।
ਭਲਾ ਜਵਾਨੀ ਦਾ ਹੀ ਸੋਚੀਏ
ਨਹੀਂਓਂ ਮਨ ਵਿਚ ਖੋਟ।'
ਨੇਤਾ ਜੀ ਅੰਤ ਕਹਿਣ ਲੱਗੇ,
'ਪਾਇਓ ਪੰਥ ਨੂੰ ਹੀ ਵੋਟ।'

***-ਹਰਮੀਕ ਸਿੰਘ ਵਿੱਕੀ***
***ਸਟਾਕਟਨ, ਕੈਲੀਫੋਰਨੀਆ।***

---

ਚੰਦਰੀ ਵੋਟਾਂ ਦੀ ਸਿਆਸਤ ਨੇ
ਇੰਜ ਸਭ ਕੁਝ ਗੰਧਲਾ ਕਰ ਦਿੱਤਾ।
ਬੇਈਮਾਨ ਨੇਤਾਵਾਂ ਸੰਗ ਸਮਗਲਰਾਂ
ਪੰਜਾਬ ਨਸ਼ਿਆਂ ਨਾਲ ਭਰ ਦਿੱਤਾ।
ਵੰਡ ਸ਼ਰਾਬ, ਸਮੈਕ ਅਤੇ ਭੁੱਕੀਆਂ
ਇਹ ਹਸ਼ਰ ਜਵਾਨੀ ਦਾ ਕਰ ਦਿੱਤਾ।
ਗੱਦੀਆਂ ਦੇ ਲਾਲਚ ਵਿਚ ਆ ਕੇ
ਇਨ੍ਹਾਂ ਘਾਣ ਪੰਜਾਬ ਦਾ ਕਰ ਦਿੱਤਾ।

***-ਸੇਵਾ ਸਿੰਘ ਨੂਰਪੁਰੀ***
***ਫੋਨ: 408-912-3438***

---

ਉਠ ਗੱਭਰੂ ਪੰਜਾਬ ਦਿਆ
ਕਿਉਂ ਬਣ ਗਿਆ ਵੈਲੀ।
ਲੀਡਰਾਂ ਤੇਰੀ ਬਾਂਹ ਨਹੀਂ ਫੜਨੀ
ਕਿਸੇ ਨਾ ਦੇਣੀ ਧੇਲੀ।
ਸਬਜ਼ਬਾਗ ਵਿਖਾ ਕੇ ਟੁਰ ਗਏ
ਕਰ ਕਰ ਵੱਡੀ ਰੈਲੀ।

***-ਗੁਰਦੇਵ ਸਿੰਘ ਵਿਰਦੀ***
***ਓਂਟਾਰੀਓ, ਕੈਨੇਡਾ***

---

ਨਸ਼ਈ ਗੱਭਰੂਆਂ ਲਈ
ਵੋਟਾਂ ਦੇ ਦਿਨ ਇੰਜ,
ਜਿਉਂ ਕੁੜੀਆਂ ਲਈ ਤੀਆਂ।
ਨਸ਼ਾ ਵੰਡ ਲੀਡਰ ਰਾਹੇ ਪਏ
ਵੋਟਰ ਪੀ ਕੇ ਜੀਣ-ਮਰਨ
ਕਿਸ ਸਾਰ ਲੈਣੀ ਏ ਮੀਆਂ?

***-ਗੋਰਾ ਪ੍ਰਜਾਪਤ***
***ਫੋਨ: 718-690-8403***

---

ਮੁਫਤ ਦੀ ਦਾਰੂ ਦੇਖ ਬੇਲੀਆ
ਕੀ ਕੀ ਰੰਗ ਦਿਖਾਵੇ।
ਚੰਗੇ-ਭਲਿਆਂ ਦੀ ਇੱਜ਼ਤ ਨੂੰ
ਮਿੱਟੀ ਵਿਚ ਮਿਲਾਵੇ।
ਜਿਸ ਨੂੰ ਪੀ ਕੇ ਬੰਦਾ ਹੋ ਜੇ
ਆਪਣੇ ਆਪ ਤੋਂ ਦੂਰ,
ਹੋਰ ਕਿਸੇ ਦੇ ਨਾਲ ਭਲਾ
ਉਹ ਕਿਸ ਤਰ੍ਹਾਂ ਹੋ ਜਾਵੇ।

***-ਰਮੇਸ਼ ਬੱਗਾ ਚੋਹਲਾ***
***ਫੋਨ: 91-94631-32719***

# ਪ੍ਰਾਪਤੀਆਂ ਤੇ ਨਾਕਾਮੀਆਂ ਮਨਮੋਹਨ ਸਿੰਘ ਦੇ ਨਾਲ-ਨਾਲ ਚੱਲੀਆਂ

**ਨਵੀਂ ਦਿੱਲੀ:** 1990 ਦੇ ਦਹਾਕੇ ਵਿਚ ਦੇਸ਼ ਦੇ ਅਰਥਚਾਰੇ ਨੂੰ ਹੁਲਾਰਾ ਦੇਣ ਵਾਲੇ ਡਾਕਟਰ ਮਨਮੋਹਨ ਸਿੰਘ ਨੇ 10 ਸਾਲਾਂ ਬਾਅਦ ਆਪਣਾ ਪ੍ਰਧਾਨ ਮੰਤਰੀ ਦਾ ਅਹੁਦਾ ਤਿਆਗ ਦਿੱਤਾ ਹੈ ਪਰ ਆਪਣੇ ਪਿੱਛੇ ਉਹ ਪ੍ਰਾਪਤੀਆਂ ਤੇ ਨਾਕਾਮੀਆਂ ਦਾ ਰਲਿਆ-ਮਿਲਿਆ ਇਤਿਹਾਸ ਛੱਡ ਕੇ ਜਾ ਰਹੇ ਹਨ।

ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਤੋਂ ਬਾਅਦ ਲੰਮੇ ਸਮੇਂ ਤੱਕ ਪ੍ਰਧਾਨ ਮੰਤਰੀ ਬਣੇ ਰਹਿਣ ਦਾ ਰਿਕਾਰਡ ਉਨ੍ਹਾਂ ਨੇ ਜ਼ਰੂਰ ਬਣਾਇਆ ਹੈ ਪਰ ਯੂਪੀਏ-2 ਦੇ ਕਾਰਜਕਾਲ ਦੌਰਾਨ ਸਾਹਮਣੇ ਆਏ ਘੁਟਾਲਿਆਂ ਨੇ 81 ਵਰ੍ਹਿਆਂ ਦੇ ਇਸ ਆਗੂ ਦੇ ਚੰਗੇ ਕੰਮਾਂ ਨੂੰ ਮਾਤ ਦੇ ਦਿੱਤੀ। ਉੱਘੇ ਆਰਥਿਕ ਮਾਹਿਰ ਡਾਕਟਰ ਮਨਮੋਹਨ ਸਿੰਘ ਨੇ 1991 ਵਿਚ ਭਾਰਤੀ ਸਿਆਸਤ ਵਿਚ ਉਸ ਸਮੇਂ ਪ੍ਰਵੇਸ਼ ਕੀਤਾ ਸੀ ਜਦੋਂ ਆਰਥਿਕ ਮੰਦੀ ਸਮੇਂ ਸਾਬਕਾ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੇ ਉਨ੍ਹਾਂ ਨੂੰ ਆਪਣੀ ਸਰਕਾਰ ਵਿਚ ਵਿੱਤ ਮੰਤਰੀ ਬਣਾਇਆ ਸੀ। ਦੋਹਾਂ ਨੇ ਮਿਲ ਕੇ ਦੇਸ਼ ਨੂੰ ਆਰਥਿਕ ਸੰਕਟ ਵਿਚੋਂ ਕੱਢ ਕੇ ਨਵੇਂ ਆਰਥਿਕ ਸੁਧਾਰਾਂ ਦੇ ਰਾਹ ਪਾਇਆ, ਜਿਸ ਤੋਂ ਬਾਅਦ ਅਗਲੀਆਂ ਸਰਕਾਰਾਂ ਨੇ ਆਪਣੇ ਕਦਮ ਪਿੱਛੇ ਨਹੀਂ ਪੁੱਟੇ।

ਪ੍ਰਧਾਨ ਮੰਤਰੀ ਵਜੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ ਭਾਈਵਾਲਾਂ ਖਾਸਕਰ ਖੱਬੀਆਂ ਪਾਰਟੀਆਂ ਵੱਲੋਂ ਲੱਤਾਂ ਖਿੱਚਣ ਤੇ ਦਬਾਅ ਪਾਉਣ ਦੇ ਬਾਵਜੂਦ ਡਾ. ਮਨਮੋਹਨ ਸਿੰਘ ਨੇ ਭਾਰਤ-ਅਮਰੀਕਾ ਪ੍ਰਮਾਣੂ ਮੁੱਦੇ 'ਤੇ ਬੜੇ ਦ੍ਰਿੜ੍ਹ ਇਰਾਦੇ ਦਾ ਪ੍ਰਗਟਾਵਾ ਕੀਤਾ ਸੀ। ਪ੍ਰਸਿੱਧ ਅਰਥਸ਼ਾਸਤਰੀ



### ਵਿਵਾਦਾਂ ਵਿਚ ਘਿਰੀ ਰਹੀ ਦੂਜੀ ਪਾਰੀ

ਡਾ. ਮਨਮੋਹਨ ਸਿੰਘ ਦਾ ਦੂਜਾ ਕਾਰਜਕਾਲ ਵਿਵਾਦਾਂ ਤੇ ਘੁਟਾਲਿਆਂ ਵਾਲਾ ਰਿਹਾ। ਇਸ ਦੌਰਾਨ ਤਿੰਨ ਵੱਡੇ ਘੁਟਾਲੇ ਸਾਹਮਣੇ ਆਏ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਸਰਕਾਰ ਨੂੰ ਚਾਰ ਲੱਖ ਕਰੋੜ ਰੁਪਏ ਦਾ ਚੂਨਾ ਲੱਗਿਆ। 1991 ਤੋਂ ਰਾਜ ਸਭਾ ਦੇ ਮੈਂਬਰ ਰਹੇ ਡਾਕਟਰ ਮਨਮੋਹਨ ਸਿੰਘ ਨੂੰ ਕਈ ਮਾਣ-ਸਨਮਾਨ ਮਿਲੇ ਹਨ। 26 ਸਤੰਬਰ, 1932 ਨੂੰ ਪਾਕਿਸਤਾਨੀ ਪੰਜਾਬ ਦੇ ਗਾਹ ਪਿੰਡ ਵਿਚ ਜੰਮੇ ਡਾਕਟਰ ਮਨਮੋਹਨ ਸਿੰਘ ਐਨਡੀਏ ਦੇ 1998 ਤੇ 2004 ਦੇ ਕਾਰਜਕਾਲ ਦੌਰਾਨ ਰਾਜ ਸਭਾ 'ਚ ਵਿਰੋਧੀ ਧਿਰ ਦੇ ਆਗੂ ਵੀ ਰਹੇ।

ਦੀਆਂ ਸਰਕਾਰਾਂ ਨੇ 8.5 ਫ਼ੀਸਦੀ ਸ਼ਾਨਦਾਰ ਵਿਕਾਸ ਦਰ ਦਿੱਤੀ ਪਰ 2-ਜੀ, ਰਾਸ਼ਟਰ ਮੰਡਲ ਖੇਡਾਂ ਤੇ ਕੋਲਾ ਬਲਾਕਾਂ ਦੀ ਵੰਡ ਦੇ ਘੁਟਾਲਿਆਂ ਤੇ ਸਰਕਾਰ ਦੀ ਨੀਤੀ ਵਿਚ ਰੁਕਾਵਟ ਨੇ ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਗ੍ਰਹਿਣ ਲਾ ਦਿੱਤਾ। 26 ਸਤੰਬਰ 1932 ਨੂੰ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਪਿੰਡ ਗਾਹ ਵਿਚ ਜੰਮੇ ਡਾ. ਸਿੰਘ 2004 ਵਿਚ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਸਰਕਾਰ ਦੇ ਆਰਥਿਕ ਸਲਾਹਕਾਰ ਤੇ ਯੋਜਨਾ ਕਮਿਸ਼ਨ ਦੇ ਉਪ ਚੇਅਰਮੈਨ ਵਰਗੇ ਕਈ ਅਹਿਮ ਅਹੁਦਿਆਂ 'ਤੇ ਰਹੇ।

ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਤੇ ਦੱਖਣੀ-ਦੱਖਣੀ ਕਮਿਸ਼ਨ ਦੇ ਸਕੱਤਰ ਜਨਰਲ ਸਮੇਤ ਵੱਖ-ਵੱਖ ਅਹੁਦਿਆਂ 'ਤੇ ਤਾਇਨਾਤੀ ਦੌਰਾਨ ਉਨ੍ਹਾਂ ਸ਼ੋਹਰਤ ਤੇ ਇਮਾਨਦਾਰੀ ਦੀ ਜਿਹੜੀ ਮਿਸਾਲ ਕਾਇਮ ਕੀਤੀ, ਉਸ ਨੂੰ ਦੇਖਦਿਆਂ ਹੀ ਸੋਨੀਆ ਗਾਂਧੀ ਨੇ ਡਾਕਟਰ ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚੁਣਿਆ। ਸਾਲ 2004 ਦੇ ਪਹਿਲੇ ਕਾਰਜਕਾਲ ਦੌਰਾਨ ਡਾਕਟਰ ਮਨਮੋਹਨ ਸਿੰਘ ਦੀ ਅਗਵਾਈ ਹੇਠ ਯੂਪੀਏ ਸਰਕਾਰ ਨੇ ਮਨਰੇਗਾ ਤੇ ਸੂਚਨਾ ਅਧਿਕਾਰ ਐਕਟ ਸਮੇਤ ਹੋਰ ਕਈ ਸ਼ਲਾਘਾਯੋਗ ਕਦਮ ਚੁੱਕੇ। ਉਨ੍ਹਾਂ ਅਮਰੀਕਾ ਨਾਲ ਪਰਮਾਣੂ ਸਮਝੌਤੇ ਨੂੰ ਤਰਜੀਹ ਦਿੱਤੀ ਤੇ ਖੱਬੇ-ਪੱਖੀ ਪਾਰਟੀਆਂ ਦੇ ਵਿਰੋਧ ਦੇ ਬਾਵਜੂਦ ਆਪਣੀ ਸਰਕਾਰ ਨੂੰ ਦਾਅ 'ਤੇ ਲਾ ਦਿੱਤਾ। ਖੱਬੇ-ਪੱਖੀਆਂ ਨੇ ਇਸ ਮਾਮਲੇ 'ਤੇ ਭਾਵੇਂ ਸਰਕਾਰ ਤੋਂ ਹਮਾਇਤ ਵਾਪਸ ਲੈ ਲਈ ਪਰ ਸਮਾਜਵਾਦੀ ਪਾਰਟੀ ਤੇ ਬਸਪਾ ਦੀ ਸਹਾਇਤਾ ਨਾਲ ਉਨ੍ਹਾਂ ਦੀ ਸਰਕਾਰ ਭਰੋਸੇ ਦਾ ਵੋਟ ਹਾਸਲ ਕਰਨ ਵਿਚ ਕਾਮਯਾਬ ਰਹੀ।

# 10 ਕਰੋੜ ਤੋਂ ਵੱਧ ਫੇਸਬੁੱਕ ਅਕਾਊਂਟ ਫਰਜ਼ੀ!

**ਹੈਦਰਾਬਾਦ:** ਸੋਸ਼ਲ ਨੈਟਵਰਕਿੰਗ ਸਾਈਟ ਫੇਸਬੁੱਕ 'ਤੇ ਜਾਅਲੀ ਅਕਾਊਂਟਾਂ ਦੀ ਗਿਣਤੀ 10 ਕਰੋੜ ਤੋਂ ਵੀ ਜ਼ਿਆਦਾ ਹੋ ਸਕਦੀ ਹੈ। ਕੰਪਨੀ ਦੇ ਅਨੁਮਾਨ ਮੁਤਾਬਕ ਦੁਨੀਆ ਭਰ 'ਚ 50 ਲੱਖ ਤੋਂ 1.5 ਕਰੋੜ ਅਣਚਾਹੇ ਅਕਾਊਂਟ ਵੀ ਹਨ। ਐਸਈਸੀ ਕੋਲ ਭੇਜੀ ਆਪਣੀ ਰਿਪੋਰਟ ਵਿਚ ਫੇਸਬੁੱਕ ਨੇ ਆਖਿਆ ਕਿ ਅਜਿਹੇ ਵਿਅਕਤੀ ਹੋ ਸਕਦੇ ਸਨ ਜਿਨ੍ਹਾਂ ਸਾਡੀਆਂ ਸੇਵਾ ਸ਼ਰਤਾਂ ਦੀ ਉਲੰਘਣਾ ਕਰਕੇ ਇਸ ਤੋਂ ਵੱਧ ਫੇਸਬੁੱਕ ਅਕਾਊਂਟ ਬਣਾਏ ਹੋਏ ਹਨ।

ਇਕ ਅਨੁਮਾਨ ਮੁਤਾਬਕ ਇਹ ਡੁਪਲੀਕੇਟ ਅਕਾਊਂਟ (ਅਜਿਹਾ ਅਕਾਊਂਟ ਜੋ ਵਰਤੋਂਕਾਰ ਵੱਲੋਂ ਆਪਣੇ ਮੂਲ ਅਕਾਊਂਟ ਤੋਂ ਵੱਖਰਾ ਬਣਾਇਆ ਹੋਵੇ) ਦੁਨੀਆਂ ਭਰ ਵਿਚ ਕੁੱਲ ਐਮਏਯੂਜ਼ (ਮੰਥਲੀ ਐਕਟਿਵ ਯੂਜ਼ਰ-2013) ਦਾ 4.3 ਫ਼ੀਸਦੀ ਤੋਂ 7.9 ਫ਼ੀਸਦੀ ਤੱਕ ਹੋ ਸਕਦੇ ਹਨ। ਆਪਣੀ ਸੱਜਰੀ ਤਿਮਾਹੀ ਰਿਪੋਰਟ ਫੇਸਬੁੱਕ ਨੇ ਆਖਿਆ ਕਿ ਭਾਰਤ ਤੇ ਤੁਰਕੀ ਜਿਹੇ ਉਭਰਦੇ ਅਰਥਚਾਰਿਆਂ ਵਿਚ ਡੁਪਲੀਕੇਟ ਜਾਂ ਜਾਅਲੀ ਅਕਾਊਂਟਾਂ ਦੀ ਸਮੱਸਿਆ ਜ਼ਿਆਦਾ ਹੈ। 31 ਮਾਰਚ 2014 ਤੱਕ ਸਾਈਟ 'ਤੇ ਕੁੱਲ 1.28 ਅਰਬ ਐਮਏਯੂਜ਼ ਸਨ ਜਿਨ੍ਹਾਂ ਵਿਚ ਪਿਛਲੇ ਸਾਲ 31 ਮਾਰਚ ਤੋਂ 15 ਫ਼ੀਸਦੀ ਵਾਧਾ ਹੋਇਆ।

2014 ਦੀ ਪਹਿਲੀ ਤਿਮਾਹੀ ਦੌਰਾਨ ਜਾਅਲੀ ਅਕਾਊਂਟ ਵਿਚ ਸਭ ਤੋਂ ਵੱਧ ਯੋਗਦਾਨ ਭਾਰਤ ਤੇ ਬ੍ਰਾਜ਼ੀਲ ਦਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 2013 ਵਿਚ ਸਾਡੇ ਅਨੁਮਾਨ ਮੁਤਾਬਕ ਯੂਜ਼ਰ ਮਿਸ ਕਲਾਸੀਫਾਈਡ ਅਕਾਊਂਟ (ਯੂਐਮਏਜ਼) ਸਾਡੇ ਕੁੱਲ ਐਮਏਯੂਜ਼ ਦਾ 0.8 ਫ਼ੀਸਦੀ ਤੋਂ 2.1 ਫ਼ੀਸਦੀ ਬਣਦੇ ਸਨ ਤੇ ਅਣਚਾਹੇ ਅਕਾਊਂਟ ਤਕਰੀਬਨ 0.4 ਫ਼ੀਸਦੀ ਤੋਂ 1.2 ਫ਼ੀਸਦੀ ਬਣਦੇ ਹਨ। ਯੂਐਮ ਅਕਾਊਂਟ ਆਮ ਤੌਰ 'ਤੇ ਕਿਸੇ ਕਾਰੋਬਾਰੀ ਜਾਂ ਗ਼ੈਰ-ਲਾਭਕਾਰੀ ਸੰਸਥਾ ਵੱਲੋਂ ਬਣਾਏ ਜਾਂਦੇ ਹਨ




ਜਦਕਿ ਅਣਚਾਹੇ ਅਕਾਊਂਟ ਸੇਵਾ ਸ਼ਰਤਾਂ ਦੀ ਉਲੰਘਣਾ ਕਰਕੇ ਸਪੈਮਿੰਗ (ਠੱਗੀ) ਕੀਤੀ ਜਾਂਦੀ ਹੈ।

ਫੇਸਬੁੱਕ ਦਾ ਕਹਿਣਾ ਹੈ ਕਿ ਇਹ ਗਿਣਤੀ ਯਕੀਨੀ ਨਹੀਂ ਹੈ ਪਰ ਉਸ ਵੱਲੋਂ ਡੁਪਲੀਕੇਟ ਜਾਂ ਜਾਅਲੀ ਅਕਾਊਂਟਾਂ ਦੀ ਸ਼ਨਾਖਤ ਦੇ ਯਤਨ ਕੀਤੇ ਜਾ ਰਹੇ ਹਨ। 31 ਮਾਰਚ 2013 ਤੋਂ 31 ਮਾਰਚ 2014 ਤੱਕ ਦੁਨੀਆਂ ਭਰ ਵਿਚ ਮੋਬਾਈਲ ਐਮਏਯੂਜ਼ ਦੀ ਗਿਣਤੀ 34 ਫ਼ੀਸਦੀ ਵਧ ਕੇ 1.01 ਅਰਬ ਹੋ ਗਈ ਸੀ। ਦੁਨੀਆ ਭਰ ਵਿਚ ਡੇਲੀ ਐਕਟਿਵ ਯੂਜ਼ਰਜ਼ (ਡੀਏਯੂਜ਼) ਦੀ ਗਿਣਤੀ 21 ਫ਼ੀਸਦੀ ਵਧ ਕੇ 80.2 ਕਰੋੜ ਤੋਂ ਗਈ ਸੀ, ਜਿਸ ਵਿਚ ਸਭ ਤੋਂ ਵੱਧ ਯੋਗਦਾਨ ਬ੍ਰਾਜ਼ੀਲ, ਭਾਰਤ ਤੇ ਅਮਰੀਕਾ ਦਾ ਰਿਹਾ ਹੈ।

# ਸੰਸਾਰ ਦਾ ਸਭ ਤੋਂ ਵੱਡਾ ਹੀਰਾ 14 ਅਰਬ ਵਿਚ ਨਿਲਾਮ

**ਲੰਡਨ:** ਕ੍ਰਿਸਟੀ ਨਿਲਾਮੀ ਘਰ ਵੱਲੋਂ ਜਨੇਵਾ ਵਿਖੇ ਹੋਈ ਨਿਲਾਮੀ ਦੌਰਾਨ ਬਹੁਤ ਹੀ ਘੱਟ ਪਾਏ ਜਾਂਦੇ ਨੀਲੇ ਰੰਗ ਦੇ ਖ਼ੂਬਸੂਰਤ ਹੀਰੇ ਦੀ ਨਿਲਾਮੀ ਹੋਈ ਹੈ। 13.22 ਕੈਰਿਟ ਦੇ ਇਸ ਹੀਰੇ ਦੀ ਨਿਲਾਮੀ 14 ਅਰਬ ਰੁਪਏ ਤੋਂ ਵੱਧ (141 ਲੱਖ ਪੌਂਡ) ਦੀ ਹੋਈ। ਨਾਸ਼ਪਾਤੀ ਦੀ ਸ਼ਕਲ ਦੇ ਇਸ ਹੀਰੇ ਨੂੰ ਦੱਖਣੀ ਅਫਰੀਕਾ ਦੀਆਂ ਖਾਣਾਂ ਵਿਚ ਪਾਇਆ ਗਿਆ ਸੀ। 1912 ਵਿਚ ਮਿਲੇ ਇਸ ਹੀਰੇ ਨੂੰ ਪਹਿਲੀ ਵਾਰ 1991 ਵਿਚ ਦੁਨੀਆ ਦਾ ਸਭ ਤੋਂ ਵੱਡਾ ਹੀਰਾ ਮੰਨਿਆ ਗਿਆ। ਕ੍ਰਿਸਟੀ ਨਿਲਾਮੀ ਘਰ ਮੁਤਾਬਕ ਇਸ ਨਿਲਾਮੀ ਨੇ ਨਵਾਂ ਵਿਸ਼ਵ ਰਿਕਾਰਡ ਬਣਾਇਆ ਹੈ। ਇਸ ਮੌਕੇ ਮੁਗਲ ਸਾਮਰਾਜ ਵੇਲੇ ਦਾ ਬੇਸ਼ਕੀਮਤੀ ਹੀਰਿਆਂ ਦਾ ਹਾਰ 10 ਕਰੋੜ 90 ਲੱਖ (1,837,525 ਡਾਲਰ) ਦਾ ਵਿਕਿਆ। ਇਸ ਹਾਰ ਵਿਚ ਭਾਰਤ 'ਤੇ ਰਾਜ ਕਰਨ ਵਾਲੇ ਮੁਗਲ ਘਰਾਣਿਆਂ ਦੇ ਬਾਦਸ਼ਾਹਾਂ ਦੇ ਨਾਂਅ ਦੇ ਸੱਤ ਮਣਕੇ ਹਨ। ਜਿਨ੍ਹਾਂ ਵਿਚ ਸਭ ਤੋਂ ਵੱਡਾ ਮਣਕਾ 144.58 ਕੈਰੇਟ ਦਾ ਜਹਾਂਗੀਰ ਸ਼ਾਹ ਅਕਬਰ ਸ਼ਾਹ (ਜਹਾਂਗੀਰ), ਦੂਜਾ ਮਣਕਾ 82.82 ਕੈਰਿਟ ਦਾ ਹੈ ਜੋ ਜਹਾਂਗੀਰ ਸ਼ਾਹ ਅਕਬਰ ਸ਼ਾਹ 1016 (ਜਹਾਂਗੀਰ 1608-9 ਏ ਡੀ), ਸਾਹਿਬੇ ਕੁਰਾਨੀ ਏ ਥਾਨੀ 1043(6) (ਸ਼ਾਹਜਹਾਨ 1633-4 ਏ ਡੀ), ਆਲਮਗੀਰ ਸ਼ਾਹੀ 1070 (ਔਰੰਗਜ਼ੇਬ 1659-60 ਏ ਡੀ), ਤੀਜਾ ਮਣਕਾ 61.50 ਕੈਰੇਟ ਦਾ ਲਾਲ ਜਾਲਾਲੀ ਜਾਂ ਲਾਲ ਹਿਸਾਬੀ, ਜਹਾਂਗੀਰ ਸ਼ਾਹ ਅਕਬਰ ਸ਼ਾਹ 04 (ਪੌਲਿਸ਼ ਕੀਤਾ), ਜਹਾਂਗੀਰ ਤਾਰੀਖ ਨਹੀਂ ਪਤਾ), ਚੌਥਾ ਮਣਕਾ 132.73 ਕੈਰੇਟ ਦਾ ਹੈ ਜੋ ਜਹਾਂਗੀਰ ਸ਼ਾਹ ਅਕਬਰ ਸ਼ਾਹ 1017 (ਜਹਾਂਗੀਰ 1609-10 ਏ ਡੀ), ਪੰਜਵਾਂ ਮਣਕਾ 111.46 ਕੈਰੇਟ ਦਾ ਹੈ, ਜੋ ਔਰੰਗਜ਼ੇਬ 1660-61 ਏ ਡੀ), ਛੇਵਾਂ ਮਣਕਾ 79.50 ਕੈਰੇਟ ਦਾ ਹੈ, ਜਿਸ ਨੂੰ ਥੋੜਾ ਪਾਲਿਸ਼ ਕੀਤਾ ਹੈ ਜੋ ਸ਼ਾਹ ਜਹਾਨ ਅਕਬਰ ਸ਼ਾਹ (ਜਹਾਂਗੀਰ) ਤੇ ਸੱਤਵਾਂ ਮਣਕਾ 202.67 ਕੈਰਿਟ ਦਾ ਹੈ ਜੋ ਅਹਿਮਦਸ਼ਾਹ ਦੁਰਾਨੀ 1168 (ਅਹਿਮਦਸ਼ਾਹ ਦੁਰਾਨੀ 1754-5 ਏ ਡੀ), ਆਲਮਗੀਰ ਸ਼ਾਹ, ਸ਼ਾਹ ਜਹਾਨ (ਔਰੰਗਜ਼ੇਬ) ਦੇ ਨਾਂ ਦਾ ਹੈ।

# ਬੱਚਿਆਂ ਦੀ ਸਿਹਤ ਵਿਗਾੜਦੀ ਹੈ ਬਾਲ ਮਜ਼ਦੂਰੀ

**ਨਿਊ ਯਾਰਕ:** ਅਮਰੀਕਾ ਵਿਚ ਤੰਬਾਕੂ ਦੇ ਪੱਤਿਆਂ ਵਾਲੇ ਖੇਤਾਂ ਵਿਚ ਸੱਤ ਸਾਲ ਦੀ ਉਮਰ ਤੱਕ ਦੇ ਬੱਚੇ ਕੰਮ ਕਰਦੇ ਹਨ, ਜਿਸ ਨਾਲ ਉਨ੍ਹਾਂ ਦੀ ਸਿਹਤ ਵਿਚ ਲਗਾਤਾਰ ਵਿਗਾੜ ਪੈਦਾ ਹੁੰਦਾ ਜਾ ਰਿਹਾ ਹੈ। ਮਨੁੱਖੀ ਅਧਿਕਾਰ ਵਾਚ ਜਥੇਬੰਦੀ ਦੀ ਰਿਪੋਰਟ ਵਿਚ ਬੱਚਿਆਂ ਦੀ ਮਾੜੀ ਹਾਲਤ ਬਾਰੇ ਵੇਰਵਿਆਂ ਸਮੇਤ ਜਾਣਕਾਰੀ ਦਿੱਤੀ ਗਈ ਹੈ।

ਜਥੇਬੰਦੀ ਨੇ ਤੰਬਾਕੂ ਦੀ ਪੈਦਾਵਾਰ ਕਰਨ ਵਾਲੇ ਉੱਤਰੀ ਕੈਰੋਲੀਨਾ, ਕੈਂਟਕੀ, ਟੇਨੇਸੀ ਤੇ ਵਰਜੀਨੀਆ ਸੂਬੇ ਦੇ ਖੇਤਾਂ ਵਿਚ ਕੰਮ ਕਰਦੇ 140 ਬੱਚਿਆਂ ਨਾਲ ਇੰਟਰਵਿਊ ਤੋਂ ਬਾਅਦ ਇਹ ਰਿਪੋਰਟ ਤਿਆਰ ਕੀਤੀ ਹੈ। ਜਥੇਬੰਦੀ ਮੁਤਾਬਕ ਅਮਰੀਕਾ ਵਿਚ ਬੱਚਿਆਂ ਤੋਂ ਖੇਤਾਂ ਵਿਚ ਕੰਮ ਕਰਾਉਣਾ ਭਾਵੇਂ ਕਾਨੂੰਨਨ ਜਾਇਜ਼ ਹੈ ਪਰ ਰਿਪੋਰਟ ਦਾ ਮਕਸਦ ਸਰਕਾਰਾਂ ਤੇ ਤੰਬਾਕੂ ਕੰਪਨੀਆਂ ਨੂੰ ਬੇਨਤੀ ਕਰਨਾ ਹੈ ਕਿ ਉਹ ਆਪਣਾ ਕਾਰੋਬਾਰ ਵਧਾਉਣ ਦੇ ਨਾਲ-ਨਾਲ ਬੱਚਿਆਂ ਨੂੰ ਸਿਹਤਮੰਦ ਬਣਾਉਣ ਲਈ ਵੀ ਉਪਰਾਲੇ ਕਰਨ।

ਬਾਲ ਅਧਿਕਾਰਾਂ ਬਾਰੇ ਖੋਜੀ ਤੇ ਰਿਪੋਰਟ ਦੀ ਸਹਿ ਲੇਖਕ ਮਾਰਗਰਟ ਵਰਥ ਦਾ ਕਹਿਣਾ ਹੈ ਕਿ ਅਮਰੀਕਾ ਖੇਤਾਂ ਵਿਚ ਕੰਮ ਕਰਦੇ ਬੱਚਿਆਂ ਨੂੰ ਸਿਹਤ ਤੇ ਸੁਰੱਖਿਆ ਦੇ ਖ਼ਤਰਿਆਂ ਤੋਂ ਬਚਾਉਣ ਵਿਚ ਨਾਕਾਮ ਰਿਹਾ। ਉਨ੍ਹਾਂ ਕਿਹਾ ਕਿ ਖੇਤੀ ਕਰਨਾ ਸਖ਼ਤ ਮਿਹਨਤ ਦਾ ਕੰਮ ਹੈ ਪਰ ਤੰਬਾਕੂ ਦੇ ਫਾਰਮਾਂ ਵਿਚ ਕੰਮ ਕਰਨ ਵਾਲੇ ਬੱਚੇ ਇੰਨੇ ਬਿਮਾਰ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਕੰਮ ਛੱਡਣਾ ਪੈ ਜਾਂਦਾ ਹੈ। ਬੱਚਿਆਂ ਨੂੰ ਕੰਮ ਦੌਰਾਨ ਉਲਟੀ, ਸਿਰ ਦਰਦ ਤੇ ਚੱਕਰ ਆਉਣ ਦੀ ਸ਼ਿਕਾਇਤ ਰਹਿੰਦੀ ਹੈ।

ਤੰਬਾਕੂ ਦੇ ਪੱਤਿਆਂ ਵਿਚ ਮੌਜੂਦ ਨਿਕੋਟੀਨ ਬੱਚਿਆਂ ਦੀ ਚਮੜੀ ਰਾਹੀਂ ਸਰੀਰ ਵਿਚ ਦਾਖ਼ਲ ਹੋ ਜਾਂਦਾ ਹੈ ਤੇ ਇਹ ਜ਼ਹਿਰ ਉਨ੍ਹਾਂ ਨੂੰ ਹਰਦਮ ਪ੍ਰੇਸ਼ਾਨ ਕਰਦਾ ਰਹਿੰਦਾ ਹੈ। ਬੱਚਿਆਂ ਤੋਂ ਲੰਮੇ ਸਮੇਂ ਤੱਕ ਸਖ਼ਤ ਗਰਮੀ ਵਿਚ ਕੰਮ ਲਿਆ ਜਾਂਦਾ ਹੈ। ਅਮਰੀਕਾ ਵਿਚ ਮਾਪਿਆਂ ਦੀ ਇਜਾਜ਼ਤ 'ਤੇ 12 ਸਾਲ ਦੀ ਉਮਰ ਦੇ ਬੱਚੇ ਸਕੂਲ ਵਿਚ ਪੜ੍ਹਾਈ ਤੋਂ ਬਾਅਦ ਖੇਤਾਂ ਵਿਚ ਕੰਮ ਕਰ ਸਕਦੇ ਹਨ।

## ਓਬਾਮਾ ਨੂੰ ਕਤਲ ਕਰਨ ਦੀ ਯੋਜਨਾ ਬਣਾਉਣ ਵਾਲੇ ਨੂੰ ਸਜ਼ਾ-ਏ-ਮੌਤ

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਨੂੰ ਮਾਰਨ ਦੀ ਸਾਜ਼ਿਸ਼ ਘੜਨ ਵਾਲੇ ਵਿਅਕਤੀ ਨੂੰ ਇਕ ਬਜ਼ੁਰਗ ਮਹਿਲਾ ਦੇ ਕਤਲ ਦੇ ਜੁਰਮ ਵਿਚ ਅਦਾਲਤ ਨੇ ਸਜ਼ਾ-ਏ-ਮੌਤ ਸੁਣਾਈ ਹੈ। ਜਿਊਰੀ ਨੇ ਸਰਬਸੰਮਤੀ ਨਾਲ ਫ਼ੈਸਲਾ ਲੈਂਦਿਆਂ 44 ਵਰ੍ਹਿਆਂ ਦੇ ਜੇਮਸ ਮੈਕਵੇਅ ਨੂੰ ਮੌਤ ਦੀ ਸਜ਼ਾ ਸੁਣਾਈ। ਜੇ ਜਿਊਰੀ ਦਾ ਫ਼ੈਸਲਾ ਸਰਬਸੰਮਤ ਨਾ ਹੁੰਦਾ ਤਾਂ ਉਸ ਨੂੰ ਪੈਰੋਲ ਤੋਂ ਬਿਨਾਂ ਉਮਰ ਕੈਦ ਹੋ ਸਕਦੀ ਸੀ।

ਮਾਨਸਿਕ ਤੌਰ 'ਤੇ ਬਿਮਾਰ ਮੈਕਵੇਅ ਨੇ 2011 ਵਿਚ 75 ਵਰ੍ਹਿਆਂ ਦੀ ਮੇਅਬੈਲੀ ਸ਼ੀਅਨ ਨੂੰ ਕਤਲ ਕਰਨ ਦਾ ਜੁਰਮ ਕਬੂਲ ਲਿਆ ਸੀ।

# ਇਰਾਕ ਨੂੰ ਇਕ ਅਰਬ ਡਾਲਰ ਦੇ ਹਥਿਆਰ ਵੇਚੇਗਾ ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਨੇ ਇਰਾਕ ਨੂੰ ਕੋਈ ਇਕ ਅਰਬ ਡਾਲਰ ਦੇ ਜੰਗੀ ਜਹਾਜ਼, ਬਖਤਰਬੰਦ ਵਾਹਨ ਤੇ ਨਿਗਰਾਨੀ ਲਈ ਲੋੜੀਂਦੇ ਜਹਾਜ਼ ਵੇਚਣ ਦੀ ਯੋਜਨਾ ਬਣਾਈ ਹੈ। ਇਸ ਸੌਦੇ ਵਿਚ 24 ਏ ਟੀ-6 ਸੀ ਟੈਕਸਟਨ-2 ਹਲਕੇ ਲੜਾਕੂ ਜਹਾਜ਼, 50 ਕੈਲੀਬਰ ਦੀਆਂ ਮਸ਼ੀਨਗੰਨਾਂ ਵਾਲੇ ਬੀਚਕਰਾਫਟ ਵੱਲੋਂ ਤਿਆਰ ਟਰਬੋਪ੍ਰੋਪ ਜਹਾਜ਼ ਤੇ ਨਿਸ਼ਾਨੇ ਵਾਲੀ ਥਾਂ ਬੰਬ ਸੁੱਟ ਸਕਣ ਵਾਲੇ ਸਾਜ਼ੋ-ਸਮੱਗਰੀ ਸ਼ਾਮਲ ਹਨ।

ਪੈਂਟਾਗਨ ਮੁਤਾਬਕ ਹਵਾਈ ਜਹਾਜ਼ ਤੇ ਇਨ੍ਹਾਂ ਨਾਲ ਸਬੰਧਤ ਸਾਜ਼ੋ-ਸਮੱਗਰੀ ਤੇ ਸੇਵਾਵਾਂ ਦੀ ਕੀਮਤ 79 ਕਰੋੜ ਡਾਲਰ ਬਣਦੀ ਹੈ। ਪੈਂਟਾਗਨ ਦੀ ਡਿਫੈਂਸ ਸਕਿਓਰਿਟੀ ਕੋਆਪਰੇਸ਼ਨ ਏਜੰਸੀ ਨੇ ਬੀਤੇ ਦਿਨੀਂ ਕਾਂਗਰਸ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਹੈ ਤੇ ਜੇਕਰ ਮੈਂਬਰਾਂ ਨੇ ਕੋਈ ਅੜਿੱਕਾ ਨਾ ਪਾਇਆ ਤਾਂ ਇਹ ਸੌਦਾ ਸਿਰੇ ਚੜ੍ਹ ਜਾਵੇਗਾ। ਏਜੰਸੀ ਨੇ ਇਕ ਨੋਟਿਸ ਵਿਚ ਕਿਹਾ ਹੈ ਕਿ ਹਵਾਈ



ਜਹਾਜ਼ਾਂ, ਸਾਜ਼ੋ-ਸਮੱਗਰੀ ਤੇ ਹਮਾਇਤ ਦਾ ਇਹ ਪ੍ਰਸਤਾਵਿਤ ਸੌਦਾ, ਇਰਾਕੀ ਸੈਨਾਵਾਂ ਨੂੰ ਇਸ ਦੇ ਸਮਰੱਥ ਬਣਾਏਗਾ ਕਿ ਉਹ ਦੇਸ਼ ਵਿਚ ਸਥਿਰਤਾ ਲਿਆ ਸਕਣ ਤੇ ਨਾਲ ਲੱਗਦੇ ਦੇਸ਼ਾਂ ਵਿਚ ਇਸ ਦੇਸ਼ ਦੀ ਅਸਥਿਰਤਾ ਕਾਰਨ ਬੇਚੈਨੀ ਫੈਲਣ ਦੇ ਸਬੱਬ ਨੂੰ ਠੱਲ੍ਹ ਪਾ ਸਕਣ।

ਅਲਕਾਇਦਾ ਅਤਿਵਾਦੀਆਂ ਦੀਆਂ ਸਰਗਰਮੀਆਂ, ਸ਼ੀਆ ਦੀ ਅਗਵਾਈ ਹੇਠਲੀ ਸਰਕਾਰ ਤੇ ਨਾਰਾਜ਼ ਸੁੰਨੀਆਂ ਵਿਚਲੇ ਪਾੜੇ ਕਾਰਨ ਹੁੰਦੀ ਹਿੰਸਾ ਦੇ ਟਾਕਰੇ ਲਈ ਇਰਾਕੀ ਫ਼ੌਜ ਆਪਣੇ ਆਪ ਨੂੰ ਮਜ਼ਬੂਤ ਕਰਨਾ ਚਾਹ ਰਹੀ ਹੈ। ਇਸ ਤੋਂ ਪਹਿਲਾਂ ਇਰਾਕ 36 ਅਮਰੀਕੀ ਐਫ-16 ਲੜਾਕੂ ਜੈੱਟ ਖਰੀਦਣ ਲਈ ਸਹਿਮਤ ਹੋ ਚੁੱਕਿਆ ਹੈ। ਇਸ ਸੌਦੇ ਵਿਚ 200 ਬਕਤਰਬੰਦ ਹੈਵੀ ਵਾਹਨ ਵੀ ਸ਼ਾਮਲ ਹਨ ਜਿਨ੍ਹਾਂ ਉਤੇ ਮਸ਼ੀਨ ਗੰਨਾਂ ਲੱਗੀਆਂ ਹੋਈਆਂ ਹਨ। ਇਹ ਵਾਹਨ ਦਸ ਕਰੋੜ 10 ਲੱਖ ਡਾਲਰ ਦੇ ਹੋਣਗੇ।

ਇਰਾਕ ਇਨ੍ਹਾਂ ਦੀ ਮਦਦ ਨਾਲ ਆਪਣੇ ਤੇਲ ਵਾਲੇ ਬੁਨਿਆਦੀ ਢਾਂਚੇ ਦੀ ਅਤਿਵਾਦੀਆਂ ਹਮਲਿਆਂ ਤੋਂ ਰਾਖੀ ਕਰੇਗਾ।

## ਮੰਨਣਯੋਗ ਤਜਵੀਜ਼ ਲੈ ਕੇ ਆਵੇ ਸਹਾਰਾ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਹਾਰਾ ਗਰੁੱਪ ਨੂੰ ਕਿਹਾ ਹੈ ਕਿ ਉਹ ਆਪਣੇ ਮੁਖੀ ਸੁਬਰਤ ਰਾਏ ਨੂੰ ਜੇਲ੍ਹ ਵਿਚੋਂ ਬਾਹਰ ਕਢਾਉਣ ਲਈ 10,000 ਕਰੋੜ ਰੁਪਏ ਦੀ ਅਦਾਇਗੀ ਬਾਰੇ ਕੋਈ ਮੰਨਣਯੋਗ ਤਜਵੀਜ਼ ਲੈ ਕੇ ਆਵੇ। ਅਦਾਲਤ ਨੇ ਰਾਏ ਦੀ ਉਸ ਨੂੰ ਲਖਨਊ ਸਥਿਤ ਘਰ ਵਿਚ ਨਜ਼ਰਬੰਦ ਰੱਖਣ ਦੀ ਬੇਨਤੀ ਮੰਨਣੋਂ ਵੀ ਨਾਂਹ ਕਰ ਦਿੱਤੀ। ਜਸਟਿਸ ਜੇ.ਐਸ. ਖੇਹਰ ਵੱਲੋਂ ਇਸ ਮਾਮਲੇ ਦੀ ਸੁਣਵਾਈ ਨਾਲੋਂ ਆਪਣੇ ਆਪ ਨੂੰ ਲਾਂਭੇ ਕਰਨ ਮਗਰੋਂ ਜਸਟਿਸ ਟੀ.ਐਸ. ਠਾਕੁਰ ਤੇ ਏ.ਕੇ. ਸੀਕਰੀ ਆਧਾਰਤ ਨਵੇਂ ਬੈਂਚ ਨੇ ਕਿਹਾ ਕਿ ਇਸ ਖੜੋਤ ਨਾਲ ਕਿਸੇ ਨੂੰ ਲਾਭ ਨਹੀਂ ਹੋਣ ਲੱਗਿਆ ਤੇ ਗਰੁੱਪ ਨਵੀਂ ਤਜਵੀਜ਼ ਲੈ ਕੇ ਹਾਜ਼ਰ ਹੋਵੇ। ਇਸੇ ਦੌਰਾਨ ਸਹਾਰਾ ਨੇ ਸੁਪਰੀਮ ਕੋਰਟ ਨੂੰ ਦੱਸਿਆ ਹੈ ਕਿ ਇਹ ਲੰਡਨ ਤੇ ਨਿਊਯਾਰਕ ਵਿਚਲੇ ਆਪਣੇ ਹੋਟਲ ਤੇ ਹੋਰ ਸੰਪਤੀਆਂ ਵੇਚਣ ਨੂੰ ਤਿਆਰ ਹੈ।

# ਸੰਸਾਰ ਪੱਧਰ ਉਤੇ ਮਹਿਲਾ ਸ਼ਕਤੀ ਪਛਾਣਨ ਦਾ ਸੱਦਾ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

1952 ਵਿਚ ਅੰਤਰਰਾਸ਼ਟਰੀ ਪੱਧਰ 'ਤੇ ਪਰਿਵਾਰ ਇੰਟਰਨੈਸ਼ਨਲ ਪਲੈਨਡ ਪੇਰੈਂਟਹੁਡ ਫੈਡਰੇਸ਼ਨ (ਆਈ ਪੀ ਪੀ ਐਫ) ਨਿਯੋਜਨ ਦੀ ਲੋੜ ਨੂੰ ਮੁਖ ਰਖ ਕੇ ਸਥਾਪਤ ਹੋਈ ਸੰਸਥਾ ਨੇ ਹੁਣ ਸੰਸਾਰ ਪੱਧਰ 'ਤੇ ਜਿਨਸੀ ਸਿਹਤਯਾਬੀ ਤੇ ਪ੍ਰਜਣਨ ਸੁਰੱਖਿਆ ਵਲ ਉਚੇਚਾ ਧਿਆਨ ਦੇਣ ਦਾ ਸੱਦਾ ਦਿੱਤਾ ਹੈ। ਸੰਸਥਾ ਦੇ ਮੁੱਖ ਦਫਤਰ ਲੰਡਨ ਤੋਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਆਪਣੀਆਂ ਦੁਨੀਆਂ ਭਰ ਵਿਚ ਫੈਲੀਆਂ ਇਕਾਈਆਂ ਤੇ ਸ਼ਾਖਾਵਾਂ ਦੇ ਇਕੱਲੇ ਇਕੱਲੇ ਮੈਂਬਰ ਤੋਂ ਇਹ ਵਚਨ ਲਿਆ ਜਾਣਾ ਹੈ ਕਿ ਉਹ ਜੱਚਾ-ਬੱਚਾ ਦੀ ਮ੍ਰਿਤੂ ਦਰ ਨੂੰ ਨੱਥ ਪਾਉਣ ਦੇ ਪੂਰੇ ਯਤਨ ਕਰਨ।

ਸੰਸਾਰ ਪੱਧਰ ਉਤੇ ਬਰਾਬਰੀ ਪੈਦਾ ਕਰਨ ਲਈ ਮਾਂ ਬਾਪ ਤੇ ਉਨ੍ਹਾਂ ਦੇ ਹੋਣ ਵਾਲੇ ਬੱਚਿਆਂ ਦੀ ਸਿਹਤ ਵਲ ਖਾਸ ਧਿਆਨ ਦੇਣ ਦੀ ਲੋੜ ਹੈ। ਇਸ ਸੰਸਥਾ ਨੇ ਇਕ ਲਿਖਤੀ ਵਚਨ ਮੰਗਿਆ ਹੈ ਜਿਸ ਰਾਹੀਂ ਹਰ ਇਕ ਨੂੰ ਚੋਣਵੀਆਂ ਗੱਲਾਂ ਦੀ ਸਹੁੰ ਚੁੱਕਣ ਦੀ ਲੋੜ ਹੈ। ਮੂਲ ਮੁੱਦਾ ਆਤਮ ਵਿਸ਼ਵਾਸ ਪੈਦਾ ਕਰਕੇ ਆਪਣੇ ਸਰੀਰ ਨੂੰ ਹਰ ਤਰ੍ਹਾਂ ਦੇ ਨਿਰਾਦਰ, ਬਾਹਰੀ ਹਮਲੇ ਤੇ ਰੋਗ ਤੋਂ ਸੁਰੱਖਿਅਤ ਕਰਨ ਦਾ ਹੈ, ਜੋ ਜੀਵਨ ਸਾਥੀ ਦੀ ਸਹੀ ਚੋਣ, ਪੈਦਾ ਹੋਣ ਵਾਲੇ ਬੱਚਿਆਂ ਦੀ ਗਿਣਤੀ ਅਤੇ ਵਕਫੇ ਉਤੇ ਕੰਟਰੋਲ ਅਤੇ ਆਪਣੇ ਸਾਕ-ਸਬੰਧੀਆਂ ਨੂੰ ਨਸ਼ਾ ਮੁਕਤ ਤੇ ਭਰੂਣ ਹੱਤਿਆ ਮੁਕਤ ਕੀਤਿਆਂ ਹੀ ਪ੍ਰਾਪਤ ਹੋ ਸਕਦਾ ਹੈ।

ਚੇਤੇ ਰਹੇ, ਆਈ ਪੀ ਪੀ ਐਫ ਦਾ ਮੁੱਖ ਦਫਤਰ ਭਾਵੇਂ ਲੰਡਨ ਵਿਚ ਹੈ ਪਰ ਇਸ ਦੀ ਸਥਾਪਨਾ ਲਈ ਨਿਰਣੇਜਨਕ ਬੈਠਕ ਭਾਰਤ ਵਿਚ ਮੁੰਬਈ ਵਿਖੇ 1952 ਵਿਚ ਹੋਈ ਸੀ। ਅੱਜ ਸੰਸਾਰ ਭਰ ਵਿਚ, ਖਾਸ ਕਰ ਭਾਰਤ ਵਿਚ ਇਸ ਦੀਆਂ ਕਈ ਸ਼ਾਖਾਵਾਂ ਹਨ। ਮੁੰਬਈ ਵਾਲੇ ਮੁੱਖ ਦਫਤਰ ਨਾਲ ਮਿਲ ਕੇ ਕੰਮ ਕਰਨ ਵਾਲੀਆਂ ਹਰ ਰਾਜ



ਵਿਚ ਇਕ ਜਾਂ ਇਸ ਤੋਂ ਵੱਧ ਇਕਾਈਆਂ ਹਨ ਜਿਨ੍ਹਾਂ ਦੀ ਕੁੱਲ ਗਿਣਤੀ 40 ਹੈ। ਜੇ ਇਕੱਲੇ ਭਾਰਤ ਵਿਚ ਚਾਲੀ ਹਨ ਤਾਂ ਦੁਨੀਆਂ ਦੇ 172 ਦੇਸ਼ਾਂ ਵਿਚ ਇਸ ਦੀਆਂ ਇਕਾਈਆਂ ਤੇ ਉਨ੍ਹਾਂ ਨਾਲ ਸਬੰਧਤ ਮੈਂਬਰਾਂ ਤੇ ਵਲੰਟੀਅਰਾਂ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ। ਉਨ੍ਹਾਂ ਸਭਨਾਂ ਨੇ ਲਿਖਤੀ ਵਚਨ ਦੇਣਾ ਤੇ ਇਸ ਉਤੇ ਅਮਲ ਕਰਨਾ ਹੈ। ਇਕੱਲੀ ਮੁਹਾਲੀ ਸ਼ਾਖਾ ਨੇ ਇਕ ਹਫਤੇ ਵਿਚ ਚਾਰ ਸੌ ਤੋਂ ਵੱਧ ਲੋਕਾਂ ਤੋਂ ਵਚਨ ਲਿਆ ਹੈ। ਚੇਤੇ ਰਹੇ, ਆਈ ਪੀ ਪੀ ਐਫ ਇਕ ਗੈਰ-ਸਰਕਾਰੀ ਸੰਸਥਾ ਹੈ ਜਿਸ ਦੀ ਮੁੱਢਲੀ ਕਾਰਜਸ਼ੈਲੀ ਤੋਂ ਪ੍ਰਭਾਵਤ ਹੋ ਕੇ ਅੱਜ ਦੁਨੀਆਂ ਭਰ ਦੀਆਂ ਸਰਕਾਰਾਂ ਨੇ ਪਰਿਵਾਰ ਨਿਯੋਜਨ ਮੰਤਰਾਲੇ ਤੇ ਵਿਭਾਗ ਸਥਾਪਤ ਕਰ ਲਏ ਹਨ। ਸੰਸਥਾ ਦਾ ਨਵਾਂ ਸੱਦਾ ਇਸ ਦੀ ਕਾਰਜਸ਼ੈਲੀ ਵਿਚ ਨਵੀਂ ਰੂਹ ਭਰਨ ਦੇ ਨਾਲ ਨਾਲ ਜੱਚਾ-ਬੱਚਾ ਦੀ ਸਿਹਤ ਅਤੇ ਮਹਿਲਾ ਸਸ਼ਕਤੀਕਰਨ ਦੇ ਨਵੇਂ ਰਾਹ ਖੋਲ੍ਹੇਗਾ।

ਇਸ ਤਰ੍ਹਾਂ ਦੇ ਟੀਚੇ ਸਰਕਾਰੀ ਸਹੂਲਤਾਂ ਦਿਤਿਆਂ ਅਤੇ ਲੋੜੀਂਦੇ ਕਾਨੂੰਨ ਪਾਸ ਕੀਤਿਆਂ ਹੀ ਪੂਰੇ ਹੁੰਦੇ ਹਨ। ਜੇ ਅਜਿਹੀਆਂ ਗੈਰ-ਸਰਕਾਰੀ ਸੰਸਥਾਵਾਂ ਦੀ ਕਾਰਜਸ਼ੈਲੀ ਨੇ 2000 ਤੱਕ ਦੁਨੀਆਂ ਵਿਚ ਵਿਕਾਸ ਜਾਗ੍ਰਿਤੀ ਪੈਦਾ ਕਰ ਦਿੱਤੀ ਹੈ ਤਾਂ 2020 ਤੱਕ ਇਸ ਦੀ ਨਿਰੰਤਰਤਾ ਬਣਾਉਣ ਵਿਚ ਵੀ ਸਫਲ ਹੋ ਸਕਦੀ ਹੈ। ਆਈ ਪੀ ਪੀ ਐਫ ਵਲੋਂ 13 ਮਈ ਨੂੰ ਸਿਹਤ ਸੁਰੱਖਿਆ ਦਿਵਸ ਅਲਾਨਿਆ ਗਿਆ, ਜਿਸ ਨਾਲ ਇਸ ਦਿਨ ਦੀ ਮਹੱਤਤਾ ਵੀ ਜੱਗ ਰੋਸ਼ਨ ਹੋਈ ਹੈ।

ਆਈ ਪੀ ਪੀ ਐਫ ਦਾ ਨਵਾਂ ਹੰਭਲਾ ਦੁਨੀਆਂ ਦੀ ਸਮੁੱਚੀ ਵਸੋਂ ਨੂੰ ਬਰਾਬਰੀ ਦੁਆ ਕੇ ਉਨਤੀ ਦੀਆਂ ਸਿਖਰਾਂ ਵੱਲ ਲਿਜਾਣ ਵਾਲਾ ਹੈ।

**ਚੋਣ ਪ੍ਰਚਾਰ ਦਾ ਸ਼ਬਦੀ ਪ੍ਰਦੂਸ਼ਣ:** ਇਸ ਵਾਰੀ ਦੀਆਂ ਲੋਕ ਸਭਾ ਚੋਣਾਂ ਨੇ ਕਈ ਰਿਕਾਰਡ ਤੋੜੇ ਹਨ। ਗਾਲੀ ਗਲੋਚ ਤੇ ਵਿਰੋਧੀਆਂ ਦੇ ਪੋਤੜੇ ਫਰੋਲਣ ਦਾ ਵਧ ਤੇ ਆਪਣੇ ਆਪ ਨੂੰ ਸੰਭਾਵੀ ਪ੍ਰਧਾਨ ਮੰਤਰੀ ਐਲਾਨਣ ਵਾਲਿਆਂ ਦਾ ਉਸ ਤੋਂ ਵੱਧ। ਆਪਣੇ ਮੂੰਹ ਮਿੱਠੂ ਬਣਨ ਵਾਲਿਆਂ ਵਿਚ ਨਰਿੰਦਰ ਮੋਦੀ ਦਾ ਭਾਵੇਂ ਕੋਈ ਸਾਨੀ ਨਹੀਂ ਰਿਹਾ ਪਰ ਮੁਲਾਇਮ ਸਿੰਘ ਯਾਦਵ ਤੇ ਮੈਡਮ ਮਾਯਾਵਤੀ ਤੋਂ ਵੀ ਰਿਹਾ ਨਹੀਂ ਗਿਆ। ਚੁਪ-ਚੁਪੀਤੇ ਇਸ਼ਾਰਿਆਂ ਵਿਚ ਮਮਤਾ ਬੈਨਰਜੀ ਤੇ ਜੈਲਲਿਤਾ ਵੀ ਬਹੁਤੀਆਂ ਪਿੱਛੇ ਨਹੀਂ ਸਨ। ਕਹਿਣ ਵਾਲੇ ਤਾਂ ਇਹ ਵੀ ਕਹਿੰਦੇ ਹਨ ਕਿ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਪ੍ਰਦੂਸ਼ਣ ਕੋਰੀਆ ਤੱਕ ਮਾਰ ਕਰ ਰਿਹਾ ਸੀ। ਉਤਰੀ ਤੇ ਦੱਖਣੀ ਕੋਰੀਆ ਦੀ ਸ਼ਬਦੀ ਜੰਗ ਨੇ ਤੂੰ-ਤੂੰ, ਮੈਂ-ਮੈਂ ਨੇ ਵੀ ਸਲੀਕੇ ਦੀਆਂ ਸਭ ਹੱਦਾਂ ਪਾਰ ਕਰ ਛੱਡੀਆਂ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵਲੋਂ ਆਪਣੀ ਦੱਖਣੀ ਕੋਰੀਆ ਦੀ ਫੇਰੀ ਸਮੇਂ ਉਤਰੀ ਕੋਰੀਆ ਦੀ ਐਟਮੀ ਹਥਿਆਰਬੰਦੀ ਉਤੇ ਟਿੱਪਣੀ ਕਰਦਿਆਂ ਇਹ ਕਹਿਣ ਦੀ ਢਿੱਲ ਸੀ ਕਿ ਅਜਿਹਾ ਅਮਲ ਕੀਤਿਆਂ ਉਹ ਆਪਣੀ ਬਰਾਦਰੀ ਤੋਂ ਹੋਰ ਵੀ ਛੇਕੇ ਜਾ ਸਕਦੇ ਹਨ ਕਿ ਉਤਰੀ ਕੋਰੀਆ ਨੇ ਇਸ ਟਿੱਪਣੀ ਦਾ ਏਨਾ ਬੁਰਾ ਮਨਾਇਆ ਕਿ ਦੱਖਣੀ ਕੋਰੀਆ ਦੀ ਪ੍ਰਥਮ ਮਹਿਲਾ ਰਾਸ਼ਟਰਪਤੀ ਪਾਰਕ ਗਿਊਨ-ਹਾਈ ਨੂੰ ਕੰਜਰੀ ਕਹਿ ਕੇ ਓਬਾਮਾ ਨੂੰ ਉਸ ਦਾ ਦੱਲਾ ਤੱਕ ਕਹਿ ਦਿੱਤਾ।

ਇਸ ਪ੍ਰਦੂਸ਼ਣ ਤੋਂ ਵੱਖਰੀ ਗੱਲ ਕਰਨੀ ਹੋਵੇ ਤਾਂ ਚੋਣਾਂ ਵਿਚ ਵਧ ਵੋਟਾਂ ਵਾਲਾ ਇਕ ਪਰਿਵਾਰ ਵੀ ਚਰਚਾ ਵਿਚ ਰਿਹਾ ਜੋ ਮੀਜ਼ੋਰਮ ਤੋਂ ਹੈ। ਜ਼ਿਆਗਾਂ ਕਾ ਚਾਨਾ ਨਾਂ ਦੇ ਮੀਜ਼ੋ ਦੀਆਂ 39 ਪਤਨੀਆਂ, 127 ਬੱਚੇ ਤੇ ਪੋਤੇ-ਪੋਤੀਆ ਹਨ। 70 ਸਾਲਾ ਚਾਨਾ ਦੇ ਕਹਿਣ ਅਨੁਸਾਰ ਉਸ ਤੋਂ ਵੋਟ ਮੰਗਣ ਵਾਲਿਆਂ ਨੇ ਉਸ ਦੇ ਵਿਹੜੇ ਦੀ ਭੋਇੰ ਨੀਵੀਂ ਕਰ ਛੱਡੀ ਹੈ। ਚੋਣਾਂ ਦਾ ਇਹ ਰੰਗ ਸਤਰੰਗੀ ਪੀਂਘ ਵਾਲਾ ਹੈ। ਮਹਾਨ ਭਾਰਤ ਜ਼ਿੰਦਾਬਾਦ!

**ਅੰਤਿਕਾ:** (ਨਾਸਰ ਨਕਵੀ)
ਯਹੀਂ ਕਹੀਂ ਪੇ ਪੁਰਾਨਾ ਮਕਾਨ ਥਾ ਅਪਨਾ,
ਜੋ ਛੱਤ ਨਾ ਥੀ ਨਾ ਸਹੀ ਆਸਮਾਨ ਥਾ ਅਪਨਾ।

# ਸ਼ੋਰ ਨੇ ਵਿਗਾੜਿਆ ਪੰਜਾਬ ਦਾ ਸੁਰ

ਚਲਦੇ-ਚਲਦੇ

**ਦਵਿੰਦਰ ਸਿੰਘ ਗਿੱਲ**
**ਫੋਨ: 91-98550-73018**

ਕੋਈ ਸਮਾਂ ਸੀ ਜਦੋਂ ਪੰਜਾਬ ਦੇ ਪਿੰਡਾਂ ਵਿਚ ਖੁਸ਼ੀ ਅਤੇ ਗਮੀ ਦੇ ਸੁਨੇਹੇ ਭਾਈਚਾਰੇ ਤੱਕ ਪਹੁੰਚਾਉਣ ਲਈ ਕੋਠਿਆਂ 'ਤੇ ਸਪੀਕਰ ਲਾਏ ਜਾਂਦੇ ਸਨ। ਵਿਆਹ ਜਾਂ ਖੁਸ਼ੀ ਦੇ ਹੋਰ ਮੌਕੇ ਕੋਠੇ 'ਤੇ ਸਪੀਕਰ ਲਾਜ਼ਮੀ ਲਗਦੇ। ਮਨੋਰੰਜਨ ਦਾ ਇੱਕ ਮਾਤਰ ਸਾਧਨ ਹੋਣ ਕਾਰਨ ਉਦੋਂ ਇਨ੍ਹਾਂ ਸਪੀਕਰਾਂ 'ਤੇ ਉਜ਼ਰ ਵੀ ਕੋਈ ਨਹੀਂ ਸੀ ਕਰਦਾ। ਦੁੱਖ ਵਿਚ ਤਾਂ ਸਾਡਾ ਭਾਈਚਾਰਾ ਬਿਨਾਂ ਸੱਦੇ ਵੀ ਸ਼ਰੀਕ ਹੋ ਜਾਂਦਾ ਹੈ ਪਰ ਖੁਸ਼ੀ ਵੇਲੇ ਰੁੱਸ ਕੇ ਬਹਿਣਾ ਵੀ ਇਸੇ ਭਾਈਚਾਰੇ ਦੀ ਅਹਿਮ ਪਛਾਣ ਹੈ। ਖੁਸ਼ੀ ਮਨਾਉਣ ਅਤੇ ਸ਼ਰੀਕਾਂ ਨੂੰ ਹੋਰ ਸਾੜਨ ਲਈ ਵੀ ਸਪੀਕਰਾਂ ਦਾ ਸਹਾਰਾ ਲਿਆ ਜਾਂਦਾ। ਮਨੋਰੰਜਨ ਦਾ ਸਾਧਨ ਰਹੇ ਸਪੀਕਰ ਅੱਜ ਸਾਡੀ ਜਾਨ ਦਾ ਖੌਅ ਬਣੇ ਹੋਏ ਹਨ।

ਅਜੋਕਾ ਡੀ.ਜੇ. ਸਿਸਟਮ, ਮੰਜੀਆਂ ਵਾਲੇ ਸਪੀਕਰਾਂ ਦਾ ਹੀ ਸੁਧਰਿਆ (ਵਿਗੜਿਆ) ਰੂਪ ਹੈ। ਕੋਈ ਵੀ ਪ੍ਰੋਗਰਾਮ ਹੋਵੇ, ਡੀ.ਜੇ. ਬਿਨਾਂ ਅਧੂਰਾ ਮੰਨਿਆ ਜਾਣ ਲੱਗਾ ਹੈ। ਇਸ ਡੀ.ਜੇ. ਨੇ ਸਾਡੀਆਂ ਬਹੁਤ ਸਾਰੀਆਂ ਖੁਸ਼ੀਆਂ ਖੋਹ ਲਈਆਂ ਹਨ। ਔਰਤਾਂ ਹੁਣ ਬੋਲੀਆਂ ਪਾ ਕੇ ਗਿੱਧਾ ਪਾਉਣ ਤੋਂ ਗੁਰੇਜ਼ ਕਰਦੀਆਂ ਹਨ। ਬੱਸ, ਡੀ.ਜੇ. 'ਤੇ ਬੇਸੁਰਾ ਜਿਹਾ ਗਾਣਾ ਲਾ ਕੇ ਸਾਰੇ ਪੁੱਠਾ-ਸਿੱਧਾ ਨੱਚਣਾ ਸ਼ੁਰੂ ਕਰ ਦਿੰਦੇ ਹਨ। ਆਪਣੀ ਹੀ ਘਰਵਾਲੀ ਨੂੰ ਯਾਰ ਦੇ ਮਿਹਣੇ ਮਾਰ-ਮਾਰ ਕੇ ਨੱਚਣ ਦਾ ਕਾਰਨਾਮਾ ਪੰਜਾਬੀ ਹੀ ਕਰ ਸਕਦੇ ਹਨ। ਆਸ਼ਕਾਂ-ਮਾਸ਼ੂਕਾਂ ਵਾਲੇ ਗੀਤ ਲਾ ਕੇ ਸਾਰਾ ਟੱਬਰ ਇਕੱਠਾ ਨੱਚ ਰਿਹਾ ਹੁੰਦਾ ਹੈ। ਖੁਸ਼ੀ ਦੇ ਮੌਕੇ ਗਲੀ-ਮੁਹੱਲੇ ਵਾਲਿਆਂ 'ਤੇ ਜੋ ਤਸ਼ੱਦਦ ਕੀਤਾ ਜਾਂਦਾ ਹੈ, ਉਹ ਬਿਆਨ ਤੋਂ ਬਾਹਰ ਹੈ।

ਸ਼ੋਰ ਪ੍ਰਦੂਸ਼ਣ ਨੂੰ ਅਸੀਂ ਅਜੇ ਵੱਡਾ ਖਤਰਾ ਨਹੀਂ ਸਮਝਦੇ। ਅਜੋਕੇ ਸਪੀਕਰਾਂ ਦੀ ਧਮਕ ਕਈ ਵਾਰ ਇਨਸਾਨ ਨੂੰ ਕੰਬਣ ਲਾ ਦਿੰਦੀ ਹੈ। ਬੇਹੱਦ ਉਚੀ ਆਵਾਜ਼ ਨਾਲ ਮਾਨਸਿਕ ਤਣਾਅ ਵਧਣ ਲੱਗਦਾ ਹੈ ਜੋ ਦਿਲ ਦੇ ਰੋਗੀਆਂ ਲਈ ਖਾਸ ਤੌਰ 'ਤੇ ਨੁਕਸਾਨਦਾਇਕ ਹੈ। ਗਰਭਵਤੀ ਮਾਂਵਾਂ, ਬਹੁਤ ਛੋਟੇ ਬੱਚਿਆਂ ਅਤੇ ਬਜ਼ੁਰਗਾਂ 'ਤੇ ਇਸ ਦਾ ਮਾਰੂ ਅਸਰ ਪੈਂਦਾ ਹੈ। ਬੱਚਿਆਂ ਦੇ ਤਾਂ ਬੋਲੇ ਹੋ ਜਾਣ ਦਾ ਖਤਰਾ ਵੀ ਹੋ ਜਾਂਦਾ ਹੈ। ਨੀਂਦ ਵਿਚ ਗੜਬੜ ਅਤੇ ਹੋਰ ਕਈ ਮਾਨਸਿਕ ਰੋਗ ਪੈਦਾ ਹੋ ਜਾਂਦੇ ਹਨ। ਸ਼ੋਰ ਵਿਚ ਇਕਾਗਰਤਾ ਵਾਲਾ ਕੰਮ ਤਾਂ ਦੂਰ, ਸਾਧਾਰਨ ਕੰਮ ਕਰਨੇ ਵੀ ਔਖੇ ਹੋ ਜਾਂਦੇ ਹਨ।

ਦਰਅਸਲ, ਅਸੀਂ ਭਾਰਤੀ ਲੋਕ ਹਰ ਕੰਮ ਵਿਚ ਵਿਖਾਵਾ ਕਰਨ ਦੇ ਆਦੀ ਹਾਂ। ਨਿੱਕੇ-ਨਿੱਕੇ ਕੰਮਾਂ ਲਈ ਵੀ ਸਪੀਕਰ ਲਾ ਕੇ ਢੰਡੋਰਾ ਪਿੱਟਿਆ ਜਾਂਦਾ ਹੈ। ਬੱਸਾਂ 'ਚ ਗੀਤ ਬਹੁਤ ਉਚੀ ਆਵਾਜ਼ 'ਤੇ ਚਲਾਏ ਜਾਂਦੇ ਹਨ। ਹੁਣ ਤਾਂ ਖੈਰ ਵੀਡੀਓ ਦੀ ਸਹੂਲਤ ਵੀ ਬਹੁਤ ਸਾਰੀਆਂ ਬੱਸਾਂ ਵਿਚ ਉਪਲਬਧ ਹੈ।

ਬੱਸਾਂ, ਰੇਲਾਂ ਅਤੇ ਹੋਰ ਜਨਤਕ ਥਾਂਵਾਂ 'ਤੇ ਬਹੁਤ ਉਚੀ ਆਵਾਜ਼ ਵਿਚ ਗੱਲਾਂ ਕੀਤੀਆਂ ਜਾਂਦੀਆਂ ਹਨ। ਸਾਡੇ ਬਹੁ-ਗਿਣਤੀ ਲੋਕਾਂ ਦੇ ਗਲੇ ਵਿਚ ਹੀ ਉਚ ਕੁਆਲਿਟੀ ਦੇ ਸਪੀਕਰ ਫਿੱਟ ਹਨ। ਕਈ ਵਾਰ ਤਾਂ ਮੂਹਰਲੀਆਂ ਅਤੇ ਸਭ ਤੋਂ ਮਗਰਲੀਆਂ ਸੀਟਾਂ 'ਤੇ ਬੈਠੇ ਯਾਤਰੀ ਇੱਕ-ਦੂਜੇ ਨਾਲ ਸੰਵਾਦ ਰਚਾਉਣਾ ਸ਼ੁਰੂ ਕਰ ਦਿੰਦੇ ਹਨ। ਚਾਰ ਗੱਲਾਂ ਨਾਲ ਚਾਲੀ ਗਾਲ੍ਹਾਂ ਕੱਢਣ ਵਾਲੇ ਪੰਜਾਬੀ ਫਿਰ ਕਿਸੇ ਧੀ-ਭੈਣ ਦਾ ਖਿਆਲ ਨਹੀਂ ਕਰਦੇ। ਪਿੰਡ ਦੀ ਸਿਆਸਤ ਤੋਂ ਲੈ ਕੇ ਕੌਮਾਂਤਰੀ ਪੱਧਰ ਤੱਕ ਦੀ ਸਿਆਸਤ ਦਾ ਲੇਖਾ-ਜੋਖਾ ਕੀਤਾ ਜਾਂਦਾ ਹੈ, ਤੇ ਤਕਰੀਬਨ ਸਾਰੇ ਸਿਰਕੱਢ ਲੀਡਰਾਂ ਅਤੇ ਹੋਰ ਮਾਹਿਰਾਂ ਨੂੰ ਸਿਰੇ ਦਾ ਬੇਅਕਲ ਸਿੱਧ ਕਰਨ ਦੇ ਨਾਲ-ਨਾਲ ਗਾਲ੍ਹਾਂ ਦੇ ਗੱਫੇ ਵੀ ਖੂਬ ਵਰਤਾਏ ਜਾਂਦੇ ਹਨ। ਮਹਿੰਗੇ ਮੋਬਾਇਲਾਂ ਵਾਲੇ ਆਪਣੇ ਮੋਬਾਇਲ ਦੀ ਨੁਮਾਇਸ਼ ਲਈ ਉਚੀ ਆਵਾਜ਼ ਵਿਚ ਗਾਣੇ ਚਲਾਉਂਦੇ ਹਨ, ਜਾਂ ਕਿਸੇ ਮਿੱਤਰ ਨਾਲ ਐਨੀ ਉਚੀ ਆਵਾਜ਼ ਵਿਚ ਗੱਲ ਕਰਦੇ ਹਨ ਕਿ ਹੈਰਾਨੀ ਹੁੰਦੀ ਹੈ, ਬਈ ਇਸ ਬੰਦੇ ਨੂੰ ਮੋਬਾਇਲ ਦੀ ਲੋੜ ਹੀ ਕੀ ਹੈ?

ਇਲੈਕਟਰੌਨਿਕ ਮੀਡੀਆ ਆਪਣੇ 'ਸਪੀਕਰਾਂ' ਦੀ ਆਵਾਜ਼ ਐਨੀ ਉਚੀ ਕਰ ਦਿੰਦਾ ਹੈ ਕਿ ਦਰਸ਼ਕਾਂ ਨੂੰ ਦੇਸ਼ ਅਤੇ ਦੁਨੀਆਂ ਅਗਲੇ ਦਿਨ ਹੀ ਬਰਬਾਦ ਹੁੰਦੇ ਨਜ਼ਰ ਆਉਂਦੇ ਹਨ। ਐਂਕਰ (ਸੰਚਾਲਕ) ਅਤੇ ਰਿਪੋਰਟਰ ਐਨੀ ਉਚੀ ਆਵਾਜ਼ ਵਿਚ ਗੱਲ ਕਰਦੇ ਹਨ ਕਿ ਸੁਣਨ ਵਾਲਾ ਮੱਲੋ-ਮੱਲੀ ਹਿੱਲ ਜਾਂਦਾ ਹੈ। ਕੁਝ ਸੰਚਾਲਕ ਤਾਂ ਨੇਤਾਵਾਂ ਅਤੇ ਹੋਰ ਸੀਨੀਅਰ ਮਾਹਿਰਾਂ ਨਾਲ ਐਨੇ ਬੇਹੁਦਾ ਤਰੀਕੇ ਨਾਲ ਪੇਸ਼ ਆਉਂਦੇ ਹਨ ਕਿ ਖੁਦ ਨੂੰ ਸ਼ਰਮ ਆਉਣ ਲੱਗ ਪੈਂਦੀ ਹੈ। ਬੱਚਿਆਂ ਦੀ ਬੋਲ-ਬਾਣੀ ਵਿਗਾੜਨ ਵਿਚ ਇਨ੍ਹਾਂ ਨਿਊਜ਼ ਚੈਨਲਾਂ ਦੇ ਅਖੌਤੀ ਐਂਕਰਾਂ ਦਾ ਵੀ ਵੱਡਾ ਹੱਥ ਹੈ।

ਵਿਆਹਾਂ ਵਿਚ ਨੱਬੇ ਪ੍ਰਤੀਸ਼ਤ ਲੋਕ ਡੀ.ਜੇ. ਦੀ ਆਵਾਜ਼ ਤੋਂ ਦੁਖੀ ਹੁੰਦੇ ਹੋਏ ਪੈਲੇਸ ਤੋਂ ਬਾਹਰ ਬੈਠਣ ਨੂੰ ਤਰਜੀਹ ਦਿੰਦੇ ਹਨ। ਦਸ ਪ੍ਰਤੀਸ਼ਤ ਲੋਕ ਬਾਕੀ ਸਿਆਣਿਆਂ ਦਾ ਜੀਣਾ ਮੁਹਾਲ ਕਰ ਦਿੰਦੇ ਹਨ। ਇਸ ਵਰਤਾਰੇ ਤੋਂ ਇਸ ਸਮਾਜਕ ਸੱਚਾਈ ਦਾ ਬਹੁਤ ਕੀਮਤੀ ਗਣਿਤਕ ਸੂਤਰ ਸਿੱਧ ਹੁੰਦਾ ਹੈ ਕਿ ਇਕ ਮੂਰਖ ਨੌਂ ਸਿਆਣਿਆਂ ਦੇ ਬਰਾਬਰ ਹੁੰਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਸੰਸਾਰ 'ਤੇ ਸਿਆਣਿਆਂ ਨੇ ਸਿਰਫ ਸਿਧਾਂਤ ਘੜੇ ਹਨ ਜਦੋਂ ਕਿ ਬਹੁਤਾ ਸਮਾਂ ਰਾਜ ਮੂਰਖਾਂ ਨੇ ਕੀਤਾ ਹੈ। ਇਸ ਤੋਂ ਇਹ ਵੀ ਸਿੱਟਾ ਨਿਕਲਦਾ ਹੈ ਕਿ



ਮੂਰਖਾਂ ਬਿਨਾਂ ਸੰਸਾਰ ਦਾ ਚੱਲਣਾ ਅਸੰਭਵ ਹੈ।

ਕਾਕਿਆਂ ਦੀਆਂ ਕਾਰਾਂ ਵਿਚ ਚੱਲਣ ਵਾਲਾ ਮਿਊਜ਼ਿਕ ਸਿਸਟਮ ਕਾਰ ਤੋਂ ਬਾਹਰਲਿਆਂ ਨੂੰ ਵੀ ਪ੍ਰੇਸ਼ਾਨ ਕਰਦਾ ਹੈ। ਐਨੇ ਸ਼ੋਰ ਵਿਚ ਕੋਈ ਵੀ ਕਾਰ ਚਾਲਕ ਆਪਣਾ ਮਾਨਸਿਕ ਸੰਤੁਲਨ ਕਾਇਮ ਨਹੀਂ ਰੱਖ ਸਕਦਾ। ਸੰਗੀਤ ਦਾ ਇਹ ਸ਼ੋਰ ਹਾਦਸਿਆਂ ਦਾ ਕਾਰਨ ਬਣਦਾ ਹੈ। ਕੀਮਤੀ ਜਾਨਾਂ ਸਿਰਫ ਮੂਰਖਤਾ ਕਾਰਨ ਚਲੀਆਂ ਜਾਂਦੀਆਂ ਹਨ। ਹੁਣ ਤਾਂ ਟਰੈਕਟਰਾਂ ਉਤੇ ਵੀ ਉਚੀ ਆਵਾਜ਼ ਵਾਲਾ ਮਿਊਜ਼ਿਕ ਸਿਸਟਮ ਲਵਾਉਣ ਦਾ ਰਿਵਾਜ ਹੋ ਗਿਆ ਹੈ। ਸਾਡੇ ਗੀਤਕਾਰਾਂ ਮੁਤਾਬਕ ਹੁਣ ਕੁੜੀ ਵੀ ਮੁੰਡੇ 'ਤੇ ਨਹੀਂ, ਫੋਰਡ 'ਤੇ ਲੱਗੇ ਸਟੀਰੀਓ ਜਾਂ ਟਰੈਕਟਰ ਦੀ ਆਵਾਜ਼ 'ਤੇ ਮਰਦੀ ਹੈ।

ਕਾਰਾਂ ਅਤੇ ਟੈਂਪੂਆਂ 'ਤੇ ਸਪੀਕਰ ਬੰਨ੍ਹ ਕੇ ਚੀਜ਼ਾਂ ਦੀ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ। ਚੋਣਾਂ ਦੇ ਦਿਨਾਂ ਵਿਚ ਤਾਂ ਸਪੀਕਰ ਹਾਥੀਆਂ (ਟਾਟਾ ਦਾ ਛੋਟਾ ਟਰੱਕ) ਦੇ ਸਿਰੀਂ ਜਾ ਬਿਰਾਜਮਾਨ ਹੁੰਦੇ ਹਨ। ਆਮ ਦਿਨਾਂ ਵਿਚ ਇਨ੍ਹਾਂ ਸਪੀਕਰ ਲੱਗੇ ਹਾਥੀਆਂ ਨਾਲ ਪੰਜਾਬ ਵਿਚ ਆਲੂ-ਗੰਢਿਆਂ ਤੋਂ ਲੈ ਕੇ ਮਰਦਾਨਾ ਤਾਕਤ ਦੀਆਂ ਦਵਾਈਆਂ ਤੱਕ ਵੇਚੀਆਂ ਜਾਂਦੀਆਂ ਹਨ।

ਸ਼ੋਰ ਪ੍ਰਕਿਰਤੀ ਦੇ ਹਰ ਅੰਸ਼ ਨੂੰ ਪ੍ਰਭਾਵਿਤ ਕਰਦਾ ਹੈ। ਪੰਛੀ ਆਪਣਾ ਰਾਹ ਭੁੱਲ ਜਾਂਦੇ ਹਨ। ਸਮੁੰਦਰੀ ਜਹਾਜ਼ਾਂ ਅਤੇ ਪਣਡੁੱਬੀਆਂ ਦੇ ਸ਼ੋਰ ਨਾਲ ਮੱਛੀਆਂ ਅਤੇ ਹੋਰ ਸਮੁੰਦਰੀ ਜੀਵ ਪ੍ਰੇਸ਼ਾਨ ਹੁੰਦੇ ਹਨ; ਮੱਛੀਆਂ ਦੀਆਂ ਕੁਝ ਕਿਸਮਾਂ ਤਾਂ ਆਪਣੇ ਪ੍ਰਾਣ ਤੱਕ ਤਿਆਗ ਦਿੰਦੀਆਂ ਹਨ। ਜੀਵਾਂ ਦੇ ਆਪਸੀ ਸੰਚਾਰ ਵਿਚ ਵਿਘਨ ਪੈਂਦਾ ਹੈ। ਉਹ ਆਪਣੇ ਸ਼ਿਕਾਰ ਅਤੇ ਸ਼ਿਕਾਰੀ ਦੀ ਪਛਾਣ ਨਹੀਂ ਕਰ ਸਕਦੇ। ਜੀਵਾਂ ਦੀਆਂ ਕੁਝ ਕਿਸਮਾਂ ਦੀ ਜਣਨ ਸਮਰੱਥਾ ਵੀ ਪ੍ਰਭਾਵਿਤ ਹੁੰਦੀ ਹੈ। ਪੰਜਾਬ ਵਿਚੋਂ ਚਿੜੀਆਂ ਦੇ ਲੋਪ ਹੋਣ ਦਾ ਵੱਡਾ ਕਾਰਨ ਮੋਬਾਇਲ ਟਾਵਰਾਂ ਦੁਆਰਾ ਪਾਇਆ ਜਾ ਰਿਹਾ ਸੂਖਮ ਤਰੰਗਾਂ ਦਾ ਸ਼ੋਰ ਹੈ ਜਿਸ ਨੂੰ ਮਨੁੱਖ ਮਹਿਸੂਸ ਨਹੀਂ ਕਰ ਸਕਦਾ। ਉਚੀ ਆਵਾਜ਼ ਤੋਂ ਡਰਦੇ ਪਾਲਤੂ ਕੁੱਤੇ ਅਕਸਰ ਘਰਾਂ ਵਿਚ ਲੁਕ ਜਾਂਦੇ ਹਨ।

ਸਾਡੇ ਜੀਵਨ ਦਾ ਬਹੁਤਾ ਹਿੱਸਾ ਸ਼ੋਰ-ਸ਼ਰਾਬੇ ਵਿਚ ਬੀਤਦਾ ਹੈ। ਬਹੁਤ ਸਾਰਾ ਸ਼ੋਰ ਸਾਡਾ ਖੁਦ ਅਤੇ ਫਾਲਤੂ ਪੈਦਾ ਕੀਤਾ ਹੋਇਆ ਹੈ। ਅਸੀਂ ਅੱਜ ਤੱਕ ਇਕਾਂਤ ਵਿਚ ਬੈਠ ਕੇ ਆਪਣੇ-ਆਪ ਨਾਲ ਸੰਵਾਦ ਰਚਾਉਣਾ ਸਮਝ ਹੀ ਨਹੀਂ ਸਕੇ। ਜਪਾਨੀ ਅਤੇ ਯੂਰਪੀ ਲੋਕ ਜਨਤਕ ਥਾਂਵਾਂ, ਖਾਸ ਕਰ ਬੱਸਾਂ ਰੇਲਾਂ ਆਦਿ ਵਿਚ ਸਾਡੇ ਵਾਂਗ ਸ਼ੋਰ ਨਹੀਂ ਮਚਾਉਂਦੇ। ਟੈਕਨੋਲੌਜੀ ਦੇ ਅਤਿਅੰਤ ਪਸਾਰ ਦੇ ਬਾਵਜੂਦ ਉਹ ਲੋਕ ਕਿਤਾਬਾਂ ਅਤੇ ਅਖਬਾਰ ਸਾਡੇ ਨਾਲੋਂ ਕਿਤੇ ਜ਼ਿਆਦਾ ਪੜ੍ਹਦੇ ਹਨ। ਅਸੀਂ ਹੋਰ ਕੰਮਾਂ ਵਿਚ ਅੰਗਰੇਜ਼ਾਂ ਦੀ ਬੇਲੋੜੀ ਨਕਲ ਕਰਦੇ ਰਹਿੰਦੇ ਹਾਂ, ਪਰ ਉਨ੍ਹਾਂ ਤੋਂ ਚੰਗਾ ਘੱਟ ਹੀ ਸਿੱਖਦੇ ਹਾਂ। ਜਿਸ ਦਿਨ ਅਸੀਂ ਬੇਲੋੜੇ ਸ਼ੋਰ ਤੋਂ ਨਿਜਾਤ ਪਾ ਲਵਾਂਗੇ, ਸਾਡੀਆਂ ਬਹੁਤ ਸਾਰੀਆਂ ਸਮੱਸਿਆਵਾਂ ਆਪਣੇ-ਆਪ ਹੱਲ ਹੋ ਜਾਣਗੀਆਂ।

## ਪ੍ਰਬਲ ਵਹਿਣ

**ਗੁਰਚਰਨ ਸਿੰਘ ਗਿੱਲ**
**ਚੈਸਟਰਫੀਲਡ, ਵਰਜੀਨੀਆ।**

ਜਦ ਸ਼ਾਮਾਂ ਪੈ ਜਾਣ ਜ਼ਿੰਦਗੀ ਦੀਆਂ
ਉਦੋਂ ਦਰਦ ਹੰਢਾਏ ਜਾਂਦੇ ਨਹੀਂ।
ਗੁਜ਼ਰੇ ਪਲ ਲੰਮੀਆਂ ਉਮਰਾਂ ਦੇ
ਕਦੇ ਭੁਲਾਏ ਜਾਂਦੇ ਨਹੀਂ।

ਪਿਆਰ ਤੇਰੇ ਦੀਆਂ ਸੱਧਰਾਂ ਦਾ
ਜਦ ਲੇਖਾ ਜੋਖਾ ਕਰਦਾ ਹਾਂ,
ਸੱਧਰਾਂ ਨੂੰ ਦੱਬ ਸੀਨੇ ਵਿਚ
ਦਰਦ ਛੁਪਾਏ ਜਾਂਦੇ ਨਹੀਂ।

ਸੋਹਲ ਜਿਹੀ ਇਸ ਜ਼ਿੰਦਗੀ ਨੂੰ
ਰੋਗ ਅਵੱਲਾ ਲਾ ਬੈਠਾ,
ਜਿਹੜੇ ਆਪਣਿਆਂ ਨੇ ਫੱਟ ਲਾਏ
ਉਹ ਕਦੇ ਛੁਪਾਏ ਜਾਂਦੇ ਨਹੀਂ।

ਜਿਹੜੇ ਦਰਦ ਜ਼ਮਾਨੇ ਦਿਤੇ ਐ
ਉਹ ਦਰਦ ਹੰਢਾਉਣੇ ਪੈਣੇ ਨੇ,
ਜਿਹੜੇ ਜ਼ਖਮ ਲਾਏ ਨੇ ਫੁੱਲਾਂ ਨੇ
ਕੰਡਿਆਂ ਨਾਲ ਸੁਆਏ ਜਾਂਦੇ ਨਹੀਂ।

ਸੂਹੇ ਫੁੱਲ ਨਾ ਮੁਰਝਾ ਜਾਵਣ
ਹੰਝੂਆਂ ਦਾ ਪਾਣੀ ਪਾਉਂਦਾ ਰਿਹਾ,
ਜ਼ਿੰਦਗੀ ਦੀ ਬਾਜ਼ੀ ਜਿੱਤ ਕੇ ਵੀ
ਹੁਣ ਜਸ਼ਨ ਮਨਾਏ ਜਾਂਦੇ ਨਹੀਂ।

ਸੱਜਣਾ! ਹੁਣ ਐਨਾ ਗ਼ਮ ਨਾ ਕਰ
ਹਵਾ ਈ ਜ਼ਹਿਰੀ ਹੋ ਗਈ ਏ,
ਜਿਹੜੇ ਕਹਿੰਦੇ ਐ ਵਹਿੰਗੀ ਚੁਕਾਂਗੇ
ਹਾਕਾਂ ਮਾਰ ਬੁਲਾਏ ਜਾਂਦੇ ਨਹੀਂ।

ਸੋਚਾਂ ਦੇ ਪ੍ਰਬਲ ਵਹਿਣਾਂ ਨੂੰ
ਦਿਲ ਦੇ ਵਿਚ ਲੁਕਾਉਂਦਾ ਰਿਹਾ,
ਜਦ ਫੁੱਲ ਹੀ ਕੰਡੇ ਬਣ ਜਾਵਣ
ਫੇਰ ਹਾਰ ਬਣਾਏ ਜਾਂਦੇ ਨਹੀਂ।

ਮਨ ਦੀਆਂ ਸੁਚੀਆਂ ਸੱਧਰਾਂ ਨੂੰ
'ਗਿੱਲ' ਸੂਲੀ ਟੰਗਣਾ ਪੈਂਦਾ ਏ,
ਜਦੋਂ ਸੱਜਣ ਪੱਲਾ ਛੱਡ ਜਾਵਣ
ਫੇਰ ਯਾਰ ਅਜ਼ਮਾਏ ਜਾਂਦੇ ਨਹੀਂ।

## ਨੋਕ-ਝੋਕ



ਐਸ. ਅਸ਼ੋਕ ਭੌਰਾ

# ਵਗਦੇ ਦਰਿਆਵਾਂ ਦੇ ਸੁੱਕੇ ਵਹਿਣ

***'ਰਾਤਾਂ ਕਾਲੀਆਂ 'ਕੱਲੀ ਨੂੰ ਡਰ ਆਵੇ' ਗੀਤ ਵਿਚ ਡਰ ਦੇ ਬਹਾਨੇ ਅਸਲ ਵਿਚ ਮਾਹੀ ਨੂੰ ਚੇਤੇ ਕਰਨ ਦਾ ਸੰਕਲਪ ਲੁਕਿਆ ਹੋਇਆ ਸੀ, ਪਰ ਵਰਤਮਾਨ ਯੁੱਗ ਵਿਚ ਜਿਹੜੇ ਹਾਲਾਤ ਹਨ, ਉਨ੍ਹਾਂ ਵਿਚ ਰਾਤਾਂ ਦੀ ਗੱਲ ਤਾਂ ਛੱਡੋ, ਚੰਗਾ ਭਲਾ ਬੰਦਾ ਦਿਨ ਨੂੰ ਆਠੇ ਵਾਂਗ 'ਕੱਠਾ ਹੋਇਆ ਰਹਿੰਦਾ ਹੈ। ਵਿਗੜੀਆਂ ਹੋਈਆਂ ਜਵਾਨੀਆਂ ਦੇ ਦੌਰ ਵਿਚ ਇਹ ਕਹਿਣਾ ਮਾਇਨਾ ਨਹੀਂ ਰੱਖਦਾ ਕਿ 'ਜਿੰਦ ਮਾਹੀ ਜੇ ਚੱਲਿਓਂ ਪਰਦੇਸ'... ਸਗੋਂ ਸਹਿਮੀ ਹੋਈ ਔਰਤ ਘਰ ਦੀ ਚਾਰ ਦੀਵਾਰੀ ਵਿਚੋਂ ਆਖ ਰਹੀ ਹੈ, 'ਮਾਹੀਆ ਜੇ ਤੂੰ ਸ਼ਹਿਰ ਨੂੰ ਜਾਣਾ, ਮੈਨੂੰ 'ਕੱਲੀ ਨਾ ਛੱਡ ਕੇ ਜਾਣਾ'; ਕਿਉਂਕਿ ਔਰਤ ਸਮਝ ਗਈ ਹੈ ਕਿ ਰੱਖੜੀ ਵੀ ਡਰਾਮਾ ਹੈ, ਤੇ ਨਸ਼ੇ 'ਚ ਧੁੱਤ ਹੋ ਕੇ ਆਥਣੇ ਘਰੇ ਆ ਵੜਨ ਵਾਲਾ ਬਾਬੁਲ ਵੀ ਪਤਾ ਨਹੀਂ ਕੀ ਚੰਦ ਚੜ੍ਹਾ ਦੇਵੇ। ਦੁਖਿਆਰਨ ਧੀਆਂ ਨੂੰ ਹੁਣ ਇੱਜ਼ਤ ਦਾ ਮੁਕੱਦਮਾ ਬਾਪ ਨਾਲ ਵੀ ਲੜਨਾ ਪੈ ਰਿਹਾ ਹੈ। ਹਾਲਾਤ ਹੀ ਦੱਸਦੇ ਹਨ ਕਿ ਕੰਧਾਂ ਨੀਵੀਆਂ ਹੋ ਰਹੀਆਂ ਹਨ ਤੇ ਧੀਆਂ ਉਚੀਆਂ। ਜ਼ਮੀਨੀ ਹਕੀਕਤ ਵਿਚ ਧੀ ਦੀ ਜਿਹੜੀ ਦੁਰਦਸ਼ਾ ਹੋਈ ਹੈ, ਉਹ ਤਾਂ ਕਿਸੇ ਤੋਂ ਛੁਪੀ ਨਹੀਂ ਪਰ ਕੁੱਖ ਵਿਚ ਜਿਹੜੀਆਂ ਛੁਰੀਆਂ ਚੱਲ ਰਹੀਆਂ ਹਨ, ਉਹ ਵਾਰਦਾਤ ਦੇ ਸਾਰੇ ਸਬੂਤ ਹੀ ਨਸ਼ਟ ਕਰ ਰਹੀਆਂ ਹਨ। ਤਾਂ ਹੀ ਸਿਆਣੇ ਕਹਿੰਦੇ ਹਨ ਕਿ ਇਕ ਵਾਰ ਰਾਹ ਤੋਂ ਭਟਕੇ ਨਹੀਂ ਕਿ ਦੁਨੀਆਂ ਧੱਕ ਕੇ ਡੂੰਘੀ ਖਾਈ ਵਿਚ ਸੁੱਟਣ ਲਈ ਕਮਰਕੱਸੇ ਕਰੀ ਬੈਠੀ ਹੈ। ਕਈ ਮਾਂਵਾਂ ਨੇ ਧੀਆਂ ਨੂੰ ਜਨਮ ਤਾਂ ਦਿੱਤਾ ਪਰ ਵਹਿ ਮਾਤਾ ਦੇ ਲਿਖੇ ਲੇਖਾਂ 'ਤੇ ਸਿਆਹੀ ਡੋਲ੍ਹਣ ਨੂੰ ਵੀ ਆਪਣਾ ਹੀ ਫਰਜ਼ ਸਮਝ ਲਿਆ। ਵਿਗਿਆਨ ਇਹ ਆਖਦਾ ਹੈ ਕਿ ਜਿਹੜੇ ਲੋਕ ਸੈਰ ਨਹੀਂ ਕਰਦੇ, ਉਨ੍ਹਾਂ ਦੇ ਸਰੀਰ ਦੀ ਡਰਾਇੰਗ ਹੀ ਵਿੰਗੀ-ਟੇਡੀ ਨਹੀਂ ਹੁੰਦੀ, ਮਨ ਵੀ ਮੈਲਾ-ਕੁਚੈਲਾ ਹੁੰਦਾ ਹੈ। ਵਿਸ਼ਵਾਸ ਇਹ ਆਖਦਾ ਹੈ ਕਿ ਪਰੀਆਂ ਨੂੰ ਹਾਰ ਸ਼ਿੰਗਾਰ ਦੀ ਜ਼ਰੂਰਤ ਨਹੀਂ ਹੁੰਦੀ ਪਰ ਅੱਜ ਦੇ ਜ਼ਮਾਨੇ ਵਿਚ ਬਿਊਟੀ ਪਾਰਲਰ ਦੇ ਕਾਰਖਾਨੇ ਪਰੀਆਂ ਬਣਾਉਣ ਦਾ ਚੰਗਾ ਕਾਰੋਬਾਰ ਚਲਾ ਰਹੇ ਹਨ। ਜਦੋਂ ਇੱਛਾ ਪੂਰੀ ਹੋ ਜਾਵੇ ਤਾਂ ਜ਼ਿੰਦਗੀ ਇਕ ਤਰ੍ਹਾਂ ਨਾਲ ਮੁਸ਼ਕ ਜਿਹਾ ਹੀ ਮਾਰਨ ਲੱਗ ਪੈਂਦੀ ਹੈ। ਆਪਾਂ ਰੋਜ਼ ਹੀ ਦਾਅਵੇ ਵੇਖਦੇ/ਸੁਣਦੇ ਹਾਂ ਕਿ ਵਿਗਿਆਨਕ ਦੌਰ ਵਿਚ ਪ੍ਰਚਾਰ ਤੇ ਪ੍ਰਸਾਰ ਮਾਧਿਅਮ ਹਰ ਘਟਨਾ 'ਤੇ ਅੱਖ ਰੱਖ ਰਹੇ ਹਨ। ਇਹ ਘਟਨਾ ਮਨਘੜਤ ਨਹੀਂ ਪਰ ਮੀਡੀਆ ਨੇ ਚਾਰ ਸਤਰਾਂ ਦੀ ਖ਼ਬਰ ਵਿਚ ਗੱਲ ਮੁਕਾ ਦਿੱਤੀ, ਤੇ ਮੈਨੂੰ ਵਿਸਥਾਰ 'ਚ ਜਾਣ ਲਈ ਭਾਰੀ ਮੁਸ਼ੱਕਤ ਕਰਨੀ ਪਈ ਹੈ। ਦਿਮਾਗ 'ਤੇ ਥੋੜ੍ਹਾ ਬੋਝ ਪਾ ਕੇ ਦੇਖੋ, ਇਹ ਸਭ ਕੁਝ ਹੁਣੇ ਹੋ ਕੇ ਹਟਿਆ ਹੈ। ਮੌਤ ਨੂੰ ਭਜਾਉਣ ਵਿਚ ਰੁੱਝਿਆ ਮਨੁੱਖ ਉਂਜ ਰੋਜ਼ ਹੀ ਮਰ ਰਿਹਾ ਹੈ।***

ਅਖਾਣ ਹੈ ਕਿ 'ਸਵੇਲੇ ਸੌਂ ਸੁਵਖਤੇ ਜਾਗ, ਅਕਲ ਤੇ ਧਨ ਦਾ ਲੱਗੇ ਭਾਗ', ਪਰ ਇਸ ਅਖਾਣ 'ਤੇ ਵਰਤਮਾਨ ਯੁੱਗ ਵਿਚ ਉਹ ਲੋਕ ਵਧੇਰੇ ਅਮਲ ਕਰ ਰਹੇ ਹਨ ਜਿਨ੍ਹਾਂ ਨੂੰ ਜਾਂ ਤਾਂ ਕੰਮ 'ਤੇ ਜਾਣ ਦੀ ਕਾਹਲੀ ਹੈ, ਤੇ ਜਾਂ ਫਿਰ ਤੜਕੇ ਉਠ ਕੇ ਉਹ ਲੋਕ ਧੂਫ-ਬੱਤੀ ਕਰਦੇ ਹਨ ਜਿਨ੍ਹਾਂ ਨੇ ਚੋਲਾ ਪਾ ਕੇ ਸ਼ਰੀਫ਼ ਅਤੇ ਦੁਖੀ ਦੀ ਜੇਬ ਵਿਚ ਹੱਥ ਪਾਉਣਾ ਹੁੰਦਾ ਹੈ। ਇਸ ਵਿਉਂਤਬੰਦੀ ਨਾਲ ਪੈਸਾ ਤਾਂ 'ਕੱਠਾ ਹੋ ਰਿਹਾ ਹੈ ਪਰ ਅਕਲ ਬਾਰੇ ਕੁਝ ਕਹਿਣਾ ਔਖਾ ਹੋ ਗਿਆ ਹੈ। ਇਸ ਨੂੰ ਅਕਲਮੰਦੀ ਕਹਿ ਸਕਦੇ ਹਾਂ? ਜਦੋਂ ਨੇਤਾ ਜੀ ਸਵੇਰੇ ਉਠ, ਅਖ਼ਬਾਰ ਚਮਚਿਆਂ ਮੂਹਰੇ ਕਰ ਕੇ ਆਖਦੇ ਹਨ, 'ਦੇਖ ਆਪਣਾ ਕਾਰਟੂਨ ਕਿੰਨਾ ਸੋਹਣਾ ਬਣਿਐ', ਤਾਂ ਉਹ ਕਾਰਟੂਨ ਵਿਚਲੇ ਦੂਜੇ ਪਾਤਰ ਵੱਲ ਧਿਆਨ ਨਹੀਂ ਦਿੰਦਾ ਕਿ ਉਹ ਉਹਦੇ ਪਿੱਛੇ ਜੁੱਤੀ ਲਾਹ ਕੇ ਦੌੜ ਰਿਹਾ ਹੈ। ਸੱਚ ਇਹ ਵੀ ਹੋ ਜਾਂਦਾ ਹੈ ਕਿ ਗੱਲ ਬਣ ਗਈ ਹੈ ਕਿਉਂਕਿ ਦੁਨੀਆਂ ਹੁਣ ਇਨ੍ਹਾਂ ਨੂੰ ਕਾਰਟੂਨ ਹੀ ਸਮਝਣ ਲੱਗ ਪਈ ਹੈ, ਤੇ ਪਤਾ ਵੀ ਝੱਟ ਲੱਗ ਜਾਂਦਾ ਹੈ ਕਿ ਕੌਣ ਨੇਤਾ ਜੀ ਹਨ।

ਜੇ ਗੀਤ ਦੀਆਂ ਪਹਿਲੀਆਂ ਸਤਰਾਂ ਧਿਆਨ ਨਹੀਂ ਖਿੱਚਦੀਆਂ ਤਾਂ ਪੂਰਾ ਗੀਤ ਸੁਣਨ ਦੀ ਉਤਸੁਕਤਾ ਪੈਦਾ ਨਹੀਂ ਹੁੰਦੀ। ਵਾਦਕ ਹੀ ਜਾਣਦਾ ਹੈ ਕਿ ਬੰਸਰੀ ਸੁਰੀਲੀ ਤਾਂ ਹੀ ਹੋਵੇਗੀ ਜੇ ਹਵਾ ਨੂੰ ਬੰਨ੍ਹ ਕੇ ਪੇਸ਼ ਕਰਨ ਦਾ ਹੁਨਰ ਆਉਂਦਾ ਹੋਵੇਗਾ। ਇਸੇ ਲਈ ਬੰਸਰੀ ਦੀ ਗੱਲ ਕਰਨ ਤੋਂ ਪਹਿਲਾਂ ਹੀ ਭਗਵਾਨ ਕ੍ਰਿਸ਼ਨ ਦਾ ਨੂਰ ਭਰਿਆ ਚਿਹਰਾ ਤੁਹਾਡੀਆਂ ਅੱਖਾਂ ਸਾਹਮਣੇ ਆ ਜਾਂਦਾ ਹੈ। ਕਵਿਤਾ ਨਹੀਂ, ਉਸ ਨੂੰ ਪੇਸ਼ ਕਰਨ ਦਾ ਢੰਗ 'ਵਾਹ! ਇਰਸ਼ਾਦ!!' ਆਖਣ ਲਈ ਮਜਬੂਰ ਕਰਦਾ ਹੈ। ਜਦੋਂ ਪੈਸਾ ਖੂਬ ਆਵੇ ਪਰ ਆ ਕੇ ਚਲਾ ਜਾਵੇ ਤਾਂ ਬੰਦਾ ਆਪਣੇ-ਆਪ ਨੂੰ ਪੁੱਛਣ ਲੱਗ ਪੈਂਦਾ ਹੈ ਕਿ ਉਹ ਕੌਣ ਹੈ? ਕਿਉਂਕਿ ਫਿਰ ਝੂਠੀ ਪ੍ਰਸ਼ੰਸਾ ਕਰਨ ਵਾਲਿਆਂ ਦੇ ਢੋਲਕੀ-ਛੈਣੇ ਗੁਆਚ ਗਏ ਹੁੰਦੇ ਹਨ।

ਕਈ ਲੋਕ ਜ਼ਿੰਦਗੀ ਦੇ ਅਜਿਹੇ ਮੋੜ 'ਤੇ ਮਿਲਦੇ ਹਨ ਕਿ ਤੁਸੀਂ ਲੱਖ ਯਤਨ ਕਰੋ, ਉਨ੍ਹਾਂ ਦੀ ਮਦਦ ਨਹੀਂ ਕਰ ਸਕਦੇ। ਉਨ੍ਹਾਂ ਨੇ ਖੁਦ ਵੀ ਕਾਰਜ ਤਾਂ ਬਹੁਤ ਚੰਗੇ ਕੀਤੇ ਹੁੰਦੇ ਹਨ ਪਰ ਉਨ੍ਹਾਂ ਦੇ ਪੱਲੇ ਦੁੱਖ ਫਿਰ ਵੀ ਖਿੱਲਾਂ ਵਾਂਗ ਭੱਜੇ ਫਿਰਦੇ ਹਨ। ਧੀਆਂ ਧਨ ਬੇਗਾਨਾ, ਧੀਆਂ ਕੰਜਕਾਂ, ਧੀਆਂ ਧਿਆਣੀਆਂ, ਬੜੇ ਅਲੰਕਾਰ ਇਨ੍ਹਾਂ ਨਾਲ ਜੁੜੇ ਹੋਏ ਹਨ ਤੇ ਇਨ੍ਹਾਂ ਮਸੂਮ ਜਿੰਦੜੀਆਂ ਨਾਲ ਕਈ ਵਾਰ ਉਹ ਕੁਝ ਹੋ ਜਾਂਦਾ ਹੈ ਕਿ ਪਤਾ ਨਹੀਂ ਲਗਦਾ, ਹੋ ਕਿਉਂ ਰਿਹਾ ਹੈ ਅਤੇ ਕਰ ਕੌਣ ਰਿਹਾ ਹੈ? ਤੇ ਡਾਢਾ ਅੱਖਾਂ ਕਿਉਂ ਮੀਟ ਕੇ ਬੈਠਾ ਹੈ? ਇਹ ਪੜ੍ਹ ਕੇ ਤੁਹਾਨੂੰ ਲੱਗੇਗਾ ਕਿ ਕਈ ਜ਼ਖ਼ਮਾਂ ਨੇ ਸਾਰੀ ਉਮਰ ਅੱਲੇ ਹੀ ਰਹਿਣਾ ਹੁੰਦਾ ਹੈ, ਤੇ ਕਈਆਂ ਕੋਲ ਦੁੱਖਾਂ ਦੀ ਇਕ ਤਰ੍ਹਾਂ ਨਾਲ ਟਕਸਾਲ ਹੀ ਜਮ੍ਹਾਂ ਹੋ ਜਾਣੀ ਹੁੰਦੀ ਹੈ। ਖ਼ੈਰ! ਦਰੋਣਾਚਾਰੀਆ ਦਾ ਨਿਸ਼ਾਨਾ ਨਾ ਉਕਣ ਕਰ ਕੇ ਹੀ ਅਰਜਨ ਤਾਂ ਮਹਾਨ ਤੇ ਮਹਾਂਬਲੀ ਚੇਲਾ ਬਣ ਗਿਆ ਸੀ ਪਰ ਮਾੜੇ ਦੇ ਲੇਖਾਂ ਵਿਚ ਘੱਟਾ ਪਾਉਣ ਵਾਲੇ ਰੱਬ ਨੂੰ ਕੀ ਕਹੀਏ?

ਜਨਕ ਰਾਜ ਆਪਣੀ ਬੱਚੀ ਸੋਨਾਲੀ ਦਾ ਸੱਤਵਾਂ ਜਨਮ ਦਿਨ ਮਨਾ ਰਿਹਾ ਸੀ। ਘਰ ਵਿਚ ਆਂਢ-ਗੁਆਂਢ 'ਚੋਂ ਚਾਰ-ਪੰਜ ਬੱਚੇ, ਤੇ ਜਨਕ ਦਾ ਦੋਸਤ ਤੇਜਿੰਦਰ ਤੇ ਉਹਦੀ ਵਹੁਟੀ ਵੀ ਆਏ ਹੋਏ ਸਨ। ਜਦੋਂ ਜਨਕ ਦੀ ਘਰਵਾਲੀ ਆਸ਼ਾ, ਮੇਜ਼ 'ਤੇ ਕੇਕ ਵਿਚ ਮੋਮਬੱਤੀਆਂ ਗੱਡ ਕੇ ਜਗਾਉਣ ਲੱਗੀ ਤਾਂ ਉਹਨੇ ਰੋਕ ਕੇ ਕਿਹਾ, "ਆਸ਼ਾ ਪੰਜ ਮਿੰਟ ਰੁਕ, ਮੈਂ ਗੀਤਾ ਨੂੰ ਲੈ ਆਵਾਂ।"

"ਕੀ ਕਰਦੇ ਓ ਤੁਸੀਂ, ਗੀਤਾ ਕਿਤੇ ਢੇਰ 'ਤੇ ਖਾਲੀ ਲਿਫ਼ਾਫੇ ਚੁਗ ਰਹੀ ਹੋਣੀ ਐ। ਗੰਦੇ ਕੱਪੜਿਆਂ ਨਾਲ ਉਹਨੂੰ ਵਿਚ ਬਿਠਾਉਗੇ?"

"ਆਸ਼ਾ, ਗੀਤਾ ਵੀ ਤਾਂ ਕਿਸੇ ਦੀ ਧੀ ਆ। ਕੀ ਹੋਇਆ ਜੇ ਗਰੀਬ ਝੁੱਗੀਆਂ ਵਾਲਿਆਂ ਦੇ ਘਰ ਪਲਦੀ ਆ। ਚਿਹਰੇ 'ਤੇ ਨੂਰ ਦੇਖਿਆ ਉਹਦੇ?" ਤੇ ਜਨਕ ਰਾਜ ਸਾਹਮਣੇ ਝੁੱਗੀਆਂ 'ਚੋਂ ਗੀਤਾ ਨੂੰ ਬੁਲਾਉਣ ਚਲੇ ਗਿਆ।

ਤੇ ਆਸ਼ਾ ਤੇਜਿੰਦਰ ਦੀ ਪਤਨੀ ਨਾਲ ਗੱਲ ਕਰਨ ਲੱਗੀ, "ਭੈਣੇ ਮੈਂ ਇਨ੍ਹਾਂ ਨੂੰ ਬੜਾ ਰੋਕਿਆ, ਝੁੱਗੀ ਵਾਲਿਆਂ ਦੇ ਇਲਾਕੇ ਜਹਾਂਗੀਰਪੁਰੀ 'ਚ ਨਾ ਲੈ ਪਲਾਟ ਪਰ ਇਹ ਰੱਬ ਦਾ ਬੰਦਾ ਨ੍ਹੀਂ ਮੰਨਿਆ। ਪਲਾਟ ਲੈ ਕੇ ਆਹ ਦੋ ਕਮਰੇ ਬਣਾ ਕੇ ਹੀ ਹਟਿਆ। ਪਤਾ ਨਹੀਂ, ਜਦ ਦੇਖੋ ਗੀਤਾ, ਗੀਤਾ। ਕੰਮ ਤੋਂ ਆਊ ਤਾਂ ਇਕ ਗੇੜਾ ਉਨ੍ਹਾਂ ਦੇ ਜ਼ਰੂਰ ਮਾਰੂ। ਮਾਂ ਤਾਂ ਗੀਤਾ ਦੀ ਫਿਰ ਵੀ ਥੋੜ੍ਹੀ ਚੰਗੀ ਐ, ਤੇ ਪਿਉ ਤਾਂ ਸ਼ਕਲ ਦੇਖਣ ਨੂੰ ਰੂਹ ਨ੍ਹੀਂ ਕਰਦੀ। ਪਾਨ ਖਾ-ਖਾ, ਬੀੜੀਆਂ ਪੀ-ਪੀ ਕੇ ਮੂੰਹ ਦਾ ਬੁਰਾ ਹਾਲ ਕੀਤਾ ਪਿਐ... ਲੈ ਆ ਗਈ ਗੀਤਾ।"

ਹੇਠਾਂ ਬਹਿਣ ਲੱਗੀ ਗੀਤਾ ਨੂੰ ਜਨਕ ਨੇ ਸੋਫੇ 'ਤੇ ਨਾਲ ਹੀ ਬਿਠਾ ਲਿਆ। ਉਹਨੂੰ ਪਲੇਟ 'ਚ ਆਪ ਕੇਕ ਪਾ ਕੇ ਦਿੱਤਾ, ਤੇ ਜਾਣ ਲੱਗੀ ਨੂੰ ਵੀਹ ਰੁਪਏ ਦਾ ਨੋਟ ਵੀ ਉਹਦੀ ਮੁੱਠੀ ਵਿਚ ਦੇ ਦਿੱਤਾ।

"ਭਾਵੇਂ ਪੰਜਾਹ ਦੇ ਦਿਓ, ਪਰ ਇਹਦੇ ਪਿਉ ਨੇ ਇਸ ਵਿਚਾਰੀ ਤੋਂ ਖੋਹ ਕੇ ਹੈਗੀ ਤਾਂ ਡੱਫਣੀ ਈ ਆ ਰਾਤ ਨੂੰ।" ਆਸ਼ਾ ਨੇ ਫਿਰ ਆਰ ਲਾ ਹੀ ਦਿੱਤੀ।

ਜਨਕ ਰਾਜ ਦਾ ਪਿੰਡ ਤਾਂ ਹੁਸ਼ਿਆਰਪੁਰ ਲਾਗੇ ਸੀ ਪਰ ਉਹ ਪੱਕੇ ਤੌਰ 'ਤੇ ਹੁਣ ਦਿੱਲੀ ਦਾ ਹੀ ਹੋ ਕੇ ਰਹਿ ਗਿਆ ਸੀ। ਕਲਰਕ ਵਾਲੀ ਸਰਕਾਰੀ ਨੌਕਰੀ ਉਹਦੇ ਰਾਸ ਆ ਗਈ ਸੀ। ਸਤਾਰਾਂ-ਅਠਾਰਾਂ ਸਾਲ ਉਹ ਕਿਰਾਏ 'ਤੇ ਰਿਹਾ, ਤੇ ਦੋ ਕੁ ਸਾਲ ਤੋਂ ਸੌ ਗਜ਼ 'ਚ ਉਹਨੇ ਆਪਣਾ ਘਰ ਬਣਾ ਲਿਆ ਸੀ। ਸੋਨਾਲੀ ਨੇ ਭਾਵੇਂ ਆਸ਼ਾ ਦੀ ਕੁੱਖੋਂ ਜਨਮ ਤਾਂ ਨਹੀਂ ਲਿਆ ਸੀ, ਪਰ ਉਹ ਦੋਵੇਂ ਇਸ ਇਕਲੌਤੀ ਧੀ ਦੇ ਪਿਆਰ 'ਚ ਹਰ ਪਲ ਗਹਿ-ਗੱਚ ਰਹਿੰਦੇ।

ਸੋਨਾਲੀ ਦਿੱਲੀ ਦੇ ਵਧੀਆ ਸਕੂਲ ਵਿਚ ਪੜ੍ਹਨ ਜਾਣ ਲੱਗ ਪਈ ਸੀ। ਜਨਕ ਦਾ ਦਿਲ ਕਰਦਾ ਕਿ ਉਹ ਗੀਤਾ ਨੂੰ ਵੀ ਨਾਲ ਹੀ ਪੜ੍ਹਨ ਲਾਵੇ ਪਰ ਇਹ ਸੰਭਵ ਨਾ ਹੋ ਸਕਿਆ। ਜਨਕ ਰਾਜ ਦੀ ਚੁੱਪ ਵਿਚ ਲੁਕਿਆ ਤਾਂ ਬਹੁਤ ਕੁਝ ਸੀ ਪਰ ਕਈ ਵਾਰ ਜ਼ੁਬਾਨ ਤਾਂ ਹੁੰਦੀ ਹੈ, ਬੱਸ ਆਵਾਜ਼ ਬੰਦ ਹੋ ਗਈ ਹੁੰਦੀ ਹੈ। ਨੰਗੇ ਪੈਰਾਂ ਨਾਲ ਮੈਲੇ-ਕੁਚੈਲੇ ਲੀੜਿਆਂ ਵਿਚ ਘੁੰਮਦੀ ਗੀਤਾ ਨੂੰ ਵੇਖ ਉਹਨੂੰ ਕਈ ਵਾਰ ਇੱਦਾਂ ਲੱਗਦਾ ਸੀ ਜਿਵੇਂ ਗੰਗਾ ਨੂੰ ਧੱਕੇ ਨਾਲ ਗੰਦੇ ਨਾਲ ਵਿਚ ਸੁੱਟਿਆ ਜਾ ਰਿਹਾ ਹੋਵੇ। ਗੀਤਾ ਦੀ ਝੁੱਗੀ ਦੇ ਨਾਲ ਹੀ ਪਾਨ-ਬੀੜੀਆਂ ਵੇਚਣ ਵਾਲੇ ਦੀ ਦੁਕਾਨ ਸੀ, ਹੰਸ ਰਾਜ ਦੀ। ਜਿਸ ਦਿਨ ਜਨਕ ਨੂੰ ਗੀਤਾ ਨਜ਼ਰੀ ਨਾ ਪੈਂਦੀ, ਉਹ ਹੰਸ ਰਾਜ ਤੋਂ ਪੁੱਛਦਾ, "ਕਿਵੇਂ... ਗੀਤਾ ਠੀਕ ਤਾਂ ਹੈ?" ਉਹ ਬੜੀ ਹੈਰਾਨੀ ਨਾਲ ਜੁਆਬ ਦਿੰਦਾ, "ਹਾਂ, ਇਥੇ ਹੀ ਘੁੰਮਦੀ ਸੀ। ਬੜੀ ਚੰਗੀ ਤੇ ਖੂਬਸੂਰਤ ਕੁੜੀ ਆ ਜਿਵੇਂ ਚੰਨ ਮੱਸਿਆ ਵਾਲੀ ਰਾਤ ਨੂੰ ਚੜ੍ਹ ਪਿਆ ਹੋਵੇ। ਕਾਸ਼! ਕਿਤੇ ਇੱਦਾਂ ਦੀ ਕੁੜੀ ਤੇਰੇ ਵਰਗੇ ਬਾਪ ਦੇ ਘਰ ਹੁੰਦੀ। ਊਂ ਯਾਰ, ਪ੍ਰਤਾਪੀ ਰੁੱਖੀ ਜਨਾਨੀ ਹੀ ਨਹੀਂ, ਚੰਡਾਲ ਵੀ ਹੈ। ਨਿੱਕੀ-ਨਿੱਕੀ ਗੱਲ ਤੋਂ ਵਿਚਾਰੀ ਦਾ ਮੂੰਹ ਚੁਪੇੜਾਂ ਨਾਲ ਭੰਨ ਦਿੰਦੀ ਆ। ਕੱਲ੍ਹ ਗੁੱਤੋਂ ਫੜ ਕੇ ਬਹੁਤ ਕੁੱਟੀ ਕਿ ਤੂੰ ਮੰਜੇ 'ਤੇ ਪਈ ਆ ਵਿਹਲੀ, ਲਿਫ਼ਾਫੇ ਨ੍ਹੀਂ ਚੁਗਣ ਗਈ। ਸੀ ਗੀਤਾ ਨੂੰ ਬੁਖ਼ਾਰ ਚੜ੍ਹਿਆ ਹੋਇਆ।"

"ਭਲਾ ਕਿੰਨੇ ਕੁ ਦੇ ਲਿਫ਼ਾਫੇ ਚੁਗ ਲੈਂਦੀ ਹੋਵੇਗੀ?" ਜਨਕ ਰਾਜ ਨੇ ਹਉਕਾ ਲੈ ਕੇ ਸੁਆਲ ਪੁੱਛਿਆ।

"ਹਾ ਹੀ ਕੋਈ ਪੰਜ-ਸੱਤ ਰੁਪਏ ਦੇ।"

ਉਦਾਸ ਮੂੰਹ ਲੈ ਕੇ ਜਨਕ ਰਾਜ ਘਰ ਮੁੜ ਪਿਆ। ਉਹਦਾ ਦਿਲ ਕਰੇ, ਅੱਜ ਆਸ਼ਾ ਨੂੰ ਕੁਝ ਦੱਸ ਦਿਆਂ, ਪਰ ਜੀਭ ਫਿਰ ਮੱਲੋਮੱਲੀ ਦੰਦਾਂ ਹੇਠ ਚਲੀ ਗਈ।

ਫਿਰ ਇਕ ਦਿਨ ਗੀਤਾ ਦਾ ਪਿਉ ਮਰ ਗਿਆ ਪਰ ਉਹਨੇ ਅੱਖ 'ਚੋਂ ਅੱਥਰੂ ਨਾ ਸੁੱਟਿਆ।



ਸਸਕਾਰ ਤੋਂ ਮੁੜਦਿਆਂ ਪ੍ਰਤਾਪੀ ਨੇ ਉਹਨੂੰ ਕਿਸੇ ਬਹਾਨੇ ਫਿਰ ਕੁੱਟਣਾ ਸ਼ੁਰੂ ਕਰ ਦਿੱਤਾ। ਆਖ ਰਹੀ ਸੀ, "ਕਲਜੋਗਣ ਕਿਸੇ ਥਾਂ ਦੀ। ਤੇਰਾ ਪਿਉ ਹੁੰਦਾ ਤਾਂ ਰੋਂਦੀ ਨਾ। ਉਹੀ ਤੇਰਾ ਦੁੱਖ ਮੰਨਦਾ ਸੀ। ਹੁਣ ਮੈਂ ਕਰੂੰ ਤੈਨੂੰ ਡਾਂਗ ਨਾਲ ਡਾਂਗ ਵਰਗੀ ਸਿੱਧੀ... ਕਾਲੇ ਮੂੰਹ ਆਲੀ।"

ਇਹ ਗੱਲ ਜਦੋਂ ਹੰਸ ਰਾਜ ਨੇ ਜਨਕ ਨੂੰ ਦੱਸੀ ਤਾਂ ਉਹਦੀਆਂ ਅੱਖਾਂ ਤਰ ਹੋ ਗਈਆਂ, ਜਿਵੇਂ ਰਾਜਸਥਾਨ ਵਿਚ ਝਨਾਂ ਵਗਣ ਲੱਗ ਪਿਆ ਹੋਵੇ।

"ਤੂੰ ਖਿਆਲ ਰੱਖਿਆ ਕਰ।" ਉਹ ਇੰਨਾ ਹੀ ਕਹਿ ਸਕਿਆ।

"ਇਸ ਤੀਵੀਂ ਤੋਂ ਤਾਂ ਰੱਬ ਡਰਦੈ ਜਨਕ ਰਾਜ ਜੀ।" ਹੰਸ ਰਾਜ ਨੇ ਵੀ ਆਪਣੀ ਬੇਵਸੀ ਜ਼ਾਹਿਰ ਕਰ ਦਿੱਤੀ।

ਦਿਨ ਗੁਜ਼ਰਦੇ ਗਏ। ਗੀਤਾ ਗਿਆਰਾਂ-ਬਾਰਾਂ ਸਾਲਾਂ ਦੀ ਹੋ ਗਈ ਸੀ ਪਰ ਮਾਂ ਉਹਦੇ ਨਾਲ ਕੁੱਤੇ-ਖਾਣੀ ਦਿਨੋ-ਦਿਨ ਤੇਜ਼ ਕਰੀ ਜਾ ਰਹੀ ਸੀ। ਮਮਤਾ ਜਿਵੇਂ ਇਸ ਘਰ ਵਿਚ ਕਤਲ ਹੋ ਗਈ ਹੋਵੇ!

ਆਸ਼ਾ ਤੋਂ ਚੋਰੀ ਜਨਕ ਰਾਜ ਗੀਤਾ ਨੂੰ ਦੂਜੇ ਚੌਥੇ ਦਿਨ ਦਸ-ਵੀਹ ਰੁਪਏ ਦਿੰਦਾ ਸੀ। ਪ੍ਰਤਾਪੀ ਇਸ ਗੱਲ ਨੂੰ ਜਾਣਦੀ ਸੀ ਪਰ ਉਹਨੂੰ ਕੀ ਪਤਾ ਸੀ ਕਿ ਇੱਦਾਂ ਅਸਲ ਵਿਚ ਹੋ ਕਿਉਂ ਰਿਹਾ ਹੈ।

ਜਨਕ ਰਾਜ ਉਸ ਦਿਨ ਛੁੱਟੀ 'ਤੇ ਸੀ। ਦੋ ਕੁ ਵਜੇ ਉਹ ਆਪਣੀ ਮਰੂਤੀ ਕਾਰ ਵਿਚ ਬੇਟੀ ਸੋਨਾਲੀ ਨੂੰ ਸਕੂਲੋਂ ਲੈ ਕੇ ਆਇਆ। ਸੋਨਾਲੀ ਅੱਠਵੀਂ ਜਮਾਤ 'ਚੋਂ ਪਹਿਲੇ ਨੰਬਰ 'ਤੇ ਆਉਣ ਕਰ ਕੇ ਵੱਡਾ ਸਨਮਾਨ ਲੈ ਕੇ ਆਈ ਸੀ। ਆਸ਼ਾ ਨੇ ਕਾਰ ਵਿਚੋਂ ਨਿਕਲਦੀ ਧੀ ਨੂੰ ਜਦੋਂ ਕਾਰ ਵਿਚੋਂ ਚੁੱਕ ਕੇ ਗਲੇ ਲਗਾਇਆ, ਮੱਥਾ ਚੁੰਮਿਆ, 'ਸ਼ਾਬਾਸ਼ ਮੇਰੇ ਪੁੱਤ ਦੇ' ਕਹਿ ਕੇ ਅੰਦਰ ਜਾਣ ਲੱਗੀ ਤਾਂ ਸਾਹਮਣੇ ਝੁੱਗੀਆਂ ਵਿਚ ਰੌਲਾ ਪੈ ਰਿਹਾ ਸੀ। ਲੋਕ 'ਕੱਠੇ ਹੋਏ ਪਏ ਸਨ। ਜਨਕ ਰਾਜ ਘਰ ਅੱਗੇ ਹੀ ਕਾਰ ਖੜ੍ਹੀ ਕਰ ਕੇ ਉਧਰ ਭੱਜਿਆ ਤਾਂ ਸੋਨਾਲੀ ਤੇ ਆਸ਼ਾ ਵੀ ਨਾਲ ਹੀ ਚਲੇ ਗਈਆਂ। ਪ੍ਰਤਾਪੀ ਗੀਤਾ ਨੂੰ ਸਾਈਕਲ ਦੇ ਟਾਇਰ ਨਾਲ ਕੁੱਟ ਰਹੀ ਸੀ, ਜਿਵੇਂ ਥਾਣਾ ਝੁੱਗੀਆਂ 'ਚ ਆ ਗਿਆ ਹੋਵੇ। ਜਨਕ ਰਾਜ ਨੇ ਉਹਦੇ ਹੱਥ 'ਚੋਂ ਟੁੱਟਿਆ ਟਾਇਰ ਖੋਹ ਕੇ ਕਿਹਾ, "ਕਿਉਂ ਮਾਰਦੀ ਏਂ ਇਸ ਮਸੂਮ ਤੇ ਆਪਣੇ ਜਿਗਰ ਦੇ ਟੋਟੇ ਨੂੰ?"

"ਕਿਹੜਾ ਟੋਟਾ... ਇਹ ਤਾਂ ਨਿਰਾ ਗੰਦਾ ਆਂਡਾ ਏ। ਜਿੱਦਣ ਦੀ ਸਿਰੋਂ ਨੰਗੀ ਹੋਈ ਆਂ, ਦੁਖੀ ਕੀਤਾ ਪਿਆ ਕੁੱਲਛਣੀ ਨੇ। ਨਾ ਇਹਨੂੰ ਰੋਟੀਆਂ ਪਕਾਉਣੀਆਂ ਆਉਂਦੀਆਂ, ਨਾ ਦਾਲ, ਨਾ ਸਬਜ਼ੀ। ਘਰੋਂ ਨ੍ਹੀਂ ਨਿਕਲਦੀ। ਢਿੱਡੋਂ ਜੰਮੀ ਹੁੰਦੀ ਤਾਂ ਆਖਦੀ, ਢਿੱਡ ਗੰਦਾ ਨਿਕਲਿਆ। ਪਤਾ ਨਹੀਂ ਕਿਹੜੀ ਅਵਸ ਘਰੇ ਚੁੱਕ ਲਿਆਈ ਆਂ। ਵੱਢਦੀ ਆਂ ਇਹਦਾ ਫਾਹਾ।"

ਫੌਜੀ ਜਿਵੇਂ ਜੰਗ ਹਾਰ ਕੇ ਪਰਤ ਆਇਆ ਹੋਵੇ, ਪਰ ਜਨਕ ਰਾਜ ਪ੍ਰਤਾਪੀ ਨੂੰ ਤਾਂ ਕੁਝ ਨਾ ਕਹਿ ਸਕਿਆ, ਊਂ ਮੱਲੋ-ਮੱਲੀ ਗੀਤਾ ਨੂੰ ਘਰੇ ਲੈ ਆਇਆ। ਉਹਦਿਆਂ ਬੁੱਲ੍ਹਾਂ 'ਤੇ ਨਾ ਰੋਣ ਸੀ, ਨਾ ਅੱਖਾਂ 'ਚ ਸਿੱਲ੍ਹ। ਉਹ ਸ਼ਾਂਤ ਸੀ। ਆਸ਼ਾ ਵੀ ਉਸ ਦਿਨ ਅੰਦਰ ਤੱਕ ਪਿਘਲ ਗਈ ਸੀ। ਉਹਨੇ ਖਾਣੇ ਨੂੰ ਮੂੰਹ ਨਾ ਲਾਇਆ। ਧੱਕੇ ਨਾਲ ਇਕ ਕੇਲਾ ਖਾ ਕੇ ਆਪਣੇ ਘਰ ਵੱਲ ਇਹ ਕਹਿ ਕੇ ਤੁਰ ਪਈ, "ਮਾਂ ਤਾਂ ਐਵੇਂ ਹੀ ਗੁੱਸੇ ਹੋ ਜਾਂਦੀ ਹੈ।" ਉਹਦੇ ਚਿਹਰੇ 'ਤੇ ਵੱਜੀਆਂ ਚੁਪੇੜਾਂ ਦੁੱਖ ਦੱਸ ਰਹੀਆਂ ਸਨ ਕਿ ਚੰਦਰਮਾ ਦਾਗੀ ਹੋ ਰਿਹਾ ਹੈ। ਗੀਤਾ ਰੋਕਦਿਆਂ-ਰੋਕਦਿਆਂ ਵੀ ਚਲੇ ਗਈ।

ਅਗਲੇ ਦਿਨ ਮੂੰਹ ਹਨ੍ਹੇਰੇ ਹੀ ਜਨਕ ਰਾਜ ਹੰਸ ਰਾਜ ਨੂੰ ਪੁੱਛਣ ਚਲੇ ਗਿਆ, "ਇੰਨਾ ਮਾਰਿਆ ਕਿਉਂ ਏ ਪ੍ਰਤਾਪੀ ਨੇ ਕੁੜੀ ਨੂੰ?"

ਭਗਵਾਨ ਸ਼ਿਵ ਦੀ ਤਸਵੀਰ ਅੱਗੇ ਧੂਫ ਵਾਲੀ ਬੱਤੀ ਟਿਕਾਉਂਦਿਆਂ ਹੰਸ ਰਾਜ ਜਿਵੇਂ ਬੱਸ ਰੋਣ ਤੋਂ ਹੀ ਰਹਿ ਗਿਆ ਹੋਵੇ। ਆਖਣ ਲੱਗਾ, "ਜਨਕ ਰਾਜ ਜੀ, ਚੰਗਾ ਹੋਵੇ ਜੇ ਇਹ ਕੁੜੀ ਮਰ ਹੀ ਜਾਵੇ।"

"ਕਿਉਂ? ਕੀ ਗੱਲ ਹੋਈ ਸੀ ਕੱਲ੍ਹ?"

"ਯਾਰ ਇਸ ਪ੍ਰਤਾਪੀ ਨੇ ਸੰਗ-ਸ਼ਰਮ ਲਾਹ ਲਈ ਐ। ਜਿੱਦਣ ਦਾ ਇਹਦੇ ਘਰਵਾਲਾ ਰੱਖਾ ਮਰਿਐ, ਇਹਦੇ ਘਰ ਓਪਰੇ ਮਰਦਾਂ ਦਾ ਆਉਣਾ-ਜਾਣਾ ਵਧੀ ਜਾਂਦਾ। ਆਂਢ-ਗੁਆਂਢ ਅੱਕਿਆ ਪਿਐ। ਕੱਲ੍ਹ ਜਦੋਂ ਗੀਤਾ ਢੇਰ/ਕੂੜੇ ਤੋਂ ਗੰਦੇ-ਮੰਦੇ ਲਿਫ਼ਾਫ਼ੇ ਚੁਗ ਕੇ ਘਰ ਆਈ ਤਾਂ ਕਮਰੇ ਨੂੰ ਅੰਦਰੋਂ ਕੁੰਡੀ ਵੱਜੀ ਹੋਈ ਸੀ। ਇਹ ਵਿਚਾਰੀ ਬਾਹਰ ਹੀ ਬੈਠੀ ਰਹੀ। ਘੰਟੇ ਕੁ ਬਾਅਦ ਕੋਈ ਮਰਦ ਅੰਦਰੋਂ ਨਿਕਲਿਆ। ਗੀਤਾ ਵਿਚਾਰੀ ਕੁਛ ਨ੍ਹੀਂ ਬੋਲੀ ਪਰ ਪ੍ਰਤਾਪੀ ਦੇ ਤਾਂ ਅੱਗ ਹੀ ਲੱਗ ਗਈ ਕਿ ਤੂੰ ਐਥੇ ਲੁੱਚੀਏ ਬੈਠੀ ਕੀ ਕਰਦੀ ਏਂ। ਮਸੂਮ ਢੋਲ ਵਾਂਗ ਕੁੱਟ'ਤੀ, ਤੂੰ ਵੇਖ ਹੀ ਲਿਆ ਸੀ।"

"ਇਹਦਾ ਗਲ ਈ ਨਾ ਘੁੱਟ ਦਈਏ?"

"ਲੁੱਚੀ ਔਰਤ ਦੇ ਤਾਂ ਕੋਈ ਪੈਰਾਂ ਵਲੋਂ ਨ੍ਹੀਂ ਲੰਘਦਾ। ਨਾਲੇ ਹੋਰ ਸੁਣ... ਗਲੀ-ਗੁਆਂਢ ਕੰਨਾਂ 'ਚ ਫੂਕਾਂ ਮਾਰਦੈ ਕਿ ਧੀ ਨੂੰ ਆਪਣੇ ਵਾਲੇ ਪੁੱਠੇ ਕੰਮ ਵਿਚ ਪਾਉਣ ਨੂੰ ਫਿਰਦੀ ਹੈ। ਗੀਤਾ ਵਿਰੋਧ ਕਰਦੀ ਐ ਤਾਂ ਛਿੱਲ ਲਹਿੰਦੀ ਆ ਵਿਚਾਰੀ ਦੀ ਰੋਜ਼।"

ਜਿਵੇਂ ਸੁਦਾਮੇ ਦੇ ਸੱਤੂ ਖਿਲਰ ਗਏ ਹੋਣ। ਜਨਕ ਰਾਜ ਜਿਵੇਂ ਪੱਥਰ ਹੋ ਗਿਆ ਸੀ। ਇੰਨਾ ਦੁੱਖ ਸ਼ਾਇਦ ਕੋਈ ਸਕਾ ਬਾਪ ਵੀ ਧੀ ਦਾ ਨਾ ਮੰਨਦਾ ਹੋਵੇ।

ਦੋ ਕੁ ਦਿਨਾਂ ਬਾਅਦ ਜਨਕ ਰਾਜ ਆਪਣੇ ਪਰਿਵਾਰ ਨਾਲ ਪੰਜਾਬ ਕਿਸੇ ਵਿਆਹ 'ਚ ਸ਼ਾਮਲ ਹੋਣ ਚਲੇ ਗਿਆ ਪਰ ਉਹਨੇ ਆਪਣੀ ਪਤਨੀ ਨੂੰ ਕਿਹਾ, "ਆਸ਼ਾ, ਆਪਾਂ ਆ ਕੇ ਗੀਤਾ ਨੂੰ ਆਪਣੇ ਨਾਲ ਹੀ ਰੱਖ ਲੈਣੈ। ਜਿਥੇ ਇਕ ਵਿਆਹੁਣੀ ਆ, ਦੂਜੀ ਵੀ ਵਿਆਹ ਦਿਆਂਗੇ।"

ਪਰ... ਜਦੋਂ ਉਹ ਗਿਆਰਵੇਂ ਦਿਨ ਘਰ ਪਰਤੇ ਤਾਂ ਸਾਹਮਣੇ ਝੁੱਗੀਆਂ ਵਿਚ ਵਾਜਾ ਵੱਜ ਰਿਹਾ ਸੀ। ਉਹ ਭੱਜ ਕੇ ਦੁਕਾਨ 'ਤੇ ਗਿਆ, ਤੇ ਹੰਸ ਰਾਜ ਨੂੰ ਪੁੱਛਿਆ, "ਵਿਆਹ ਕਿਹਦਾ ਏ ਯਾਰ, ਜੰਞ ਕੀਹਦੀ ਆਈ ਐ?"

"ਗੀਤਾ ਦਾ।"

"ਹੈਂ! ਇਹ ਤਾਂ ਮਸਾਂ ਚੌਦਾਂ ਸਾਲਾਂ ਦੀ ਹੈ। ਜਦੋਂ ਉਹਨੇ ਫੇਰੇ ਹੁੰਦੇ ਵੇਖੇ, ਤਾਂ ਕਾਲਜਾ ਜਿਵੇਂ ਟੁਕੜਿਆਂ ਵਿਚ ਵੰਡਿਆ ਗਿਆ ਹੋਵੇ। ਲਾੜਾ ਪੰਜਾਹਾਂ ਤੋਂ ਉਪਰ ਦਾ ਹੋਵੇਗਾ। ਬੁੱਢਾ ਪੌਲਾ, ਜਾਭਾਂ ਅੰਦਰ, ਤੇ ਦੰਦ ਕਰੇਲੇ ਦੇ ਬੀਆਂ ਵਰਗੇ। ਫੇਰੇ ਮੁੱਕੇ ਤਾਂ ਉਹ ਝੁੱਗੀ ਅੰਦਰ ਵੜੀ ਗੀਤਾ ਦੇ ਗਲ ਲੱਗ ਕੇ ਫਿਸ ਪਿਆ। ਉਹਨੇ ਹੌਲੀ ਦੇਣੀ ਉਹਦੇ ਕੰਨ ਵਿਚ ਕਿਹਾ, "ਗੀਤਾ, ਮੈਂ ਪੁਲਿਸ ਬੁਲਾਉਣ ਲੱਗਾ ਹਾਂ। ਤੂੰ ਨਾ-ਬਾਲਗ ਏ, ਤੇਰਾ ਵਿਆਹ ਨਹੀਂ ਹੋ ਸਕਦਾ।"

ਪਹਿਲੀ ਵਾਰ ਜਿਵੇਂ ਦੁੱਖ ਪਿਘਲ ਗਿਆ ਹੋਵੇ। ਗੀਤਾ ਨੇ ਤਰਲਾ ਕੀਤਾ, "ਅੰਕਲ, ਮੇਰੀ ਕਿਸਮਤ 'ਚ ਰੋੜਾ ਨਾ ਬਣਿਓ। ਥੋਨੂੰ ਮੇਰੀ ਸਹੁੰ।

*(ਬਾਕੀ ਸਫਾ 32 ਉਤੇ)*

## ਗੱਲ ਬਣੀ ਕਿ ਨਹੀਂ

*-ਐਸ. ਅਸ਼ੋਕ ਭੌਰਾ*

### *ਘੜੇ ਤੋਂ ਕੌਲਾ*

**ਇਹ ਮਿਸਲ ਮਸ਼ਹੂਰ ਹੈ ਜੱਗ ਉਤੇ ਕਿ ਚੜ੍ਹਤ ਸਦਾ ਬਣਾਈ ਪੰਜਾਬੀਆਂ ਨੇ।**
**ਜਦੋਂ ਦੇਸ਼ ਜਾਂ ਕੌਮ 'ਤੇ ਪਈ ਬਿਪਤਾ, ਡਾਂਗ ਪਹਿਲਾਂ ਖੜਕਾਈ ਪੰਜਾਬੀਆਂ ਨੇ।**
**ਭਗਤ, ਊਧਮ, ਸਰਾਭੇ ਨੇ ਸ਼ੇਰ ਬਣ ਕੇ ਜਿੰਦ ਤਲੀ ਟਿਕਾਈ ਪੰਜਾਬੀਆਂ ਨੇ।**
**ਜਦੋਂ ਔਰੰਗੇ ਤੋਂ ਜੰਜੂ ਨੂੰ ਪਿਆ ਖਤਰਾ ਤਾਂ ਸੀਸ ਭੇਟ ਚੜ੍ਹਾਈ ਪੰਜਾਬੀਆਂ ਨੇ।**
**ਜਦੋਂ ਕਦੇ ਅਬਦਾਲੀਆਂ ਅੱਤ ਕੀਤੀ, ਚੁੰਨੀ ਫੇਰ ਛੁਡਾਈ ਪੰਜਾਬੀਆਂ ਨੇ।**
**ਜੰਗ ਚੀਨ ਤੇ ਪਾਕਿ ਨਾਲ ਜਦ ਹੋਈ, ਫਿਰਕੀ ਪੂਰੀ ਘੁਮਾਈ ਪੰਜਾਬੀਆਂ ਨੇ।**
**ਸਿਗਨਲ ਦਿੱਤਾ ਏ ਫੇਰ ਇਕ ਅਣਖ ਵਾਲਾ, ਕਿੱਦਾਂ ਦੋਖੀ ਦੇ ਜੜ੍ਹਾਂ 'ਚ ਅੱਕ ਦੇਣਾ।**
**ਦੇਸ਼ ਵਾਸੀਓ ਥੋਤੋਂ ਨਹੀਂ ਚੱਕ ਹੋਇਆ, ਅਸੀਂ ਘੜੇ ਤੋਂ ਕੌਲਾ ਚੱਕ ਦੇਣਾ।**

ਗੁਰਮਤਿ ਵਿਚਾਰ

# ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖ ਦੇ ਅਖੀਰ ਵਿਚ ਗੁਰੂ ਨਾਨਕ ਸਾਹਿਬ ਦੇ ਦਿੱਤੇ ਇਸ ਵਿਚਾਰ ਦੀ ਚਰਚਾ ਕੀਤੀ ਗਈ ਸੀ ਕਿ ਅਕਾਲ ਪੁਰਖ ਕਰਣ-ਕਾਰਨ ਸਮਰੱਥ ਹੈ ਅਤੇ ਜਿਵੇਂ ਜਿਵੇਂ ਉਸ ਨੂੰ ਚੰਗਾ ਲਗਦਾ ਹੈ, ਤਿਵੇਂ ਤਿਵੇਂ ਜੀਵਾਂ ਨੂੰ ਰੋਜ਼ੀ ਦਿੰਦਾ ਹੈ।

ਅਗਲੇ ਸਲੋਕ ਵਿਚ ਦੱਸਿਆ ਗਿਆ ਹੈ ਕਿ ਕੁਝ ਜੀਵ ਸੰਸਾਰ 'ਤੇ ਇਸ ਕਿਸਮ ਦੇ ਹਨ ਜੋ ਮਾਸ ਖਾ ਕੇ ਜਿਉਂਦੇ ਹਨ ਅਤੇ ਦੂਸਰੇ ਉਨ੍ਹਾਂ ਦੇ ਬਿਲਕੁਲ ਵਿਪਰੀਤ ਘਾਹ ਖਾਣ ਵਾਲੇ ਹਨ। ਇਸ ਤੋਂ ਵੀ ਅਲੱਗ ਇੱਕ ਉਹ ਹਨ ਅਰਥਾਤ ਉਹ ਮਨੁੱਖ ਜੋ ਛੱਤੀ ਕਿਸਮ ਦੇ ਵੰਨ-ਸਵੰਨੇ ਸੁਆਦਲੇ ਭੋਜਨ ਖਾਂਦੇ ਹਨ। ਇੱਕ ਜੀਵ ਅਜਿਹੇ ਹਨ ਜੋ ਮਿੱਟੀ ਵਿਚ ਪਲਦੇ ਅਤੇ ਮਿੱਟੀ ਖਾਂਦੇ ਹਨ। ਕਈ ਪ੍ਰਾਣੀ ਪ੍ਰਾਣਾਯਾਮ ਦੇ ਅਭਿਆਸੀ ਹਨ ਅਤੇ ਪ੍ਰਾਣਾਯਾਮ (ਯੋਗ-ਅਭਿਆਸ) ਵਿਚ ਲੱਗੇ ਰਹਿੰਦੇ ਹਨ। ਕੁਝ ਮਨੁੱਖਾਂ ਦਾ ਆਸਰਾ ਅਕਾਲ ਪੁਰਖ ਦਾ ਨਾਮ ਹੈ ਅਤੇ ਉਸ ਦਾ ਨਾਮ ਸਿਮਰਨ ਕਰਨ ਵਿਚ ਲੱਗੇ ਰਹਿੰਦੇ ਹਨ। ਜੋ ਮਨੁੱਖ ਉਸ ਅਕਾਲ ਪੁਰਖ ਨੂੰ ਸਭ ਨੂੰ ਜੀਵਨਦਾਨ ਦੇਣ ਵਾਲਾ ਅਤੇ ਰਾਖਾ ਮੰਨਦੇ ਹਨ, ਉਹ ਆਤਮਕ-ਮੌਤ ਨਹੀਂ ਮਰਦੇ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਿਨ੍ਹਾਂ ਦੇ ਮਨ ਵਿਚ ਉਹ ਅਕਾਲ ਪੁਰਖ ਨਹੀਂ ਵੱਸਦਾ ਉਹ ਮਨੁੱਖ ਠੱਗੇ ਜਾਂਦੇ ਹਨ,

ਇਕਿ ਮਾਸਾਹਾਰੀ ਇਕਿ ਤ੍ਰਿਣੁ ਖਾਹਿ॥
ਇਕਨਾ ਛਤੀਹ ਅੰਮ੍ਰਿਤ ਪਾਹਿ॥
ਇਕਿ ਮਿਟੀਆ ਮਹਿ ਮਿਟੀਆ ਖਾਹਿ॥
ਇਕਿ ਪਉਣ ਸੁਮਾਰੀ ਪਉਣ ਸੁਮਾਰਿ॥
ਇਕਿ ਨਿਰੰਕਾਰੀ ਨਾਮ ਆਧਾਰਿ॥
ਜੀਵੈ ਦਾਤਾ ਮਰੈ ਨ ਕੋਇ॥
ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ॥੨॥
(ਪੰਨਾ ੧੪੪)

ਅਗਲੀ ਪਉੜੀ ਵਿਚ ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ, ਪੂਰੇ ਸਤਿਗੁਰੂ ਰਾਹੀਂ ਦੱਸੀ ਹੋਈ ਕਾਰ ਉਦੋਂ ਹੀ ਕਰ ਸਕਣੀ ਸੰਭਵ ਹੁੰਦੀ ਹੈ ਜਦੋਂ ਮਨੁੱਖ 'ਤੇ ਅਕਾਲ ਪੁਰਖ ਦੀ ਮਿਹਰ ਹੁੰਦੀ ਹੈ। ਜਦੋਂ ਮਨੁੱਖ ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ ਆਪਣੇ ਅੰਦਰੋਂ ਹਉਮੈ ਅਰਥਾਤ ਆਪਾ-ਭਾਵ ਖਤਮ ਕਰ ਲੈਂਦਾ ਹੈ ਤਾਂ ਹੀ ਉਹ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਦਾ ਹੈ। ਜਿਹੜੇ ਮਨੁੱਖ ਗੁਰੂ ਦੇ ਦੱਸੇ ਰਸਤੇ 'ਤੇ ਨਹੀਂ ਚੱਲਦੇ ਅਤੇ ਨਾਮ ਦਾ ਰਸਤਾ ਛੱਡ ਕੇ ਮਾਇਆਵੀ ਕਾਰਜਾਂ ਵਿਚ ਲੱਗ ਜਾਂਦੇ ਹਨ, ਉਹ ਆਪਣੇ ਮਨੁੱਖ ਜਨਮ ਨੂੰ ਅਜਾਈਂ ਗੁਆ ਲੈਂਦੇ ਹਨ। ਨਾਮ ਨੂੰ ਮਨ ਤੋਂ ਵਿਸਾਰ ਕੇ ਜੋ ਵੀ ਖਾਈਦਾ ਜਾਂ ਪਹਿਨੀਦਾ ਹੈ, ਉਹ ਇੱਕ ਤਰ੍ਹਾਂ ਨਾਲ ਉਸ ਜ਼ਹਿਰ ਦੇ ਸਮਾਨ ਹੁੰਦਾ ਹੈ ਜਿਸ ਨਾਲ ਆਤਮਕ ਮੌਤ ਮਰ ਜਾਈਦਾ ਹੈ। ਸਤਿਗੁਰ ਦੇ ਸੱਚੇ ਸ਼ਬਦ ਰਾਹੀਂ ਅਕਾਲ ਪੁਰਖ ਦੀ ਸਿਫਤਿ ਨੂੰ ਗਾਉਣ ਨਾਲ ਮਨ ਉਸ ਸੱਚੇ ਪਰਵਰਦਗਾਰ ਵਿਚ ਜੁੜ ਜਾਂਦਾ ਹੈ। ਸਤਿਗੁਰ ਦੀ ਦੱਸੀ ਕਾਰ ਕਰਨ ਤੋਂ ਬਿਨਾ ਮਨ ਸੁੱਖ ਵਿਚ ਨਹੀਂ ਟਿਕ ਸਕਦਾ, ਅਨੰਦ ਦੀ ਪ੍ਰਾਪਤੀ ਨਹੀਂ ਕਰ ਸਕਦਾ, ਇਸ ਲਈ ਵਾਰ ਵਾਰ ਸੰਸਾਰ 'ਤੇ ਜਨਮ ਲਈਦਾ ਹੈ ਅਤੇ ਮਰੀਦਾ ਹੈ। ਨਾਮ ਸਿਮਰਨ ਤੋਂ ਬਿਨਾ ਬਾਕੀ ਦੁਨਿਆਵੀ ਕਾਰ ਖੋਟੀ ਰਾਸ ਹੈ ਅਰਥਾਤ ਦੁਨਿਆਵੀ ਪਿਆਰ ਝੂਠਾ ਹੈ ਅਤੇ ਇਹ ਕਮਾਈ ਕੂੜ ਦੀ ਕਮਾਈ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਉਸ ਅਕਾਲ ਪੁਰਖ ਨਾਲ ਆਪਣਾ ਮਨ ਜੋੜ ਕੇ ਉਸ ਦੀ ਸੱਚੀ ਸਿਫਤਿ-ਸਾਲਾਹ ਕਰਨ ਨਾਲ ਇਸ ਸੰਸਾਰ ਤੋਂ ਇੱਜ਼ਤ ਨਾਲ ਜਾਈਦਾ ਹੈ,

ਪੂਰੇ ਗੁਰ ਕੀ ਕਾਰ ਕਰਮਿ ਕਮਾਈਐ॥
ਗੁਰਮਤੀ ਆਪੁ ਗਵਾਇ ਨਾਮੁ ਧਿਆਈਐ॥
(ਪੰਨਾ ੧੪੪)

ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਜੇ ਅਕਾਲ ਪੁਰਖ ਨੂੰ ਚੰਗਾ ਲੱਗੇ, ਜਦੋਂ ਉਸ ਦੀ ਰਜ਼ਾ ਹੋਵੇ ਤਾਂ ਕਈ ਜੀਵ ਸਾਜ਼ ਵਜਾਉਂਦੇ ਹਨ, ਉਸ ਦੀ ਸਿਫਤਿ-ਸਾਲਾਹ ਗਾਉਂਦੇ ਹਨ ਅਤੇ ਤੀਰਥਾਂ 'ਤੇ ਇਸ਼ਨਾਨ ਕਰਦੇ ਹਨ। ਜੇ ਉਸ ਦੀ ਰਜ਼ਾ ਹੋਵੇ ਤਾਂ ਕਈ ਜੀਵ ਜੋਗੀ ਬਣ ਕੇ ਤਪੱਸਿਆ ਕਰਦੇ ਹਨ, ਪਿੰਡੇ 'ਤੇ ਬਿਭੂਤ ਅਰਥਾਤ ਧੂਣੇ ਦੀ ਸੁਆਹ ਮਲਦੇ ਹਨ, ਸਿੰਙੀ ਅਤੇ ਨਾਦ ਵਜਾਉਂਦੇ ਹਨ। ਉਸ ਦੀ ਰਜ਼ਾ ਵਿਚ ਹੀ ਮੁਸਲਮਾਨੀ ਮੱਤ ਅਨੁਸਾਰ ਕੁਰਾਨ ਸ਼ਰੀਫ ਪੜ੍ਹਦੇ ਹਨ ਅਤੇ ਆਪਣੇ ਆਪ ਨੂੰ ਮੁਲਾਂ ਅਤੇ ਸ਼ੇਖ (ਧਾਰਮਿਕ ਆਗੂ) ਅਖਵਾਉਂਦੇ ਹਨ, ਕਈ ਰਾਜੇ ਬਣ ਜਾਂਦੇ ਹਨ ਅਤੇ ਵੱਖਰੇ ਵੱਖਰੇ ਸੁਆਦ ਵਾਲੇ ਭੋਜਨ-ਪਦਾਰਥ ਖਾਂਦੇ ਹਨ। ਉਸ ਦੀ ਰਜ਼ਾ ਵਿਚ ਹੀ ਕਈ ਤਲਵਾਰ ਚਲਾਉਂਦੇ ਹਨ ਅਤੇ ਧੌਣ ਨਾਲੋਂ ਸਿਰ ਵੱਢੇ ਜਾਂਦੇ ਹਨ। ਕਈ ਪਰਦੇਸ ਚਲੇ ਜਾਂਦੇ ਹਨ ਅਤੇ ਉਥੋਂ ਦੀਆਂ ਗੱਲਾਂ ਸੁਣ ਕੇ ਫਿਰ ਘਰ ਵਾਪਸ ਪਰਤ ਆਉਂਦੇ ਹਨ। ਇਹ ਉਸ ਅਕਾਲ ਪੁਰਖ ਦੀ ਰਜ਼ਾ ਹੀ ਹੈ ਕਿ ਜੀਵ ਉਸ ਦੇ ਨਾਮ ਵਿਚ ਜੁੜ ਜਾਂਦੇ ਹਨ, ਜੋ ਉਸ ਦੀ ਰਜ਼ਾ ਵਿਚ ਤੁਰਦੇ ਹਨ ਉਹ ਉਸ ਅਕਾਲ ਪੁਰਖ ਨੂੰ ਚੰਗੇ ਲਗਦੇ ਹਨ, ਪਿਆਰੇ ਲੱਗਦੇ ਹਨ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਉਸ ਅਕਾਲ ਪੁਰਖ ਦੀ ਰਜ਼ਾ ਵਿਚ ਤੁਰਨ ਤੋਂ ਬਿਨਾ ਬਾਕੀ ਸਭ ਕੂੜ ਕਮਾਉਂਦੇ ਹਨ,

ਤੁਧੁ ਭਾਵੈ ਤਾ ਵਾਵਹਿ ਗਾਵਹਿ
ਤੁਧੁ ਭਾਵੈ ਜਲਿ ਨਾਵਹਿ॥
ਜਾ ਤੁਧੁ ਭਾਵੈ ਤਾ ਕਰਹਿ ਬਿਭੂਤਾ
ਸਿੰਙੀ ਨਾਦੁ ਵਜਾਵਹਿ॥
ਜਾ ਤੁਧੁ ਭਾਵੈ ਤਾ ਪੜਹਿ ਕਤੇਬਾ
ਮੁਲਾ ਸੇਖ ਕਹਾਵਹਿ॥
ਜਾ ਤੁਧੁ ਭਾਵੈ ਤਾ ਹੋਵਹਿ ਰਾਜੇ
ਰਸ ਕਸ ਬਹੁਤੁ ਕਮਾਵਹਿ॥
(ਪੰਨਾ ੧੪੪-੧੪੫)

ਉਪਰ ਦੱਸੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਨੇ ਰੱਬ ਦੀ ਰਜ਼ਾ ਦੀ ਗੱਲ ਕੀਤੀ ਹੈ। ਇਸੇ ਤਰ੍ਹਾਂ ਅਗਲੇ ਸਲੋਕ ਵਿਚ ਵੀ ਦੱਸਿਆ ਹੈ ਕਿ ਉਹ ਅਕਾਲ ਪੁਰਖ ਵੱਡੇ ਤੋਂ ਵੱਡਾ ਅਤੇ ਸਰਬ-ਉਚ ਹੈ। ਇਸ ਲਈ ਉਸ ਦੇ ਹੁਕਮ ਵਿਚ ਜੋ ਕੁਝ ਵੀ ਹੋ ਰਿਹਾ ਹੈ, ਸਭ ਚੰਗਾ ਹੀ ਚੰਗਾ ਹੈ, ਕਿਉਂਕਿ ਉਹ ਆਪ ਚੰਗਾ ਹੈ।

ਗੁਰੂ ਨਾਨਕ ਦੇਵ ਅਰਦਾਸ ਦੇ ਰੂਪ ਵਿਚ ਆਖ ਰਹੇ ਹਨ, ਹੇ ਅਕਾਲ ਪੁਰਖ ਤੂੰ ਵੱਡਾ ਹੈਂ, ਸਰਬ-ਉਚ ਹੈਂ, ਇਸ ਲਈ ਸੰਸਾਰ ਵਿਚ ਜੋ ਵੀ ਹੋ ਰਿਹਾ ਹੈ, ਤੇਰੇ ਹੁਕਮ ਵਿਚ ਹੋ ਰਿਹਾ ਹੈ। ਸਭ ਤੇਰੀਆਂ ਵਡਿਆਈਆਂ ਹਨ ਕਿਉਂਕਿ ਤੂੰ ਚੰਗਾ ਹੈਂ, ਇਸ ਲਈ ਚੰਗੇ ਤੋਂ ਚੰਗਿਆਈ ਹੀ ਪੈਦਾ ਹੋ ਰਹੀ ਹੈ। ਉਹ ਅਕਾਲ ਪੁਰਖ ਸਭ ਦਾ ਸਿਰਜਣਹਾਰ ਅਤੇ ਸੱਚਾ ਹੈ, ਇਸ ਲਈ ਹਰ ਇੱਕ ਜੀਵ ਵੀ ਸੱਚਾ ਹੀ ਦਿਸਦਾ ਹੈ ਕਿਉਂਕਿ ਹਰ ਜੀਵ ਅੰਦਰ ਉਸ ਅਕਾਲ ਪੁਰਖ ਦਾ ਨਿਵਾਸ ਹੈ। ਉਸ ਪਰਮਾਤਮਾ ਦੀ ਸਰਬਵਿਆਪਕਤਾ ਕਾਰਨ ਕੁਝ ਵੀ ਕੂੜ (ਝੂਠਾ) ਨਹੀਂ ਹੈ। ਬਾਹਰੀ ਸੰਸਾਰ ਵਿਚ ਜੋ ਕੁਝ ਵੀ ਨਜ਼ਰ ਆ ਰਿਹਾ ਹੈ ਜਿਵੇਂ ਆਖਣਾ-ਵੇਖਣਾ, ਬੋਲ-ਚਾਲ, ਜਿਉਣਾ-ਮਰਨਾ ਆਦਿ ਇਹ ਸਭ ਮਾਇਆ-ਰੂਪ ਹੈ, ਅਸਲੀਅਤ ਅਕਾਲ ਪੁਰਖ ਹੈ ਜੋ ਸਦੀਵੀ ਅਤੇ ਸੱਚਾ ਹੈ।

ਗੁਰੂ ਸਾਹਿਬ ਕਹਿੰਦੇ ਹਨ ਕਿ ਉਹ ਸਦਾ ਰਹਿਣ ਵਾਲਾ ਅਕਾਲ ਪੁਰਖ ਆਪਣੇ ਹੁਕਮ ਵਿਚ ਇਸ ਸੰਸਾਰ ਦੀ ਰਚਨਾ ਕਰਦਾ ਹੈ ਅਤੇ ਜੀਵਾਂ ਦੀ ਰਚਨਾ ਕਰਕੇ ਉਨ੍ਹਾਂ ਨੂੰ ਆਪਣੇ ਹੁਕਮ ਵਿਚ ਹੀ ਰੱਖਦਾ ਹੈ ਅਰਥਾਤ ਉਸ ਦੇ ਹੁਕਮ ਵਿਚ ਰਚਿਆ ਸੰਸਾਰ ਹੁਕਮ ਵਿਚ ਹੀ ਚੱਲ ਰਿਹਾ ਹੈ,

ਜਾ ਤੂੰ ਵਡਾ ਸਭਿ ਵਡਿਆਂਈਆ
ਚੰਗੈ ਚੰਗਾ ਹੋਈ॥
ਜਾ ਤੂੰ ਸਚਾ ਤਾ ਸਭੁ ਕੋ ਸਚਾ
ਕੂੜਾ ਕੋਇ ਨ ਕੋਈ॥
ਆਖਣੁ ਵੇਖਣੁ ਬੋਲਣੁ ਚਲਣੁ
ਜੀਵਣੁ ਮਰਣਾ ਧਾਤੁ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ
ਨਾਨਕ ਸਚਾ ਆਪਿ॥੨॥ (ਪੰਨਾ ੧੪੫)

ਉਪਰਲੇ ਦੋ ਸਲੋਕਾਂ ਵਿਚ ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਦੀ ਰਜ਼ਾ ਅਤੇ ਉਸ ਦੇ ਵਿਆਪਕ ਹੁਕਮ ਦੀ ਗੱਲ ਕੀਤੀ ਹੈ ਜਿਸ ਵਿਚ ਇਹ ਸਾਰਾ ਸੰਸਾਰ ਕਾਰਜਸ਼ੀਲ ਹੈ। ਇਸ ਪਉੜੀ ਵਿਚ ਉਹ ਜੀਵ ਨੂੰ ਅਕਾਲ ਪੁਰਖ ਦੇ ਹੁਕਮ ਨੂੰ ਸਮਝਣ ਅਤੇ ਉਸ ਅਨੁਸਾਰ ਚੱਲਣ ਦਾ ਉਪਦੇਸ਼ ਦਿੰਦੇ ਹਨ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜੇ ਬੇਝਿਜਕ ਹੋ ਕੇ ਸੱਚੇ ਦਿਲ ਨਾਲ ਉਸ ਅਕਾਲ ਪੁਰਖ ਦੇ ਹੁਕਮ ਨੂੰ ਮੰਨੀਏ ਤਾਂ ਮਨੁੱਖੀ ਮਨ ਦੀ ਸਾਰੀ ਭਟਕਣਾ ਅਤੇ ਭਰਮ ਦੂਰ ਹੋ ਜਾਂਦੇ ਹਨ। ਮਨੁੱਖ ਨੂੰ ਉਹ ਕਾਰ ਹੀ ਕਰਨੀ ਚਾਹੀਦੀ ਜੋ ਗੁਰੂ ਕਰਨ ਲਈ ਆਖੇ ਅਰਥਾਤ ਗੁਰੂ ਦੇ ਦੱਸੇ ਰਸਤੇ 'ਤੇ ਚੱਲਣਾ ਚਾਹੀਦਾ ਹੈ। ਉਹੋ ਮਨੁੱਖ ਉਸ ਅਕਾਲ ਪੁਰਖ ਦਾ ਨਾਮ ਸਿਮਰਨ ਕਰਦਾ ਹੈ ਜਿਸ ਉਤੇ ਵਾਹਿਗੁਰੂ ਦੀ ਮਿਹਰ ਹੁੰਦੀ ਹੈ ਅਰਥਾਤ ਉਸ ਅਕਾਲ ਪੁਰਖ ਦਾ ਨਾਮ ਤਾਂ ਹੀ ਸਿਮਰਿਆ ਜਾ ਸਕਦਾ ਹੈ ਜੇ ਸਤਿਗੁਰੂ ਆਪਣੀ ਮਿਹਰ ਕਰੇ। ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲੇ ਮਨੁੱਖ ਉਸ ਅਕਾਲ ਪੁਰਖ ਦੀ ਭਗਤੀ ਦਾ ਫਲ ਪ੍ਰਾਪਤ ਕਰਦੇ ਹਨ। ਪਰ ਇਸ ਦੇ ਉਲਟ ਜੋ ਮਨੁੱਖ ਆਪਣੇ ਮਨ ਦੀ ਮਤ ਅਨੁਸਾਰ ਚੱਲਦੇ ਹਨ ਭਾਵ ਗੁਰੂ ਦੀ ਸਿੱਖਿਆ ਨੂੰ ਨਹੀਂ ਮੰਨਦੇ, ਉਹ ਨਿਰਾ ਹਨੇਰਾ, ਨਿਰਾ ਕੂੜ ਹੀ ਖੱਟਦੇ ਹਨ। ਜੋ ਮਨੁੱਖ ਉਸ ਸੱਚੇ ਦੇ ਦਰਵਾਜ਼ੇ 'ਤੇ ਜਾ ਕੇ ਉਸ ਅਕਾਲ ਪੁਰਖ ਦੇ ਸੱਚੇ ਚਰਨਾਂ ਨਾਲ ਮਨ ਜੋੜ ਕੇ ਸੱਚਾ ਨਾਮ ਜਪਦੇ ਹਨ, ਉਨ੍ਹਾਂ ਨੂੰ ਉਸ ਸੱਚੇ ਨਾਮ ਦੀ ਬਰਕਤ ਨਾਲ ਸੱਚੇ ਦੀ ਹਜ਼ੂਰੀ ਵਿਚ ਥਾਂ ਪ੍ਰਾਪਤ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਆਖਦੇ ਹਨ, ਜਿਸ ਮਨੁੱਖ ਕੋਲ ਸਦਾ ਸੱਚ ਹੈ, ਜੋ ਸੱਚੇ ਰਸਤੇ 'ਤੇ ਚੱਲਦਾ ਹੈ, ਉਹ ਸੱਚ ਦਾ ਵਣਜ ਕਰਨ ਵਾਲਾ ਹੈ ਅਤੇ ਉਹ ਸਦਾ ਸੱਚ ਵਿਚ ਲੀਨ ਰਹਿੰਦਾ ਹੈ,

ਸਤਿਗੁਰੁ ਸੇਵਿ
ਨਿਸੰਗੁ ਭਰਮੁ ਚੁਕਾਈਐ॥
ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ॥
ਸਤਿਗੁਰੁ ਹੋਇ ਦਇਆਲੁ
ਤ ਨਾਮੁ ਧਿਆਈਐ॥ (ਪੰਨਾ ੧੪੫)

ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਉਸ ਤਤਕਾਲੀਨ ਸਮੇਂ ਅਤੇ ਹਾਲਾਤ 'ਤੇ ਚਾਨਣ ਪਾ ਰਹੇ ਹਨ ਜੋ ਉਸ ਵੇਲੇ ਹਿੰਦੁਸਤਾਨ ਵਿਚ ਵਰਤ ਰਿਹਾ ਸੀ ਅਤੇ ਜਿਸ ਵਿਚ ਮਨੁੱਖਾਂ ਦੇ ਸੁਭਾ ਵੀ ਉਸ ਸਮੇਂ ਦੇ ਅਨੁਸਾਰ ਬਦਲ ਕੇ ਬੁਰੇ ਹੋ ਗਏ ਸਨ। ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਇਹ ਕਲਿਜੁਗ ਦਾ ਸਮਾਂ ਛੁਰੀ ਵਰਗਾ ਹੈ ਜਿਸ ਵਿਚ ਰਾਜੇ ਜ਼ਾਲਮ ਹੋ ਗਏ ਹਨ ਅਤੇ ਪਰਜਾ ਉਤੇ ਜ਼ੁਲਮ ਕਰ ਰਹੇ ਹਨ, ਇਨਸਾਫ (ਧਰਮ) ਜਿਵੇਂ ਪੰਖ ਲਾ ਕੇ ਉਡ ਗਿਆ ਹੋਵੇ ਅਰਥਾਤ ਨੇਕੀ ਅਤੇ ਇਨਸਾਫ ਬਿਲਕੁਲ ਖ਼ਤਮ ਹੋ ਗਿਆ ਹੈ। ਇਸ ਬੇਇਨਸਾਫੀ ਕਰਕੇ ਝੂਠ ਦਾ ਹਨੇਰਾ ਚਾਰੇ ਪਾਸੇ ਫੈਲ ਗਿਆ ਹੈ ਅਤੇ ਇਸ ਹਨੇਰੇ ਕਾਰਨ ਸੱਚ ਰੂਪ ਚੰਦ੍ਰਮਾ ਨਜ਼ਰ ਨਹੀਂ ਆ ਰਿਹਾ, ਜਾਪਦਾ ਹੈ ਜਿਵੇਂ ਕਦੀ ਚੜ੍ਹਿਆ ਹੀ ਨਾ ਹੋਵੇ। ਭਾਵ ਝੂਠ ਅਤੇ ਜ਼ੁਲਮ ਦਾ ਪਾਸਾਰ ਏਨਾ ਵੱਧ ਗਿਆ ਹੈ ਕਿ ਸੱਚ ਨਾਮ ਦੀ ਚੀਜ਼ ਕਿਧਰੇ ਨਜ਼ਰ ਹੀ ਨਹੀਂ ਆ ਰਹੀ। ਗੁਰਬਾਣੀ ਵਿਚ ਮਨੁੱਖ ਲਈ ਜੀਵ-ਇਸਤਰੀ ਅਤੇ ਅਕਾਲ ਪੁਰਖ ਲਈ ਪਤੀ ਦਾ ਪ੍ਰਤੀਕ ਆਮ ਵਰਤਿਆ ਗਿਆ ਹੈ। ਇਥੇ ਵੀ ਗੁਰੂ ਨਾਨਕ ਸਾਹਿਬ ਜੀਵ-ਇਸਤਰੀ ਦੇ ਰੂਪ ਵਿਚ ਆਪਣੀ ਵੇਦਨਾ ਦੱਸਦੇ ਹਨ ਕਿ ਸੱਚ ਅਤੇ ਨਿਆਂ ਦਾ ਰਸਤਾ ਲੱਭਦੇ ਲੱਭਦੇ ਮੈਂ ਵਿਆਕੁਲ ਹੋ ਗਈ ਹਾਂ ਅਤੇ ਥੱਕ ਗਈ ਹਾਂ ਕਿਉਂਕਿ ਇਸ ਕੂੜ ਦੇ ਹਨੇਰੇ ਵਿਚ ਮੈਨੂੰ ਕੁਝ ਵੀ ਨਜ਼ਰ ਨਹੀਂ ਆ ਰਿਹਾ। ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਦੁਨੀਆਂ ਹਉਮੈ ਦੇ ਕਾਰਨ ਦੁੱਖ ਭੋਗ ਰਹੀ ਹੈ, ਕਿਵੇਂ ਇਸ ਸੰਸਾਰ ਦੀ ਖਲਾਸੀ ਹੋਵੇਗੀ,

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥੧॥
(ਪੰਨਾ ੧੪੫)

ਪਹਿਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਪ੍ਰਸ਼ਨ ਕਰਦੇ ਹਨ, ਇਸ ਕਲਿਜੁਗ ਦੇ ਹਨੇਰੇ ਵਿਚੋਂ ਕਿਵੇਂ ਨਿਕਲਿਆ ਜਾਵੇ? ਅਗਲਾ ਸਲੋਕ ਗੁਰੂ ਅਮਰਦਾਸ ਜੀ ਦਾ ਹੈ ਜੋ ਇਸ ਕਲਿਜੁਗ ਵਿਚ ਦੁਨੀਆਂ ਦੇ ਉਧਾਰ ਦਾ ਰਸਤਾ ਵੀ ਦੱਸਦੇ ਹਨ ਕਿ ਇਸ ਵਿਚੋਂ ਕਿਵੇਂ ਨਿਕਲਿਆ ਜਾ ਸਕਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇਸ ਕਲਿਜੁਗ ਦੇ ਹਨੇਰੇ ਨੂੰ ਦੂਰ ਕਰਨ ਲਈ ਅਕਾਲ ਪੁਰਖ ਦੀ ਸਿਫਤਿ-ਸਾਲਾਹ, ਉਸ ਦਾ ਨਾਮ ਸਿਮਰਨ ਚਾਨਣ ਹੈ ਜੋ ਸੰਸਾਰ ਵਿਚ ਪੈਦਾ ਹੋਇਆ ਹੈ। ਕੋਈ ਉਹ ਜੋ ਗੁਰੂ ਦੇ ਦੱਸੇ ਰਸਤੇ 'ਤੇ ਚੱਲਦੇ ਹਨ, ਉਹ ਇਸ ਕਲਿਜੁਗੀ ਸਮੇਂ ਵਿਚ ਵੀ ਪਾਰ ਹੋ ਜਾਂਦੇ ਹਨ। ਇਹ ਨਾਮ ਸਿਮਰਨ ਦੀ ਦਾਤ, ਗੁਰੂ ਦੀ ਸਿੱਖਿਆ ਦਾ ਚਾਨਣ ਉਸ ਨੂੰ ਮਿਲਦਾ ਜਿਸ ਉਤੇ ਉਸ ਅਕਾਲ ਪੁਰਖ ਦੀ ਮਿਹਰ ਹੋ ਜਾਵੇ। ਅਜਿਹੀ ਮਿਹਰ ਦਾ ਪਾਤਰ ਮਨੁੱਖ ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ ਇਸ ਨਾਮ-ਰੂਪੀ ਰਤਨ ਨੂੰ ਲੱਭ ਲੈਂਦਾ ਹੈ,

ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ॥
ਗੁਰਮੁਖਿ ਕੋਈ ਉਤਰੈ ਪਾਰਿ॥
ਜਿਸ ਨੋ ਨਦਰਿ ਕਰੇ ਤਿਸੁ ਦੇਵੈ॥
ਨਾਨਕ ਗੁਰਮੁਖਿ ਰਤਨੁ ਸੋ ਲੇਵੈ॥੨॥
(ਪੰਨਾ ੧੪੫)

ਇਸ ਸਲੋਕ ਤੋਂ ਅੱਗੇ ਪਉੜੀ ਵਿਚ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਇਸ ਦੁਨੀਆਂ ਵਿਚ ਇਹ ਸਪੱਸ਼ਟ ਦਿਖਾਈ ਦੇ ਰਿਹਾ ਹੈ ਕਿ ਅਕਾਲ ਪੁਰਖ ਦੀ ਭਗਤੀ ਕਰਨ ਵਾਲਿਆਂ ਵਿਚ ਅਤੇ ਮਾਇਆ ਪਿੱਛੇ ਲੱਗਣ ਵਾਲੇ ਸੰਸਾਰੀਆਂ ਵਿਚ ਕਦੇ ਮੇਲ ਨਹੀਂ ਬੈਠਦਾ। ਇਹ ਸੰਸਾਰ ਉਸ ਅਕਾਲ ਪੁਰਖ ਨੇ ਪੈਦਾ ਕੀਤਾ ਹੈ, ਜੋ ਕਦੇ ਵੀ ਭੁੱਲ ਨਹੀਂ ਕਰਦਾ ਅਤੇ ਉਹ ਕਿਸੇ ਦਾ ਭੁਲਾਇਆ ਹੋਇਆ ਵੀ ਭੁੱਲ ਨਹੀਂ ਕਰਦਾ। ਇਹ ਉਸ ਦਾ ਹੁਕਮ ਹੈ, ਉਸ ਦੀ ਰਜ਼ਾ ਹੈ ਕਿ ਉਸ ਨੇ ਭਗਤਾਂ ਨੂੰ ਆਪਣੇ ਨਾਲ ਜੋੜਿਆ ਹੋਇਆ ਹੈ ਅਤੇ ਉਹ ਉਸ ਦੇ ਨਾਮ ਸਿਮਰਨ ਦੀ ਕਾਰ ਵਿਚ ਲੱਗੇ ਹੋਏ ਹਨ।

ਦੂਸਰੇ ਪਾਸੇ ਇਹ ਵੀ ਉਸ ਦੀ ਰਜ਼ਾ ਹੈ ਕਿ ਸੰਸਾਰੀ ਜੀਵ ਉਸ ਨੂੰ ਭੁੱਲ ਕੇ ਝੂਠ ਬੋਲ ਬੋਲ ਕੇ ਮਾਇਆ-ਰੂਪੀ ਵਿਸ਼ ਖਾ ਰਹੇ ਹਨ ਅਤੇ ਆਪਣੀ ਆਤਮਕ ਮੌਤ ਸਹੇੜ ਰਹੇ ਹਨ। ਉਹ ਇਸ ਤੱਥ ਨੂੰ ਸਮਝ ਹੀ ਨਹੀਂ ਰਹੇ ਕਿ ਇੱਕ ਦਿਨ ਇਸ ਸੰਸਾਰ ਨੂੰ ਛੱਡ ਕੇ ਵੀ ਜਾਣਾ ਹੈ। ਇਸ ਲਈ ਉਹ ਕਾਮ, ਕ੍ਰੋਧ ਆਦਿ ਵਿਕਾਰਾਂ ਦਾ ਜ਼ਹਿਰ ਇਸ ਸੰਸਾਰ ਵਿਚ ਵਧਾ ਰਹੇ ਹਨ। ਉਸ ਅਕਾਲ ਪੁਰਖ ਦੀ ਰਜ਼ਾ ਵਿਚ ਉਸ ਦੇ ਭਗਤ ਉਸ ਦੀ ਭਗਤੀ ਕਰ ਰਹੇ ਹਨ ਅਤੇ ਉਸ ਦਾ ਨਾਮ ਸਿਮਰ ਰਹੇ ਹਨ।

ਗੁਰੂ ਨਾਨਕ ਸਾਹਿਬ ਅੱਗੇ ਦੱਸਦੇ ਹਨ ਕਿ ਜਿਹੜੇ ਮਨੁੱਖਾਂ ਨੇ ਸੇਵਕਾਂ ਦੇ ਸੇਵਕ ਬਣ ਕੇ ਆਪਣੇ ਅੰਦਰੋਂ ਹਉਮੈ ਨੂੰ ਖਤਮ ਕਰ ਦਿੱਤਾ ਹੈ, ਉਨ੍ਹਾਂ ਨੂੰ ਪਰਮਾਤਮਾ ਦੇ ਦਰਵਾਜ਼ੇ 'ਤੇ ਮਨਜ਼ੂਰੀ ਮਿਲ ਜਾਂਦੀ ਹੈ ਅਤੇ ਉਨ੍ਹਾਂ ਦੇ ਮੁੱਖ ਉਜਲੇ ਹੁੰਦੇ ਹਨ, ਸੱਚੇ ਸ਼ਬਦ ਦੇ ਕਾਰਨ ਉਹ ਅਕਾਲ ਪੁਰਖ ਦੇ ਦਰਵਾਜ਼ੇ 'ਤੇ ਸ਼ੋਭਾ ਪਾਉਂਦੇ ਹਨ,

ਭਗਤਾ ਤੈ ਸੈਸਾਰੀਆ
ਜੋੜੁ ਕਦੇ ਨ ਆਇਆ॥
ਕਰਤਾ ਆਪਿ ਅਭੁਲੁ ਹੈ
ਨ ਭੁਲੈ ਕਿਸੈ ਦਾ ਭੁਲਾਇਆ॥
ਭਗਤ ਆਪੇ ਮੇਲਿਅਨੁ
ਜਿਨਿ ਸਚੋ ਸਚੁ ਕਮਾਇਆ॥ (ਪੰਨਾ ੧੪੫)

# ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ

ਗੁਰਬਾਣੀ ਗਿਆਨ

**ਰਾਗ ਟੋਡੀ ਮਹਲਾ ੪ ਘਰ ੧**
ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ॥
ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ
ਬਹੁਰਿ ਨ ਭਵਜਲਿ ਫੇਰਾ॥੧॥ ਰਹਾਉ॥
ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ
ਹਰਿ ਨੈਨਹੁ ਹਰਿ ਪ੍ਰਭ ਹੇਰਾ॥
ਸਤਿਗੁਰਿ ਦਇਆਲਿ ਹਰਿ ਨਾਮੁ ਦ੍ਰਿੜਾਇਆ
ਹਰਿ ਪਾਧਰੁ ਹਰਿ ਪ੍ਰਭ ਕੇਰਾ॥੧॥
ਹਰਿ ਰੰਗੀ ਹਰਿ ਨਾਮੁ ਪ੍ਰਭ ਪਾਇਆ
ਹਰਿ ਗੋਵਿੰਦ ਹਰਿ ਪ੍ਰਭ ਕੇਰਾ॥
ਹਰਿ ਹਿਰਦੈ ਮਨਿ ਤਨਿ ਮੀਠਾ ਲਾਗਾ
ਮੁਖਿ ਮਸਤਕਿ ਭਾਗੁ ਚੰਗੇਰਾ॥੨॥
ਲੋਭ ਵਿਕਾਰ ਜਿਨਾ ਮਨੁ ਲਾਗਾ
ਹਰਿ ਵਿਸਰਿਆ ਪੁਰਖੁ ਚੰਗੇਰਾ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ
ਤਿਨ ਮਸਤਕਿ ਭਾਗੁ ਮੰਦੇਰਾ॥੩॥
ਬਿਬੇਕ ਬੁਧਿ ਸਤਿਗੁਰ ਤੇ ਪਾਈ
ਗੁਰ ਗਿਆਨੁ ਗੁਰੂ ਪ੍ਰਭ ਕੇਰਾ॥
ਜਨ ਨਾਨਕ ਨਾਮੁ ਗੁਰੂ ਤੇ ਪਾਇਆ
ਧੁਰਿ ਮਸਤਕਿ ਭਾਗੁ ਲਿਖੇਰਾ॥੪॥

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਉਸ ਮਿਹਰਵਾਨ ਪ੍ਰਭ ਜੀ ਨੂੰ ਯਾਦ ਕਰਦੇ ਹਨ, ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ, ਹੇ ਭਾਈ! ਉਹ ਜੋ ਸੰਸਾਰ ਦਾ ਰਚਨਹਾਰ ਅਤੇ ਪਾਲਨਹਾਰ ਹਰੀ ਪ੍ਰਭ ਜੀ ਹੈ, ਮੇਰਾ ਮਨ ਉਸ ਦੀ ਯਾਦ ਤੋਂ ਬਗੈਰ ਰਹਿ ਹੀ ਨਹੀਂ ਸਕਦਾ; ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ, ਓਹ ਪਿਆਰਾ ਪ੍ਰੀਤਮ ਜੋ ਮੇਰੇ ਪ੍ਰਾਣਾਂ ਦਾ ਆਧਾਰ ਹੈ, ਗੁਰੂ ਜਿਸ ਜੀਵ ਨੂੰ ਉਸ ਪ੍ਰਭੂ ਨਾਲ ਮਿਲਾ ਦਿੰਦਾ ਹੈ; ਬਹੁਰਿ ਨ ਭਵਜਲਿ ਫੇਰਾ, ਫਿਰ ਉਸ ਜੀਵ ਨੂੰ ਸੰਸਾਰ ਸਮੁੰਦਰ ਵਿਚ ਨਹੀਂ ਆਉਣਾ ਪੈਂਦਾ।

ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ
ਹਰਿ ਨੈਨਹੁ ਹਰਿ ਪ੍ਰਭ ਹੇਰਾ॥
ਸਤਿਗੁਰਿ ਦਇਆਲਿ
ਹਰਿ ਨਾਮੁ ਦ੍ਰਿੜਾਇਆ
ਹਰਿ ਪਾਧਰੁ ਹਰਿ ਪ੍ਰਭ ਕੇਰਾ॥੧॥

ਗੁਰਦੇਵ ਪਿਤਾ ਜੀ ਆਖ ਰਹੇ ਹਨ, ਹੇ ਭਾਈ! ਮੇਰੇ ਹਿਰਦੇ ਵਿਚ ਉਸ ਪ੍ਰੀਤਮ ਪ੍ਰਭੂ ਨੂੰ ਮਿਲਣ ਲਈ ਤਾਂਘ ਲੱਗੀ ਹੋਈ ਸੀ; ਹਰਿ ਨੈਨਹੁ ਹਰਿ ਪ੍ਰਭ ਹੇਰਾ, ਮੇਰਾ ਦਿਲ ਕਰਦਾ ਸੀ ਕਿ ਮੈਂ ਉਸ ਮਿਹਰਵਾਨ ਪ੍ਰਭੂ ਨੂੰ ਆਪਣੀਆਂ ਅੱਖਾਂ ਨਾਲ ਵੇਖ ਲਵਾਂ; ਸਤਿਗੁਰਿ ਦਇਆਲਿ ਹਰਿ ਨਾਮੁ ਦ੍ਰਿੜਾਇਆ, ਦਇਆਵਾਨ ਸਤਿਗੁਰੂ ਨੇ ਹਰੀ ਦਾ ਨਾਮ ਮੇਰੇ ਹਿਰਦੇ ਵਿਚ ਪੱਕਾ ਕਰ ਦਿੱਤਾ ਹੈ; ਹਰਿ ਪਾਧਰੁ ਹਰਿ ਪ੍ਰਭ ਕੇਰਾ, ਤੇ ਪਰਮਾਤਮਾ ਨੂੰ ਮਿਲਾਉਣ ਵਾਲਾ ਪੱਧਰਾ ਅਤੇ ਸੋਹਣਾ ਸਾਫ ਰਸਤਾ ਇਹੋ ਹੀ ਹੈ।

ਹਰਿ ਰੰਗੀ ਹਰਿ ਨਾਮੁ ਪ੍ਰਭ ਪਾਇਆ
ਹਰਿ ਗੋਵਿੰਦ ਹਰਿ ਪ੍ਰਭ ਕੇਰਾ॥
ਹਰਿ ਹਿਰਦੈ ਮਨਿ ਤਨਿ ਮੀਠਾ ਲਾਗਾ
ਮੁਖਿ ਮਸਤਕਿ ਭਾਗੁ ਚੰਗੇਰਾ॥੨॥

ਹੇ ਭਾਈ! ਅਨੇਕਾਂ ਹੀ ਰੰਗਾਂ ਅਤੇ ਕੌਤਕਾਂ ਦੇ ਮਾਲਕ ਹਰੀ ਗੋਵਿੰਦ ਦਾ ਨਾਮ ਜਿਸ ਜੀਵ ਨੇ ਪ੍ਰਾਪਤ ਕਰ ਲਿਆ, ਉਹ ਵਡਭਾਗਾ ਜੀਵ ਤਾਂ ਸਦਾ ਲਈ ਹੀ ਪਰਮੇਸ਼ਰ ਪ੍ਰਭੂ ਦਾ ਪਿਆਰਾ ਹੋ ਗਿਆ; ਹਰਿ ਹਿਰਦੈ ਮਨਿ ਤਨਿ ਮੀਠਾ ਲਾਗਾ, ਫਿਰ ਉਸ ਜੀਵ ਨੂੰ ਪ੍ਰਭੂ ਜੀ ਦਾ ਨਾਮ ਉਸ ਦੇ ਹਿਰਦੇ ਵਿਚ, ਉਸ ਦੇ ਮਨ ਵਿਚ ਅਤੇ ਸਰੀਰ ਵਿਚ ਜਗਤ ਦਾ ਸਵਾਮੀ ਪ੍ਰਭੂ ਮਿੱਠਾ ਲੱਗਣ ਲੱਗ ਪੈਂਦਾ ਹੈ ਅਤੇ ਉਸ ਵਡਭਾਗੇ ਜੀਵ ਦੇ ਮੱਥੇ ਦੇ ਸੁੱਤੇ ਹੋਏ ਚੰਗੇ ਭਾਗ ਵੀ ਜਾਗ ਪੈਂਦੇ ਹਨ।

ਲੋਭ ਵਿਕਾਰ ਜਿਨਾ ਮਨੁ ਲਾਗਾ
ਹਰਿ ਵਿਸਰਿਆ ਪੁਰਖੁ ਚੰਗੇਰਾ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ
ਤਿਨ ਮਸਤਕਿ ਭਾਗੁ ਮੰਦੇਰਾ॥੩॥

ਗੁਰੂ ਰਾਮਦਾਸ ਫਰਮਾਉਂਦੇ ਹਨ, ਹੇ ਭਾਈ! ਜਿਨ੍ਹਾਂ ਜੀਵਾਂ ਦਾ ਮਨ ਲੋਭ ਅਤੇ ਵਿਕਾਰਾਂ ਵਿਚ ਹੀ ਲੱਗਿਆ ਰਹਿੰਦਾ ਹੈ; ਹਰਿ ਵਿਸਰਿਆ ਪੁਰਖੁ ਚੰਗੇਰਾ, ਉਨ੍ਹਾਂ ਜੀਵਾਂ ਨੂੰ ਜਗਤ ਦਾ ਉਹ ਮਾਲਕ ਅਕਾਲ ਪੁਰਖ ਪ੍ਰਭੂ ਵਿਸਰਿਆ ਹੀ ਰਹਿੰਦਾ ਹੈ; ਓਇ ਮਨਮੁਖ ਮੂੜ ਅਗਿਆਨੀ ਕਹੀਅਹਿ, ਸੰਸਾਰਕ ਵਿਸ਼ੇ-ਵਿਕਾਰਾਂ ਦੇ ਮਗਰ ਤੁਰਨ ਵਾਲੇ ਉਨ੍ਹਾਂ ਜੀਵਾਂ ਨੂੰ ਮੂਰਖ ਅਗਿਆਨੀ ਆਖਿਆ ਜਾਂਦਾ ਹੈ, ਆਤਮਕ ਜੀਵਨ ਵੱਲੋਂ ਉਹ ਬੇਸਮਝ ਮੰਨੇ ਜਾਂਦੇ ਹਨ, ਉਨ੍ਹਾਂ ਦੇ ਮੱਥੇ ਦੇ ਮੰਦੇ ਭਾਗ ਜਾਗੇ ਹੋਏ ਸਮਝ ਲਵੋ।

ਬਿਬੇਕ ਬੁਧਿ ਸਤਿਗੁਰ ਤੇ ਪਾਈ
ਗੁਰ ਗਿਆਨੁ ਗੁਰੂ ਪ੍ਰਭ ਕੇਰਾ॥
ਜਨ ਨਾਨਕ ਨਾਮੁ ਗੁਰੂ ਤੇ ਪਾਇਆ
ਧੁਰਿ ਮਸਤਕਿ ਭਾਗੁ ਲਿਖੇਰਾ॥੪॥

ਹੇ ਭਾਈ! ਜਿਨ੍ਹਾਂ ਜੀਵਾਂ ਨੇ ਚੰਗੇ ਅਤੇ ਮਾੜੇ ਦੀ ਪਰਖ ਕਰਨ ਵਾਲੀ ਮੱਤ ਪੂਰੇ ਗੁਰੂ ਕੋਲੋਂ ਸਿੱਖ ਲਈ; ਗੁਰ ਗਿਆਨੁ ਗੁਰੂ ਪ੍ਰਭ ਕੇਰਾ; ਉਨ੍ਹਾਂ ਨੇ ਹਰੀ ਪ੍ਰਭੂ ਦੇ ਮਿਲਾਪ ਵਾਸਤੇ ਗੁਰੂ ਕੋਲੋਂ ਉਚੇ ਸੁੱਚੇ ਆਤਮਿਕ ਜੀਵਨ ਦੀ ਸੂਝ-ਬੂਝ ਪ੍ਰਾਪਤ ਕਰ ਲਈ; ਜਨ ਨਾਨਕ ਨਾਮੁ ਗੁਰੂ ਤੇ ਪਾਇਆ, ਇਸ ਲਈ ਨਾਨਕ ਆਖਦਾ ਹੈ, ਜਿਨ੍ਹਾਂ ਜੀਵਾਂ ਦੇ ਧੁਰ ਦਰਗਾਹੋਂ ਲਿਖਿਆ ਹੋਇਆ ਮੱਥੇ ਦਾ ਚੰਗਾ ਭਾਗ ਉਘੜ ਪਿਆ, ਉਨ੍ਹਾਂ ਨੇ ਪੂਰੇ ਗੁਰੂ ਤੋਂ ਪ੍ਰਭੂ ਜੀ ਦਾ ਨਾਮ ਪ੍ਰਾਪਤ ਕਰ ਲਿਆ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਅੰਨਾ ਤੇ ਪੀਟਰ



ਚਿੱਤ ਚੇਤਾ

ਕਾਨਾ ਸਿੰਘ
ਫੋਨ: 91-95019-44944

ਅੰਮ੍ਰਿਤਸਰ ਦੇ ਖਾਲਸਾ ਕਾਲਜ ਵਿਚ ਹੋਏ ਪਰਵਾਸੀ ਸਾਹਿਤ ਸਬੰਧੀ ਤਿੰਨ ਰੋਜ਼ਾ ਸੈਮੀਨਾਰ ਦੌਰਾਨ ਅੰਨਾ ਮੇਰੀ ਰੂਮਮੇਟ ਸੀ। ਅੰਨਾ ਪੋਲੈਂਡ ਦੀ ਸੀ, ਗੋਰੀ।

ਅੰਨਾ ਦੇ ਨਾਲ ਪੀਟਰ ਵੀ ਸੀ, ਉਸ ਦਾ ਪੁੱਤਰ। ਪੀਟਰ ਅੱਠ-ਨੌਂ ਵਰ੍ਹਿਆਂ ਦਾ ਬਾਲਕ ਸੀ। ਅੰਨਾ ਉਨ੍ਹੀਂ ਦਿਨੀਂ ਡਾ. ਸੁਤਿੰਦਰ ਸਿੰਘ ਨੂਰ ਦੀ ਅਗਵਾਈ ਹੇਠ ਪੰਜਾਬੀ ਸਾਹਿਤ ਦਾ ਅਧਿਐਨ ਕਰ ਰਹੀ ਸੀ। ਸਾਡੇ ਕਮਰੇ ਦੇ ਨਾਲ ਲੱਗਦਾ ਕਮਰਾ ਸੁਤਿੰਦਰ ਸਿੰਘ ਨੂਰ ਦਾ ਸੀ। ਸੈਮੀਨਾਰ ਦੂਜੇ ਦਿਨ ਸ਼ੁਰੂ ਹੋਣਾ ਸੀ। ਇਹ ਪਹਿਲੀ ਰਾਤ ਸੀ, ਮੇਲ-ਮਿਲਾਪ ਅਤੇ ਰਲ-ਬੈਠਣ ਦੀ!

ਅੰਨਾ ਤੇ ਮੈਂ ਰਾਤ ਦੇ ਖਾਣੇ ਮਗਰੋਂ ਆਪਣੇ ਬਿਸਤਰੇ 'ਤੇ ਅਲਸਾਂਦੀਆਂ ਦੇਰ ਤੱਕ ਗੱਲਾਂ ਕਰਦੀਆਂ ਰਹੀਆਂ। ਅੰਨਾ ਦੇ ਭਾਰਤ ਆਉਣ ਦਾ ਇਕ ਕਾਰਨ ਉਸ ਦੇ ਪਤੀ ਨਾਲ ਉਸ ਦਾ ਵਕਤੀ ਇਖਤਲਾਫ਼ ਵੀ ਸੀ। ਅੰਨਾ ਦਾ ਪਤੀ ਪੋਲੈਂਡ ਵਿਚ ਮਰਚੈਂਟ ਨੇਵੀ ਦਾ ਅਫ਼ਸਰ ਸੀ। ਦਿੱਲੀ ਵਿਚ ਆਉਣ ਅਤੇ ਉਥੋਂ ਦੇ ਸਾਹਿਤਕ ਮਾਹੌਲ ਵਿਚ ਵਿਚਰਨ ਮਗਰੋਂ ਅੰਨਾ ਮਹਿਸੂਸ ਕਰਨ ਲੱਗ ਪਈ ਸੀ ਕਿ ਉਸ ਦਾ ਪਤੀ ਇਥੋਂ ਦੇ ਸਾਰਿਆਂ ਮਰਦਾਂ ਨਾਲੋਂ ਚੰਗਾ ਹੈ, ਤੇ ਉਹ ਆਪਣੇ ਪਤੀ ਤੋਂ ਅਲਹਿਦਾ ਹੋਣ ਦੀ ਗ਼ਲਤੀ ਭੁੱਲ ਕੇ ਵੀ ਨਹੀਂ ਕਰੇਗੀ।

ਪੋਲੈਂਡ ਅਤੇ ਭਾਰਤ ਦੇ, ਖ਼ਾਸ ਕਰ ਕੇ ਪੰਜਾਬੀ ਮਰਦਾਂ ਦੇ ਰਵੱਈਏ ਦੇ ਪ੍ਰਸੰਗ ਵਿਚ ਅੰਨਾ ਦਾ ਕਹਿਣਾ ਸੀ ਕਿ ਉਹ ਤੰਗ-ਦਿਲ ਨੇ। ਪੋਲੈਂਡ ਵਿਚ ਇਸਤਰੀ ਅਤੇ ਪੁਰਸ਼ ਦੀ ਮਿੱਤਰਤਾ ਨੂੰ ਸ਼ੱਕ ਦੀ ਨਜ਼ਰ ਨਾਲ ਨਹੀਂ ਵੇਖਿਆ ਜਾਂਦਾ। ਉਥੇ ਇਹ ਜ਼ਰੂਰੀ ਨਹੀਂ ਕਿ ਵਿਰੋਧੀ ਲਿੰਗ ਦੇ ਦੋ ਮਿੱਤਰਾਂ ਨੂੰ ਗ਼ਲਤ ਢੰਗ ਨਾਲ ਸਮਝਿਆ ਜਾਵੇ। ਉਨ੍ਹਾਂ ਵਿਚ ਸਰੀਰਕ ਸਬੰਧ ਜ਼ਰੂਰ ਹੋਣੇ ਨਹੀਂ ਮਿਥ ਲਏ ਜਾਂਦੇ। ਹੋਰ ਤਾਂ ਹੋਰ, ਪਤੀ ਵੀ ਆਪਣੀ ਪਤਨੀ ਦੇ ਦੋਸਤ ਨੂੰ ਦੋਸਤ ਜਾਣ ਕੇ ਹੀ ਪ੍ਰਵਾਨ ਕਰਦਾ, ਤੇ ਆਦਰ ਦਿੰਦਾ ਹੈ। ਇਸ ਦੇ ਉਲਟ ਸਾਡੇ ਦੇਸ਼ ਵਿਚ ਕਿਸੇ ਮਰਦ ਨਾਲ ਤੁਰਨ ਜਾਂ ਰਲ ਕੇ ਇਕ ਪਿਆਲੀ ਚਾਹ ਦੀ ਹੀ ਪੀ ਲੈਣ ਮਾਤਰ ਨੂੰ ਹੀ ਕੋਈ ਵੇਖਣ ਵਾਲਾ ਦੋਹਾਂ ਵਿਚਾਲੇ ਸਾਰੀਆਂ ਹੱਦਾਂ ਦੇ ਪਾਰ ਹੋ ਜਾਣਾ ਸਮਝ ਲੈਂਦਾ ਹੈ।

ਪੀਟਰ ਅੰਨਾ ਦੇ ਸਹੁਰਿਆਂ ਦੇ ਚਾਰ-ਪੰਜ ਘਰਾਣਿਆਂ ਵਿਚੋਂ ਇਕਲੌਤਾ ਪੁੱਤਰ ਸੀ। ਉਹ ਉਸ ਦੇ ਸਹੁਰਿਆਂ ਦਾ ਲਾਡਲਾ ਤੇ ਪਤੀ ਦੀ ਜਾਨ ਸੀ। ਪੁੱਤਰ ਦੀ ਮਾਂ ਹੋਣਾ ਅੰਨਾ ਲਈ ਮਾਣ ਵਾਲੀ ਗੱਲ ਸੀ। ਪੀਟਰ ਦੀ ਜ਼ਿੰਦਗੀ ਵਿਚ ਕੋਈ ਕੁੜੱਤਣ ਨਾ ਆਏ, ਅੰਨਾ ਦੀ ਪੁਰਜ਼ੋਰ ਤਮੰਨਾ ਸੀ। ਇਸੇ ਕਰ ਕੇ ਹੁਣ ਉਹ ਆਪਣੇ ਪਤੀ ਨੂੰ ਮਿਲਣ ਲਈ ਬੇਚੈਨ ਸੀ।

ਪੀਟਰ ਸੈਮੀਨਾਰ ਵਿਚ ਸ਼ਾਮਲ ਹੋਣ ਆਏ ਡੈਲੀਗੇਟਾਂ ਤੋਂ ਡਾਢਾ ਔਖਾ ਸੀ। ਹਰ ਲੇਖਕ ਬੰਦਾ ਉਸ ਨੂੰ ਅਜੂਬਾ ਕਰ ਕੇ ਵੇਖਦਾ ਅਤੇ ਉਸ ਨੂੰ ਜੱਫ਼ੀ ਵਿਚ ਲੈਣ ਜਾਂ ਹੱਥ ਮਿਲਾਣ ਦੀ ਕੋਸ਼ਿਸ਼ ਕਰਦਾ। ਪੀਟਰ ਨੂੰ ਇਹ ਬਹੁਤ ਬੁਰਾ ਲੱਗਦਾ ਅਤੇ ਉਹ ਹੱਥ ਛੁਡਾ ਕੇ ਪਾਸੇ ਦੌੜ ਜਾਂਦਾ।

ਮੈਂ ਜ਼ਾਹਿਰਾ ਤੌਰ 'ਤੇ ਪੀਟਰ ਨਾਲ ਇਕਮਿਕ ਹੋਣ ਦਾ ਕੋਈ ਉਪਰਾਲਾ ਨਾ ਕੀਤਾ। ਸਿਰਫ਼ ਉਸ ਦੇ ਸੌਖ ਦਾ ਸਹਿਜ ਨਾਲ ਪ੍ਰਬੰਧ ਕਰ ਦਿੰਦੀ। ਅਸਾਂ ਤਿੰਨਾਂ ਲਈ ਕਮਰੇ ਦਾ ਡਬਲ-ਬੈਡ ਕਾਫ਼ੀ ਸੀ। ਮੈਂ ਸੁੰਗੜ ਕੇ ਖੱਬੇ ਪਾਸੇ ਪੈ ਜਾਂਦੀ। ਅੰਨਾ ਚਾਹੁੰਦੀ ਤਾਂ ਆਪਣੇ ਲਈ ਪੂਰਾ ਅਤੇ ਨਿਵੇਕਲਾ ਕਮਰਾ ਲੈ ਸਕਦੀ ਸੀ ਪਰ ਉਸ ਮੇਰੇ ਨਾਲ ਹੀ ਰਹਿਣ ਨੂੰ ਤਰਜੀਹ ਦਿੱਤੀ। ਇਹ ਉਸ ਦੇ ਇਖ਼ਲਾਕੀ ਪ੍ਰਭਾਵ ਲਈ ਮਹਿਫ਼ੂਜ਼ ਸੀ। ਇਹ ਵਿਉਂਤ ਮੈਨੂੰ ਵੀ ਮਾਫ਼ਕ ਸੀ।

ਮੈਂ ਕਮਰੇ ਅੰਦਰ ਪਾਉਣ ਵਾਲੇ ਸਲੀਪਰ ਨਾਲ ਲਿਜਾਣੇ ਭੁੱਲ ਗਈ ਸਾਂ। ਮੇਰੇ ਗੁਸਲਖਾਨੇ 'ਚੋਂ ਨਿਕਲਣ ਤੋਂ ਐਨ ਪਹਿਲਾਂ ਹੀ ਅੰਨਾ ਆਪਣੇ ਸਲੀਪਰ ਬੂਹੇ ਅੱਗੇ ਟਿਕਾਅ ਦਿੰਦੀ। ਉਹ ਕੱਪੜੇ ਧੋਣ ਦਾ ਸਾਬਣ ਤੱਕ ਵੀ ਮੇਰੇ ਲਈ ਛੱਡ ਦਿੰਦੀ। ਉਹ ਮੈਥੋਂ ਵੱਧ ਵਿਹਾਰਕ ਤਾਂ ਸੀ ਹੀ, ਉਸ ਦੀਆਂ ਇਹ ਨਿੱਕੀਆਂ-ਨਿੱਕੀਆਂ ਮਿਹਰਬਾਨੀਆਂ ਮੇਰਾ ਮਨ ਮੋਹ ਲੈਂਦੀਆਂ। ਪੀਟਰ ਵੀ ਮੈਨੂੰ ਆਪਣੇ ਨਾਲ ਸੌਖਾ-ਸੌਖਾ ਜਾਪਦਾ।

ਪੱਛਮੀ ਦੇਸ਼ਾਂ ਵਿਚ ਜੇ ਦੋ ਬੰਦੇ ਸ਼ਰੇਆਮ ਜੱਫ਼ੀ ਪਾਈ ਜਾਂ ਹੱਥ ਫੜੀ ਤੁਰਦੇ ਨਜ਼ਰ ਆਉਣ ਤਾਂ ਚੰਗਾ ਨਹੀਂ ਸਮਝਿਆ ਜਾਂਦਾ। ਸ਼ਾਇਦ ਇਸ ਤੋਂ ਉਹ ਸਮਲਿੰਗੀ ਸਮਝੇ ਜਾਂਦੇ ਹੋਣ। ਮੁੰਬਈ, ਕਲਕੱਤੇ ਵਰਗੇ ਮਹਾਂਨਗਰਾਂ ਵਿਚ ਵੀ ਕੋਈ ਵਿਰਲਾ-ਟਾਵਾਂ ਮਰਦ ਜੋੜਾ ਹੀ ਇਸ ਅੰਦਾਜ਼ ਵਿਚ ਆਮ ਵਿਚਰਦਾ ਨਜ਼ਰ ਆਉਂਦਾ ਹੈ। ਉਸ ਨੂੰ ਵੇਖ ਕੇ ਲੋਕੀਂ ਅੱਖਾਂ ਫੇਰ ਲੈਂਦੇ ਹਨ।

ਬਾਹਰੋਂ ਪਹਿਲੀ ਵੇਰਾਂ ਆਏ ਬੰਦੇ ਨੂੰ ਪੰਜਾਬ ਵਿਚ ਸੜਕਾਂ-ਬਜ਼ਾਰਾਂ ਵਿਚ ਤੁਰਦੇ-ਫਿਰਦੇ ਹਮਉਮਰ ਬੰਦਿਆਂ ਦੀਆਂ ਗਲਵਕੜੀਆਂ ਓਪਰੀਆਂ ਲੱਗਦੀਆਂ ਹਨ। ਇਹ ਵੀ ਭਾਵੇਂ ਸੱਚ ਹੈ ਕਿ ਪੰਜਾਬੀ ਸੁਭਾਅ ਨਿੱਘਾ ਤੇ ਖੁੱਲ੍ਹਾ-ਡੁੱਲ੍ਹਾ ਹੈ, ਗੈਰ-ਰਸਮੀ। ਇਹ ਜ਼ਰੂਰੀ ਨਹੀਂ ਕਿ ਜੱਫ਼ੀ-ਬੱਧ ਜੋੜੇ ਸਮਲਿੰਗੀ ਹੀ ਹੋਣ। ਉਂਜ, ਇਕ ਵੇਰਾਂ ਬੰਦਿਆਂ ਨਾਲੋਂ ਘੱਟ ਤਨਖ਼ਾਹਾਂ 'ਤੇ ਉਪਲਬਧ ਹੁੰਦੀਆਂ ਹਨ, ਕੋਈ ਘਾਟਾ ਨਹੀਂ। ਸ਼ਾਇਦ ਕੁਝ ਇਹੋ ਜਿਹੇ ਹੀ ਕਾਰਨ ਹੋਣੇ ਨੇ ਕਿ ਵੀਹਵੀਂ ਸਦੀ ਦੇ ਅੱਸੀਵੇਂ ਦਹਾਕੇ ਦੇ ਦੂਜੇ ਅੱਧ ਵਿਚ ਮੁੰਬਈਓਂ ਪੰਜਾਬ ਵਿਚ ਆਣ ਟਿਕੇ ਮੇਰੇ ਸਤਾਰਾਂ ਸਾਲਾਂ ਦੇ ਕਿਸ਼ੋਰ ਪੁੱਤਰ ਨੂੰ ਵੀ ਪੰਜਾਬੀ ਮੁੰਡਿਆਂ ਦਾ ਜੱਫ਼ੀ-ਸਭਿਆਚਾਰ ਚੰਗਾ ਨਹੀਂ ਸੀ ਲੱਗਾ। ਹੁਣ ਤਾਂ ਪੰਜਾਬ ਵੀ ਉਹ ਪੰਜਾਬ ਨਹੀਂ ਰਿਹਾ, ਖੈਰ ਉਦੋਂ ਗੱਲ ਹੋਰ ਸੀ।



*ਪੋਲੈਂਡ ਦੀ ਰਾਜਧਾਨੀ ਵਰਸਾਅ ਦਾ ਅੰਬਰੀ ਨਜ਼ਾਰਾ। ਪੋਲੈਂਡ ਵਿਚ ਹੀ ਕਿਤੇ ਕਾਨਾ ਸਿੰਘ ਦੀ ਅੰਨਾ ਤੇ ਪੀਟਰ ਵੱਸਦੇ ਹੋਣਗੇ!*

ਇਹ ਵੀ ਕਿਤੇ ਪੜ੍ਹਿਆ ਸੀ ਕਿ ਪੰਜਾਬ ਵਿਚ ਸਮਲਿੰਗੀਆਂ ਦੀ ਗਿਣਤੀ ਹੋਰ ਸੂਬਿਆਂ ਦੀ ਬਨਿਸਪਤ ਵਧੇਰੇ ਹੈ। ਹੋ ਸਕਦੈ ਪੰਜਾਬ ਦੀ ਪੌਸ਼ਟਿਕ ਖੁਰਾਕ, ਤੰਦਰੁਸਤੀ ਅਤੇ ਵਿਰੋਧੀ ਲਿੰਗ ਦੇ ਸਬੰਧਾਂ ਦੀ ਖੁੱਲ੍ਹ ਦੀ ਘਾਟ ਆਦਿ ਇਸ ਦੇ ਕੁਝ ਕਾਰਨ ਵੀ ਹੋਣ।

ਮੁੰਬਈ ਵਿਚ ਕੁੜੀਆਂ ਦੀ ਗਿਣਤੀ ਮੁੰਡਿਆਂ ਨਾਲੋਂ ਵੱਧ ਭਾਵੇਂ ਹੋਵੇ, ਘਟ ਨਹੀਂ। ਉਥੇ ਦੱਖਣ, ਬੰਗਾਲ, ਗੋਆ ਅਤੇ ਦੇਸ਼ ਦੇ ਹੋਰ ਸਾਰੇ ਸੂਬਿਆਂ ਤੋਂ ਆਈਆਂ, ਟਿਕੀਆਂ ਕੁੜੀਆਂ ਦੀ ਭਰਮਾਰ ਹੈ। ਫਿਲਮ ਉਦਯੋਗ, ਵਪਾਰ ਅਤੇ ਘਰ-ਬਜ਼ਾਰ ਵਿਚ ਜਿੰਨੀਆਂ ਵੀ ਆਉਣ, ਖਪਤ ਹੋ ਜਾਂਦੀਆਂ ਹਨ। ਦੁਕਾਨਾਂ, ਮਾਲ-ਬਜ਼ਾਰਾਂ ਵਿਚ ਸੇਲਜ਼-ਗਰਲਜ਼, ਟਾਈਪਿਸਟਾਂ ਜਾਂ ਸਕੱਤਰ ਇਸਤਰੀਆਂ

ਮੈਂ ਪੀਟਰ ਦਾ ਰੋਸ ਸਮਝ ਸਕਦੀ ਸਾਂ। ਹਰ ਨਵੀਂ ਗੱਲ ਵੱਲ ਬਾਲ-ਮਨ ਦਾ ਆਕਰਸ਼ਿਤ ਹੋਣਾ ਸੁਭਾਵਕ ਹੀ ਹੈ। ਪੀਟਰ ਆਪਣੇ ਸਿਰ 'ਤੇ ਪਗੜੀ ਵੇਖਣੀ ਚਾਹੁੰਦਾ ਸੀ। ਅੰਨਾ ਸੁਤਿੰਦਰ ਸਿੰਘ ਨੂਰ ਨਾਲ ਜਾ ਕੇ ਬਜ਼ਾਰੋਂ ਪਗੜੀ ਖ਼ਰੀਦ ਲਿਆਈ। ਨੂਰ ਨੇ ਅੰਨਾ ਦੀ ਮਦਦ ਨਾਲ ਪਗੜੀ ਦੀ ਪੂਣੀ ਕੀਤੀ। ਪੂਣੀ ਕਰਾਂਦਿਆਂ ਅੰਨਾ ਦੇ ਚਿਹਰੇ ਦੀ ਲੱਜਾ ਪੰਜਾਬੀ ਭਾਅ ਮਾਰਦੀ ਸੀ। ਪੀਟਰ ਨੂੰ ਪਗੜੀ ਡਾਢੀ ਫੱਬੀ।

ਗੋਰੇ-ਨਿਛੋਹ ਰੰਗ ਦੇ ਮਾਸੂਮ ਚਿਹਰੇ 'ਤੇ ਲਾਲ ਸਾਫ਼ਾ। ਖਿੜਿਆ-ਖਿੜਿਆ ਪੀਟਰ ਸਾਡੇ ਨਾਲ ਸੈਮੀਨਾਰ ਲਈ ਰਵਾਨਾ ਹੋਇਆ। ਰਾਹ ਵਿਚ ਕਈ ਲੇਖਕ-ਬੰਦੇ ਉਸ ਨਾਲ ਹੱਥ ਮਿਲਾਉਣ ਜਾਂ ਉਸ ਦੀਆਂ ਗੱਲ੍ਹਾਂ ਛੋਹਣ ਦੀ ਕਰਨ। ਪੀਟਰ ਗੁੱਸੇ ਵਿਚ ਛੰਡੇ ਮਾਰੇ। ਆਖ਼ਰ ਮੈਂ ਵਿਚ ਪੈ ਕੇ ਥੋੜ੍ਹੇ ਅਤੇ ਸੰਕੋਚਵੇਂ ਸ਼ਬਦਾਂ ਵਿਚ ਉਨ੍ਹਾਂ ਨੂੰ ਪੱਛਮੀ ਵਤੀਰੇ ਬਾਰੇ ਸਪਸ਼ਟ ਕੀਤਾ।

ਰਾਤ ਦੇ ਖਾਣੇ ਮਗਰੋਂ ਅਸਾਂ ਸਾਰਿਆਂ ਨੇ ਬੱਸ ਵਿਚ ਬਹਿ ਕੇ ਵਾਪਸ ਗੈਸਟ-ਹਾਊਸ ਪਰਤਣਾ ਸੀ। ਅੰਨਾ ਤੇ ਪੀਟਰ ਮੇਰੇ ਨਾਲ ਹੀ ਬੈਠੇ ਸਨ ਅਗਲੀ ਸੀਟ ਉਤੇ। ਸਾਹਮਣੀ ਸੀਟ ਉਤੇ ਤਾਰਨ ਗੁਜਰਾਲ ਅਤੇ ਗਗਨ ਪਾਕਿਸਤਾਨੀ ਬੈਠੇ ਸਨ। ਬੱਸ ਚੱਲਣ ਤੋਂ ਚੰਦ ਮਿੰਟ ਪਹਿਲਾਂ ਮੈਨੂੰ ਅਤੇ ਤਾਰਨ ਹੋਰਾਂ ਨੂੰ ਕਾਰ ਦਾ ਸੱਦਾ ਮਿਲ ਗਿਆ। ਤਾਰਨ ਤੇ ਗਗਨ ਹੋਰੀਂ ਤਾਂ ਉਤਰ ਗਏ ਪਰ ਮੈਂ ਉਹ ਸੱਦਾ ਪ੍ਰਵਾਨ ਨਾ ਕੀਤਾ।

ਬੱਸ ਵਿਚ ਬੈਠੇ ਬਾਹਲੇ ਡੈਲੀਗੇਟਾਂ ਨੇ ਪੀਤੀ ਹੋਈ ਸੀ ਅਤੇ ਕਈਆਂ ਨੇ ਹੱਦੋਂ ਵੱਧ ਵੀ। ਮੇਰੇ ਉਤਰ ਜਾਣ 'ਤੇ ਅੰਨਾ ਤੇ ਪੀਟਰ ਨੇ ਬੱਸ ਵਿਚ ਇਕੱਲੇ ਹੋ ਜਾਣਾ ਸੀ। ਕੋਈ ਵੀ ਬਦਮਗਜ਼ੀ ਹੋ ਸਕਦੀ ਸੀ।

ਵਾਪਸ ਆ ਕੇ ਕਮਰੇ ਵਿਚ ਵੜਦਿਆਂ ਹੀ ਅੰਨਾ ਨੇ ਮੇਰਾ ਹੱਥ ਘੁੱਟ ਲਿਆ। ਉਹਦੇ ਨੈਣ ਭਿੱਜੇ ਹੋਏ ਸਨ।

"ਧੰਨਵਾਦ।"

ਪੀਟਰ ਮੇਰੇ ਸੀਨੇ ਆਣ ਲੱਗਾ।

ਪਿਛਲੇ ਦੋ ਦਿਨਾਂ ਤੋਂ ਮੈਂ ਪੀਟਰ ਨੂੰ ਚੁੱਪ-ਚੁੱਪ ਹੀ ਵੇਖਿਆ ਸੀ, ਬੇਲਾਗ। ਹੁਣ ਮੇਰੇ ਕਿਸੇ ਉਚੇਚ ਤੋਂ ਬਿਨਾਂ ਵੀ ਮੇਰੀ ਅੰਦਰਲੀ ਨਿੱਘ ਉਸ ਨੂੰ ਛੂਹ ਗਈ ਜਾਪੀ।

ਅੰਨਾ ਨੇ ਦੂਜੇ ਦਿਨ ਦਿੱਲੀ ਲਈ ਰਵਾਨਾ ਹੋ ਜਾਣਾ ਸੀ, ਤੇ ਮੈਂ ਇਕ ਰਾਤ ਹੋਰ ਰਹਿਣਾ ਸੀ।

"ਪੀਟਰ ਤੈਨੂੰ ਮਿੱਸ ਕਰੇਗਾ।" ਸੌਣ ਵੇਲੇ 'ਗੁੱਡ ਨਾਈਟ' ਦੇ ਨਾਲ ਅੰਨਾ ਦੇ ਭਿੱਜਵੇਂ ਸ਼ਬਦ ਸਨ।

ਪੀਟਰ ਨੇ ਮੈਨੂੰ ਮਿੱਸ ਕੀਤਾ ਹੈ ਕਿ ਨਹੀਂ, ਪਤਾ ਨਹੀਂ ਪਰ ਪੀਟਰ ਮੈਨੂੰ ਅਕਸਰ ਯਾਦ ਆ ਜਾਂਦਾ ਹੈ। ਨੂਰ ਨਾਲ ਪੀਟਰ ਦੀ ਯਾਦ ਵੀ ਜੁੜੀ ਹੋਈ ਹੈ। ਹੁਣ ਉਹ ਤੀਹ-ਬੱਤੀ ਵਰ੍ਹਿਆਂ ਦਾ ਭਰ ਜੁਆਨ ਹੋਵੇਗਾ। ਉਹ ਮੇਰੇ ਚੇਤੇ ਵਿਚ ਉਂਜ ਦਾ ਉਂਜ ਹੀ ਟਿਕਿਆ ਹੋਇਆ ਹੈ।

ਸੁਤਿੰਦਰ ਸਿੰਘ ਨੂਰ ਨਾਲ ਪੰਜਾਬ ਯੂਨੀਵਰਸਿਟੀ ਦੇ ਇਕ ਸਮਾਗਮ ਵਿਚ ਮੇਲ ਹੋਇਆ। ਪਤਾ ਨਹੀਂ ਸੀ ਕਿ ਇਹ ਨੂਰ ਨਾਲ ਮੇਰਾ ਆਖਰੀ ਮੇਲ ਸੀ। ਸਮਾਗਮ ਤੋਂ ਬਾਅਦ ਗ਼ੈਰ-ਰਸਮੀ ਬੈਠਕ ਵਿਚ ਮੈਂ ਨੂਰ ਤੋਂ ਅੰਨਾ ਤੇ ਪੀਟਰ ਬਾਰੇ ਪੁੱਛਿਆ। ਹੁਣ ਨੂਰ ਪਾਸ ਉਨ੍ਹਾਂ ਦੀ ਕੋਈ ਖ਼ੈਰ-ਖ਼ਬਰ ਨਹੀਂ ਸੀ। ਪਤਾ ਨਹੀਂ ਕਿੱਥੇ ਗੁਆਚ ਗਈ ਹੈ ਅੰਨਾ।

ਜੁਗ-ਜੁਗ ਜੀਵੇ ਪੀਟਰ ਤੇ ਜੁੜੇ ਰਹਿਣ ਉਹਦੇ ਮਾਪੇ।

ਪੀਟਰ ਦਾ ਧਿਆਨ ਆਉਂਦਿਆਂ ਹੀ ਮੇਰੇ ਹੋਠ ਫਰਕ ਉਠਦੇ ਹਨ।

# ਪਿੰਡ ਚੜ੍ਹੀ ਤੇ ਸੇਵੇਵਾਲਾ ਦੇ ਸਾਕੇ

ਜਤਿੰਦਰ ਮੌਹਰ
ਫੋਨ: 91-97799-34747

ਕਾਮਰੇਡ ਰੌਣਕ ਸਿੰਘ ਚੜ੍ਹੀ ਦਾ ਨਾਮ ਸੁਰਤ ਸੰਭਾਲਣ ਵੇਲੇ ਤੋਂ ਹੀ ਕੰਨਾਂ ਵਿਚ ਪੈਣਾ ਸ਼ੁਰੂ ਹੋ ਗਿਆ ਸੀ। ਪਿੰਡ ਦੇ ਲੋਕਾਂ ਦੀਆਂ ਗੱਲਾਂ ਵਿਚ ਉਹਦਾ ਜ਼ਿਕਰ ਆਉਂਦਾ ਰਹਿੰਦਾ। ਸਾਡੇ ਪਿੰਡ (ਭੁੱਟਾ) ਤੋਂ ਦੱਖਣ ਵਾਲੇ ਪਾਸੇ ਖੰਨੇ ਨੂੰ ਜਾਂਦੀ ਸੜਕ ਉਤੇ ਸਵਾ ਕੁ ਮੀਲ ਦੂਰ ਪਿੰਡ ਚੜ੍ਹੀ ਕਾਮਰੇਡ ਰੌਣਕ ਸਿੰਘ ਦੇ ਨਾਮ ਕਰ ਕੇ ਵੀ ਮਸ਼ਹੂਰ ਹੈ। ਕਾਮਰੇਡ ਕਈ ਸਾਲ ਪਿੰਡ ਦਾ ਸਰਪੰਚ ਰਿਹਾ। ਬਾਅਦ ਵਿਚ ਉਹ ਸੱਤਰਵਿਆਂ ਦੀ ਨਕਸਲਬਾੜੀ ਲਹਿਰ ਵਿਚ ਸ਼ਾਮਲ ਹੋ ਗਿਆ। ਕਾਮਰੇਡ ਨੂੰ ਪੁਲਿਸ ਨੇ ਤਸ਼ੱਦਦ ਤੋਂ ਬਾਅਦ ਸ਼ਹੀਦ ਕਰ ਦਿੱਤਾ ਸੀ। ਚੜ੍ਹੀ ਪਿੰਡ ਵਿਚ ਉਨ੍ਹਾਂ ਦੀ ਯਾਦਗਾਰ ਬਣੀ ਹੋਈ ਹੈ। ਹੁਣ ਵੀ ਉਹਦੀ ਦਲੇਰੀ ਦੇ ਕਿੱਸੇ ਮਸ਼ਹੂਰ ਹਨ। ਕਿਹਾ ਜਾਂਦਾ ਹੈ ਕਿ ਉਹਦੇ ਸਰਪੰਚ ਹੁੰਦਿਆਂ ਪੁਲਿਸ ਪੰਚਾਇਤ ਦੀ ਆਗਿਆ ਤੋਂ ਬਿਨਾਂ ਪਿੰਡ ਵਿਚ ਨਹੀਂ ਵੜ ਸਕਦੀ ਸੀ। ਇੱਕ ਵਾਰ ਕਿਸੇ ਨਵੇਂ ਆਏ ਤੱਤੇ ਥਾਣੇਦਾਰ ਨੇ ਪੰਚਾਇਤ ਦੀ ਆਗਿਆ ਤੋਂ ਬਿਨਾਂ ਪਿੰਡ ਵਿਚ ਪੈਰ ਰੱਖ ਲਿਆ। ਕਾਮਰੇਡ ਰੌਣਕ ਸਿੰਘ ਨਾਲ ਥਾਣੇਦਾਰ ਦੀ ਤਕਰਾਰ ਹੋ ਗਈ। ਥਾਣੇਦਾਰ ਕਹਿੰਦਾ, "ਮੈਂ ਤੇਰੀ ਦਾੜ੍ਹੀ ਪੁੱਟ ਕੇ ਤੇਰੇ ਹੱਥ ਵਿਚ ਫੜਾਦੂੰ।" ਅੱਗਿਉਂ ਕਾਮਰੇਡ ਦਾ ਜਵਾਬ ਸੀ, "ਦਾੜ੍ਹੀ ਨੂੰ ਛੱਡ... ਤੂੰ ਇੱਕ ਵਾਲ ਪੁੱਟ ਕੇ ਦਿਖਾ, ਫਿਰ ਦੇਖੀਂ ਕੀ ਭਾਅ ਵਿਕਦੀ ਐ।" ਥਾਣੇਦਾਰ ਪੈਰ ਮਲਦਾ ਪਿੰਡ ਤੋਂ ਬਾਹਰ ਹੋ ਗਿਆ। ਥਾਣੇਦਾਰ ਨੂੰ ਕਾਮਰੇਡ ਦੀ ਪਾਈ ਵੰਗਾਰ ਦੀ ਗੂੰਜ ਮੇਰੀ ਪਲੇਠੀ ਫਿਲਮ 'ਮਿੱਟੀ' ਦੇ ਕਿਰਦਾਰਾਂ ਕਿਸਾਨ ਆਗੂ ਮਨਜੀਤ ਸਿੰਘ ਅਤੇ ਥਾਣੇਦਾਰ ਜਵਾਲਾ ਸਿੰਘ ਵਿਚਕਾਰ ਹੁੰਦੀ ਬਹਿਸ ਵਿਚ ਸੁਣਾਈ ਦਿੰਦੀ ਹੈ।






*ਰੌਣਕ ਸਿੰਘ ਦੀ ਯਾਦ ਵਿਚ ਪਿੰਡ 'ਚ ਬਣਾਈ ਯਾਦਗਾਰ। ਸੱਜੇ ਹੱਥ ਦਿਸ ਰਹੀ ਹੈ ਇਸ ਯਾਦਗਾਰ ਉਤੇ ਲਿਖੀ ਇਬਾਰਤ।*

ਸੰਨ 1991 ਵਿਚ ਮੈਂ ਪੰਜਵੀਂ ਜਮਾਤ ਵਿਚ ਪੜ੍ਹਦਾ ਸੀ। ਪਤਾ ਲੱਗਿਆ ਕਿ ਕਾਮਰੇਡ ਦੀ ਯਾਦਗਾਰ ਉਤੇ ਭਾਈ ਮੰਨਾ ਸਿੰਘ ਦੇ ਨਾਟਕ ਖੇਡੇ ਜਾਣੇ ਹਨ। ਉਦੋਂ ਬਾਬੇ ਗੁਰਸ਼ਰਨ ਦਾ ਇਹੀ ਨਾਂ ਪਤਾ ਸੀ। ਮੈ ਅਤੇ ਮੇਰਾ ਆੜੀ (ਨਾਂ ਯਾਦ ਨਹੀਂ) ਸਾਈਕਲ ਲੈ ਕੇ ਚੜ੍ਹੀ ਵੱਲ ਹੋ ਤੁਰੇ। ਚੜ੍ਹੀ ਵੜਦੇ ਸਾਰ ਪਹਿਲਾਂ ਮੜ੍ਹੀਆਂ ਆਉਂਦੀਆਂ ਹਨ ਅਤੇ ਕੁਝ ਕੁ ਕਦਮ ਅੱਗੇ ਸ਼ਰਾਬ ਦਾ ਠੇਕਾ ਹੁੰਦਾ ਸੀ। ਠੇਕੇ ਤੋਂ ਅੱਗੇ ਪੈਂਦੇ ਮੋੜ ਤੋਂ ਦੋ ਸੌ ਕੁ ਮੀਟਰ ਸੱਜੇ ਪਾਸੇ ਜਾ ਕੇ ਕਾਮਰੇਡ ਦੀ ਯਾਦਗਾਰ ਬਣੀ ਹੋਈ ਸੀ। ਅਸੀਂ ਮੜ੍ਹੀਆਂ ਤੋਂ ਕੁਝ ਪਿੱਛੇ ਹੋਵਾਂਗੇ, ਜਦੋਂ ਕਾਹਲ ਕਦਮੀ ਤੁਰੇ ਆਉਂਦੇ ਬੰਦੇ ਨੇ ਦੱਸਿਆ ਕਿ ਕਾਮਰੇਡ ਦੀ ਯਾਦ ਵਿਚ ਮਾਰਚ ਕਰ ਰਹੇ ਲੋਕਾਂ ਉਤੇ ਸਿਰਫਿਰੇ ਜਨੂੰਨੀਆਂ ਨੇ ਗੋਲੀ ਚਲਾ ਦਿੱਤੀ ਹੈ। ਅਸੀਂ ਪਿੱਛਲ-ਪੈਰੀਂ ਹੋ ਤੁਰੇ। ਫਿਰ ਕਾਲਜ ਦੇ ਦਿਨਾਂ ਵਿਚ ਜਾ ਕੇ ਪਤਾ ਲੱਗਿਆ, ਇਸ ਹਾਦਸੇ ਵਿਚ ਲੋਕ ਆਗੂ ਰੌਣਕ ਸਿੰਘ ਮਾਰਿਆ ਗਿਆ ਸੀ। ਹੁਣ ਆ ਕੇ ਪਤਾ ਲੱਗਿਆ ਕਿ ਰੌਣਕ ਸਿੰਘ ਤੋਂ ਬਿਨਾਂ ਗੋਲੀਬਾਰੀ ਵਿਚ ਮਰਨ ਵਾਲੇ ਬੀਬੀ ਮਹਿੰਦਰ ਕੌਰ ਅਤੇ ਸਤਾਰਾਂ ਕੁ ਸਾਲਾਂ ਦਾ ਸੁਖਪਾਲ ਵੀ ਸੀ। ਸੁਖਪਾਲ ਪਰਵਾਸੀ ਮਜ਼ਦੂਰ ਸੀ। ਉਹਦਾ ਭਰਾ ਅੱਜ ਕੱਲ੍ਹ ਲੁਧਿਆਣੇ ਰਹਿੰਦਾ ਹੈ। ਚੜ੍ਹੀ ਕਤਲੇਆਮ ਦੇ ਕਾਤਲਾਂ ਵਿਚ ਸਾਡੇ ਗੁਆਂਢੀ ਪਿੰਡ ਦੇ ਮੁੰਡੇ ਦਾ ਨਾਂ ਵੱਜਦਾ ਸੀ। ਕਿਹਾ ਜਾਂਦਾ ਹੈ ਕਿ ਉਹ ਪਹਿਲਾਂ ਕਿਸੇ ਟਰੈਕਟਰ ਕੰਪਨੀ ਵਿਚ ਕੰਮ ਕਰਦਾ ਸੀ। ਕੰਪਨੀ ਵਾਲਿਆਂ ਦਾ ਟਰੈਕਟਰ ਭਜਾ ਲਿਆਇਆ। ਪੁਲਿਸ ਕੇਸ ਪੈਣ ਤੋਂ ਬਾਅਦ ਖਾਲਿਸਤਾਨੀ ਲਹਿਰ ਵਿਚ ਸ਼ਾਮਲ ਹੋ ਗਿਆ ਅਤੇ ਇਲਾਕੇ ਵਿਚ ਤਰਥੱਲੀ ਮਚਾਈ ਰੱਖੀ। ਮਾੜੇ ਮੋਟੇ ਨਸ਼ੇ ਕਰਨ ਵਾਲੇ ਪੇਂਡੂਆਂ ਜਾਂ ਅੰਮ੍ਰਿਤ ਤੋੜਨ ਵਾਲਿਆਂ ਨੂੰ ਪੁੱਠਾ ਲਮਕਾ ਕੇ ਕੁੱਟਦਾ। ਫਿਰ ਅਫ਼ਵਾਹ ਉਡੀ ਕਿ ਉਹਨੂੰ ਨਾਲ ਦੇ ਸਾਥੀਆਂ ਨੇ ਹੀ ਮਾਰ ਦਿੱਤਾ।

ਚੜ੍ਹੀ ਵਾਲੇ ਸਾਕੇ ਦੀ ਕੜੀ 'ਚ ਸਿਰਫ਼ਿਰਿਆਂ ਨੇ 9 ਅਪਰੈਲ 1991 ਨੂੰ ਪਿੰਡ ਸੇਵੇਵਾਲਾ ਵਿਚ 'ਜਬਰ ਅਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ' ਦੀ ਮੀਟਿੰਗ ਵਿਚ ਹਿੱਸਾ ਲੈ ਰਹੇ ਲੋਕਾਂ ਉਤੇ ਗੋਲੀਆਂ ਦੀ ਅੰਧਾਧੁੰਦ ਵਾਛੜ ਕਰ ਦਿੱਤੀ ਸੀ। ਇਸ ਸਾਕੇ ਵਿਚ 18 ਕਾਰਕੁਨ ਮਾਰੇ ਗਏ ਅਤੇ 22 ਦੇ ਕਰੀਬ ਜ਼ਖ਼ਮੀ ਹੋਏ ਸਨ। ਇਸ ਕਤਲੇਆਮ ਨੂੰ 'ਸੇਵੇਵਾਲਾ ਸਾਕੇ' ਦੇ ਨਾਂ ਨਾਲ ਯਾਦ ਰੱਖਿਆ ਜਾਂਦਾ ਹੈ। ਉਥੇ ਕਹਿਰ ਵਰਤਾ ਰਹੇ ਅਸਾਲਟਾਂ ਵਾਲਿਆਂ ਨੂੰ 70 ਸਾਲ ਦੀ ਬੀਬੀ ਸਦਾ ਕੌਰ ਨੇ ਵੰਗਾਰਿਆ ਸੀ ਕਿ ਜਵਾਨਾਂ ਤੋਂ ਪਹਿਲਾਂ ਮੈਨੂੰ ਮਾਰੋ। ਬੀਬੀ ਨੇ ਇਹ ਸ਼ਬਦ ਆਖਦਿਆਂ ਗੋਲੀਆਂ ਅੱਗੇ ਹਿੱਕ ਡਾਹ ਦਿੱਤੀ, "ਕਿਉਂ ਬੇਗੁਨਾਹਾਂ ਨੂੰ ਕਤਲ ਕਰ ਰਹੇ ਹੋ, ਇਨ੍ਹਾਂ ਨੂੰ ਮਾਰਨ ਤੋਂ ਪਹਿਲਾਂ ਮੈਨੂੰ ਮਾਰ ਦਿਉ।" ਅਸਾਲਟਾਂ ਵਾਲਿਆਂ ਨੇ ਬੀਬੀ ਦੀ ਗੱਲ ਤੁਰੰਤ ਮੰਨ ਲਈ। ਜਸਪਾਲ ਸਿੰਘ ਸੇਲਬਰਾਹ ਬੱਚਿਆਂ ਨੂੰ ਗੋਲੀਬਾਰੀ ਦੀ ਜ਼ੱਦ ਤੋਂ ਬਾਹਰ ਕੱਢਦਾ ਹੋਇਆ ਸ਼ਹੀਦ ਹੋ ਗਿਆ। ਕਾਮਰੇਡ ਮੇਘ ਰਾਜ ਭਗਤੂਆਣਾ ਅਸਾਲਟਾਂ ਦਾ ਮੁਕਾਬਲਾ ਦੋਨਾਲੀ ਨਾਲ ਕਰਦਾ ਹੋਇਆ ਸ਼ਹੀਦ ਹੋਇਆ। ਉਹਨੇ ਕਾਤਲਾਂ ਦਾ ਪਿੰਡ ਦੇ ਬਾਹਰ ਤੱਕ ਪਿੱਛਾ ਕੀਤਾ, ਪਰ ਪਿੰਡ ਵਿਚ ਲੁਕੇ ਹੋਏ ਕਾਤਲਾਂ ਨੇ ਕਾਮਰੇਡ ਨੂੰ ਗੋਲੀਆਂ ਮਾਰ ਦਿੱਤੀਆਂ। ਪੱਚੀ ਸਾਲਾ ਕਾਮਰੇਡ ਪੱਪੀ ਨੇ ਵਰ੍ਹਦੀਆਂ ਗੋਲੀਆਂ 'ਚ ਨਾਅਰੇ ਲਾਉਣੇ ਜਾਰੀ ਰੱਖੇ ਅਤੇ ਗੋਲੀਆਂ ਦਾ ਸ਼ਿਕਾਰ ਹੋ ਗਿਆ।

ਬਚਪਨ ਦੀਆਂ ਯਾਦਾਂ ਦੇ ਹਵਾਲੇ ਨਾਲ ਹਾਦਸਿਆਂ ਦੀ ਨਵੀਆਂ ਤੈਹਾਂ ਖੁੱਲ੍ਹ ਜਾਂਦੀਆਂ ਹਨ। ਹੁਣ ਕਾਮਰੇਡ ਰੌਣਕ ਸਿੰਘ ਦੀ ਯਾਦ ਵਿਚ ਸਮਾਗਮ ਨਹੀਂ ਹੁੰਦਾ। ਨਵੀਂ ਪਨੀਰੀ ਦੇ ਚੇਤੇ ਵਿਚੋਂ ਕਿੰਨਾ ਕੁਝ ਕਿਰ ਰਿਹਾ ਹੈ। ਲੋਕ-ਨਾਬਰੀ ਦੇ ਇਤਿਹਾਸ ਨੂੰ ਪੁਸ਼ਤ-ਦਰ-ਪੁਸ਼ਤ ਸੁਣਾਇਆ ਜਾਣਾ ਲਾਜ਼ਮੀ ਲਗਦਾ ਹੈ। ਇਹ ਪੁਰਖਿਆਂ ਨਾਲ ਸੰਵਾਦ ਦੀ ਪਹਿਲਕਦਮੀ ਨੂੰ ਪੁਖ਼ਤਾ ਕਰਦਾ ਹੈ।

# ਕਾਰਲ ਮਾਰਕਸ ਦੀ ਜੀਵਨ ਕਹਾਣੀ




*'ਲਵ ਐਂਡ ਕੈਪੀਟਲ' ਦਾ ਟਾਈਟਲ*

***ਮਈ ਦਾ ਮਹੀਨਾ ਸੰਸਾਰ ਦੇ ਉਘੇ ਵਿਦਵਾਨ ਕਾਰਲ ਮਾਰਕਸ ਦੇ ਜਨਮ ਦਿਨ ਵਾਲਾ ਮਹੀਨਾ ਹੈ। ਉਹਦਾ ਜਨਮ 5 ਮਈ 1818 ਨੂੰ ਜਰਮਨੀ ਵਿਚ ਹੋਇਆ ਸੀ। ਉਸ ਨੇ ਸੰਸਾਰ ਨੂੰ ਦੋ ਅਜਿਹੀਆਂ ਅਦੁੱਤੀ ਰਚਨਾਵਾਂ 'ਦਿ ਕਮਿਊਨਿਸਟ ਮੈਨੀਫੈਸਟੋ' ਤੇ 'ਦਾਸ ਕੈਪੀਟਲ' ਦਿੱਤੀਆਂ ਜਿਸ ਨੇ ਸੰਸਾਰ ਭਰ ਵਿਚ ਤਰਥੱਲੀ ਮਚਾ ਦਿੱਤੀ। ਉਸ ਦੀਆਂ ਇਨ੍ਹਾਂ ਰਚਨਾਵਾਂ ਦਾ ਨਿਚੋੜ ਸਰਬੱਤ ਦਾ ਭਲਾ ਹੈ। ਉਸ ਦੀਆਂ ਰਚਨਾਵਾਂ ਨੂੰ ਆਧਾਰ ਬਣਾ ਕੇ ਰੂਸੀ ਲੀਡਰ ਲੈਨਿਨ ਨੇ ਸੰਸਾਰ ਦਾ ਪਹਿਲਾ ਇਨਕਲਾਬ ਲਿਆਂਦਾ ਜਿਸ ਨੇ ਸੰਸਾਰ ਭਰ ਦੇ ਨਿਤਾਣਿਆਂ ਅਤੇ ਨਿਮਾਣਿਆਂ ਲਈ ਆਸ ਦੀ ਕਿਰਨ ਜਗਾਈ। ਨਾਸਤਿਕ ਹੋਣ ਕਰ ਕੇ ਮਾਰਕਸ ਨੂੰ ਬੜੀਆਂ ਔਕੜਾਂ ਵਿਚੋਂ ਲੰਘਣਾ ਪਿਆ ਪਰ ਜਿਸ ਤਰ੍ਹਾਂ ਦਾ ਸਿਧਾਂਤ ਉਹ ਮਨੁੱਖ ਜਾਤੀ ਲਈ ਦੇ ਗਿਆ, ਉਹ ਲਾ-ਜਵਾਬ ਹੈ। ਇਸੇ ਕਰ ਕੇ ਹੁਣ ਤੱਕ ਸੈਂਕੜੇ-ਹਜ਼ਾਰਾਂ ਕਿਤਾਬਾਂ ਮਾਰਕਸ ਅਤੇ ਉਸ ਦੇ ਸਿਧਾਂਤ ਬਾਰੇ ਆ ਚੁੱਕੀਆਂ ਹਨ। ਸਾਲ 2011 ਵਿਚ ਅਮਰੀਕੀ ਲੇਖਕਾ ਮੇਰੀ ਜਬਰੀਲ ਨੇ ਕਾਰਲ ਮਾਰਕਸ ਤੇ ਉਸ ਦੇ ਜੀਵਨ ਬਾਰੇ ਕਿਤਾਬ ਲਿਖੀ- 'ਲਵ ਐਂਡ ਕੈਪੀਟਲ।' ਇਸ ਕਿਤਾਬ ਨੂੰ ਆਧਾਰ ਬਣਾ ਕੇ ਪ੍ਰੋ. ਹਰਪਾਲ ਸਿੰਘ ਪੰਨੂ ਨੇ ਲੰਮਾ ਲੇਖ ਲਿਖਿਆ ਹੈ। ਇਹ ਲੇਖ ਇਸ ਕਰ ਕੇ ਵੀ ਦਿਲਚਸਪ ਹੈ ਕਿ ਇਹ ਆਸਤਿਕ ਚਿੰਤਕ ਵਲੋਂ ਨਾਸਤਿਕ ਚਿੰਤਕ ਬਾਰੇ ਲਿਖਿਆ ਗਿਆ ਹੈ। ਇਸ ਲੇਖ ਦੀ ਪਹਿਲੀ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ***



*ਲੇਖਕਾ ਮੇਰੀ ਜਬਰੀਲ ਦੀ ਤਸਵੀਰ*

ਮੇਰੀ ਜਬਰੀਲ ਅਮਰੀਕਾ ਅਤੇ ਫਰਾਂਸ ਦੇ ਵਿਸ਼ਵ ਵਿਦਿਆਲਿਆਂ ਵਿਚ ਪੜ੍ਹੀ, ਤੇ ਉਹਨੇ ਖਬਰ ਏਜੰਸੀ ਰਾਇਟਰਜ਼ ਦੀ ਸੰਪਾਦਕ ਵਜੋਂ ਦੋ ਦਹਾਕੇ ਵਾਸ਼ਿੰਗਟਨ ਅਤੇ ਲੰਡਨ ਵਿਚ ਬਿਤਾਏ। ਹੁਣ ਉਹ ਇਟਲੀ ਦੀ ਵਸਨੀਕ ਹੈ। ਕਾਰਲ ਮਾਰਕਸ ਦੇ ਜੀਵਨ ਉਤੇ ਉਸ ਦੀ ਕਿਤਾਬ 'ਲਵ ਐਂਡ ਕੈਪੀਟਲ' 2011 ਵਿਚ ਆਈ ਜੋ ਲਿਟਲ ਬ੍ਰਾਊਨ ਐਂਡ ਕੰਪਨੀ ਨੇ ਨਿਊ ਯਾਰਕ ਤੋਂ ਛਾਪੀ ਹੈ। ਮਾਰਕਸ ਉਪਰ ਲਿਖੀਆਂ ਗਈਆਂ ਜੀਵਨੀਆਂ ਦੀ ਘਾਟ ਨਹੀਂ ਪਰ 700 ਪੰਨਿਆਂ ਦੀ ਇਸ ਕਿਤਾਬ ਦੀ ਇਹੋ ਵਿਲੱਖਣਤਾ ਹੈ ਕਿ ਪੂਰਬਲੇ ਸਾਰੇ ਜੀਵਨੀ ਸਾਹਿਤ ਦਾ ਸਰਵੇਖਣ ਕਰ ਕੇ, ਮਾਰਕਸ ਪਰਿਵਾਰ ਦੇ ਜੀਆਂ ਨੂੰ ਮਿਲ ਕੇ ਉਹਨੇ ਪ੍ਰਬੁੱਧ ਸ਼ਿਲਪਕਾਰ ਵਾਂਗ ਸਮੱਗਰੀ ਇਕ ਥਾਂ, ਇਕ ਲੜੀ ਵਿਚ ਪਰੋ ਦਿੱਤੀ ਹੈ। ਕਿਤਾਬ ਦੇ 53 ਅਧਿਆਵਾਂ ਵਿਚ ਅਠਾਈ ਸੌ ਹਵਾਲੇ ਹਨ।



**ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਪਾਠ ਕਰਦਿਆਂ ਪਾਠਕ ਕਿਤੇ ਉਕਤਾਉਂਦਾ ਨਹੀਂ। ਬਾਲਜ਼ਾਕ ਦੀ ਇਸ ਪੰਕਤੀ ਨਾਲ ਮੰਗਲਾਚਰਨ ਕਰੀਏ, "ਜੀਨੀਅਸ, ਆਪਣੇ ਆਪ ਅੱਗੇ ਜਵਾਬਦੇਹ ਹੈ ਕੇਵਲ, ਮਨੋਰਥ ਸਿੱਧੀ ਵਾਸਤੇ ਅਪਨਾਏ ਰਸਤੇ ਦੀ ਸਾਰਥਕਤਾ ਸਿਰਫ ਉਹੀ ਇਕੱਲਾ ਜਾਣਦਾ ਹੈ।"

ਮਾਰਕਸ ਦੀ ਪਤਨੀ ਦਾ ਨਾਮ ਜੈਨੀ ਸੀ ਜੋ ਅਮੀਰ ਮਾਪਿਆਂ ਦੇ ਘਰ 1814 ਵਿਚ ਪੈਦਾ ਹੋਈ। ਪਿਤਾ ਸਰਕਾਰੀ ਅਫਸਰ ਸੀ ਤੇ ਪਰਿਵਾਰ ਸ਼ਾਨਦਾਰ ਬੰਗਲੇ ਵਿਚ ਰਹਿੰਦਾ ਸੀ। ਜਵਾਨ ਜੈਨੀ ਆਪਣੇ ਸ਼ਹਿਰ ਦੀ ਸਭ ਤੋਂ ਵੱਧ ਸੁਹਣੀ ਕੁੜੀ ਸੀ। ਉਹਦੀ ਪੜ੍ਹਾਈ ਲਿਖਾਈ ਵੱਲ ਖਾਸ ਤਵੱਜੋ ਦਿੱਤੀ ਗਈ। ਉਹਨੇ ਜਰਮਨ ਅਤੇ ਫਰਾਂਸ ਦੇ ਸ਼੍ਰੋਮਣੀ ਫਿਲਾਸਫਰ ਪੜ੍ਹੇ। ਕਾਂਟ ਨੇ ਐਲਾਨ ਕੀਤਾ, "ਜਿਹੜਾ ਬੰਦਾ ਦੂਜੇ ਉਪਰ ਨਿਰਭਰ ਹੈ, ਉਹ ਬੰਦਾ ਨਹੀਂ; ਉਹ ਤਾਂ ਦੂਜੇ ਦੀ ਜਾਇਦਾਦ ਹੈ। ਔਰਤ ਮਰਦ ਦੀ ਗੁਲਾਮ ਨਹੀਂ ਅਤੇ ਮਨੁੱਖਤਾ ਕਿਸੇ ਸੂਰਤ ਵਿਚ ਵੀ ਰਾਜੇ ਦੀ ਗੁਲਾਮ ਨਹੀਂ। ਰਾਜੇ ਦਾ ਐਲਾਨ ਕਿ ਉਹ ਰੱਬ ਦਾ ਦੂਤ ਹੈ, ਬਕਵਾਸ ਹੈ।"

ਪਿਤਾ ਹੈਨਰਿਕ ਮਾਰਕਸ ਅਤੇ ਮਾਂ ਹੈਨਰਿਟਾ ਦੇ ਘਰ ਕਾਰਲ ਦਾ ਜਨਮ 1818 ਨੂੰ ਜਰਮਨੀ ਵਿਚ ਹੋਇਆ। ਯਹੂਦੀ ਬੱਚੇ ਨੂੰ ਸਰਕਾਰੀ ਸਕੂਲ ਵਿਚ ਦਾਖਲਾ ਨਹੀਂ ਮਿਲਦਾ ਸੀ; ਸੋ ਕਾਰਲ ਉਦੋਂ ਛੇ ਸਾਲ ਦਾ ਸੀ ਜਦੋਂ ਪਰਿਵਾਰ ਈਸਾਈ ਧਰਮ ਵਿਚ ਆ ਗਿਆ। ਇਹ ਫੈਸਲਾ ਵਕਤੀ ਲੋੜ ਪੂਰੀ ਕਰਨ ਵਾਸਤੇ ਕੀਤਾ ਗਿਆ। ਕਾਰਲ ਦੀ ਭੈਣ ਸੋਫੀ, ਜੈਨੀ ਦੀ ਸਹੇਲੀ ਸੀ। ਬੱਚਿਆਂ ਦਾ ਇਕ-ਦੂਜੇ ਦੇ ਘਰ ਆਉਣ-ਜਾਣ ਬਣਿਆ ਹੋਇਆ ਸੀ।

ਹੇਗਲ ਦੇ ਫਲਸਫੇ ਨਾਲ ਯੂਰਪ ਹਿਲ ਗਿਆ ਸੀ। ਜੁਆਨੀ ਸੋਚਣ ਲੱਗ ਪਈ ਕਿ ਹੇਗਲ ਦਾ ਕਿਹਾ- ਤਬਦੀਲੀ ਯਕੀਨੀ ਹੈ, ਸੱਚ ਹੋਵੇਗਾ, ਨਿਰਕੁੰਸ਼ ਬਾਦਸ਼ਾਹਾਂ ਤੋਂ ਖਹਿੜਾ ਛੁਟੇਗਾ।

ਕਾਰਲ ਦਾ ਪਿਤਾ ਕੈਸੀਨੋ ਕਲੱਬ ਦਾ ਮੈਂਬਰ ਸੀ। ਜਨਵਰੀ 1834 ਵਿਚ ਕਲੱਬ ਦੀ ਮੀਟਿੰਗ ਵਿਚ ਉਹਨੇ ਰਾਜੇ ਦੀ ਪ੍ਰਸ਼ੰਸਾ ਕਰਦਿਆ ਕਿਹਾ, 'ਅਸੀਂ ਸ਼ੁਕਰਗੁਜ਼ਾਰ ਹਾਂ ਕਿ ਮਹਾਰਾਜ ਸਾਡੇ ਕਲੱਬ ਦਾ ਸਤਿਕਾਰ ਕਰਦੇ ਹਨ ਅਤੇ ਸਾਡੇ ਰਾਹੀਂ ਪਰਜਾ ਦੀ ਫਰਿਆਦ ਸੁਣਦੇ ਹਨ।' ਹੈਨਰਿਕ ਦੀ ਇਸ ਸਪੀਚ ਨੂੰ ਵਿਅੰਗਮਈ ਗਰਦਾਨਦਿਆਂ ਸਰਕਾਰ ਨੇ ਉਸ ਦੁਆਲੇ ਜਾਸੂਸਾਂ ਦੀ ਡਿਊਟੀ ਲਾ ਦਿੱਤੀ। ਸੋਲਾਂ ਸਾਲ ਦੇ ਕਾਰਲ ਨੇ ਦੇਖਿਆ ਕਿ ਮਨੁੱਖੀ ਬਰਾਬਰੀ ਅਤੇ ਆਜ਼ਾਦੀ ਦੀਆਂ ਚੰਗੀਆਂ ਗੱਲਾਂ ਦੱਸਣ ਵਾਲੇ ਉਹਦੇ ਸਕੂਲ ਹੈਡਮਾਸਟਰ ਨੂੰ ਨੌਕਰੀ ਤੋਂ ਹਟਾ ਦਿੱਤਾ, ਤੇ ਪਿਤਾ ਉਪਰ ਨਾਜਾਇਜ਼ ਸ਼ਿਕੰਜਾ ਕਸ ਦਿੱਤਾ। ਕਾਰਲ ਦੇ ਧੁੰਦਲੇ ਖਿਆਲ ਕੁਝ-ਕੁਝ ਸਾਫ ਹੋਣ ਲੱਗੇ। ਅਜੇ ਇਨਕਲਾਬੀਆਂ ਦਾ ਦੌਰ ਨਹੀਂ ਸੀ ਆਇਆ, ਇਹ ਸਾਰੇ ਮਾਮੂਲੀ ਸੁਧਾਰਵਾਦੀ ਲੋਕ ਸਨ। ਜਰਮਨ ਸੋਸ਼ਲਿਜ਼ਮ ਦੇ ਪਿਤਾਮਾ ਲੁਡਵਿਗ ਗਾਲ ਦਾ ਪੈਂਫਲਿਟ ਛਪਿਆ ਜਿਸ ਵਿਚ ਕਿਹਾ ਸੀ ਕਿ ਸਮਾਜ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ- ਇਕ ਮਜ਼ਦੂਰ ਹਨ ਜੋ ਧਨ ਉਤਪਨ ਕਰਦੇ ਹਨ, ਦੂਜੇ ਧਨੀ ਜੋ ਮੁਨਾਫੇ ਦੀ ਫਸਲ ਵੱਢਦੇ ਹਨ। ਹੈਨਰਿਕ ਹੀਨ ਜਰਮਨੀ ਦਾ ਹਰਮਨ ਪਿਆਰਾ ਸ਼ਾਇਰ ਸੀ ਭਾਵੇਂ ਉਹਦੀਆਂ ਲਿਖਤਾਂ 'ਤੇ ਪਾਬੰਦੀ ਲੱਗੀ ਹੋਈ ਸੀ। ਉਹਦੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਹੋਏ ਤਾਂ ਉਹ ਪੈਰਿਸ ਚਲਾ ਗਿਆ, ਕਿਉਂਕਿ ਇਕ ਮੰਤਰੀ ਨੇ ਕਿਹਾ ਸੀ- ਉਸ ਨੂੰ ਫਾਂਸੀ ਲਾਉ। ਉਹਦੇ ਗੀਤਾਂ ਦੀਆਂ ਉਦਾਸ ਧੁਨਾਂ ਜਰਮਨੀ ਦੇ ਸਕੂਲਾਂ ਵਿਚ ਗੂੰਜੀਆਂ। ਮਾਰਕਸ ਦੇਖ ਰਿਹਾ ਸੀ, ਖੇਤਾਂ ਦੇ ਕਿਸਾਨ ਅਤੇ ਛੋਟੇ ਕਾਰੀਗਰ ਆਪਣੇ ਕਿੱਤੇ ਛੱਡ-ਛੱਡ ਫੈਕਟਰੀਆਂ ਵੱਲ ਰੁਖ ਕਰ ਰਹੇ ਸਨ। ਇਨ੍ਹਾਂ ਪਰਛਾਵਿਆਂ ਨੇ ਉਸ ਉਪਰ ਅਸਰ ਕਰਨਾ ਸੀ।

17 ਸਾਲ ਦੀ ਉਮਰੇ ਉਹਨੇ ਯੂਨੀਵਰਸਿਟੀ ਵਿਚ ਦਾਖਲਾ ਲਿਆ। ਵਿਦਿਆਰਥੀਆਂ ਨੇ ਲੇਖ ਲਿਖਣਾ ਸੀ- 'ਆਪਣਾ ਕੈਰੀਅਰ ਕਿਵੇਂ ਚੁਣੀਏ?' ਉਹਨੇ ਲਿਖਿਆ, "ਕਿੱਤਾ ਅਜਿਹਾ ਚੁਣੀਏ ਜਿਸ ਨਾਲ ਬਹੁਤਿਆਂ ਦਾ ਭਲਾ ਹੋਵੇ, ਤੇ ਖੁਦ ਸੰਪੂਰਨ ਹੋ ਜਾਈਏ। ਸੰਪੂਰਨਤਾ ਉਸ ਨੂੰ ਨਸੀਬ ਹੋਏਗੀ ਜਿਹੜਾ ਦੂਜਿਆਂ ਦੀ ਸੰਪੂਰਨਤਾ ਲਈ ਕੰਮ ਕਰੇਗਾ। ਜਿਹੜਾ ਕੇਵਲ ਆਪਣੀਆਂ ਲੋੜਾਂ ਪੂਰੀਆਂ ਕਰਨ ਵੱਲ ਰੁਚਿਤ ਹੈ, ਉਹ ਪ੍ਰਸਿੱਧ ਹੋ ਸਕਦਾ ਹੈ, ਸਾਧੂ ਅਖਵਾ ਸਕਦਾ ਹੈ, ਮਹਾਂਕਵੀ ਹੋ ਸਕਦਾ ਹੈ ਪਰ ਸੰਪੂਰਨ ਨਹੀਂ। ਜਿਹੜੇ ਲੋੜਵੰਦਾਂ ਲਈ ਸਹਾਈ ਹੋਣਗੇ, ਭਲੇ ਲੋਕ ਉਨ੍ਹਾਂ ਦੀਆਂ ਅਸਥੀਆਂ ਹੰਝੂਆਂ ਨਾਲ ਧੋਣਗੇ।"

ਜੈਨੀ ਦੇ ਪਿਤਾ ਨੇ ਆਪਣੀ ਧੀ ਨੂੰ ਗੇਟੇ, ਸ਼ਿੱਲਰ ਅਤੇ ਸ਼ੈਲੇ ਦੀਆਂ ਲਿਖਤਾਂ ਪੜ੍ਹਾਈਆਂ। ਕਾਰਲ ਵਿਚ ਉਹਨੂੰ ਇਨ੍ਹਾਂ ਲੇਖਕਾਂ ਦੇ ਨਾਇਕ ਦਾ ਚਿਹਰਾ ਦਿਸਿਆ। ਉਮਰ ਵਿਚ ਕਾਰਲ ਤੋਂ ਚਾਰ ਵਰ੍ਹੇ ਵੱਡੀ ਜੈਨੀ ਨੂੰ ਕਾਰਲ ਵਿਚਲੇ ਸੁਪਰਮੈਨ ਦੇ ਨੈਣ-ਨਕਸ਼ ਦਿਸੇ, ਤੇ ਉਹ ਫਿਦਾ ਹੋ ਗਈ। ਆਪਣਾ ਕਸਬਾ ਤ੍ਰਾਇਰ ਛੱਡ ਕੇ ਕਾਰਲ ਬੌਨ ਯੂਨੀਵਰਸਿਟੀ ਵਿਚ ਬਰਲਿਨ ਗਿਆ। ਇਕ ਸਾਲ



*ਕਾਰਲ ਮਾਰਕਸ ਆਪਣੀ ਪਤਨੀ ਜੈਨੀ ਨਾਲ।*

ਬਾਅਦ ਜੈਨੀ ਨੇ ਕਾਰਲ ਅੱਗੇ ਵਿਆਹ ਦੀ ਖਾਹਿਸ਼ ਜ਼ਾਹਰ ਕੀਤੀ। ਜੈਨੀ ਦੇ ਦਿਮਾਗ ਵਿਚ ਸ਼ਿੱਲਰ ਦਾ ਵਾਕ ਘੁੰਮਦਾ ਰਹਿੰਦਾ, "ਮੇਰੇ ਵਰਗੇ ਕੁਝ ਬੰਦਿਆਂ ਦੀ ਸੈਨਾ ਮੇਰਾ ਸਾਥ ਦਏ ਤਾਂ ਮੈਂ ਜਰਮਨੀ ਵਿਚ ਉਹ ਗਣਤੰਤਰ ਕਾਇਮ ਕਰ ਦਿਆਂ ਜਿਸ ਅੱਗੇ ਰੋਮ ਅਤੇ ਸਪਾਰਟਾ ਦੀਆਂ ਸਭਿਅਤਾਵਾਂ ਇਉਂ ਦਿਸਣ ਜਿਵੇਂ ਅਜੇ ਪੰਘੂੜੇ ਵਿਚ ਲੇਟੀਆਂ ਹੋਣ।"

ਯੂਨੀਵਰਸਿਟੀ ਵਿਚ ਪਹਿਲਾ ਸਾਲ ਉਹਨੇ ਸ਼ਰਾਬ ਅਤੇ ਅੱਯਾਸ਼ੀਆਂ ਦੇ ਲੇਖੇ ਲਾਇਆ। ਦਾੜ੍ਹੀ ਰੱਖ ਲਈ, ਵਧੇ ਵਾਲ ਪਿੱਛੇ ਸੁੱਟ ਲਏ। ਸ਼ਰਾਬੀ ਹੋ ਕੇ ਖਰੂਦ ਕਰਨ ਦੇ ਦੋਸ਼ ਕਾਰਨ ਜੇਲ੍ਹ ਦੀ ਹਵਾ ਖਾਣੀ ਪਈ। ਤਲਵਾਰਬਾਜ਼ੀ ਦਾ ਸ਼ੌਕੀਨ ਜਦੋਂ ਘਰ ਖਤ ਲਿਖਦਾ, ਹਰ ਖਤ ਵਿਚ ਪਿਤਾ ਤੋਂ ਪੈਸੇ ਮੰਗੇ ਹੁੰਦੇ, ਕਰਜ਼ਈ ਹੁੰਦਾ ਗਿਆ। ਪਿਤਾ ਨੇ ਆਪਣੇ ਘਰੋਂ ਪਹਿਲਾ ਬੱਚਾ ਯੂਨੀਵਰਸਿਟੀ ਤੋਰਿਆ ਸੀ, 15 ਅਕਤੂਬਰ 1835 ਨੂੰ ਸਵੇਰ ਦੇ ਚਾਰ ਵਜੇ ਸਾਰਾ ਪਰਿਵਾਰ ਉਸ ਨੂੰ ਰਿਵਰਬੋਟ 'ਤੇ ਚੜ੍ਹਾਉਣ ਵਾਸਤੇ ਚਾਈਂ-ਚਾਈਂ ਆਇਆ ਸੀ। ਵਿਦਾਇਗੀ ਵਕਤ ਪਿਤਾ ਨੇ ਕਿਹਾ ਸੀ, "ਮੇਰੇ ਕੋਲ ਜੇ ਇਹ ਸਮਰੱਥਾ ਬਚਪਨ ਵਿਚ ਹੁੰਦੀ ਜੋ ਅੱਜ ਹੈ, ਤਾਂ ਜੋ ਮੈਂ ਬਣਨਾ ਸੀ, ਤੂੰ ਉਹ ਬਣੀਂ। ਮੇਰੇ ਸੁਫਨੇ ਸਾਕਾਰ ਕਰਨੇ ਹਨ ਜਾਂ ਮਿੱਟੀ ਵਿਚ ਮਿਲਾਣੇ ਹਨ, ਹੁਣ ਸਭੇ ਤੇਰੇ ਵੱਸ।"

ਮਾਰਕਸ ਨੇ ਸ਼ੁਰੂ ਵਿਚ ਕਾਨੂੰਨ ਪੜ੍ਹਿਆ, ਫਿਰ ਫਲਸਫੇ ਵੱਲ ਰੁਖ ਕੀਤਾ। ਪਿਤਾ ਪੁੱਛਦਾ, "ਤਲਵਾਰਬਾਜ਼ੀ ਦਾ ਫਲਸਫੇ ਨਾਲ ਕੋਈ ਸਬੰਧ ਹੋਵੇਗਾ ਹੀ। ਤੂੰ ਸਿਆਣੈਂ।" ਇਕ ਵਾਰ ਤਾਂ ਤਲਵਾਰਬਾਜ਼ੀ ਦੌਰਾਨ ਉਸ ਦੇ ਭਰਵੱਟੇ ਉਪਰ ਡੂੰਘਾ ਜ਼ਖਮ ਹੋ ਗਿਆ ਜਿਸ ਨੂੰ ਕਾਰਲ ਨੇ ਫਖਰ ਨਾਲ ਤਮਗਾ ਕਿਹਾ। ਫਿਰ ਉਸ ਕੋਲੋਂ ਵਰਜਿਤ ਗ਼ੈਰ-ਲਸੰਸੀ ਰਿਵਾਲਵਰ ਬਰਾਮਦ ਕੀਤਾ ਗਿਆ। ਪਿਤਾ ਨੇ ਬੌਨ ਯੂਨੀਵਰਸਿਟੀ ਵਿਚੋਂ ਹਟਾ ਕੇ ਵੱਡੀ, ਯੂਨੀਵਰਸਿਟੀ ਆਫ ਬਰਲਿਨ ਵਿਚ ਦਾਖਲ ਕਰਵਾ ਦਿੱਤਾ। ਜੈਨੀ ਅਤੇ ਕਾਰਲ ਵਿਚਕਾਰ ਖਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਕਾਰਲ ਨੇ ਤਾਂ ਆਪਣੇ ਘਰ ਇਸ ਦੀ ਜਾਣਕਾਰੀ ਦੇ ਦਿੱਤੀ, ਪਰ ਜੈਨੀ ਨੇ ਆਪਣੇ ਮਾਪਿਆਂ ਕੋਲ ਗੱਲ ਨਾ ਕੀਤੀ। ਇਕ ਤਾਂ ਉਮਰਾਂ ਦਾ ਫਰਕ ਬਹੁਤਾ ਸੀ, ਦੂਜੇ ਅਜੇ ਕਾਰਲ ਕੋਲ ਕੋਈ ਰੁਜ਼ਗਾਰ ਨਹੀਂ ਸੀ, ਮਾਪਿਆਂ ਨੂੰ ਪ੍ਰੇਸ਼ਾਨੀ ਹੋਣੀ ਸੀ। ਕਾਰਲ ਦੇ ਪਿਤਾ ਨੇ ਇਹ ਕਹਿ ਕੇ ਸਹਿਮਤੀ ਪ੍ਰਗਟਾਈ ਕਿ ਪੜ੍ਹ, ਰੁਜ਼ਗਾਰ 'ਤੇ ਲੱਗ, ਫਿਰ ਵਿਆਹ ਬਾਰੇ ਸੋਚੀਂ।

ਇਕ ਪਾਸੇ ਬੇਰਸ ਔਖੀ ਪੜ੍ਹਾਈ, ਦੂਜੇ ਪਾਸੇ ਜੈਨੀ ਦਾ ਰੁਮਾਂਸ; ਬੰਦਾ ਬਿਮਾਰ ਹੋ ਗਿਆ। ਡਾਕਟਰ ਨੇ ਕੁਝ ਹਫਤੇ ਕਿਸੇ ਪਿੰਡ ਵਿਚ ਬਿਤਾਉਣ ਲਈ ਕਿਹਾ। ਪਿੰਡ ਵਿਚ ਰਹਿੰਦਿਆਂ ਬਿਮਾਰੀ ਦੌਰਾਨ ਉਹਨੇ ਸਾਰਾ ਹੇਗਲ ਪੜ੍ਹ ਲਿਆ ਜਿਸ ਦੀ ਦੋ ਸਾਲ ਪਹਿਲਾਂ ਮੌਤ ਹੋ ਚੁੱਕੀ ਸੀ। ਹੇਗਲ ਇਸੇ ਯੂਨੀਵਰਸਿਟੀ ਦਾ ਪ੍ਰੋਫੈਸਰ ਰਿਹਾ ਸੀ ਜਿਥੇ ਕਾਰਲ ਪੜ੍ਹ ਰਿਹਾ ਸੀ। ਫਰਾਂਸ, ਬੈਲਜੀਅਮ ਅਤੇ ਇੰਗਲੈਂਡ ਦੇ ਜੁਆਨਾਂ ਵਿਚ ਹੇਗਲ ਜੜ੍ਹਾਂ ਫੜ ਰਿਹਾ ਸੀ। ਜੁਆਨ ਦੇਖ ਰਹੇ ਸਨ, ਢਲਿਆ ਲੋਹਾ ਰੇਲ ਲਾਇਨਾਂ ਦੀ ਸੂਰਤ ਲੈ ਕੇ ਪਿੰਡਾਂ ਤੱਕ ਪੁੱਜ ਗਿਆ ਸੀ, ਟ੍ਰੇਨ 60 ਕਿਲੋਮੀਟਰ ਦੀ ਰਫਤਾਰ ਨਾਲ ਦੌੜ ਪਈ ਸੀ, ਬਿਜਲੀ ਈਜਾਦ ਹੋ ਗਈ ਤੇ ਤਾਰ ਸੇਵਾ ਰਾਹੀਂ ਪਲਾਂ ਵਿਚ ਸੁਨੇਹੇ ਦੂਰ-ਦੁਰਾਡੇ ਪੁੱਜਦੇ। ਇਸ ਤਬਦੀਲੀ ਦਾ ਅਸਰ ਕਵਿਤਾ, ਸੰਗੀਤ, ਪੇਂਟਿੰਗ ਅਤੇ ਫਲਸਫੇ ਉਪਰ ਪਿਆ; ਸਿਆਸਤ ਉਪਰ ਅਸਰ ਹੋਣਾ ਹੀ ਹੋਣਾ ਸੀ। ਲੋਕ ਸੋਚਣ ਲੱਗੇ, ਸੁਧਾਰ ਨਹੀਂ; ਹੁਣ ਕ੍ਰਾਂਤੀ ਆਏਗੀ। ਹੇਗਲ ਦਾ ਕਿਹਾ ਸੱਚ ਹੋਵੇਗਾ। ਰਾਜ਼ੀ ਹੋ ਕੇ ਵਾਪਸ ਬਰਲਿਨ ਆਇਆ ਤਾਂ ਕਾਰਲ ਦੇ ਦੋ ਸ਼ੌਕ ਤੇਜ਼ੀ ਫੜ ਗਏ- ਇਕ ਦਾਰਸ਼ਨਿਕ ਸੰਵਾਦ, ਦੂਜਾ ਸ਼ਰਾਬ ਦੇ ਦੌਰ।

ਜੈਨੀ ਬਿਮਾਰ ਹੋ ਗਈ। ਮਾਪਿਆਂ ਨੇ ਸਮਝਿਆ, ਸਰੀਰਕ ਤਕਲੀਫ ਹੈ, ਠੀਕ ਹੋ ਜਾਵੇਗੀ। ਕਾਰਲ ਦਾ ਪਿਤਾ ਜਾਣਦਾ ਸੀ ਡਿਪਰੈਸ਼ਨ ਹੈ, ਉਹ ਖੁਦ ਡਿਪਰੈਸ਼ਨ ਦਾ ਸ਼ਿਕਾਰ ਸੀ। ਆਪਣੇ ਬੇਟੇ ਨੂੰ ਖਤ ਵਿਚ ਲਿਖਿਆ, "ਤੈਨੂੰ ਮਿਹਨਤ ਕਰਨੀ ਚਾਹੀਦੀ ਹੈ। ਜੈਨੀ ਨੂੰ ਤੈਥੋਂ ਆਸਾਂ ਹਨ। ਉਹਨੂੰ ਉਸ ਦੀਆਂ ਅਤੇ ਸੰਸਾਰ ਦੀਆਂ ਨਜ਼ਰਾਂ ਵਿਚ ਡੇਗੀਂ ਨਾ। ਤੇਰੇ ਨਾਲ ਮੰਗਣਾ ਕਰ ਕੇ ਉਹਨੇ ਕਿਡੀ ਕੁਰਬਾਨੀ ਦਿੱਤੀ ਹੈ, ਇਸ ਨੂੰ ਯਾਦ ਰੱਖੀਂ।" ਕਾਰਲ ਨੇ ਜੈਨੀ ਦੇ ਰੋਮਾਂਸ ਦੌਰਾਨ ਕਵਿਤਾਵਾਂ ਦੀਆਂ ਤਿੰਨ ਕਿਤਾਬਾਂ ਲਿਖੀਆਂ ਜਿਨ੍ਹਾਂ ਨੂੰ ਪਿਛਲੀ ਉਮਰੇ ਪੜ੍ਹਦਿਆਂ ਜੈਨੀ ਹੱਸ ਪਿਆ ਕਰਦੀ ਸੀ। ਪਿਤਾ ਨੂੰ ਜੈਨੀ ਉਪਰ ਤਰਸ ਆਉਂਦਾ, ਇੰਨੀ ਮਾਸੂਮ ਕਿ ਉਸ ਦੇ ਨਾਲਾਇਕ ਪੁੱਤਰ ਨਾਲ ਬੰਧਨ ਵਿਚ ਬੱਝ ਗਈ। ਜੈਨੀ ਦੀ ਦਸ਼ਾ ਪਿਤਾ ਦੇ ਡਿਪਰੈਸ਼ਨ ਦਾ ਅਕਸਰ ਕਾਰਨ ਬਣਦੀ।

ਪ੍ਰੋਫੈਸਰ ਅਤੇ ਵਿਦਿਆਰਥੀ ਹੇਗਲ ਉਪਰ ਵਿਚਾਰਾਂ ਕਰਦੇ ਇਸ ਨਤੀਜੇ 'ਤੇ ਪੁੱਜਦੇ ਕਿ ਇਹ ਤਾਂ ਠੀਕ ਹੈ, ਤਬਦੀਲੀ ਯਕੀਨੀ ਹੈ ਪਰ ਤਬਦੀਲੀ ਪਿੱਛੇ ਕੋਈ ਦੈਵੀ ਸ਼ਕਤੀ ਨਹੀਂ ਹੈ ਜਿਵੇਂ ਹੀਗਲ ਦਾ ਖਿਆਲ ਹੈ। ਆਦਮੀ ਖੁਦ ਆਪਣੀ ਹੋਣੀ ਲਈ ਜ਼ਿੰਮੇਵਾਰ ਹੈ। ਜੇ ਰੱਬ ਤਬਦੀਲੀ ਦਾ ਧੁਰਾ ਹੈ ਤਾਂ ਰਾਜੇ ਕਿਉਂ ਸਥਿਰ ਹਨ? ਪਰਜਾ ਲਈ ਨਹੀਂ, ਰੱਬ ਰਾਜਿਆਂ ਲਈ ਫਾਇਦੇਮੰਦ ਹੈ ਕਿਉਂਕਿ ਉਹ ਰੱਬ ਦੇ ਏਲਚੀ ਹਨ। ਪ੍ਰੋਫੈਸਰਾਂ ਅਤੇ ਜਮਾਤੀਆਂ ਦੇ ਇਕੱਠ ਵਿਚ ਤਬਦੀਲੀ ਜਿਸ ਲਈ ਡਾਇਲੈਕਟਿਕ ਸ਼ਬਦ ਵਰਤਿਆ ਜਾਂਦਾ, ਬਾਰੇ ਕਾਰਲ ਦਲੀਲਾਂ ਸੁੱਟਦਾ। ਜਮਾਤੀ ਤਾਂ ਕੀ ਉਸ ਦੇ ਅਧਿਆਪਕ ਉਸ ਅੱਗੇ ਹਥਿਆਰ ਸੁੱਟ ਦਿੰਦੇ। ਇਉਂ ਲਗਦਾ ਜਿਵੇਂ ਰੂਸੋ, ਵਾਲਟੇਅਰ, ਹੀਨ ਅਤੇ ਹੇਗਲ ਇਕੋ ਜੁਆਨ ਵਿਚ ਦਾਖਲ ਹੋ ਗਏ ਹੋਣ। ਉਸ ਦਾ ਛੋਟਾ ਨਾਮ ਮੂਹਰ ਪੈ ਗਿਆ। ਮੂਹਰ, ਸ਼ਿੱਲਰ ਦਾ ਹੀਰੋ ਹੈ ਜਿਹੜਾ ਰਾਬਿਨਹੁੱਡ ਵਾਂਗ ਭ੍ਰਿਸ਼ਟ ਹਕੂਮਤ ਉਲਟਾ ਦਿੰਦਾ ਹੈ। ਕਾਰਲ ਦੇ ਨਜ਼ਦੀਕੀ ਸਾਥੀ ਸਾਰੀ ਉਮਰ ਉਸ ਨੂੰ ਇਸੇ ਨਾਮ ਨਾਲ ਬੁਲਾਉਂਦੇ।

ਪਿਤਾ ਉਦਾਸ ਰਹਿੰਦਾ ਕਿ ਕਾਰਲ ਪਰਿਵਾਰ ਅਤੇ ਜੈਨੀ ਵਲੋਂ ਲਾਪ੍ਰਵਾਹ ਹੈ। ਉਸ ਦਾ ਗਿਆਰਾਂ ਸਾਲ ਦਾ ਪੁੱਤਰ ਮਹੀਨੇ ਦੀ ਬਿਮਾਰੀ ਬਾਅਦ ਚੱਲ ਵਸਿਆ। ਪਿਤਾ ਨੇ ਖੁਦ ਮੰਜਾ ਫੜ ਲਿਆ ਤੇ ਅੱਠ ਮਹੀਨੇ ਤਪਦਿਕ ਨਾਲ ਘੁਲਣ ਪਿੱਛੋਂ ਦਮ ਤੋੜ ਗਿਆ। ਉਸ ਦੀ ਪੁੱਤਰ ਵੱਲ ਆਖਰੀ ਚਿੱਠੀ ਹੈ, "ਬਿਨਾ ਸ਼ੱਕ ਯਕੀਨ ਕਰੀਂ ਤੂੰ ਮੇਰੇ ਦਿਲ ਦੀ ਤਹਿ ਵਿਚ ਬੈਠਾ ਏਂ, ਤੂੰ ਮੇਰੇ ਜੀਵਨ ਦਾ ਸਭ ਤੋਂ ਤਾਕਤਵਰ ਲੀਵਰ ਏਂ। ਥੱਕ ਗਿਆ ਹਾਂ ਹੁਣ। ਲਿਖਣਾ ਬੰਦ ਕਰਦਾ ਹਾਂ। ਦੁੱਖ ਹੈ, ਜੋ ਲਿਖਣਾ ਚਾਹੁੰਦਾ ਸਾਂ, ਨਹੀਂ ਲਿਖ ਸਕਿਆ। ਤੈਨੂੰ ਗਲ ਲਾ ਕੇ ਮਿਲਣਾ ਚਾਹੁੰਦਾ ਹਾਂ।"

***15 ਅਪਰੈਲ 1841, ਕਾਰਲ ਨੂੰ ਪੀਐਚ.ਡੀ. ਦੀ ਡਿਗਰੀ ਮਿਲੀ। ਥੀਸਿਸ ਜੈਨੀ ਦੇ ਪਿਤਾ ਨੂੰ ਸਮਰਪਣ ਕੀਤਾ ਸੀ। ਧਰਮ ਅਤੇ ਵਿਦਿਆ ਦੇ ਮੰਤਰੀ ਨੇ ਕਾਰਲ ਵਿਰੁੱਧ ਫੈਸਲਾ ਸੁਣਾਇਆ ਕਿ ਉਹ ਨਾਸਤਿਕ ਹੈ ਜਿਸ ਦਾ ਭਾਵ ਹੋਇਆ ਕਿ ਦੇਸ ਵਿਚ ਨੌਕਰੀ ਨਹੀਂ ਮਿਲੇਗੀ। ਡਿਗਰੀ ਚੁੱਕੀ ਉਹ ਥਾਂ-ਥਾਂ ਘੁੰਮਿਆਂ ਕਿ ਸਰਕਾਰੀ ਨਹੀਂ ਤਾਂ ਕਿਸੇ ਪ੍ਰਾਈਵੇਟ ਸੰਸਥਾ ਵਿਚ ਅਧਿਆਪਨ ਦਾ ਕੰਮ ਮਿਲ ਜਾਵੇ ਪਰ ਹਰ ਥਾਂ ਜਵਾਬ। ਜੈਨੀ ਨਾਲ ਮੰਗਣੀ ਨੂੰ ਪੰਜ ਸਾਲ ਹੋ ਚੱਲੇ ਸਨ। ਰੁਜ਼ਗਾਰ ਬਗੈਰ ਵਿਆਹ ਕਿਵੇਂ ਹੋਵੇ? ਸਭ ਤੋਂ ਘਟੀਆ ਕੰਮ ਪੱਤਰਕਾਰੀ ਦਾ ਸੀ ਜਿਸ ਵਿਚ ਨਾ ਪੈਸੇ ਸਨ ਨਾ ਸਥਿਰਤਾ। ਉਸ ਦਾ ਲਿਬਾਸ ਤੱਕ ਅੱਖਰਦਾ ਸੀ।***

*(ਅਗਲੇ ਸਫੇ 'ਤੇ ਜਾਰੀ)*

ਪਿਤਾ ਦੇ ਸਸਕਾਰ ਮੌਕੇ ਘਰ ਨਹੀਂ ਆਇਆ, ਕਿਹਾ, "ਹੋਰ ਬਥੇਰੇ ਜ਼ਰੂਰੀ ਕੰਮ ਹਨ ਕਰਨ ਵਾਲੇ।" ਜੈਨੀ ਆਪਣੇ ਮੰਗੇਤਰ ਦੇ ਭਵਿੱਖ ਲਈ ਦੁਆਵਾਂ ਕਰਦੀ। ਪਿਤਾ ਦੀ ਮੌਤ ਤੋਂ ਬਾਅਦ ਕਾਰਲ ਕਿਸੇ ਅੱਗੇ ਜਵਾਬਦੇਹ ਨਹੀਂ ਸੀ; ਪਰ ਮਾਂ, ਪਿਤਾ ਜਿੰਨੀ ਉਦਾਰ-ਦਿਲ ਨਹੀਂ ਸੀ। ਖਰਚੇ ਵਿਚ ਕਟੌਤੀ ਕਰ ਦਿੱਤੀ, ਕਿਉਂਕਿ ਛੇ ਬੱਚੇ ਹੋਰ ਵੀ ਹਨ ਕਾਰਲ ਤੋਂ ਬਿਨਾਂ।

ਬਾਦਸ਼ਾਹ ਦੀ ਮੌਤ ਬਾਅਦ 1840 ਵਿਚ ਉਸ ਦਾ ਸ਼ਾਹਜ਼ਾਦਾ ਫਰੈਡਰਿਕ ਵਿਲਮ ਚੌਥਾ ਗੱਦੀ 'ਤੇ ਬੈਠਾ। ਲੱਗਦਾ ਸੀ, ਉਹ ਉਦਾਰ ਬਿਰਤੀ ਵਾਲਾ ਹੈ। ਵਪਾਰੀਆਂ ਨੇ ਰਿਆਇਤਾਂ ਮੰਗੀਆਂ, ਵਿਧਾਨ ਬਣਾਉਣ ਲਈ ਕਿਹਾ ਤੇ ਅਸੈਂਬਲੀ ਸਥਾਪਤ ਕਰਨ ਲਈ ਕਿਹਾ ਤਾਂ ਕਿ ਪਰਜਾ ਦੀ ਆਵਾਜ਼ ਸਰਕਾਰ ਤੱਕ ਪੁੱਜੇ। ਮਹਾਰਾਜੇ ਨੇ ਅੱਖਾਂ ਪੂੰਝਣ ਵਾਂਗ ਕੁਝ ਥਾਂਵਾਂ 'ਤੇ ਨਾਮ-ਨਿਹਾਦ ਅਸੈਂਬਲੀਆਂ ਬਣਾਈਆਂ ਜਿਨ੍ਹਾਂ ਪਾਸ ਕੋਈ ਅਧਿਕਾਰ ਨਹੀਂ ਸਨ। ਲਿਖਣ, ਬੋਲਣ ਦੀ ਆਜ਼ਾਦੀ ਮੰਗੀ ਪਰ ਪ੍ਰੈਸ 'ਤੇ ਹੋਰ ਸਖਤੀਆਂ ਲਾਗੂ ਹੋ ਗਈਆਂ। ਜੁਆਨ ਹੇਗਲਵਾਦੀਆਂ ਉਪਰ ਸ਼ਿਕੰਜਾ ਕੱਸ ਦਿੱਤਾ, ਫਲਸਰੂਪ ਯੂਨੀਵਰਸਿਟੀਆਂ ਫੌਜੀ ਛਾਉਣੀਆਂ ਬਣ ਗਈਆਂ। ਬਾਦਸ਼ਾਹ, ਪਰਜਾ ਨੂੰ ਇਸ ਕਰ ਕੇ ਕਮੀਣੀ ਆਖਦਾ ਸੀ ਕਿਉਂਕਿ ਨਾਸਤਿਕ ਹੁੰਦੀ ਜਾ ਰਹੀ ਸੀ, ਤੇ ਐਲਾਨ ਕਰ ਰਹੀ ਸੀ ਕਿ ਰੱਬ ਨੇ ਰਾਜਾ ਨਹੀਂ ਥਾਪਿਆ।

15 ਅਪਰੈਲ 1841, ਕਾਰਲ ਨੂੰ ਪੀਐਚ.ਡੀ. ਦੀ ਡਿਗਰੀ ਮਿਲੀ। ਥੀਸਿਸ ਜੈਨੀ ਦੇ ਪਿਤਾ ਨੂੰ ਸਮਰਪਣ ਕੀਤਾ ਸੀ। ਧਰਮ ਅਤੇ ਵਿਦਿਆ ਦੇ ਮੰਤਰੀ ਨੇ ਕਾਰਲ ਵਿਰੁਧ ਫੈਸਲਾ ਸੁਣਾਇਆ ਕਿ ਉਹ ਨਾਸਤਿਕ ਹੈ ਜਿਸ ਦਾ ਭਾਵ ਹੋਇਆ ਕਿ ਦੇਸ਼ ਵਿਚ ਨੌਕਰੀ ਨਹੀਂ ਮਿਲੇਗੀ। ਡਿਗਰੀ ਚੁੱਕੀ ਉਹ ਥਾਂ-ਥਾਂ ਘੁੰਮਿਆ ਕਿ ਸਰਕਾਰੀ ਨਹੀਂ ਤਾਂ ਕਿਸੇ ਪ੍ਰਾਈਵੇਟ ਸੰਸਥਾ ਵਿਚ ਅਧਿਆਪਨ ਦਾ ਕੰਮ ਮਿਲ ਜਾਵੇ ਪਰ ਹਰ ਥਾਂ ਜਵਾਬ। ਜੈਨੀ ਨਾਲ ਮੰਗਣੀ ਨੂੰ ਪੰਜ ਸਾਲ ਹੋ ਚੱਲੇ ਸਨ। ਰੁਜ਼ਗਾਰ ਬਗੈਰ ਵਿਆਹ ਕਿਵੇਂ ਹੋਵੇ? ਸਭ ਤੋਂ ਘਟੀਆ ਕੰਮ ਪੱਤਰਕਾਰੀ ਦਾ ਸੀ ਜਿਸ ਵਿਚ ਨਾ ਪੈਸੇ ਸਨ, ਨਾ ਸਥਿਰਤਾ। ਉਸ ਦਾ ਲਿਬਾਸ ਤੱਕ ਅੱਖਰਦਾ ਸੀ। ਮੋਟੇ ਨੈਣ-ਨਕਸ਼, ਗੁਸੈਲਾ ਚਿਹਰਾ, ਲੰਮੀ ਦਾੜ੍ਹੀ, ਅਣਵਾਹੇ ਲੰਮੇ ਕੇਸ ਪਿੱਛੇ ਸੁੱਟੇ ਹੋਏ, ਕਾਲਾ ਚੋਗਾ ਜਿਸ ਦੇ ਬਟਨ ਗਲਤ-ਮਲਤ ਹੁੰਦੇ ਤੇ ਸ਼ਰੇਆਮ ਸਿਗਾਰ ਦੇ ਸੂਟੇ। ਸਾਊ ਜੁਆਨ ਲੁਕ-ਛੁਪ ਕੇ ਸਿਗਾਰ ਪੀਂਦੇ ਸਨ। ਲੋਕ ਤ੍ਰਿਸਕਾਰ ਨਾਲ ਦੇਖਦੇ। ਇਸ ਦੇ ਉਲਟ ਜੈਨੀ ਸੁਨੱਖੀ, ਵੱਡੇ ਖਾਨਦਾਨ ਦੀ ਸ਼ਾਨਾਮੱਤੀ ਨੱਢੀ, ਘੁੰਗਰਾਲੇ ਵਾਲ, ਮੋਤੀਆਂ ਦੀ ਲੜੀ ਗਰਦਨ ਵਿਚ, ਉਸ ਨੂੰ ਮਹਿੰਗੇ ਲਿਬਾਸ ਦੀ ਜ਼ਰੂਰਤ ਨਹੀਂ; ਇਸੇ ਤਰ੍ਹਾਂ, ਸਾਦੇ ਕੱਪੜਿਆਂ ਵਿਚ ਵੀ ਚੰਦ ਵਾਂਗ ਚਮਕਦੀ ਪਰ ਉਹ ਫੈਸ਼ਨਪ੍ਰਸਤ ਨਹੀਂ ਸੀ, ਮਾਪਿਆਂ ਦਾ ਵੱਡਾ ਖਾਨਦਾਨ ਇਸ ਗੱਲ ਦੀ ਆਗਿਆ ਨਹੀਂ ਦਿੰਦਾ ਸੀ ਕਿ ਪਹਿਰਾਵੇ ਵੱਲ ਲਾਪ੍ਰਵਾਹੀ ਦਿਖਾਏ। ਉਸ ਦੇ ਕਸਬੇ ਤ੍ਰਾਇਰ ਵਿਚ ਉਸ ਤੋਂ ਵੱਧ ਸੁਹਣੀ ਕੁੜੀ ਹੋਰ ਕੋਈ ਨਹੀਂ ਸੀ। ਉਸ ਨੂੰ ਕਾਰਲ ਵਿਰੁਧ ਟਿੱਪਣੀਆਂ ਸੁਣਨ ਨੂੰ ਮਿਲਦੀਆਂ ਕਿ ਇਹ ਕੁਜੋੜ ਹੈ। ਹੱਸ ਪੈਂਦੀ। ਜਿਸ ਗੱਲ ਬਾਰੇ ਫਿਕਰਵੰਦ ਹੋ ਜਾਂਦੀ, ਉਹ ਸੀ ਉਮਰਾਂ ਦਾ ਫਰਕ ਅਤੇ ਕਾਰਲ ਦੀ ਬੇਰੁਜ਼ਗਾਰੀ।

ਜੈਨੀ ਨੇ ਖਤ ਲਿਖਿਆ, "ਮੈਨੂੰ ਪਤਾ ਲੱਗੈ ਕਾਰਲ, ਪੜ੍ਹਨ ਲਿਖਣ ਤੋਂ ਇਲਾਵਾ ਤੂੰ ਰਾਜਨੀਤੀ ਵਿਚ ਦਿਲਚਸਪੀ ਲੈਣ ਲੱਗਾ ਏਂ। ਤੈਨੂੰ ਪਤਾ ਨਹੀਂ ਇਹ ਕਿਡੀ ਖਤਰਨਾਕ ਖੇਡ ਹੈ, ਤੈਨੂੰ ਪਤਾ ਨਹੀਂ ਕੋਈ ਤੇਰਾ ਫਿਕਰਵੰਦ ਵੀ ਹੈ।"

ਕੁਝ ਹਫਤਿਆਂ ਦੀ ਬਿਮਾਰੀ ਮਗਰੋਂ ਜੈਨੀ ਦੇ ਪਿਤਾ ਦਾ ਦੇਹਾਂਤ ਹੋ ਗਿਆ। ਕੇਵਲ ਉਹੀ ਘਰ ਵਿਚ ਇਕ ਮਰਦ ਸੀ ਜਿਹੜਾ ਜੈਨੀ ਅਤੇ ਕਾਰਲ ਦੇ ਵਿਆਹ ਲਈ ਰਜ਼ਾਮੰਦ ਸੀ। ਭਰਾ ਫਰਡੀਨੰਦ ਕਾਰਲ ਦੇ ਸਖਤ ਖਿਲਾਫ ਸੀ, ਉਸ ਨੇ ਜੈਨੀ ਨੂੰ ਰਿਸ਼ਤਾ ਤੋੜਨ ਲਈ ਕਿਹਾ। ਮਾਂ, ਪਹਿਲੋਂ ਦੁੱਚਿਤੀ ਵਿਚ ਸੀ ਪਰ ਫਰਡੀ ਦਾ ਵਿਹਾਰ ਦੇਖ ਕੇ ਜੈਨੀ ਦੇ ਹੱਕ ਵਿਚ ਹੋ ਗਈ।

24 ਸਾਲ ਦੀ ਉਮਰੇ 5 ਮਈ 1842 ਨੂੰ ਕਾਰਲ ਦਾ ਸ਼ਾਨਦਾਰ ਲੇਖ ਆਜ਼ਾਦੀ ਉਪਰ ਛਪਿਆ, ਲਿਖਿਆ, "ਕੋਈ ਬੰਦਾ ਆਜ਼ਾਦੀ ਦੇ ਖਿਲਾਫ ਨਹੀਂ, ਹਾਂ ਇਹ ਹੋ ਸਕਦਾ ਹੈ ਕੋਈ ਹੋਰਾਂ ਦੀ ਆਜ਼ਾਦੀ ਦੇ ਖਿਲਾਫ ਹੋਵੇ। ਸਭ ਸਮਿਆਂ ਵਿਚ ਆਜ਼ਾਦੀ ਕਾਇਮ ਰਹੀ, ਕਦੀ-ਕਦੀ ਖਾਸ ਰਿਆਇਤ ਦੇ ਰੂਪ ਵਿਚ, ਕਦੀ ਵਿਆਪਕ ਅਧਿਕਾਰ ਵਜੋਂ। ਜਿਵੇਂ ਗੁਰੂਤਾ ਖਿੱਚ ਦਾ ਨਿਯਮ ਗਤੀ ਵਾਸਤੇ ਰੋਕ ਬਣਦਾ ਹੈ, ਇਉਂ ਕਾਨੂੰਨ ਆਜ਼ਾਦੀ ਦੇ ਵਿਰੁਧ ਨਹੀਂ ਹੁੰਦੇ। ਸੰਵਿਧਾਨ ਆਮ ਪਰਜਾ ਦੀ ਬਾਈਬਲ ਹੁੰਦਾ ਹੈ, ਇਸ ਕਰ ਕੇ ਪ੍ਰੈਸ ਦੀ ਆਜ਼ਾਦੀ ਵਾਸਤੇ ਵੱਖਰਾ ਪ੍ਰੈਸ ਲਾਅ ਘੜਨਾ ਜ਼ਰੂਰੀ ਹੈ।" ਜੁੰਗ ਨੇ ਇਸ ਲਿਖਤ ਨੂੰ ਲਾਜਵਾਬ ਕਿਹਾ। ਪ੍ਰੈਸ ਉਤੇ ਪਾਬੰਦੀਆਂ ਕਾਰਨ ਇਹ ਲੇਖ ਕਲਪਿਤ ਨਾਮ ਹੇਠ ਛਪਿਆ ਪਰ ਕਾਰਲ ਦੀ ਲਿਖਤ ਵਿਲੱਖਣ ਹੋਣ ਕਾਰਨ ਦੋਸਤਾਂ ਨੇ ਪਛਾਣ ਲਈ।

ਧਰਮ ਬਾਰੇ ਉਸ ਦੀ ਚੜ੍ਹਦੀ ਉਮਰੇ ਟਿੱਪਣੀ ਹੈ, "ਮੁਸੀਬਤ ਵਿਚ ਘਿਰੇ ਮਨੁੱਖ ਨੇ ਜਦੋਂ ਦੇਖਿਆ, ਉਹ ਸੰਸਾਰ ਨੂੰ ਬਦਲ ਨਹੀਂ ਸਕਦਾ, ਦੁੱਖ ਤੋਂ ਰਾਹਤ ਪਾਉਣ ਲਈ ਉਸ ਨੇ ਧਰਮ ਦੀ ਕਾਢ ਕੱਢੀ। ਧਰਮ ਦਰੜੇ ਹੋਏ ਮਨੁੱਖ ਦਾ ਹਉਕਾ ਹੈ, ਦੱਬੇ ਲੋਕਾਂ ਵਾਸਤੇ ਅਫੀਮ ਹੈ।" ਕਾਰਲ ਨੇ ਲਿਖਿਆ, "ਫਿਲਾਸਫੀ ਕ੍ਰਾਂਤੀ ਦਾ ਦਿਮਾਗ ਹੈ ਅਤੇ ਮਜ਼ਦੂਰ ਉਸ ਦਾ ਦਿਲ। ਦੋਵੇਂ ਮਿਲ ਕੇ ਆਪਣੀ ਹੋਣੀ ਨੂੰ ਸੁਧਾਰਨਗੇ।"

19 ਜੂਨ 1843, ਕਾਰਲ ਅਤੇ ਜੈਨੀ ਦਾ ਵਿਆਹ ਹੋਇਆ। ਕਾਰਲ ਦੇ ਪਰਿਵਾਰ ਦਾ ਕੋਈ ਜੀਅ ਨਹੀਂ ਆਇਆ। ਜੈਨੀ ਦੀ ਮਾਂ ਅਤੇ ਭਰਾ ਐਡਗਰ ਚਰਚ ਵਿਚ ਹਾਜ਼ਰ ਹੋਏ। ਕਾਰਲ 25 ਅਤੇ ਜੈਨੀ 29 ਸਾਲ ਦੀ ਸੀ। ਦੋਵਾਂ ਨੇ ਪੈਰਿਸ ਕਿਰਾਏ ਦੇ ਮਕਾਨ ਵਿਚ ਰਹਿਣਾ ਸ਼ੁਰੂ ਕਰ ਦਿੱਤਾ।

ਪੈਰਿਸ ਅਕਸਰ ਅਕਾਦਮਿਕ ਸਰਗਰਮੀਆਂ ਦਾ ਕੇਂਦਰ ਬਣਦਾ, ਸਾਲ 1843 ਵੀ ਅਜਿਹਾ ਦੌਰ ਸੀ। ਹਰ ਚਿੰਤਕ ਰਾਜਨੀਤੀ ਨਾਲ ਵਾਬਸਤਾ ਸੀ। ਫਰਾਂਸੀਸੀ, ਜਰਮਨ, ਰੂਸੀ, ਪੋਲਿਸ਼, ਇਤਾਲਵੀ, ਹੰਗੇਰੀਅਨ ਸੁਧਾਰਕ, ਕਲਾਕਾਰਾਂ, ਕਵੀਆਂ, ਨਾਵਲਕਾਰਾਂ ਅਤੇ ਫਿਲਾਸਫਰਾਂ ਨਾਲ ਮਿਲਦੇ ਤੇ ਉਸ ਸਮਾਜ ਬਾਰੇ ਗੱਲਾਂ ਕਰਦੇ ਜੋ ਹੈ। ਜੋ ਹੋਣਾ ਚਾਹੀਦਾ ਹੈ, ਉਸ ਬਾਰੇ ਨਹੀਂ। ਕਾਫੀ ਹਾਊਸਾਂ ਵਿਚ ਗੰਭੀਰ ਸੰਵਾਦ ਹੁੰਦੇ ਜਿਨ੍ਹਾਂ ਵਿਚੋਂ ਛਪਣ ਸਮੱਗਰੀ ਨਿਕਲਦੀ। ਪੈਰਿਸ ਵਿਕਸਿਤ ਯੂਰਪੀ ਸਭਿਅਤਾ ਦਾ ਕੇਂਦਰ ਸੀ। ਕਾਰਲ ਅਤੇ ਜੈਨੀ ਨੇ ਕੇਵਲ ਸੁਣਿਆ ਸੀ ਕਿ ਨਾਗਰਿਕਾਂ ਦੀ ਆਜ਼ਾਦੀ ਕਿਹੋ ਜਿਹੀ ਹੈ, ਪੈਰਿਸ ਵਿਚ ਦੇਖਣ ਨੂੰ ਮਿਲੀ। ਜੱਦੀ ਘਰ ਤੋਂ ਦੂਰ, ਪੈਰਿਸ ਸ਼ਹਿਰ ਦੋਵਾਂ ਨੂੰ ਵਧੀਆ ਲੱਗਾ।

ਕਾਰਲ ਨੇ ਅਖਬਾਰ ਕੱਢਿਆ ਤੇ ਕਿਤਾਬਾਂ ਦੇ ਢੇਰ ਵਿਚ ਘਿਰਿਆ ਰਹਿੰਦਾ। ਬੇਲਿਹਾਜ਼ ਸੁਭਾਅ ਵਾਲਾ ਇਹ ਬੰਦਾ ਹਰ ਇਕ ਨੂੰ ਸੰਵਾਦ ਵਿਚ ਹਰਾ ਕੇ ਉਸ ਨੂੰ ਆਪਣਾ ਵਿਰੋਧੀ ਬਣਾ ਲੈਂਦਾ। ਐਨਕੋਵ ਨੇ ਉਸ ਨੂੰ ਲੋਕਤੰਤਰ ਦਾ ਤਾਨਾਸ਼ਾਹ ਕਿਹਾ।

ਜਰਮਨ ਸ਼ਾਇਰ ਹਰਵੇ ਵੀ ਇਥੇ ਸ਼ਰਨਾਰਥੀ ਸੀ ਜਿਸ ਦੀ ਕਿਤਾਬ ਉਪਰ ਪਾਬੰਦੀ ਲੱਗੀ ਹੋਈ ਸੀ। ਹਰਵੇ ਨੂੰ ਪਰੱਸ਼ੀਆ, ਸੈਕਸਨੀ ਅਤੇ ਸਵਿਟਜ਼ਰਲੈਂਡ ਵਿਚੋਂ ਦੇਸ਼ ਨਿਕਾਲਾ ਮਿਲਿਆ ਹੋਇਆ ਸੀ। ਹਰ ਦੇਸ਼ ਨਿਕਾਲੇ ਬਾਅਦ ਉਸ ਦੀ ਸ਼ੁਹਰਤ ਵਧ ਜਾਂਦੀ। ਬਾਦਸ਼ਾਹ ਫਰੈਡਰਿਕ ਵਿਲਮ ਚੌਥੇ ਨੇ ਉਸ ਨੂੰ ਮਹਿਲ ਵਿਚ ਸੱਦਿਆ ਤੇ ਕਿਹਾ, "ਮੈਂ ਪਰੱਸ਼ੀਆ ਵਿਚ ਕਲਚਰਲ ਪੁਨਰਜਾਗਰਨ ਦਾ ਇਛੁੱਕ ਹਾਂ, ਆਓ ਆਪਾਂ ਦੋਵੇਂ ਰਲ ਕੇ ਕੰਮ ਕਰੀਏ।" ਹਰਵੇ ਦਾ ਇਹ ਉਤਰ ਯੂਰਪ ਦੇ ਘਰ-ਘਰ ਪੁੱਜਾ, "ਮੈਂ ਆਜ਼ਾਦ ਜੰਮਿਆਂ ਹਾਂ ਹਜ਼ੂਰ, ਬਾਦਸ਼ਾਹ ਦੀ ਗੁਲਾਮੀ ਨਹੀਂ ਕਰ ਸਕਦਾ।" ਇਥੇ ਹੀ ਪ੍ਰਸਿੱਧ ਕਵੀ ਹੀਨ ਮਿਲਿਆ ਪਰ ਇਸ ਵੇਲੇ ਤੱਕ ਉਹ ਲਕਵੇ ਦਾ ਮਰੀਜ਼ ਹੋ ਚੁੱਕਾ ਸੀ। ਇਕ ਪਾਸਾ ਮਾਰਿਆ ਗਿਆ ਸੀ ਤੇ ਉਸ ਨੂੰ ਲਗਦਾ ਕਿ ਅੰਨ੍ਹਾ ਹੋਵਾਂਗਾ। ਕਾਰਲ ਜੋੜੀ ਜਦੋਂ ਆਰਥਿਕ ਸੰਕਟ ਵਿਚ ਘਿਰ ਜਾਂਦੀ, ਹੀਨ ਵਲੋਂ ਸਹਾਇਤਾ ਮਿਲਦੀ। ਕਾਰਲ ਨੇ ਹੀਨ ਦੀ ਦਿਲਚਸਪੀ ਰਾਜਨੀਤੀ ਵਿਚ ਕਰਵਾਈ ਤੇ ਹੀਨ ਤੋਂ ਉਸ ਨੇ ਜ਼ਬਾਨ ਦੀ ਖੂਬਸੂਰਤੀ ਸਿੱਖੀ। ਉਮਰੋਂ 15 ਸਾਲ ਛੋਟੀ ਜਿਸ ਕੁੜੀ ਨਾਲ ਹੀਨ ਨੇ ਵਿਆਹ ਕਰਵਾਇਆ, ਉਸ ਨੂੰ ਕਵਿਤਾ ਨਾਲ ਕੋਈ ਸਰੋਕਾਰ ਨਹੀਂ ਸੀ, ਨਾ ਉਸ ਨੂੰ ਪਤਾ ਸੀ ਉਹ ਕਿੰਨਾ ਪ੍ਰਸਿੱਧ ਸੀ। ਕਾਰਲ ਕਿਹਾ ਕਰਦਾ, "ਇਸ ਹਰਾਮਜ਼ਾਦੀ ਦੀ ਨਿਗ੍ਹਾ ਬੱਸ ਹੀਨ ਦੇ ਪੈਸਿਆ 'ਤੇ ਹੈ।"

ਇਥੇ ਹੀ ਰੂਸੀ ਕ੍ਰਾਂਤੀਕਾਰੀ ਬਾਕੂਨਿਨ ਮਿਲਿਆ। ਉਹ ਅਮੀਰ ਪਿਉ ਦਾ ਪੁੱਤਰ ਸੀ, ਜਜ਼ਬਾਤੀ ਸੀ। ਕਾਰਲ ਤੋਂ ਪੰਜ ਸਾਲ ਵੱਡਾ ਪਰ ਕਾਰਲ ਨੂੰ ਸੁਣਨ ਆਉਂਦਾ। ਉਸ ਦੀਆਂ ਲਿਖਤਾਂ ਪੜ੍ਹਦਾ ਤੇ ਮੰਨਦਾ ਕਿ ਕਾਰਲ ਬੌਧਿਕਤਾ ਵਿਚ ਵੱਡਾ ਸੀ। ਦੋਵਾਂ ਦੀ ਦੋਸਤੀ ਨਹੀਂ ਹੋਈ, ਕਿਉਂਕਿ ਸੁਭਾਅ ਇਕ ਦਮ ਵੱਖਰੇ ਸਨ। ਬਾਕੂਨਿਨ ਨੇ ਲਿਖਿਆ, "ਉਹ ਮੈਨੂੰ ਭਾਵਕ ਆਦਰਸ਼ਵਾਦੀ ਕਿਹਾ ਕਰਦਾ, ਠੀਕ ਸੀ ਉਹ। ਮੈਂ ਉਸ ਨੂੰ ਬੌਧਿਕ ਫੋਰਮੈਨ ਕਿਹਾ ਕਰਦਾ, ਮੈਂ ਵੀ ਠੀਕ ਸਾਂ।"

ਉਸ ਨੇ ਉਜਰਤ, ਕਿਰਾਇਆ, ਉਧਾਰ, ਮੁਨਾਫਾ, ਨਿਜੀ ਸੰਪਤੀ ਬਨਾਮ ਕਮਿਊਨਿਜ਼ਮ ਵਿਸ਼ਿਆਂ ਉਪਰ ਲਿਖਣਾ ਸ਼ੁਰੂ ਕੀਤਾ। ਇਕ ਵੰਨਗੀ ਦੇਖੋ, "ਮੈਂ ਬਦਸੂਰਤ ਹਾਂ ਪਰ ਜੇ ਮੇਰੇ ਕੋਲ ਪੈਸਾ ਹੈ, ਸਭ ਤੋਂ ਸੁਹਣੀ ਔਰਤ ਖਰੀਦ ਸਕਦਾ ਹਾਂ। ਸੋ ਮੈਂ ਬਦਸੂਰਤ ਨਹੀਂ, ਯਾਨਿ ਪੈਸਾ ਮੇਰੀ ਬਦਸੂਰਤੀ ਨੂੰ ਲੁਕਾ ਲਏਗਾ। ਮੈਂ ਬੁਰਾ ਹਾਂ, ਬੇਈਮਾਨ ਹਾਂ, ਬੇਵਫਾ ਹਾਂ, ਮੂਰਖ ਹਾਂ ਤਾਂ ਕੀ? ਪੂੰਜੀ ਸਨਮਾਨ ਯੋਗ ਹੈ, ਪੂੰਜੀਪਤੀ ਵੀ। ਮੇਰਾ ਦਿਮਾਗ ਕੰਮ ਨਹੀਂ ਕਰਦਾ ਤਾਂ ਕੀ! ਪੈਸੇ ਨਾਲ ਅਕਲ ਖਰੀਦੀ ਜਾ ਸਕਦੀ ਹੈ। ਧਨ ਨਾਲ ਕੀ ਨਹੀਂ ਖਰੀਦਿਆ ਜਾ ਸਕਦਾ? ਮਜ਼ਦੂਰ ਨਾਲਾਇਕ ਹੈ, ਮੂਰਖ ਹੈ, ਕਮਜ਼ੋਰ ਹੈ ਕਿਉਂਕਿ ਉਸ ਕੋਲ ਪੈਸਾ ਨਹੀਂ। ਮਜ਼ਦੂਰੀ ਰਾਹੀਂ ਮਹਿਲ ਉਸਰਦੇ ਹਨ ਤੇ ਮਜ਼ਦੂਰ ਝੌਂਪੜੀਆਂ ਤੋਂ ਖੱਡਾਂ ਵੱਲ ਧੱਕੇ ਜਾਂਦੇ ਹਨ।"



ਫਰੈਡਰਿਕ ਏਂਗਲਜ਼

***ਫਰੈਡਰਿਕ ਏਂਗਲਜ਼ ਅਤੇ ਕਾਰਲ ਮਾਰਕਸ ਲਿਖਤਾਂ ਰਾਹੀਂ ਇਕ-ਦੂਜੇ ਤੋਂ ਵਾਕਫ ਸਨ ਪਰ ਏਂਗਲਜ਼ ਨੇ ਮਿਲਣ ਦਾ ਫੈਸਲਾ ਕੀਤਾ। ਅਗਸਤ 28, 1844 ਨੂੰ ਮਿਲੇ, ਦਸ ਦਿਨ ਇੱਕਠੇ ਰਹੇ, ਦਸ ਰਾਤਾਂ ਦੇਰ ਤੱਕ ਗੱਲਾਂ ਹੋਈਆਂ। ਇਹ ਮੁਲਾਕਾਤ ਇਤਿਹਾਸਕ ਹੋ ਗਈ। ਏਂਗਲਜ਼ ਨੇ ਉਹ ਕੰਮ ਕਰਨਾ ਸੀ ਜੋ ਪਲੈਟੋ ਨੇ ਸੁਕਰਾਤ ਲਈ ਕੀਤਾ। ਦੂਜੇ, ਨਿਰਧਨ ਕਾਰਲ ਵਾਸਤੇ ਇਸ ਧਨਵਾਨ ਜੁਆਨ ਨੇ ਉਮਰ ਭਰ ਲਈ ਮਾਇਕ ਸਹਾਇਤਾ ਕਰਨੀ ਸੀ।***



ਕਾਰਲ ਮਾਰਕਸ

ਹੀਨ ਨੇ ਲਿਖਿਆ, ਮੈਨੂੰ ਡਰ ਹੈ ਕਿ ਕਮਿਊਨਿਜ਼ਮ ਆਰਟ ਤੇ ਸ਼ਾਇਰੀ ਦਾ ਗਲ ਘੁੱਟ ਦਏਗਾ ਪਰ ਕਾਰਲ ਜਦੋਂ ਕਹਿੰਦਾ ਹੈ, ਰੋਟੀ ਹਰ ਭੁੱਖੇ ਢਿੱਡ ਵਿਚ ਜਾਣੀ ਚਾਹੀਦੀ ਹੈ ਤਾਂ ਮੈਂ ਉਸ ਦਾ ਵਿਰੋਧ ਕੀ ਕਹਿ ਕੇ ਕਰਾਂ?

ਪਰੱਸ਼ੀਆ ਸਲਤਨਤ ਦੇ ਸਿਲੇਸੀਆ ਇਲਾਕੇ ਵਿਚ ਧਾਗਾ ਮਿੱਲ ਦੇ ਕਾਮਿਆਂ ਨੇ ਭੁੱਖਮਰੀ ਖਿਲਾਫ ਜਲੂਸ ਕੱਢਿਆ। ਮਿੱਲ ਮਾਲਕ ਦੀ ਕੋਠੀ ਘੇਰ ਲਈ। ਮਾਲਕਾਂ ਨੂੰ ਕੁਝ ਨਹੀਂ ਕਿਹਾ। ਉਹ ਭੱਜ ਗਏ ਤਾਂ ਅੱਗ ਲਾ ਦਿੱਤੀ। ਅਗਲੇ ਦਿਨ ਪੰਜ ਹਜ਼ਾਰ ਕਾਰਿੰਦਿਆਂ ਨੇ ਫੈਕਟਰੀ ਘੇਰ ਲਈ। ਮਸ਼ੀਨਾਂ ਭੰਨ ਦਿੱਤੀਆਂ, ਇੱਟ-ਇੱਟ ਖਲਾਰ ਦਿੱਤੀ, ਲੁੱਟਣ ਯੋਗ ਸਾਮਾਨ ਲੁੱਟ ਲਿਆ। ਮਾਲਕ ਨੇ ਫੌਜ ਬੁਲਾ ਲਈ। ਮਜ਼ਦੂਰਾਂ ਨੇ ਹਰ ਸੰਭਵ ਤਰੀਕੇ ਨਾਲ ਫੌਜ ਵਿਰੁਧ ਲੜਾਈ ਲੜੀ। ਫਾਇਰਿੰਗ ਵਿਚ 35 ਮਾਰੇ ਗਏ, ਬਾਕੀ ਕੈਦ ਕਰ ਲਏ। ਇਹ ਆਪਣੀ ਕਿਸਮ ਦੀ ਪਹਿਲੀ ਮਿਸਾਲ ਸੀ ਜਿਸ ਨੇ ਕ੍ਰਾਂਤੀ ਦੇ ਸੰਕੇਤ ਦਿੱਤੇ। ਕਾਰਲ ਨੇ ਐਲਾਨ ਕੀਤਾ, "ਪੂੰਜੀਵਾਦ ਇਕ ਫਲਸਫਾ ਹੈ, ਨਵਾਂ ਫਲਸਫਾ ਇਸ ਦੀ ਥਾਂ ਲਵੇਗਾ, ਮੇਰੇ ਕੋਲ ਨਵਾਂ ਫਲਸਫਾ ਹੈ-ਕਮਿਊਨਿਜ਼ਮ।"

ਕਦੀ ਅਖਬਾਰ ਧਨ ਦੀ ਕਮੀ ਕਰ ਕੇ ਬੰਦ ਹੋ ਜਾਂਦਾ, ਕਦੀ ਸਰਕਾਰ ਬੈਨ ਕਰ ਦਿੰਦੀ। ਨਤੀਜਾ, ਤੰਗੀਆਂ ਤੁਰਸ਼ੀਆਂ। ਜੈਨੀ ਫਿਕਰਮੰਦ ਰਹਿਣ ਲੱਗ ਪਈ, ਕਾਰਲ ਦਾ ਕੋਈ ਥਿਰ ਭਵਿੱਖ ਨਹੀਂ ਸੀ। ਘਰ ਬੇਟੀ ਨੇ ਜਨਮ ਲਿਆ।

ਏਂਗਲਜ਼ ਅਤੇ ਕਾਰਲ ਲਿਖਤਾਂ ਰਾਹੀਂ ਇਕ-ਦੂਜੇ ਤੋਂ ਵਾਕਫ ਸਨ ਪਰ ਏਂਗਲਜ਼ ਨੇ ਮਿਲਣ ਦਾ ਫੈਸਲਾ ਕੀਤਾ। ਅਗਸਤ 28, 1844 ਨੂੰ ਮਿਲੇ, ਦਸ ਦਿਨ ਇੱਕਠੇ ਰਹੇ, ਦਸ ਰਾਤਾਂ ਦੇਰ ਤੱਕ ਗੱਲਾਂ ਹੋਈਆਂ। ਇਹ ਮੁਲਾਕਾਤ ਇਤਿਹਾਸਕ ਹੋ ਗਈ। ਏਂਗਲਜ਼ ਨੇ ਉਹ ਕੰਮ ਕਰਨਾ ਸੀ ਜੋ ਪਲੈਟੋ ਨੇ ਸੁਕਰਾਤ ਲਈ ਕੀਤਾ। ਦੂਜੇ, ਨਿਰਧਨ ਕਾਰਲ ਵਾਸਤੇ ਇਸ ਧਨਵਾਨ ਜੁਆਨ ਨੇ ਉਮਰ ਭਰ ਲਈ ਮਾਇਕ ਸਹਾਇਤਾ ਕਰਨੀ ਸੀ। ਏਂਗਲਜ਼ ਲੰਮਾ, ਸੁਹਣਾ ਸੀ। ਗੁੰਦਵਾਂ ਜਿਸਮ। ਕਾਰਖਾਨੇਦਾਰ ਪਿਤਾ ਦਾ ਬੇਟਾ। ਔਰਤਾਂ ਅਤੇ ਘੋੜੀਆਂ ਦਾ ਸ਼ੁਕੀਨ ਸੀ। ਕਾਰਲ ਕੋਲ ਥਿਊਰੀ ਸੀ, ਏਂਗਲਜ਼ ਕੋਲ ਪੂੰਜੀ ਉਤਪਾਦ ਦਾ ਤਜਰਬਾ ਸੀ। ਦੋਵੇਂ ਇਕ-ਦੂਜੇ ਬਗੈਰ ਅਧੂਰੇ ਸਨ। ਅਠਾਰਾਂ ਸਾਲ ਦੀ ਉਮਰੇ ਏਂਗਲਜ਼ ਨੇ ਅਖਬਾਰਾਂ ਵਿਚ ਲੇਖ ਭੇਜਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਵਿਚ ਮਿੱਲ ਮਜ਼ਦੂਰਾਂ ਦੀ ਤ੍ਰਾਸਦਿਕ ਹੋਣੀ ਦਾ ਬਿਰਤਾਂਤ ਹੁੰਦਾ। ਇਨ੍ਹਾਂ ਲੇਖਾਂ ਨੇ ਤਹਿਲਕਾ ਮਚਾ ਦਿੱਤਾ ਕਿਉਂਕਿ ਘਟਨਾਵਾਂ ਕਲਪਿਤ ਨਹੀਂ ਸਨ। ਪਿਤਾ ਅਕਸਰ ਦੋਸਤਾਂ ਕੋਲ ਰਿਹਾ ਕਰਦਾ, ਮੇਰੇ ਹੋਣਹਾਰ ਅਤੇ ਅਕਲਮੰਦ ਪੁੱਤ ਦੀ ਮੱਤ ਮਾਰੀ ਗਈ ਹੈ। ਕੰਪਨੀ ਦਾ ਇਕ ਕਾਊਂਟਰ ਇੰਡੀਆ ਵਿਚ ਸਥਾਪਤ ਕਰ ਕੇ ਵਪਾਰ ਲਈ ਇਹਨੂੰ ਉਥੇ ਭੇਜਾਂਗਾ, ਇਥੇ ਇਹਦੀ ਸੁਹਬਤ ਗਲਤ ਲੋਕਾਂ ਨਾਲ ਹੈ।

ਏਂਗਲਜ਼ ਦੇ ਮੁਕਾਬਲੇ ਕਾਰਲ ਲਿਖਣ ਵਿਚ ਲੇਟ ਹੋ ਜਾਂਦਾ ਸੀ। ਏਂਗਲਜ਼ ਆਖਿਆ ਕਰਦਾ, "ਜਦੋਂ ਲੋਹਾ ਠੰਢਾ ਹੋਵੇ, ਫੇਰ ਸੱਟਾਂ ਮਾਰ ਕੇ ਕੀ ਕਰਾਂਗੇ। ਸਹੀ ਗੱਲ ਸਹੀ ਸਮੇਂ ਹੋਣੀ ਚਾਹੀਦੀ ਹੈ।" 20 ਜਨਵਰੀ 1845 ਨੂੰ ਕਾਰਲ, ਹੀਨ ਅਤੇ ਬਾਕੂਨਿਨ ਸਮੇਤ ਕੋਈ ਦਰਜਨ ਦੇ ਕਰੀਬ ਲੇਖਕਾਂ ਨੂੰ ਫਰਾਂਸ ਵਿਚੋਂ ਨਿਕਲ ਜਾਣ ਦੇ ਹੁਕਮ ਹੋਏ ਕਿਉਂਕਿ ਦੇਸ ਨੂੰ ਨਾਸਤਿਕਾਂ ਤੇ ਕ੍ਰਾਂਤੀਕਾਰੀਆਂ ਦੀ ਕੋਈ ਲੋੜ ਨਹੀਂ। ਚੌਵੀ ਘੰਟਿਆਂ ਵਿਚ ਨਿਕਲਣਾ ਸੀ। ਪੈਰਿਸ ਉਹ ਸ਼ਹਿਰ ਸੀ ਜਿਥੇ ਉਸ ਨੇ ਜੈਨੀ ਨਾਲ ਜੀਵਨ ਸ਼ੁਰੂ ਕੀਤਾ, ਜਿਥੇ ਉਸ ਦੇ ਘਰ ਧੀ ਆਈ, ਜਿਥੇ ਉਸ ਦੇ ਹਮਖਿਆਲ, ਹਮਪਿਆਲਾ ਦੋਸਤ ਰਹਿੰਦੇ ਸਨ। ਦੋਵਾਂ ਦਾ ਦਿਲ ਨਹੀਂ ਕਰਦਾ ਸੀ ਜਾਣ ਨੂੰ। ਕਾਰਲ ਨੇ ਸਰਕਾਰ ਨੂੰ ਇਹ ਵੀ ਕਿਹਾ ਕਿ ਮੈਂ ਲਿਖਤੀ ਭਰੋਸਾ ਦੇਣ ਲਈ ਤਿਆਰ ਹਾਂ, ਸਿਆਸੀ ਹਰਕਤ ਨਹੀਂ ਕਰਾਂਗਾ ਤਾਂ ਵੀ ਸਰਕਾਰ ਨਹੀਂ ਮੰਨੀ। ਥੋੜ੍ਹੇ-ਥੋੜ੍ਹੇ ਦਿਨਾਂ ਦੀਆਂ ਮੁਹਲਤਾਂ ਮਗਰੋਂ ਆਖਰ 5 ਫਰਵਰੀ 1845 ਨੂੰ ਘੋੜਾ ਗੱਡੀ ਵਿਚ ਬਰੱਸਲਜ਼ ਪੁੱਜ ਗਏ। ਇਹ ਇਸ ਪਰਿਵਾਰ ਦੇ ਉਜਾੜਿਆਂ ਦੀ ਸ਼ੁਰੂਆਤ ਸੀ। ਇਹ ਬੈਲਜੀਅਮ ਰਿਆਸਤ ਦਾ ਸ਼ਹਿਰ ਸੀ। ਕਾਰਲ ਨੇ ਪਨਾਹ ਮੰਗਣ ਵੇਲੇ ਲਿਖ ਕੇ ਦਿੱਤਾ ਕਿ ਮੈਂ ਸਿਆਸੀ ਹਰਕਤ ਨਹੀਂ ਕਰਾਂਗਾ। ਕੌਣ ਜਾਣਦਾ ਸੀ, ਇਸੇ ਧਰਤੀ 'ਤੇ ਕਮਿਊਨਿਸਟ ਮੈਨੀਫੈਸਟੋ ਲਿਖਿਆ ਜਾਣਾ ਸੀ।

ਏਂਗਲਜ਼ ਨੇ ਆਪਣੇ ਘਰ ਬਿਨਾਂ ਵਿਆਹ ਕੀਤਿਆਂ ਸੁਹਣੀ ਕੁੜੀ ਮੇਰੀ ਰੱਖ ਲਈ ਜੋ ਉਸ ਦੀ ਫੈਕਟਰੀ ਵਿਚ ਮੁਲਾਜ਼ਮ ਸੀ। ਆਮ ਆਦਮੀ ਅਜਿਹਾ ਕਰਦਾ, ਚਰਚਾ ਹੁੰਦੀ ਪਰ ਇਸ ਅਮੀਰਜ਼ਾਦੇ ਵਿਰੁਧ ਕੋਈ ਨਾ ਕੁਸਕਿਆ।

***(ਚਲਦਾ)***

## ਸੰਪਾਦਕ ਦੀ ਡਾਕ

### ਮਾਂ ਦਿਵਸ ਅਤੇ ਸਿੱਖੀ

ਖੁਸ਼ੀ ਦੀ ਗੱਲ ਹੈ ਕਿ 'ਪੰਜਾਬ ਟਾਈਮਜ਼' ਖਬਰਾਂ ਦੀ ਸੰਪੇਖਤਾ ਤੇ ਵਿਸ਼ੇ-ਵਸਤੂ ਦੀ ਉਤਮਤਾ ਦੇ ਪੱਖੋਂ ਹਰ ਵਾਰੀ ਨਵੀਆਂ ਬੁਲੰਦੀਆਂ ਛੋਹ ਰਿਹਾ ਹੈ। ਬਲਜੀਤ ਬਾਸੀ, ਜਤਿੰਦਰ ਪੰਨੂ, ਗੁਰਬਚਨ ਸਿੰਘ ਭੁੱਲਰ ਤੇ ਤਰਲੋਚਨ ਸਿੰਘ ਦੁਪਾਲਪੁਰ ਜਿਹੇ ਹੰਢੇ ਕਾਲਮਨਵੀਸਾਂ ਦੀਆਂ ਵਨ-ਸਵੰਨੀਆਂ ਲਿਖਤਾਂ ਦਾ ਰਸ ਤਾਂ ਭਾਵੇਂ ਪਹਿਲਾਂ ਵਾਂਗ ਹੀ ਕਾਇਮ ਹੈ, ਪਰ ਕਾਨਾ ਸਿੰਘ ਦੀ ਵਾਰਤਕ ਤੇ ਕਵਿਤਾਵਾਂ ਨੇ ਪਰਚੇ ਵਿਚ ਨਵੀਂ ਖੁਸ਼ਬੂ ਭਰ ਦਿੱਤੀ ਹੈ। ਉਂਜ ਇਨ੍ਹਾਂ ਸਭਨਾਂ ਵਿਚੋਂ ਫੌਰੀ ਕਾਇਲ ਕਰਨ ਵਾਲਾ ਤੁਹਾਡਾ ਸੰਪਾਦਕੀ ਨੋਟ ਹੁੰਦਾ ਹੈ ਜੋ ਤੁਸੀਂ ਬਹੁਤੇ ਲੇਖਾਂ ਦੀ ਜਾਣ-ਪਛਾਣ ਦਿੰਦਿਆਂ ਲਿਖਦੇ ਹੋ। ਇਹ ਸੰਖੇਪ ਨੋਟ ਕੁੱਜੇ ਵਿਚ ਸਮੁੰਦਰ ਹੁੰਦੇ ਹਨ। ਨਾਲੇ ਢੇਰ ਭਰ ਇਕੱਠੀ ਹੋਈ ਛਪਣ ਸਮੱਗਰੀ ਵਿਚੋਂ ਉਤਮ ਕਿਰਤਾਂ ਦੀ ਚੋਣ ਕਰਨਾ ਵੀ ਤੁਹਾਡੇ ਪ੍ਰੌੜ ਸੰਪਾਦਕੀ ਅਨੁਭਵ ਤੇ ਸੂਖਮ ਪਾਰਖੂ ਅੰਦਾਜ਼ ਦਾ ਕਮਾਲ ਹੈ।

ਤੁਹਾਡੀ ਤੀਬਰ ਦ੍ਰਿਸ਼ਟੀ ਦੀ ਤਾਜ਼ਾ ਮਿਸਾਲ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦਾ ਮਾਂ-ਦਿਵਸ ਮੌਕੇ ਲਿਖਿਆ 'ਉਮਰ ਦੀਆਂ ਤਰਕਾਲਾਂ ਨਾ ਸੁੰਨੀਆਂ ਹੋਣ ਦਿਉ' ਸੰਵੇਦਨਸ਼ੀਲ ਲੇਖ ਹੈ ਜੋ ਤੁਸੀਂ 19 ਮਈ ਦੇ ਅੰਕ ਵਿਚ ਛਾਪਿਆ ਹੈ। ਲੇਖ ਵਿਚ ਬੀਬੀ ਸੁਰਜੀਤ ਕੌਰ ਨੇ ਬਜ਼ੁਰਗਾਂ ਦੀ ਦੇਖ-ਭਾਲ ਬਾਰੇ ਕਈ ਨੁਕਤੇ ਉਠਾਏ ਹਨ। ਉਨ੍ਹਾਂ ਨੇ ਇਸ ਵਿਚ ਸਾਡੇ ਸਮਾਜ ਵਿਚ ਮਾਪਿਆਂ ਨਾਲ, ਖਾਸ ਤੌਰ 'ਤੇ ਅਮਰੀਕਾ ਵਿਚ ਪਧਾਰੇ ਬਿਰਧਾਂ ਨਾਲ, ਉਨ੍ਹਾਂ ਦੀ ਸੰਤਾਨ ਤੇ ਨਿਕਟ-ਸਬੰਧੀਆਂ ਦੁਆਰਾ ਕੀਤੇ ਦੁਰਵਿਹਾਰ ਦੀ ਮੂੰਹ ਬੋਲਦੀ ਤਸਵੀਰ ਖਿੱਚੀ ਹੈ।

ਮਾਂਵਾਂ ਦਾ ਆਪਣੇ ਬੱਚਿਆਂ ਨਾਲ ਬੜਾ ਸੰਘਣਾ ਰਿਸ਼ਤਾ ਹੁੰਦਾ ਹੈ ਜੋ ਵਡੇਰੀ ਉਮਰ ਵਿਚ ਜਾ ਕੇ ਇਕ-ਪਾਸੜ ਹੀ ਰਹਿ ਜਾਂਦਾ ਹੈ। ਪਿਆਰ ਕਰਦੀਆਂ-ਕਰਦੀਆਂ ਉਹ ਸੰਤਾਨ ਦੀ ਬੇਰੁਖੀ ਅਤੇ ਨਿਰਾਦਰੀ ਦਾ ਸ਼ਿਕਾਰ ਹੋ ਜਾਂਦੀਆਂ ਹਨ। ਉਹ ਆਪਣੇ ਹੀ ਜਿਗਰ ਦੇ ਟੁਕੜਿਆਂ ਤੋਂ ਮਿਲੇ ਤ੍ਰਿਸਕਾਰ ਨੂੰ ਕਿਸੇ ਨਾਲ ਸਾਂਝਾ ਵੀ ਨਹੀਂ ਕਰ ਸਕਦੀਆਂ; ਇਸ ਲਈ ਅੰਦਰੋ-ਅੰਦਰ ਘੁਲਦੀਆਂ ਰਹਿੰਦੀਆਂ ਹਨ। ਜਦੋਂ ਅਤਿ ਹੋ ਜਾਵੇ, ਤਾਂ ਹੀ ਉਨ੍ਹਾਂ ਦੀਆਂ ਜ਼ਿਹਨੀ ਚੀਸਾਂ ਰੋਸ ਦਾ ਲਾਵਾ ਬਣ ਕੇ ਅਤੇ ਮਮਤਾ ਦਾ ਚੋਲਾ ਪਾੜ ਕੇ ਬਾਹਰ ਨਿਕਲਦੀਆਂ ਹਨ। ਤਦ ਵੀ ਸਾਡਾ ਤਮਾਸ਼ਬੀਨ ਸਮਾਜ ਬੇ-ਮਾਅਨੀ ਚੁੰਝ-ਚਰਚਾ ਕਰਨ ਅਤੇ ਰਸਮੀ ਹਮਦਰਦੀ ਪ੍ਰਗਟਾਉਣ ਤੋਂ ਵੱਧ ਉਨ੍ਹਾਂ ਪ੍ਰਤੀ ਕਦੇ ਕੁਝ ਨਹੀਂ ਕਰਦਾ। ਅਮਰੀਕਾ ਵਿਚ, ਤੇ ਭਾਰਤ ਵਿਚ ਵੀ, ਬਜ਼ੁਰਗਾਂ ਦੀ ਸੇਵਾ ਸੰਭਾਲ ਸਬੰਧੀ ਕਾਨੂੰਨ ਬਣੇ ਹੋਏ ਹਨ ਜੋ ਸੰਤਾਨ ਉਤੇ ਇਹ ਜ਼ਿੰਮੇਦਾਰੀ ਪਾਉਂਦੇ ਹਨ ਕਿ ਉਹ ਮਾਪਿਆਂ ਨੂੰ ਵਡੇਰੀ ਉਮਰ ਦੇ ਬਣਦੇ ਸੁੱਖ ਮੁਹੱਈਆ ਕਰਨ, ਪਰ ਸ਼ਰਮ ਕਾਰਨ ਜਾਂ ਸੰਤਾਨ ਪ੍ਰਤੀ ਮਮਤਾ ਤੇ ਕੁਰਬਾਨੀ ਦੇ ਜਜ਼ਬੇ ਕਾਰਨ, ਬਹੁਤੇ ਮਾਪੇ ਇਹ ਕਾਨੂੰਨ ਆਪਣੇ ਵਸੇਬੇ ਲਈ ਇਸਤੇਮਾਲ ਕਰਨਾ ਪਸੰਦ ਨਹੀਂ ਕਰਦੇ। ਉਂਜ ਵੀ ਕਾਨੂੰਨ ਦੇ ਕਟਹਿਰੇ ਵਿਚ ਜਾ ਕੇ ਰਾਹਤ ਤਾਂ ਮਿਲ ਸਕਦੀ ਹੈ ਪਰ ਬਣਦਾ ਸਨਮਾਨ, ਜਿਸ ਨੂੰ ਬਿਰਧਾਂ ਦੀ ਆਤਮਾ ਲੋਚਦੀ ਹੈ, ਨਹੀਂ ਮਿਲ ਸਕਦਾ।

ਬੀਬੀ ਜੀ ਵੱਲੋਂ ਇਨ੍ਹਾਂ ਬਿਰਧਾਂ ਦੇ ਸਹਾਰੇ ਲਈ ਸਮਾਜਕ, ਖਾਸ ਕਰ ਕੇ ਸਿੱਖ ਧਾਰਮਿਕ ਸੰਸਥਾਵਾਂ ਨੂੰ ਪਹਿਲ-ਕਦਮੀ ਕਰਨ ਦਾ ਸੁਝਾਅ ਦਿੱਤਾ ਹੈ। ਇਹ ਬੜੀ ਢੁਕਵੀਂ ਸਲਾਹ ਹੈ। ਗੁਰਦੁਆਰਿਆਂ ਕੋਲ ਅਥਾਹ ਪੈਸਾ ਹੈ ਤੇ ਅਥਾਹ ਸਾਧਨ ਹਨ ਜੋ ਸੰਗਤ ਦੀ ਅਥਾਹ ਸ਼ਰਧਾ ਕਾਰਨ ਜਮ੍ਹਾਂ ਹੋਏ ਹਨ। ਅੱਜ ਕੱਲ੍ਹ ਇਹ ਸਾਧਨ ਜਾਂ ਤਾਂ ਪ੍ਰਬੰਧਕਾਂ ਦੀਆਂ ਜੇਬਾਂ ਵਿਚ ਜਾਂਦੇ ਹਨ ਜਾਂ ਲੜਾਈ ਝਗੜੇ ਤੇ ਵਕੀਲਾਂ ਦੀਆਂ ਫੀਸਾਂ ਭਰਨ 'ਤੇ ਖਰਚ ਹੁੰਦੇ ਹਨ। ਜੇ ਇਨ੍ਹਾਂ ਸਾਧਨਾਂ ਦਾ ਕੁਝ ਹਿੱਸਾ ਵੀ ਬਿਰਧਾਂ ਦੀ ਦੇਖ-ਰੇਖ ਲਈ ਇਸਤੇਮਾਲ ਹੋਣ ਲੱਗੇ ਤਾਂ ਇਹ ਬੜਾ ਹੀ ਚੜ੍ਹਦੀ ਕਲਾ ਵਾਲਾ ਕੰਮ ਹੋਵੇਗਾ। ਗੁਰਦੁਆਰਿਆਂ ਦੀ ਸਿੱਖ ਪੰਥ ਵਿਚ ਬੜੀ ਹੀ ਵਸੀਹ ਭੂਮਿਕਾ ਹੈ; ਕਿਆ ਹੀ ਚੰਗਾ ਹੋਵੇ ਜੇ ਹਰ ਗੁਰਦੁਆਰਾ ਗੁਰੂ ਅਮਰ ਦਾਸ ਅਤੇ ਬੀਬੀ ਭਾਨੀ ਦੇ ਨਾਂ ਉਤੇ 'ਮਾਪਾ ਘਰ' ਖੋਲ੍ਹੇ। ਉਥੇ ਜੋੜੇ ਸਾਫ ਕਰਨ, ਪ੍ਰਸ਼ਾਦਾ ਵਰਤਾਉਣ ਅਤੇ ਬਰਤਨ ਧੋਣ ਦੇ ਨਾਲ-ਨਾਲ ਸਮੂਹ ਨੌਜਵਾਨ ਸ਼ਰਧਾਲੂ ਇਨ੍ਹਾਂ ਮਾਪੇ ਘਰਾਂ ਵਿਚ ਜਾ ਕੇ ਬਜ਼ੁਰਗਾਂ ਦੀ ਸੇਵਾ ਕਰਿਆ ਕਰਨਗੇ। ਇਸ ਤਰ੍ਹਾਂ ਉਨ੍ਹਾਂ ਨੂੰ ਬਿਰਧ ਗੁਰੂ ਅਮਰਦਾਸ ਦੀ ਬੀਬੀ ਭਾਨੀ ਦੁਆਰਾ ਕੀਤੀ ਸੇਵਾ ਦਾ ਪ੍ਰਸੰਗ ਸੁਣਨ ਦੇ ਨਾਲ-ਨਾਲ ਬੇਸਹਾਰਾ ਬਜ਼ੁਰਗਾਂ ਦੀ ਹੱਥੀਂ ਸੇਵਾ ਕਰਨ ਦਾ ਫਲ ਵੀ ਮਿਲ ਸਕੇਗਾ। ਇਸ ਦਾ ਵੱਡਾ ਲਾਭ ਇਹ ਹੋਵੇਗਾ ਕਿ ਗੁਰਦੁਆਰੇ ਵਿਚੋਂ ਅਜਿਹਾ ਸੇਵਾ ਫਲ ਖਾਣ ਵਾਲੇ ਸੱਜਣ ਸਬਕ ਸਿੱਖ ਕੇ ਆਪਣੇ ਘਰ ਰਹਿੰਦੇ ਮਾਪਿਆਂ ਨੂੰ ਵੀ ਬਣਦਾ ਸਨਮਾਨ ਦੇਣਗੇ। ਇਸ ਤਰ੍ਹਾਂ ਸਿੱਖ ਸਮਾਜ ਵਿਚੋਂ ਬਿਰਧ ਨਿਰਾਦਰੀ ਤੇ ਬਿਰਧ ਸੰਤਾਪ ਜਿਹੀਆਂ ਬਲਾਵਾਂ ਦਾ ਕੋਹੜ ਵੱਢਿਆ ਜਾਵੇਗਾ। ਇਸ ਤੋਂ ਵੱਡਾ ਪਰਉਪਕਾਰੀ ਕਾਰਜ ਹੋਰ ਕੀ ਹੋ ਸਕਦਾ ਹੈ?

***-ਡਾ. ਗੋਬਿੰਦਰ ਸਿੰਘ ਸਮਰਾਓ***
***ਸੈਰਾਟੋਗਾ, ਕੈਲੀਫੋਰਨੀਆ।***

ਉਰਦੂ ਕਹਾਣੀ

ਕਹਾਣੀ

# ਅੰਤ ਵਲੋਂ ਬੇਪਰਵਾਹ

**ਉਰਦੂ ਨਾਮਾਨਿਗਾਰ ਜ਼ਰੀਨਾ ਫਾਰੂਕ ਦੀ ਕਹਾਣੀ 'ਅੰਤ ਵਲੋਂ ਬੇਪਰਵਾਹ' ਮਨੁੱਖੀ ਰਿਸ਼ਤਿਆਂ ਅਤੇ ਪੈਸੇ ਤੇ ਐਸ਼ੋ-ਆਰਾਮ ਦੇ ਦੋ ਪਲੜਿਆਂ ਵਿਚ ਝੂਲਦੀਆਂ ਜਿੰਦਾਂ ਦੀ ਦਰਦ ਕਹਾਣੀ ਹੈ। ਦਰਦ ਕਹਾਣੀ ਇਸ ਲਈ ਕਿਉਂਕਿ ਤਮ੍ਹਾਂ ਦਾ ਕੋਈ ਅੰਤ ਨਹੀਂ ਹੈ। ਇਹ ਠੀਕ ਹੈ ਕਿ ਪਿਆਰ ਦਾ ਵੀ ਕੋਈ ਅੰਤ ਨਹੀਂ ਹੈ, ਪਰ ਆਖਰਕਾਰ ਜਿਸ ਤਰ੍ਹਾਂ ਸੋਕੇ ਦੀ ਰੁੱਤੇ ਪਾਣੀਆਂ ਦੇ ਥੱਲੇ ਅਕਸਰ ਦਿਸਣ ਲੱਗ ਪੈਂਦੇ ਹਨ, ਐਨ ਉਸੇ ਤਰ੍ਹਾਂ ਇਕ ਪਾਸੇ ਤੋਂ ਵਹਿ ਰਹੇ ਪਿਆਰ ਦੀ ਉਡੀਕ ਵੀ ਆਖਰ ਮੁੱਕ ਜਾਂਦੀ ਹੈ। ਇਸ ਉਰਦੂ ਕਹਾਣੀ ਦਾ ਅਨੁਵਾਦ ਸੁਰਜੀਤ ਸਿੰਘ ਪੰਛੀ (ਬੇਕਰਜ਼ਫੀਲਡ) ਨੇ ਕੀਤਾ ਹੈ। -ਸੰਪਾਦਕ**

**ਜ਼ਰੀਨਾ ਫਾਰੂਕ**

**ਅਨੁਵਾਦ: ਸੁਰਜੀਤ ਸਿੰਘ ਪੰਛੀ**

**ਫੋਨ: 661-827-2124**

ਚੌਧਵੀਂ ਦਾ ਚੰਦ ਕਾਇਨਾਤ ਦੇ ਕਿਣਕੇ-ਕਿਣਕੇ ਨੂੰ ਆਪਣੇ ਨੂਰ ਦੀਆਂ ਕਿਰਨਾਂ ਨਾਲ ਚਮਕਾ ਰਿਹਾ ਸੀ। ਮੇਰੇ ਦਿਲ ਦੇ ਤਿਰਨੇਂ ਖਾਨਿਆਂ ਵਿਚ ਹਨੇਰਾ ਹੀ ਹਨੇਰਾ ਸੀ। ਉਥੇ ਤੱਕ ਚੰਦ ਦੀਆਂ ਕਿਰਨਾਂ ਅਪਹੁੰਚ ਸਨ। ਦਿਲ ਦੇ ਅੰਦਰ ਤਾਂ ਹਨੇਰੇ ਦਾ ਰਾਜ ਸੀ। ਇਹ ਕਿਹੋ ਜਿਹੇ ਹਨੇਰੇ ਸਨ ਜਿਹੜੇ ਮੇਰੇ ਸਰੀਰ ਦੁਆਲੇ ਘੇਰੇ ਪਾਈ ਬੈਠੇ ਸਨ ਅਤੇ ਮੇਰੇ ਅੰਦਰ ਦੇ ਸੰਸਾਰ ਨੂੰ ਹਨੇਰਾ ਕਰ ਰਹੇ ਸਨ। ਸਾਰਾ ਸੰਸਾਰ ਸੁਪਨੇ ਲੈ ਰਿਹਾ ਸੀ ਅਤੇ ਬਲਦੀਆਂ ਅੱਖਾਂ 'ਤੇ ਆਪਣੀਆਂ ਬਾਹਾਂ ਦੇ ਤੰਬੂ ਤਾਣ ਲਏ, ਪਰ ਅੰਦਰ ਦੀ ਬੇਚੈਨੀ ਨੇ ਇਕ ਪਲ ਵੀ ਚੈਨ ਨਾ ਆਉਣ ਦਿੱਤਾ। ਮੈਂ ਉਠ ਕੇ ਬੈਠ ਗਈ। ਲਾਈਟ ਕੀਤੀ ਅਤੇ ਪਾਸੇ ਵਾਲੇ ਮੇਜ਼ 'ਤੇ ਰੱਖਿਆ ਤਲਾਕਨਾਮਾ ਮੇਰੀਆਂ ਤਬਾਹੀਆਂ ਦਾ ਮਾਤਮ ਕਰਦਾ ਦਿਸਿਆ। ਮੈਂ ਹੱਥ ਵਧਾ ਕੇ ਤਲਾਕਨਾਮਾ ਚੁੱਕਿਆ ਅਤੇ ਪੜ੍ਹਨ ਲੱਗੀ। ਤਲਾਕ ਤਲਾਕ ਤਲਾਕ ਦੇ ਸ਼ਬਦ ਕਾਗਜ਼ 'ਤੇ ਪ੍ਰਗਟ ਹੋ ਗਏ ਸਨ। ਮੈਂ ਸਵੇਰ ਤੋਂ ਇਨ੍ਹਾਂ ਸ਼ਬਦਾਂ ਨੂੰ ਸੈਂਕੜੇ ਵਾਰ ਦੁਹਰਾ ਚੁੱਕੀ ਸੀ, ਪਰ ਮੇਰੇ ਦਿਲ ਨੂੰ ਹੁਣ ਤੱਕ ਇਨ੍ਹਾਂ ਦੀ ਸੱਚਾਈ ਦਾ ਭਰੋਸਾ ਨਹੀਂ ਹੋ ਰਿਹਾ ਸੀ। ਬੈਡ ਤੋਂ ਪੈਰ ਹੇਠਾਂ ਰੱਖੇ ਅਤੇ ਸ਼ਾਨਦਾਰ ਕਾਲੀਨ 'ਤੇ ਟਹਿਲਣ ਲੱਗੀ, ਪਰ ਬੇਚੈਨੀ ਵਧਦੀ ਗਈ। ਮੈਂ ਫਰਿਜ਼ ਵਿਚੋਂ ਠੰਢੇ ਪਾਣੀ ਦੀ ਬੋਤਲ ਕੱਢੀ, ਤੇ ਇਕੋ ਸਾਹ ਸਾਰੀ ਬੋਤਲ ਖਾਲੀ ਕਰ ਦਿੱਤੀ। ਇਕ ਵਾਰੀ ਤਾਂ ਪਾਣੀ ਨੇ ਸੀਨੇ ਵਿਚ ਦਹਿਕੇ ਜਵਾਲਾਮੁਖੀ ਨੂੰ ਹੋਰ ਵੀ ਭੜਕਾ ਦਿੱਤਾ। ਮੈਂ ਕੀ ਕਰਾਂ, ਮੇਰੀ ਸਮਝ ਵਿਚ ਨਹੀਂ ਆ ਰਿਹਾ ਸੀ? ਕਿਸ ਨੂੰ ਦਿਲ ਦਾ ਦਰਦ ਸੁਣਾਵਾਂ? ਦੂਰ-ਦੂਰ ਤੱਕ ਮੈਨੂੰ ਕੋਈ ਦਿਖਾਈ ਨਹੀਂ ਦਿੰਦਾ ਸੀ। ਪੂਰਾ ਕਮਰਾ ਬਹੁ-ਮੁੱਲੇ ਸਾਮਾਨ ਨਾਲ ਭਰਿਆ ਪਿਆ ਸੀ। ਫਰਿਜ਼, ਕੂਲਰ, ਟੀ.ਵੀ. ਵਧੀਆ ਡਬਲ ਬੈਡ, ਪੈਰਾਂ ਥੱਲੇ ਕੀਮਤੀ ਮਖਮਲੀ ਕਾਲੀਨ ਨਵੇਂ ਨਮੂਨੇ ਦਾ, ਬਹੁ-ਮੁੱਲਾ ਫਰਨੀਚਰ, ਕੰਧਾਂ 'ਤੇ ਮਨਮੋਹਣੀਆਂ ਸੀਨਰੀਆਂ-ਕੀ ਕੁਝ ਨਹੀਂ ਸੀ? ਐਸ਼ੋ-ਆਰਾਮ ਦਾ ਹਰ ਸਾਮਾਨ ਸੀ, ਪਰ ਇਸ ਸਭ ਕੁਝ ਦੇ ਹੁੰਦਿਆਂ ਮੈਂ ਇਕੱਲੀ ਸੀ। ਬਿਲਕੁਲ ਇਕੱਲੀ। ਮੈਂ ਇਨ੍ਹਾਂ ਚੀਜ਼ਾਂ ਨੂੰ ਪ੍ਰਾਪਤ ਕਰਨ ਲਈ ਕਿੰਨੇ ਦੁੱਖ ਸਹੇ, ਕਿੰਨੇ ਦਰਦ ਹੱਸਦਿਆਂ-ਮੁਸਕਰਾਉਂਦਿਆਂ ਸਹਿ ਲਏ ਅਤੇ ਅੱਜ ਇਨ੍ਹਾਂ ਦੀ ਪ੍ਰਾਪਤੀ ਖਾਤਰ ਮੇਰਾ ਇਹ ਅੰਤ ਹੋਇਆ, ਪਰ ਇਹ ਚੁੱਪ-ਚਾਪ ਤਮਾਸ਼ਾ ਦੇਖਣ ਵਾਲੇ ਮੇਰੀ ਤਬਾਹੀ ਤੇ ਬਰਬਾਦੀ ਉਤੇ ਮੁਕਸਰਾ ਰਹੇ ਹਨ। ਮੈਨੂੰ ਇਨ੍ਹਾਂ ਸਾਰੀਆਂ ਵਸਤਾਂ ਨਾਲ ਘ੍ਰਿਣਾ ਹੋਣ ਲੱਗੀ ਹੈ। ਜਨੂੰਨ ਕਾਰਨ ਮੈਂ ਇਨ੍ਹਾਂ ਸਾਰਿਆਂ ਨੂੰ ਇਕ-ਇਕ ਕਰ ਕੇ ਸੁੱਟਣਾ ਸ਼ੁਰੂ ਕੀਤਾ, ਪਰ ਇਹ ਕੀ? ਇਹ ਟੁੱਟਣ-ਫੁੱਟਣ ਪਿੱਛੋਂ ਵੀ ਮੁਸਕਰਾਈ ਜਾਂਦੇ ਹਨ। ਅੰਤ ਮੈਨੂੰ ਹੀ ਹਾਰ ਮੰਨਣੀ ਪਈ। ਮੈਂ ਆਪਣੀ ਟੁੱਟਦੀ, ਬਿਖਰਦੀ ਹੋਂਦ ਨੂੰ ਘਸੀਟ ਕੇ ਬੈਡ ਤੱਕ ਲਿਆਈ ਅਤੇ ਨਿਰਜਿੰਦ ਲਾਸ਼ ਵਾਂਗ ਡਿੱਗ ਪਈ। ਤਬੀਅਤ ਦੀ ਬੇਚੈਨੀ ਲਗਾਤਾਰ ਵਧਦੀ ਜਾ ਰਹੀ ਸੀ। ਦਿਮਾਗ ਵਿਚ ਹਿਲਜੁਲ ਹੋਈ।

"ਨਿਕਹਤ! ਤੂੰ ਬਹੁਤ ਪ੍ਰੇਸ਼ਾਨ ਏਂ। ਆ ਭੂਤ ਦੇ ਬਾਗ ਦੀ ਸੈਰ ਕਿਉਂ ਨਾ ਕਰੀਏ, ਸ਼ਾਇਦ ਤੈਨੂੰ ਕੁਝ ਚੈਨ ਮਿਲੇ।"

ਅਸੀਂ ਵਿਚਕਾਰਲੇ ਦਰਜੇ ਦੇ ਲੋਕ ਸਾਂ। ਮੇਰੇ ਪਿਤਾ ਕਿਸੇ ਫਰਮ ਵਿਚ ਕਲਰਕ ਸਨ। ਪਿਤਾ ਸਾਨੂੰ ਨਵੀਂ ਤਰਜ਼ ਦੀ ਐਸ਼ੋ-ਆਰਾਮ ਤਾਂ ਨਹੀਂ ਦੇ ਸਕੇ, ਫਿਰ ਵੀ ਇਨ੍ਹਾਂ ਦਾ ਯਤਨ ਇਹੀ ਹੁੰਦਾ ਕਿ ਸਾਡੀਆਂ ਠੀਕ-ਠਾਕ ਲੋੜਾਂ ਪੂਰੀਆਂ ਕਰ ਸਕਣ। ਮਹਿੰਗਾਈ ਦੇ ਇਸ ਯੁੱਗ ਵਿਚ ਭਾਵੇਂ ਕਮਜ਼ੋਰ ਮਨੁੱਖ ਨੂੰ ਆਪਣੀ ਪਵਿੱਤਰਤਾ ਦਾ ਭਰਮ ਰੱਖਣਾ ਵੀ ਔਖਾ ਸੀ, ਪਰ ਅਸੀਂ ਆਪਣੀ ਪਵਿੱਤਰਤਾ ਕਿਸੇ ਨਾ ਕਿਸੇ ਤਰ੍ਹਾਂ ਬਣਾਈ ਰੱਖ ਰਹੇ ਸੀ। ਸੱਚ ਤਾਂ ਇਹ ਹੈ ਕਿ ਇਸ ਸਭ ਕੁਝ ਵਿਚ ਹੱਥ ਮੇਰੀ ਮਾਂ ਦਾ ਸੀ। ਮਾਂ ਬਹੁਤ ਬੱਚਤ ਕਰਨ ਅਤੇ ਸਲੀਕਾ ਰੱਖਣ ਵਾਲੀ ਇਸਤਰੀ ਸੀ। ਉਹ ਘਰ ਦੀਆਂ ਲੋੜਾਂ ਨੂੰ ਖਾਸ ਹੱਦ ਤੱਕ ਹੀ ਸੀਮਤ ਰੱਖਦੀ। ਨਾਲ-ਨਾਲ ਉਹ ਆਪ ਵੀ ਸਿਲਾਈ-ਕਢਾਈ ਕਰ ਕੇ ਆਮਦਨ ਵਿਚ ਵਾਧਾ ਕਰਦੀ। ਇਸ ਤਰ੍ਹਾਂ ਅਸੀਂ ਕੁਝ ਵੀ ਨਾ ਹੁੰਦੇ ਹੋਏ ਵੀ ਲੋਕਾਂ ਦੀਆਂ ਨਜ਼ਰਾਂ ਵਿਚ ਬਹੁਤ ਕੁਝ ਸਾਂ। ਅਸੀਂ ਦੋ ਭੈਣਾਂ ਸਾਂ। ਵੱਡੀ ਭੈਣ ਅਫਤ ਬਹੁਤ ਸਿੱਧੀ-ਸਾਦੀ, ਆਪਣੇ ਮਾਹੌਲ ਵਿਚ ਖੁਸ਼ ਰਹਿਣ ਵਾਲੀ ਕੁੜੀ ਸੀ, ਪਰ ਮੈਂ ਇਨ੍ਹਾਂ ਨਾਲੋਂ ਪੂਰੀ ਤਰ੍ਹਾਂ ਵੱਖ ਤਰ੍ਹਾਂ ਦੀ ਸਾਂ। ਮੇਰੇ ਸੋਚਣ ਦਾ ਢੰਗ ਵੱਖਰਾ ਸੀ। ਮੈਂ ਬਚਪਨ ਤੋਂ ਹੀ ਐਸ਼ੋ-ਆਰਾਮ ਦੀ ਜ਼ਿੰਦਗੀ ਦੇ ਸੁਪਨੇ ਦੇਖਣ ਲੱਗ ਪਈ ਸਾਂ। ਮੈਂ ਸੋਚਦੀ, ਕਾਸ਼! ਪਿਤਾ ਕਲਰਕ ਨਾ ਹੋ ਕੇ ਇਸ ਫਰਮ ਦੇ ਮਾਲਕ ਹੁੰਦੇ ਅਤੇ ਅਸੀਂ ਇਸ ਟੁੱਟੇ-ਫੁੱਟੇ ਘਰ ਦੀ ਥਾਂ ਸੁੰਦਰ ਕੋਠੀ ਵਿਚ ਰਹਿੰਦੇ ਜਿਸ ਵਿਚ ਹੁਣ ਵਾਲੇ ਤਰੱਕੀ ਵਾਲੇ ਸਮੇਂ ਦੀ ਹਰ ਸਹੂਲਤ ਹੁੰਦੀ। ਵੱਡੀ ਸਾਰੀ ਚਮਕਦੀ ਕਾਰ ਹੁੰਦੀ ਜਿਸ ਵਿਚ ਬੈਠ ਕੇ ਮੈਂ ਕਾਲਜ ਜਾਂਦੀ। ਇਸ ਤਰ੍ਹਾਂ ਦੇ ਸੁਪਨੇ ਦੇਖਦਿਆਂ ਮੈਂ ਮੁਟਿਆਰ ਹੋਈ, ਪਰ ਮੇਰੇ ਸੁਪਨੇ ਤਿਹਾਏ ਹੀ ਰਹੇ। ਕਦੇ-ਕਦੇ ਮੈਂ ਆਪਣੇ ਇਨ੍ਹਾਂ ਭਿਆਨਕ ਸੁਪਨਿਆਂ ਤੋਂ ਡਰ ਵੀ ਜਾਂਦੀ ਸਾਂ ਕਿ ਪਤਾ ਨਹੀਂ ਇਹ ਪੂਰੇ ਹੋਣ ਕਿ ਨਾ? ਫਿਰ ਅਗਲੇ ਪਲ ਉਹੀ ਸੁਪਨੇ ਹੁੰਦੇ ਅਤੇ ਮੈਂ ਹੁੰਦੀ?

ਰਾਤ-ਦਿਨ ਦਾ ਕਾਫਲਾ ਆਪਣੀ ਮੰਜ਼ਲ ਵੱਲ ਚਲਦਾ ਰਿਹਾ ਸੀ। ਅਫਤ ਭੈਣ ਦਾ ਵਿਆਹ ਹੋ ਗਿਆ। ਉਸ ਦੇ ਪਤੀ ਦੀ ਕੱਪੜੇ ਦੀ ਦੁਕਾਨ ਸੀ। ਉਹ ਆਪਣੀ ਆਦਤ ਅਨੁਸਾਰ ਪੂਰੀ ਤਰ੍ਹਾਂ ਖੁਸ਼ ਅਤੇ ਸੰਤੁਸ਼ਟ ਸੀ, ਤੇ ਇਹ ਸੱਚ ਵੀ ਹੈ। ਉਹ ਖੁਸ਼ੀ-ਖੁਸ਼ੀ ਵਿਆਹੁਤਾ ਜ਼ਿੰਦਗੀ ਬਤੀਤ ਕਰ ਰਹੀ ਸੀ। ਉਮਰ ਦੇ ਨਾਲ-ਨਾਲ ਮੇਰੇ ਸੁਪਨਿਆਂ 'ਤੇ ਪਕਿਆਈ ਆ ਗਈ ਸੀ। ਮੈਂ ਬੀ.ਏ. ਕਰ ਚੁਕੀ ਸਾਂ ਅਤੇ ਹੁਣ ਮਾਤਾ ਪਿਤਾ ਹੋਰ ਵਿੱਦਿਆ ਦੇ ਹੱਕ ਵਿਚ ਨਹੀਂ ਸਨ। ਇਨ੍ਹਾਂ ਹੀ ਦਿਨਾਂ ਵਿਚ ਮੇਰੇ ਵਾਸਤੇ ਆਦਲ ਦਾ ਰਿਸ਼ਤਾ ਆਇਆ। ਆਦਲ ਕਿਸੇ ਸਰਕਾਰੀ ਸਕੂਲ ਵਿਚ ਅਧਿਆਪਕ ਸੀ। ਉਹ ਇਕੱਲਾ ਹੀ ਸੀ। ਮਾਤਾ-ਪਿਤਾ ਸਵਰਗਵਾਸ ਹੋ ਚੁੱਕੇ ਸਨ। ਭਾਈ-ਭੈਣ ਕੋਈ ਨਹੀਂ ਸੀ। ਦੋ ਸਾਲ ਤੋਂ ਸਾਡੇ ਗੁਆਂਢ 'ਚ ਰਹਿ ਰਿਹਾ ਸੀ। ਕਿਤੋਂ ਬਦਲ ਕੇ ਆਇਆ ਸੀ। ਬਹੁਤ ਖੁਸ਼ ਮਿਜ਼ਾਜ ਅਤੇ ਖੁਸ਼ ਗੱਲ-ਕੱਥ ਕਰਨ ਵਾਲਾ ਸੀ। ਪਿਤਾ ਅਤੇ ਮਾਂ ਸੰਤੁਸ਼ਟ ਸਨ। ਭੈਣ ਦੀਆਂ ਨਜ਼ਰਾਂ ਵਿਚ ਵੀ ਇਹ ਰਿਸ਼ਤਾ ਸਾਡੀ ਆਰਥਿਕ ਹਾਲਤ ਤੋਂ ਵੀ ਵੱਧ ਸੀ; ਭਾਵ ਸਭ ਦੀ ਸਲਾਹ ਨਾਲ ਰਿਸ਼ਤਾ ਪ੍ਰਵਾਨ ਕਰ ਲਿਆ ਗਿਆ। ਇਸ ਤਰ੍ਹਾਂ ਮੈਂ ਆਦਲ ਦੀ ਅਰਧਾਂਗਣੀ ਬਣ ਕੇ ਉਸ ਦੇ ਘਰ ਆ ਗਈ।

ਆਦਲ ਮੈਨੂੰ ਬੇਹੱਦ ਪਿਆਰ ਕਰਦਾ। ਉਹ ਮੇਰੀ ਹਰ ਛੋਟੀ-ਵੱਡੀ ਇੱਛਾ ਪੂਰੀ ਕਰਨਾ ਆਪਣਾ ਕਰਤੱਵ ਸਮਝਦਾ। ਇਸ ਦਾ ਇਹ ਪਿਆਰ ਦੇਖ ਕੇ ਮੈਨੂੰ ਲਗਦਾ ਕਿ ਮੇਰੇ ਸੁਪਨੇ ਸਿਰੇ ਚੜ੍ਹਨ ਦਾ ਸਮਾਂ ਆ ਗਿਆ ਹੈ। ਵਿਆਹ ਤੋਂ ਦੋ ਮਹੀਨੇ ਪਿੱਛੋਂ ਆਦਲ ਦੀ ਬਦਲੀ ਹੋ ਗਈ। ਨਵਾਂ ਸ਼ਹਿਰ, ਨਵੇਂ ਲੋਕ। ਕੁਝ ਦਿਨ ਤਾਂ ਬਹੁਤ ਘਬਰਾਈ ਪਰ ਸਭ ਠੀਕ ਹੋ ਗਿਆ। ਹੌਲੀ-ਹੌਲੀ ਮੈਂ ਆਦਲ ਨੂੰ ਪੈਸੇ ਦੀ ਮਹੱਤਤਾ ਦਾ ਅਹਿਸਾਸ ਕਰਵਾਉਣ ਲੱਗੀ, ਵਰਤਮਾਨ ਸਮੇਂ ਵਿਚ ਪੈਸੇ ਦੀ ਕਿੰਨੀ ਕਦਰ ਹੈ, ਤੇ ਇਹ ਵੀ ਕਿ ਇਸ ਤੋਂ ਬਿਨਾਂ ਇਨਸਾਨੀ ਹੋਂਦ ਬੇਅਰਥ ਅਤੇ ਬੇਕਾਰ ਹੈ। ਸਮੇਂ-ਸਮੇਂ ਮੈਂ ਆਦਲ ਕੋਲ ਇਹੋ ਜਿਹੀਆਂ ਹੀ ਗੱਲਾਂ ਕਰਦੀ। ਆਦਲ ਹੱਸ ਕੇ ਮੇਰੀਆਂ ਗੱਲਾਂ ਟਾਲ ਦਿੰਦਾ। ਮੈਂ ਆਪਣਾ ਸੰਘਰਸ਼ ਕਰਦੀ ਰਹੀ। ਮੈਨੂੰ ਭਰੋਸਾ ਸੀ ਕਿ ਮੈਂ ਆਪਣੇ ਮਤਲਬ ਵਿਚ ਸਫਲ ਹੋ ਜਾਵਾਂਗੀ।

ਐਤਵਾਰ ਦਾ ਦਿਨ ਸੀ। ਅਸੀਂ ਦੋਵੇਂ ਆਪਣੇ ਛੋਟੇ ਜਿਹੇ ਵਿਹੜੇ ਵਿਚ ਬੈਠੇ ਚਾਹ ਪੀ ਰਹੇ ਸਾਂ। ਮੈਂ ਪੈਸੇ ਦੀ ਮਹੱਤਤਾ 'ਤੇ ਬਹੁਤ ਦੇਰ ਤੱਕ ਲੈਕਚਰ ਦੇ ਰਹੀ ਸਾਂ। ਆਦਲ ਝੁੰਜਲਾ ਕੇ ਬੋਲਿਆ, "ਪੈਸਾ! ਪੈਸਾ!! ਕਿਥੋਂ ਲਿਆਵਾਂ ਪੈਸਾ? ਤੂੰ ਇਹ ਕਿਉਂ ਨਹੀਂ ਸਮਝਦੀ ਕਿ ਅੱਜ ਦੇ ਸਮੇਂ ਇਕ ਠੀਕ ਢੰਗ ਨਾਲ ਪੈਸਾ ਕਮਾਉਣਾ ਸੌਖਾ ਨਹੀਂ ਹੈ ਅਤੇ ਗਲਤ ਢੰਗ ਨਾਲ ਪੈਸਾ ਕਮਾਉਣਾ ਮੇਰੀ ਆਦਤ ਦੇ ਵਿਰੁਧ ਹੈ।"

ਮੈਂ ਕਿਹਾ, "ਆਦਲ ਮੈਂ ਗਲਤ ਢੰਗ ਨਾਲ ਅਪਨਾਉਣ ਲਈ ਕਦੋਂ ਕਹਿੰਦੀ ਹਾਂ! ਠੀਕ ਢੰਗਾਂ ਦਾ ਘਾਟਾ ਨਹੀਂ, ਬੱਸ ਥੋੜ੍ਹਾ ਸਬਰ ਸੰਤੋਖ ਤੋਂ ਕੰਮ ਲਵੋ।"

"ਫਿਰ ਤੂੰ ਹੀ ਦੱਸ, ਮੈਨੂੰ ਕੀ ਕਰਨਾ ਚਾਹੀਦਾ?" ਆਦਲ ਨੇ ਕਿਹਾ।

ਮੈਂ ਕਿਹਾ, "ਤੂੰ ਅਰਬ ਕਿਉਂ ਨਹੀਂ ਚਲਿਆ ਜਾਂਦਾ? ਆਪਣੀ ਕੌਮ ਦੇ ਤਕਰੀਬਨ ਅੱਧਿਓਂ ਵੱਧ ਲੋਕ ਉਥੋਂ ਹੀ ਧਨ ਲਿਆ ਰਹੇ ਹਨ।"

ਆਦਲ ਨੂੰ ਜਿਵੇਂ ਸਕਤਾ ਮਾਰ ਗਿਆ ਮੇਰੀ ਗੱਲ ਸੁਣ ਕੇ। ਬਹੁਤ ਦੇਰ ਚੁੱਪ ਰਹਿਣ ਪਿੱਛੋਂ ਬੋਲਿਆ, "ਨਿਕਹਤ, ਜਦੋਂ ਪਤੀ ਤੇ ਪਤਨੀ ਵਿਚ ਇਕਸਾਰਤਾ ਹੁੰਦੀ ਹੈ ਤਾਂ ਰੱਬੀ ਮਿਹਰ ਮਿਲਦੀ ਹੈ ਅਤੇ ਇਸ ਦੇ ਨਾਲ ਧਨ ਦੀ ਹਿਰਸ ਮੁੱਕ ਜਾਂਦੀ ਹੈ; ਪਰ ਲਗਦਾ ਹੈ, ਸਾਡੇ ਦੋਵਾਂ ਵਿਚ ਇਕਸਾਰਤਾ ਨਹੀਂ, ਵਖਰੇਵਾਂ ਹੈ। ਮੈਂ ਜਿੰਨਾ ਰੱਬੀ ਮਿਹਰ ਵਿਚ ਵਿਸ਼ਵਾਸ ਰੱਖਦਾ ਹਾਂ, ਤੇਰੀਆਂ ਲੋੜਾਂ ਉਨੀਆਂ ਹੀ ਬਹੁਤੀਆਂ ਹਨ। ਇਸ ਹਾਲਤ ਵਿਚ ਮੈਨੂੰ ਸਮਝ ਨਹੀਂ ਆਉਂਦੀ ਕਿ ਮੈਂ ਕੀ ਕਰਾਂ?"

"ਆਦਲ, ਤੂੰ ਇਕ ਵਾਰ ਅਰਬ ਚਲਿਆ ਜਾਹ, ਫਿਰ ਆਪਣੇ-ਆਪ ਤੇਰੀਆਂ ਸੋਚਾਂ ਦਾ ਪਾਸਾ ਬਦਲ ਜਾਵੇਗਾ।" ਮੈਂ ਕਿਹਾ। ਪਰ ਆਦਲ ਦੀ 'ਨਾਂਹ' ਮੈਨੂੰ 'ਹਾਂ' ਵਿਚ ਬਦਲਦੀ ਦਿਖਾਈ ਨਾ ਦਿੱਤੀ। ਫਿਰ ਮੈਂ ਦੂਜਾ ਰਾਹ ਚੁਣਿਆ। ਅਖੀਰ



ਮੇਰੇ ਹੰਝੂਆਂ ਦੀਆਂ ਧਾਰਾਂ ਵਿਚ ਉਸ ਦੀ 'ਨਾਂਹ' ਵਹਿ ਗਈ ਕਿ ਮੈਂ ਉਸ ਦੀ ਪਿਆਰੀ ਸੀ। ਉਹ ਮੇਰੀਆਂ ਖੁਸ਼ੀਆਂ ਖਾਤਰ ਸਭ ਕੁਝ ਕਰਨ ਲਈ ਤਿਆਰ ਸੀ। ਸ਼ਰਤ ਇਹ ਸੀ ਕਿ ਠੀਕ ਢੰਗ ਹੋਵੇ। ਹੁਣ ਔਕੜ ਸੀ ਧਨ ਦੀ, ਪਰ ਉਹ ਕੋਈ ਖਾਸ ਨਹੀਂ ਸੀ। ਥੋੜ੍ਹੇ ਬਹੁਤੇ ਗਹਿਣੇ ਜੋ ਮਾਤਾ-ਪਿਤਾ ਨੇ ਮੈਨੂੰ ਦਿੱਤੇ ਸਨ, ਪਹਿਲਾਂ ਮੈਂ ਉਹ ਵੇਚੇ। ਕੁਝ ਰਕਮ ਬਚਾ ਕੇ ਰੱਖੀ ਹੋਈ ਸੀ, ਤੇ ਕੁਝ ਕਰਜ਼ਾ ਲੈ ਲਿਆ। ਇਸ ਤਰ੍ਹਾਂ ਇਹ ਉਲਝਣ ਹੱਲ ਹੋ ਗਈ।

ਆਦਲ ਮੇਰੀਆਂ ਖੁਸ਼ੀਆਂ ਨੂੰ ਧਿਆਨ ਵਿਚ ਰੱਖਦਿਆਂ ਆਪਣੇ ਦਿਲ 'ਤੇ ਜਬਰ ਕਰ ਕੇ ਪਾਸਪੋਰਟ ਤੇ ਵੀਜ਼ੇ ਦੇ ਪ੍ਰਬੰਧ ਵਿਚ ਰੁਝ ਗਿਆ। ਅੰਤ ਨੂੰ ਉਹ ਦਿਨ ਆ ਹੀ ਗਿਆ। ਅੱਜ ਆਦਲ ਜੱਦਾਹ ਨੂੰ ਉਡਾਣ ਭਰਨ ਵਾਲਾ ਸੀ। ਮੈਂ ਬਾਹਰੋਂ ਸ਼ਾਂਤ ਦਿਖਾਈ ਦੇਣ ਦਾ ਯਤਨ ਕਰ ਰਹੀ ਸੀ। ਡਰ ਸੀ ਕਿ ਆਦਲ ਮੈਨੂੰ ਸੋਚਾਂ ਵਿਚ ਡੁੱਬੀ ਦੇਖ ਕੇ, ਕਿਤੇ ਜਾਣ ਤੋਂ ਇਨਕਾਰ ਨਾ ਕਰ ਦੇਵੇ; ਅੰਦਰੋਂ ਭਾਵੇਂ ਹਜ਼ਾਰ ਤਰ੍ਹਾਂ ਦੇ ਡਰਾਂ ਨੇ ਮੈਨੂੰ ਘੇਰਾ ਪਾਇਆ ਹੋਇਆ ਸੀ। ਮੈਂ ਮੁਸਕਰਾਉਂਦਿਆਂ ਉਸ ਨੂੰ ਅਲਵਿਦਾ ਕਹੀ। ਆਦਲ ਨੇ ਤੁਰਦਿਆਂ-ਤੁਰਦਿਆਂ ਕਿੰਨੀਆਂ ਹੀ ਸਿੱਖਿਆਵਾਂ ਮੈਨੂੰ ਦਿੱਤੀਆਂ, "ਆਪਣਾ ਖਿਆਲ ਰੱਖੀਂ, ਸਿਹਤ ਵੱਲੋਂ ਬੇਪਰਵਾਹੀ ਨਾ ਵਰਤਣੀ। ਦਿਲ ਘਬਰਾਵੇ ਤਾਂ ਮੈਨੂੰ ਝੱਟ ਚਿੱਠੀ ਲਿਖ ਦੇਵੀਂ, ਮੈਂ ਸਭ ਕੁਝ ਛੱਡ ਕੇ ਆ ਜਾਵਾਂਗਾ।"

ਜਹਾਜ਼ ਉਡ ਚੁੱਕਿਆ ਸੀ ਅਤੇ ਮੈਂ ਖਾਲੀ-ਖਾਲੀ ਅੱਖਾਂ ਨਾਲ ਦਿਸਹੱਦੇ ਤੱਕ ਫੈਲੇ ਹੋਏ ਆਕਾਸ਼ ਨੂੰ ਵੇਖ ਰਹੀ ਸਾਂ। ਪਤਾ ਨਹੀਂ, ਮੈਂ ਆਕਾਸ਼ ਦੀਆਂ ਅਥਾਹ ਹੱਦਾਂ ਵਿਚ ਆਪਣੇ ਸੁਪਨਿਆਂ ਨੂੰ ਸੱਚ ਹੁੰਦਿਆਂ ਦੇਖ ਰਹੀ ਸਾਂ, ਜਾਂ ਫਿਰ ਆਪਣੀ ਬਰਬਾਦੀ ਦੇ ਨਿਸ਼ਾਨ ਲੱਭ ਰਹੀ ਸਾਂ।

ਹਫਤੇ ਪਿੱਛੋਂ ਆਦਲ ਦੀ ਚਿੱਠੀ ਆਈ। ਉਸ ਨੇ ਲਿਖਿਆ ਸੀ, "ਜੱਦਾਹ ਪਹੁੰਚ ਗਿਆ ਹਾਂ। ਛੇਤੀ ਹੀ ਤੈਨੂੰ ਢੇਰ ਸਾਰੇ ਪੈਸੇ ਭੇਜਾਂਗਾ। ਆਪਣਾ ਪੂਰਾ-ਪੂਰਾ ਖਿਆਲ ਰੱਖਣਾ। ਮੇਰੀ ਫਿਕਰ ਰਤਾ ਨਹੀਂ ਕਰਨੀ। ਮੈਂ ਇਥੇ ਭਾਵੇਂ ਬਹੁਤ ਉਦਾਸ ਹਾਂ, ਤੇਰੇ ਬਿਨਾਂ ਮੇਰਾ ਦਿਲ ਨਹੀਂ ਲੱਗ ਰਿਹਾ, ਫਿਰ ਵੀ ਮੈਂ ਇਥੇ ਰਹੂੰਗਾ ਕਿਉਂਕਿ ਇਸੇ ਵਿਚ ਤੇਰੀ ਖੁਸ਼ੀ ਰਲੀ ਹੋਈ ਹੈ।"

ਦੋ ਮਹੀਨੇ ਪਿੱਛੋਂ ਉਸ ਨੇ ਮੈਨੂੰ ਦਸ ਹਜ਼ਾਰ ਭੇਜੇ; ਫਿਰ ਤਾਂ ਜਿਵੇਂ ਮੀਂਹ ਵਰਸਣ ਲੱਗਾ। ਹਰ ਦੂਜੇ-ਤੀਜੇ ਮਹੀਨੇ ਆਦਲ ਵੱਡੀਆਂ-ਵੱਡੀਆਂ ਰਕਮਾਂ ਭੇਜਦਾ ਰਿਹਾ ਅਤੇ ਮੈਂ ਬੜੇ ਸਲੀਕੇ ਤੇ ਚੰਗੇ ਢੰਗ ਨਾਲ ਇਸ ਨੂੰ ਖਰਚਣ ਲੱਗੀ। ਸਭ ਤੋਂ ਪਹਿਲਾਂ ਜ਼ਮੀਨ ਖਰੀਦ ਕੇ ਇਹ ਵਧੀਆ ਕੋਠੀ ਬਣਾਈ।

ਚਾਰ ਸਾਲ ਪਿੱਛੋਂ ਆਦਲ ਭਾਰਤ ਵਾਪਸ ਆਇਆ, ਤਾਂ ਮੇਰੇ ਸਲੀਕੇ ਦੀ ਪ੍ਰਸ਼ੰਸਾ ਕੀਤੇ ਬਿਨਾਂ ਰਹਿ ਨਾ ਸਕਿਆ। ਪੈਸੇ ਦੀ ਠੀਕ ਵਰਤੋਂ ਦੇਖ ਕੇ ਉਸ ਨੂੰ ਅਤਿਅੰਤ ਪ੍ਰਸੰਨਤਾ ਹੁੰਦੀ, ਪਰ ਉਹ ਜਾਣ ਲਈ ਰਾਜ਼ੀ ਨਹੀਂ ਸੀ ਹੋ ਰਿਹਾ। ਮੈਂ ਆਪਣੀਆਂ ਦਲੀਲਾਂ ਨਾਲ ਉਸ ਨੂੰ ਇਕ ਵਾਰ ਫਿਰ ਮਜਬੂਰ ਕਰ ਦਿੱਤਾ। ਉਹ ਦੋ ਮਹੀਨੇ ਰਹਿ ਕੇ ਚਲਿਆ ਗਿਆ। ਜਾਂਦਿਆਂ ਹੀ ਇਕ ਵਾਰ ਫਿਰ ਧਨ ਦਾ ਹੜ੍ਹ ਆ ਗਿਆ। ਹੁਣ ਮੈਂ ਕੋਠੀ ਡੈਕੋਰੇਟ ਕਰਵਾਈ। ਐਸ਼ੋ-ਇਸ਼ਰਤ ਦੀ ਜ਼ਿੰਦਗੀ ਦੀਆਂ ਸਾਰੀਆਂ ਵਸਤਾਂ ਇਕੱਤਰ ਕੀਤੀਆਂ। ਇਸੇ ਸਮੇਂ ਦੌਰਾਨ ਪਿਤਾ ਸਵਰਗਵਾਸ ਹੋ ਗਏ ਅਤੇ ਮੈਂ ਮਾਂ ਨੂੰ ਟੁੱਟੇ-ਫੁੱਟੇ ਘਰ ਵਿਚੋਂ ਆਪਣੀ ਕੋਠੀ ਵਿਚ ਲੈ ਆਈ। ਇਸ ਵਾਰ ਆਦਲ ਦੀਆਂ ਚਿੱਠੀਆਂ ਦਾ ਵਿਸ਼ਾ ਇਕੋ ਤਰ੍ਹਾਂ ਦਾ ਹੁੰਦਾ,

"ਨਿਕਹਤ! ਹੁਣ ਮੈਨੂੰ ਇਹ ਜ਼ਿੰਦਗੀ ਬਤੀਤ ਕਰਨੀ ਔਖੀ ਲਗਦੀ ਹੈ। ਜੁਦਾਈ ਦਾ ਇਹ ਵੱਡਾ ਸਮਾਂ ਹੁਣ ਸਹਿਣਾ ਔਖਾ ਹੁੰਦਾ ਜਾ ਰਿਹਾ ਹੈ।"

ਪਹਿਲਾਂ ਨਾਲੋਂ ਇਸ ਵਾਰ ਉਹਨੇ ਪੈਸੇ ਵੀ ਬਹੁਤ ਭੇਜੇ। ਹੁਣ ਤਾਂ ਗਰਾਜ ਵਿਚ ਸੁਪਨਿਆਂ ਵਾਲੀ ਚਮਕਦੀ ਕਾਰ ਵੀ ਆ ਗਈ ਸੀ। ਮਾਂ ਦੀ ਸਿਹਤ ਖਰਾਬ ਸੀ। ਮੈਂ ਉਸ ਨੂੰ ਸ਼ਹਿਰ ਦੇ ਸਭ ਤੋਂ ਚੰਗੇ ਨਰਸਿੰਗ ਹੋਮ ਵਿਚ ਦਾਖਲ ਕਰਵਾ ਦਿੱਤਾ, ਪਰ ਰੋਗ ਵਧਦਾ ਗਿਆ। ਪਿਤਾ ਦੀ ਜੁਦਾਈ ਦੇ ਸਦਮੇ ਨੇ ਮਾਂ ਨੂੰ ਪਹਿਲਾਂ ਹੀ ਕਮਜ਼ੋਰ ਕਰ ਦਿੱਤਾ ਸੀ। ਵਧੀਆ ਤੋਂ ਵਧੀਆ ਇਲਾਜ ਹੋਣ 'ਤੇ ਵੀ ਮਾਂ ਮੈਨੂੰ ਇਕੱਲਿਆਂ ਛੱਡ ਕੇ ਚਲੀ ਗਈ।

ਹੌਲੀ-ਹੌਲੀ ਮਾਪਿਆਂ ਦੀ ਜੁਦਾਈ ਦੇ ਜ਼ਖਮ ਰਾਜ਼ੀ ਹੁੰਦੇ ਗਏ ਅਤੇ ਮੇਰੇ ਆਥਣ-ਸਵੇਰੇ ਰੁਝੇਵੇਂ ਫਿਰ ਟਿਕਾਣਿਆਂ 'ਤੇ ਆ ਗਏ। ਮਾਂ ਦੀ ਜੁਦਾਈ ਤੋਂ ਪਿੱਛੋਂ ਇਕੱਲਤਾ ਦਾ ਅਹਿਸਾਸ ਮੈਨੂੰ ਘੇਰਨ ਲੱਗਾ। ਹੁਣ ਤੱਕ ਮੇਰੀ ਗੋਦ ਵੀ ਸੁੰਨੀ ਸੀ। ਇਸ ਘਾਟੇ ਦਾ ਅਹਿਸਾਸ ਮੈਨੂੰ ਹੁਣ ਤੱਕ ਨਹੀਂ ਹੋਇਆ ਸੀ, ਪਰ ਹੁਣ ਇੱਛਾ ਤੇਜ਼ ਹੋ ਰਹੀ ਸੀ ਕਿ ਮੇਰੇ ਵਿਹੜੇ ਵਿਚ ਨੰਨ੍ਹੀਆਂ-ਮੁੰਨੀਆਂ ਕਿਲਕਾਰੀਆਂ ਗੂੰਜਣ। ਮੇਰੇ ਮਮਤਾ ਦੇ ਸੋਮੇ ਫੁੱਟਣ ਲਈ ਬੇਕਰਾਰ ਹੋ ਗਏ। ਮੈਂ ਸੋਚਿਆ, ਇਸ ਵਾਰ ਆਦਲ ਆ ਜਾਵੇ ਤਾਂ ਆਪਣਾ ਚੈਕ-ਅੱਪ ਕਰਵਾਂ। ਖੁਦਾ ਕਰੇ, ਸਭ ਠੀਕ-ਠਾਕ ਹੋਵੇ।

ਆਦਲ ਆਇਆ ਤਾਂ ਮਾਨੋ ਚਾਰੇ ਪਾਸੇ ਖੁਸ਼ੀਆਂ ਦੇ ਫੁਹਾਰੇ ਵਰਸਣ ਲੱਗੇ। ਆਦਲ ਵੀ ਬਹੁਤ ਸੰਤੁਸ਼ਟ ਦਿਖਾਈ ਦਿੱਤਾ। ਮੈਂ ਆਪਣੀ ਖਰੀਦੀ ਹੋਈ ਇਕ-ਇਕ ਚੀਜ਼ ਉਸ ਨੂੰ ਦਿਖਾਈ। ਹਰ ਚੀਜ਼ ਦੀ ਉਸ ਨੇ ਖੁੱਲ੍ਹੇ ਦਿਲ ਨਾਲ ਪ੍ਰਸ਼ੰਸਾ ਕੀਤੀ। ਚਾਰ ਮਹੀਨੇ ਹੋ ਗਏ ਸੀ ਉਸ ਨੂੰ ਭਾਰਤ ਆਇਆਂ। ਇਸ ਸਮੇਂ ਵਿਚਕਾਰ ਅਸੀਂ ਚੈਕ-ਅੱਪ ਕਰਵਾ ਲਿਆ ਸੀ। ਰਿਪੋਰਟ ਵੀ ਆ ਗਈ ਸੀ, ਪਰ ਉਸ ਨੇ ਮੈਨੂੰ ਦਿਖਾਈ ਨਹੀਂ। ਇੰਨੀ ਗੱਲ ਜ਼ਰੂਰ ਕਹੀ, "ਨਿਕਹਤ ਘਬਰਾਉਣ ਦੀ ਕੋਈ ਗੱਲ ਨਹੀਂ ਹੈ। ਤੂੰ ਬਿਲਕੁਲ ਨਾਰਮਲ ਏਂ। ਇਹ ਤਾਂ ਖੁਦਾ ਦੀ ਦੇਣ ਹੈ। ਅੱਲ੍ਹਾ ਦੀ ਜਾਤ 'ਤੇ ਭਰੋਸਾ ਰੱਖੋ। ਉਹ ਜ਼ਰੂਰ ਸਾਡੀ ਮੁਰਾਦ ਪੂਰੀ ਕਰੇਗਾ।"

ਮੈਨੂੰ ਸਮਝ ਨਹੀਂ ਆਉਂਦੀ ਸੀ ਕਿ ਇਸ ਵਾਰੀ ਆਦਲ ਨੂੰ ਜਾਣ ਲਈ ਕਿਵੇਂ ਤਿਆਰ ਕਰਾਂ। ਅਜੇ ਬਹੁਤ ਸਾਰੀਆਂ ਇੱਛਾਵਾਂ ਬਾਕੀ ਸਨ। ਮੈਂ ਭਾਵੇਂ ਸ਼ੌਕ ਦਾ ਐਨਾ ਸਾਮਾਨ ਇਕੱਠਾ ਕਰ ਲਿਆ ਸੀ, ਮੇਰੇ ਸਾਰੇ ਸੁਪਨੇ ਪੂਰੇ ਹੋ ਗਏ ਸਨ ਪਰ ਹੁਣ ਇਕ ਹੋਰ ਇੱਛਾ ਸੀ ਕਿ ਐਨਾ ਧਨ ਹੋ ਜਾਵੇ ਕਿ ਆਦਲ ਇਥੇ ਆ ਕੇ ਆਪਣਾ ਕਾਰੋਬਾਰ ਸ਼ੁਰੂ ਕਰ ਲਵੇ। ਅੰਤ ਨੂੰ ਮੈਂ ਉਹਨੂੰ ਫੜ ਹੀ ਲਿਆ। ਜਦੋਂ ਮੈਂ ਆਪਣੀ ਗੱਲ ਦੱਸੀ ਤਾਂ ਉਹ ਮੈਨੂੰ ਹੈਰਾਨੀ ਨਾਲ ਦੇਖਣ ਲੱਗਿਆ।

"ਨਿਕਹਤ! ਤੂੰ ਚਾਹੁੰਨੀ ਏਂ ਕਿ ਮੈਂ ਫਿਰ ਉਥੇ ਜਾਵਾਂ? ਨਹੀਂ, ਹੁਣ ਮੇਰੇ ਲਈ ਇਹ ਅਸੰਭਵ ਹੈ। ਮੈਨੂੰ ਆਪਣੇ ਤੋਂ ਦੂਰ ਜਾਣ ਲਈ ਹੁਣ ਮਜਬੂਰ ਨਾ ਕਰ। ਨਿਕਹਤ! ਜੁਦਾਈ ਦੇ ਲੰਬੇ ਦਿਨ ਰਾਤ ਕਿਤੇ ਸਾਨੂੰ ਦੋਵਾਂ ਨੂੰ ਸਦਾ ਲਈ ਦੂਰ ਨਾ ਕਰ ਦੇਣ। ਮੈਂ ਤੈਨੂੰ ਖੋਣਾ ਨਹੀਂ ਚਾਹੁੰਦਾ ਅਤੇ ਸ਼ਾਇਦ ਤੂੰ ਵੀ ਮੇਰੇ ਬਿਨਾਂ ਐਨਾ ਸਭ ਕੁਝ ਹੁੰਦੇ ਹੋਏ ਆਪਣੇ-ਆਪ ਨੂੰ ਅਧੂਰੀ ਹੀ ਅਨੁਭਵ ਕਰੇਂਗੀ।"

ਪਰ ਮੇਰੇ ਦਿਮਾਗ 'ਤੇ ਤਾਂ ਧਨ ਦੀ ਹਵਸ ਨੇ ਪਰਦਾ ਪਾਇਆ ਹੋਇਆ ਸੀ। ਫਿਰ ਮੈਨੂੰ ਆਉਣ ਵਾਲੇ ਤੂਫਾਨਾਂ ਦੀ ਕਿਵੇਂ ਸਮਝ ਆਉਂਦੀ? ਮੈਂ ਬੜੀ ਨਰਮੀ ਨਾਲ ਕਿਹਾ, "ਆਦਲ, ਖੁਦਾ ਨੇ ਸਾਨੂੰ ਸਾਰੀਆਂ ਨਿਹਮਤਾਂ ਦੇ ਦਿੱਤੀਆਂ ਹਨ। ਇਕ ਵਾਰ ਤੂੰ ਹੋਰ ਚਲਿਆ ਜਾਹ। ਫਿਰ ਆਪਾਂ ਇੰਨਾ ਧਨ ਇਕੱਠਾ ਕਰ ਲਵਾਂਗੇ ਕਿ ਤੂੰ ਇਥੇ ਆ ਕੇ ਆਪਣਾ ਕਾਰੋਬਾਰ ਸ਼ੁਰੂ ਕਰ ਲਵੇਂ। ਮੈਂ ਇਕਰਾਰ ਕਰਦੀ ਹਾਂ ਕਿ ਇਸ ਤੋਂ ਪਿੱਛੋਂ ਫਿਰ ਕਦੇ ਜਾਣ ਨੂੰ ਨਹੀਂ ਕਹਾਂਗੀ। ਕੀ ਤੂੰ ਸਮਝਦਾ ਏਂ, ਤੇਰੇ ਬਿਨਾਂ ਮੈਂ ਇਥੇ ਖੁਸ਼ ਹਾਂ? ਨਹੀਂ, ਤੂੰ ਖਿਆਲ ਵੀ ਨਹੀਂ ਕਰ ਸਕਦਾ, ਤੇਰੀ ਗੈਰ-ਹਾਜ਼ਰੀ ਮੇਰੇ ਵਾਸਤੇ ਕਿੰਨੀ ਦੁਖਦਾਈ ਹੁੰਦੀ ਹੈ। ਫਿਰ ਵੀ ਚਾਹੁੰਦੀ ਹਾਂ ਕਿ ਇਸ ਵਾਰ ਜ਼ਰੂਰ ਜਾਓ ਤਾਂ ਕਿ ਖੁਸ਼ੀ ਭਰਪੂਰ ਜ਼ਿੰਦਗੀ ਦੇ ਬੂਹੇ ਸਾਡੇ ਵਾਸਤੇ ਸਦਾ-ਸਦਾ ਲਈ ਖੁੱਲ੍ਹ ਜਾਣ।"

ਅਜੇ ਕੁਝ ਕਹਿਣ ਵਾਸਤੇ ਆਦਲ ਨੇ ਮੂੰਹ ਖੋਲ੍ਹਿਆ ਹੀ ਸੀ ਕਿ ਮੈਂ ਆਪਣੀ ਹਥੇਲੀ ਉਸ ਦੇ ਖੁੱਲ੍ਹਦੇ ਬੁੱਲ੍ਹਾਂ 'ਤੇ ਰੱਖ ਦਿੱਤੀ।

"ਨਹੀਂ ਆਦਲ, ਤੈਨੂੰ ਮੇਰੀ ਸਹੁੰ ਕੁਝ ਨਾ ਕਹਿ ਹੁਣ।" ਆਦਲ ਨੇ ਹਾਰੇ ਹੋਏ ਜੁਆਰੀ ਵਾਂਗ ਅੱਖਾਂ ਝੁਕਾ ਲਈਆਂ। ਇਕ ਵਾਰ ਫਿਰ ਆਦਲ ਚਲਿਆ ਗਿਆ, ਪਰ ਇਸ ਵਾਰ ਉਸ ਦਾ ਜਾਣਾ ਮੇਰੇ ਵਾਸਤੇ ਮੌਤ ਤੋਂ ਘੱਟ ਨਹੀਂ ਸੀ। ਹਰ ਪਲ, ਹਰ ਘੜੀ ਦਿਲ ਵਿਚ ਉਡੀਕਾਂ ਪੈਦਾ ਹੁੰਦੀਆਂ ਰਹਿੰਦੀਆਂ। ਥੋੜ੍ਹੇ-ਥੋੜ੍ਹੇ ਸਮੇਂ ਪਿੱਛੋਂ ਦਿਲ ਵਿਚ ਇਉਂ ਚੀਸਾਂ ਉਠਦੀਆਂ ਕਿ ਮੈਂ ਬੇਕਰਾਰ ਹੋ ਜਾਂਦੀ। ਕਈ ਵਾਰ ਜੀਅ ਚਾਹਿਆ ਕਿ ਆਦਲ ਨੂੰ ਲਿਖਾਂ, "ਤੂੰ ਮੁੜ ਆ। ਮੈਨੂੰ ਕੁਝ ਨਹੀਂ ਚਾਹੀਦਾ ਤੇਰੇ ਪਿਆਰ ਤੋਂ ਬਿਨਾਂ।" ਕਦੇ-ਕਦੇ ਮੈਨੂੰ ਲਗਦਾ ਕਿ ਕੋਈ ਆਦਲ ਨੂੰ ਮੈਥੋਂ ਖੋਹ ਕੇ ਲਈ ਜਾ ਰਿਹਾ ਹੈ। ਦੂਜੇ ਹੀ ਪਲ ਮੈਂ ਇਸ ਨੂੰ ਆਪਣਾ ਵਹਿਮ ਕਹਿ ਛੱਡਦੀ।

ਅੱਜ ਉਸ ਨੂੰ ਗਿਆਂ ਇਕ ਸਾਲ ਹੋ ਗਿਆ। ਉਹ ਪਹਿਲਾਂ ਵਾਂਗ ਹੀ ਰੁਪਏ ਭੇਜਦਾ ਰਿਹਾ ਪਰ ਇਸ ਵਾਰ ਹੁਣ ਤੱਕ ਕੋਈ ਚਿੱਠੀ ਨਹੀਂ ਆਈ। ਪਹਿਲਾਂ ਹਰ ਹਫਤੇ ਇਕ ਚਿੱਠੀ ਜ਼ਰੂਰ ਆਉਂਦੀ ਸੀ, ਪ੍ਰੇਮ ਪਿਆਰ ਦੀ ਚਾਸ਼ਣੀ ਵਿਚ ਭਿੱਜੀ। ਇਸ ਸਾਲ ਦੌਰਾਨ ਮੈਂ ਪੰਜਾਹ ਚਿੱਠੀਆਂ ਲਿਖੀਆਂ, ਪਰ ਕਿਸੇ ਇਕ ਦਾ ਵੀ ਉਤਰ ਨਹੀਂ ਆਇਆ। ਅੱਜ ਮੇਰੇ 'ਤੇ ਮੁਸੀਬਤ ਆਈ ਹੋਈ ਹੈ। ਕੱਲ੍ਹ ਹੀ ਮੈਂ ਉਸ ਨੂੰ ਚਿੱਠੀ ਪਾਈ ਹੈ, "ਆਦਲ ਝੱਟਪਟ ਆ ਜਾ। ਤੂੰ ਆਪ ਹੀ ਤਾਂ ਕਿਹਾ ਸੀ, ਨਿਕਹਤ ਜਦੋਂ ਕਦੇ ਦਿਲ ਘਬਰਾਵੇ ਤੇ ਮੇਰੀ ਲੋੜ ਹੋਵੇ, ਮੈਨੂੰ

(ਅਗਲੇ ਸਫੇ 'ਤੇ ਜਾਰੀ)

# ਅੱਜ ਆਖਾਂ ਵਾਰਿਸ ਸ਼ਾਹ ਨੂੰ!

## ਪ੍ਰੋ. ਨਿਰੰਜਣ ਸਿੰਘ ਮਾਨ-3

***ਸ. ਗੁਰਬਚਨ ਸਿੰਘ ਭੁੱਲਰ ਨੇ ਇਸ ਲੇਖ ਲੜੀ ਵਿਚ ਉਸ ਦੌਰ ਦਾ ਜ਼ਿਕਰ ਛੋਹਿਆ ਹੈ ਜਦੋਂ ਲੋਕ-ਸਰੋਕਾਰਾਂ ਨਾਲ ਜੁੜੇ ਲੋਕ ਘਰੋਂ ਨਿਕਲ ਤੁਰੇ ਸਨ ਅਤੇ ਤਨ, ਮਨ, ਧਨ ਲਾ ਕੇ ਨਿਸ਼ਕਾਮ ਸੇਵਾ ਵਿਚ ਜੁਟ ਗਏ ਸਨ। ਨੌਜਵਾਨਾਂ ਵਿਚ ਜਨੂੰਨ ਦਾ ਇਹ ਉਹ ਦੌਰ ਸੀ ਜਦੋਂ ਸੁਰਿੰਦਰ ਕੌਰ ਵਰਗੀ ਗਾਇਕਾ ਸੰਸਾਰ ਭਰ ਵਿਚ ਮਸ਼ਹੂਰ ਹੋ ਕੇ ਵੀ ਪਿੰਡਾਂ-ਸ਼ਹਿਰਾਂ ਦੇ ਸਾਧਾਰਨ ਘਰਾਂ ਵਿਚ ਰੁੱਖਾ-ਮਿੱਸਾ ਖਾ ਕੇ ਅਮਨ ਦਾ ਹੋਕਾ ਦੇਣ ਵਾਲਿਆਂ ਨਾਲ ਦਿਨ-ਰਾਤ ਤੁਰੀ ਫਿਰਦੀ ਸੀ। ਪੰਜਾਬੀ ਸਭਿਆਚਾਰ ਲਈ ਵਿਰਾਟ ਪੱਧਰ ਉਤੇ ਹੋਈ ਇਸ ਸੁੱਚੀ ਸਰਗਰਮੀ ਦੀਆਂ ਗੱਲਾਂ ਲੇਖਕ ਨੇ ਆਪਣੀ ਇਸ ਲੇਖ ਲੜੀ ਵਿਚ ਕੀਤੀਆਂ ਹਨ। -ਸੰਪਾਦਕ***

ਪ੍ਰੋ. ਮਾਨ ਦਾ ਆਪਣਾ ਕਹਿਣਾ ਸੀ, "ਮੈਂ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਕੇਵਲ ਪੰਜਾਬ ਵਿਚ ਹੀ ਨਹੀਂ, ਬਹੁਤ ਥਾਂਵਾਂ 'ਤੇ, ਬੰਬਈ, ਕਲਕੱਤੇ ਤੇ ਦਿੱਲੀ ਵਿਚ ਗਾਈ। ਆਪ ਵੀ ਰੋਇਆ ਤੇ ਆਪਣੇ ਵਰਗੇ ਅਨੇਕ ਸਰੋਤਿਆਂ ਨੂੰ ਵੀ ਰੁਆਇਆ।...ਜਿਥੇ ਜਿਥੇ ਵੀ ਇਹ ਕਵਿਤਾ ਗਾਈ, ਭਰਪੂਰ ਹੁੰਗਾਰਾ ਮਿਲਿਆ। ਸਰੋਤਿਆਂ ਦੀਆਂ ਅੱਖਾਂ ਸੇਜਲ ਹੁੰਦੀਆਂ। ਇਹ ਕਵਿਤਾ ਅਮਰ ਹੈ!"



**ਗੁਰਬਚਨ ਸਿੰਘ ਭੁੱਲਰ**
ਫੋਨ: 01191-1165736868
bhullargs@gmail.com

ਅੰਮ੍ਰਿਤਾ ਨੇ ਹੋਰ ਵੀ ਕਈ ਉਤਮ ਕਵਿਤਾਵਾਂ ਲਿਖੀਆਂ ਪਰ ਕੋਈ ਅਜਿਹੀ ਪ੍ਰਸਿੱਧੀ ਤੇ ਹਰਮਨਪਿਆਰਤਾ ਨੂੰ ਨਹੀਂ ਪਹੁੰਚ ਸਕੀ। ਇਸ ਦਾ ਕਾਰਨ ਇਸ ਕਵਿਤਾ ਵਿਚ ਖਾਸ ਕਰਕੇ ਪ੍ਰੋ. ਮਾਨ ਦਾ ਤੇ ਨਾਲ ਹੀ ਉਨ੍ਹਾਂ ਦੇ ਕਈ ਸਾਥੀਆਂ ਦਾ ਗਾਇਕ-ਰਸ ਘੁਲਣਾ ਅਤੇ ਉਨ੍ਹਾਂ ਦੀ ਜ਼ੁਬਾਨ ਉਤੇ ਚੜ੍ਹ ਕੇ ਇਹਦਾ ਅਣਗਿਣਤ ਲੋਕਾਂ ਤੱਕ ਪੁੱਜਣਾ ਸੀ। ਇਉਂ ਇਹ ਕਵਿਤਾ ਉਨ੍ਹਾਂ ਲੋਕਾਂ ਤੱਕ ਵੀ ਸਿਰਫ ਪੁੱਜੀ ਹੀ ਨਹੀਂ ਸਗੋਂ ਉਨ੍ਹਾਂ ਦੀ ਜ਼ੁਬਾਨ ਉਤੇ ਵੀ ਚੜ੍ਹ ਗਈ ਜਿਨ੍ਹਾਂ ਦਾ ਸਾਹਿਤ ਨਾਲ ਕੋਈ ਵਾਹ ਨਹੀਂ ਸੀ ਜਾਂ ਜੋ ਅੱਖਰ ਉਠਾਲਣ ਵੀ ਨਹੀਂ ਸਨ ਜਾਣਦੇ।

ਇਕ ਦਿਲਚਸਪ ਤੱਥ ਇਹ ਹੈ ਕਿ ਰਸੀਏ ਪਾਠਕ ਹੋਣ ਦੇ ਨਾਲ ਨਾਲ ਪ੍ਰੋ. ਮਾਨ ਵਿਚ ਆਪ ਕਵਿਤਾ ਲਿਖਣ ਦੀ ਚੰਗੀ ਸਮਰੱਥਾ ਸੀ। ਪਰ ਦੂਜਿਆਂ ਦੀਆਂ ਵਧੀਆ ਰਚਨਾਵਾਂ ਹੀ ਉਨ੍ਹਾਂ ਨੂੰ ਏਨਾ ਸੰਤੁਸ਼ਟ ਕਰ ਦਿੰਦੀਆਂ ਸਨ ਕਿ ਉਹ ਆਪ ਲਿਖਣ ਵਿਚ ਘੌਲ ਕਰ ਜਾਂਦੇ ਰਹੇ। ਉਨ੍ਹਾਂ ਦਾ ਕਹਿਣਾ ਸੀ, "ਮੈਂ ਕਦੇ ਵੀ ਲਿਖਾਰੀ ਬਣਨ ਦਾ ਉਪਰਾਲਾ ਨਹੀਂ ਕੀਤਾ ਸੀ।...ਮੇਰਾ ਮੁੱਢ ਤੋਂ ਇਹੀ ਵਿਚਾਰ ਰਿਹਾ ਕਿ ਲਿਖਾਰੀ ਤਾਂ ਬਹੁਤ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਨੂੰ ਪੜ੍ਹ ਕੇ ਵਿਚਾਰਨ ਤੇ ਨਿਰੀਖਣ ਕਰ ਕੇ ਪ੍ਰਚਾਰਨ ਦੀ ਲੋੜ ਹੈ। ਸੋ, ਮੈਂ ਚੰਗੇ ਲੇਖਕਾਂ ਦਾ ਸਾਹਿਤ ਪੜ੍ਹ ਕੇ ਵਿਚਾਰਦਾ ਤੇ ਪ੍ਰਚਾਰਦਾ ਰਿਹਾ।...ਕਦੇ-ਕਦਾਈਂ ਆਪਣੀਆਂ ਨਿੱਜੀ ਡਾਇਰੀਆਂ ਵਿਚ ਕੋਈ ਨਾ ਕੋਈ ਕਵਿਤਾ ਵੀ ਲਿਖ ਲੈਂਦਾ ਸੀ।"

ਜੀਵਨ ਦੇ ਆਖ਼ਰੀ ਦੌਰ ਵਿਚ ਜਦੋਂ ਬੀਮਾਰੀ ਕਾਰਨ ਨਿਰਬਲਤਾ ਵਧਣ ਲੱਗੀ ਤਾਂ ਉਨ੍ਹਾਂ ਦੇ ਮਨ ਵਿਚ ਇਹ ਚਾਹ ਪੈਦਾ ਹੋਈ ਕਿ 'ਇਕ ਨਿੱਕੀ ਜਿਹੀ ਯਾਦ ਆਪਣੇ ਸਨੇਹੀਆਂ ਦੇ ਹੱਥੀਂ ਫੜਾ ਜਾਵਾਂ।' ਇਉਂ ਉਨ੍ਹਾਂ ਦਾ ਇਕੋ-ਇਕ ਕਾਵਿ-ਸੰਗ੍ਰਿਹ 'ਮੁਹਾਂਦਰਾ' ਪ੍ਰਕਾਸ਼ਿਤ ਹੋਇਆ। ਇਸ ਵਿਚ ਸ਼ਾਮਲ ਕੁਲ ਬਾਈ ਕਵਿਤਾਵਾਂ ਉਨ੍ਹਾਂ ਦੇ ਅੱਧੀ ਸਦੀ ਤੋਂ ਵੱਧ ਸਮੇਂ ਦੀ ਸਾਹਿਤਕ ਕਮਾਈ ਹਨ। ਇਕ ਵਾਰ ਸਾਡੇ ਸਾਂਝੇ ਮਿੱਤਰ ਗੁਰਚਰਨ ਰਾਮਪੁਰੀ ਨੇ ਕਿਹਾ ਸੀ, "ਪ੍ਰੋ. ਮਾਨ ਸਾਹਿਤ ਪੜ੍ਹ ਕੇ, ਮਾਣ ਕੇ ਤੇ ਹੋਰਾਂ ਨੂੰ ਪੜ੍ਹਾ ਕੇ ਹੀ ਸੰਤੁਸ਼ਟ ਹੋ ਜਾਂਦੇ ਸਨ। ਉਨ੍ਹਾਂ ਵਿਚ ਲਿਖਣ ਦੀ ਚੰਗੀ ਸਮਰੱਥਾ ਸੀ ਪਰ ਉਨ੍ਹਾਂ ਨੇ ਕੁਝ ਕਵਿਤਾਵਾਂ ਹੀ ਲਿਖੀਆਂ।" ਇਹ ਆਪ ਨੂੰ ਚੰਗੀ ਲੱਗੀ ਰਚਨਾ ਵੱਧ ਤੋਂ ਵੱਧ ਲੋਕਾਂ ਨੂੰ ਪੜ੍ਹਾਉਣ ਦੇ ਆਸ਼ੇ ਨਾਲ ਹੀ ਸੀ ਕਿ ਉਨ੍ਹਾਂ ਨੇ ਆਪਣੇ ਵਿਚਾਰਾਂ ਦੀ ਤਰਜਮਾਨੀ ਕਰਦੀ ਹੋਈ ਪੁਸਤਕ, ਖ਼ਲੀਲ ਜਬਰਾਨ ਦੀ ਅਮਰ ਕਿਰਤ 'ਦਿ ਪਰੌਫ਼ਿਟ' ਨੂੰ ਪੰਜਾਬੀ ਵਿਚ 'ਮੇਰੀ ਸੁਣੋ' ਦੇ ਨਾਂ ਹੇਠ ਅਨੁਵਾਦ ਕੀਤਾ।

ਉਹ ਲਿਖਦੇ ਹਨ, "ਮੈਂ ਆਪਣੇ ਵਿਦਿਆਰਥੀਆਂ ਦੀ ਸੋਚ ਨੂੰ ਉਸਾਰੂ ਸੇਧ ਵੱਲ ਟੁੰਬਦਾ ਰਿਹਾ।... ਆਪਣੇ ਵਿਦਿਆਰਥੀਆਂ ਨੂੰ ਚੰਗੇ ਲਿਖਾਰੀ, ਕਵੀ ਤੇ ਕਲਾਕਾਰ ਬਣਨ ਲਈ ਪ੍ਰੇਰਨਾ ਦਿੱਤੀ ਹੈ। ਮੈਨੂੰ ਮਾਣ ਹੈ ਆਪਣੇ ਅਨੇਕ ਕਲਾਕਾਰ, ਲਿਖਾਰੀ ਤੇ ਕਵੀ ਵਿਦਿਆਰਥੀਆਂ 'ਤੇ ਜੋ ਪੰਜਾਬ ਦਾ ਮਾਣ ਬਣ ਗਏ ਹਨ।" ਉਨ੍ਹਾਂ ਦਾ ਇਹ ਮਾਣ ਕਰਨਾ ਬਿਲਕੁਲ ਵਾਜਬ ਸੀ ਕਿਉਂਕਿ ਸ਼ਿਵ ਕੁਮਾਰ ਬਟਾਲਵੀ, ਗੁਰਦਾਸ ਮਾਨ, ਕਲਾਸੀਕਲ ਗਾਇਕਾ ਸਵਿਤਾ ਸਾਥੀ, ਅਨੂਪ ਵਿਰਕ ਅਤੇ ਹੋਰ ਕਈਆਂ ਦੀ ਸ਼ਖਸੀਅਤ ਨੂੰ ਰੂਪ ਦੇਣ ਵਿਚ ਉਨ੍ਹਾਂ ਦਾ ਮਹੱਤਵਪੂਰਨ ਹਿੱਸਾ ਰਿਹਾ।

ਪ੍ਰੋ. ਮਾਨ ਨੇ ਕੈਨੇਡਾ ਤੋਂ ਬੀਬੀ ਰਾਜਵੰਤ ਹੱਥ ਆਪਣੀ ਕਾਵਿ-ਪੁਸਤਕ 'ਮੁਹਾਂਦਰਾ' ਅਤੇ ਅਨੁਵਾਦਿਤ ਪੁਸਤਕ 'ਮੇਰੀ ਸੁਣੋ' ਭੇਜੀਆਂ ਤਾਂ ਮੈਨੂੰ ਉਚੇਚੀ ਖ਼ੁਸ਼ੀ ਹੋਈ। ਇਹ ਮੇਰੇ ਵਾਸਤੇ ਸਿਰਫ ਪੁਸਤਕਾਂ ਹੀ ਨਹੀਂ ਸਨ ਸਗੋਂ ਅਨਮੋਲ ਸੌਗਾਤ ਸਨ। ਇਨ੍ਹਾਂ ਨੂੰ ਪੜ੍ਹਦਿਆਂ ਇਉਂ ਮਹਿਸੂਸ ਹੁੰਦਾ ਰਿਹਾ ਜਿਵੇਂ ਪ੍ਰੋ. ਮਾਨ ਆਪ ਮੇਰੇ ਨਾਲ ਗੱਲਾਂ ਕਰ ਰਹੇ ਹੋਣ। ਆਕਾਰ ਵਿਚ ਛੋਟੀ ਹੋਣ ਦੇ ਬਾਵਜੂਦ 'ਮੁਹਾਂਦਰਾ' ਮਹੱਤਵਪੂਰਨ ਵੀ ਹੈ ਅਤੇ ਦਿਲਚਸਪ ਵੀ। ਪਾਠਕ ਉਤੇ ਪੈਂਦਾ ਸਮੁੱਚਾ ਪ੍ਰਭਾਵ ਲੇਖਕ ਦਾ ਸੁਹਿਰਦ, ਸਨਿਮਰ ਅਤੇ



***ਪੰਜਾਬੀ ਭਵਨ ਲੁਧਿਆਣਾ ਵਿਖੇ ਕੈਫ਼ੀ ਆਜ਼ਮੀ ਤੋਂ ਸਨਮਾਨ ਲੈਂਦਿਆਂ***

ਦਰਦਮੰਦ ਮਨੁੱਖ ਹੋਣਾ ਹੈ। ਉਨ੍ਹਾਂ ਦੀ ਸ਼ਖਸੀਅਤ ਨੂੰ ਮੋਹਵੰਤੇ ਰੰਗ ਵਿਚ ਸ਼ਾਇਦ ਬਚਪਨ ਵਿਚ ਰਹੀ ਮੋਹ ਦੀ ਘਾਟ ਨੇ ਰੰਗਿਆ। ਮਾਂ ਛੇ ਸਾਲ ਦੇ ਬੱਚੇ ਨੂੰ ਛੱਡ ਗਈ ਅਤੇ ਕੁਛ ਹੀ ਸਾਲਾਂ ਮਗਰੋਂ ਪਿਤਾ ਵੀ ਗੁਜ਼ਰ ਗਏ। ਇਹ ਸਤਰਾਂ ਸ਼ਾਇਦ ਉਨ੍ਹਾਂ ਦੀ ਇਸੇ ਪੀੜ ਦੀ ਦੇਣ ਹਨ ਜਿਸ ਸਦਕਾ ਉਹ ਮਨੁੱਖੀ ਜੀਵਨ ਅਤੇ ਪੀੜ ਦੇ ਜਮਾਂਦਰੂ ਨਾਤੇ ਨੂੰ ਭਲੀਭਾਂਤ ਜਾਣ ਗਏ,

ਜਨਮ ਤੋਂ ਪਹਿਲਾਂ ਹੀ ਜਨਮੀ ਪੀੜ ਹੈ,
ਅਾਂਦਰੋਂ ਆਂਦਰ ਜੋ ਹੁੰਦੀ ਵੱਖ ਹੈ!

ਇਸ ਮੋਹ ਮੰਗਦੀ ਹਾਲਤ ਨੇ ਲੋਕਾਂ ਲਈ ਅਤੇ ਸਾਹਿਤ ਤੇ ਸਭਿਆਚਾਰ ਲਈ ਮੋਹ ਨਾਲ ਉਨ੍ਹਾਂ ਦਾ ਦਿਲ ਲਬਰੇਜ਼ ਕਰ ਦਿੱਤਾ। ਬਹੁਤ ਛੋਟੀ ਉਮਰ ਵਿਚ ਹੀ ਉਹ ਗੁਰਬਖਸ਼ ਸਿੰਘ ਤੋਂ ਬਹੁਤ ਪ੍ਰਭਾਵਿਤ ਹੋਏ ਜੋ ਜੀਵਨ ਵਿਚ ਇਨ੍ਹਾਂ ਵਾਸਤੇ ਵੱਡੀ ਪ੍ਰੇਰਨਾ ਬਣੇ ਰਹੇ। ਉਨ੍ਹਾਂ ਨੂੰ ਉਹ ਆਪਣਾ "ਰਾਹਨੁਮਾ, ਗੁਰੂ ਤੇ ਪਿਤਾ" ਆਖਦੇ ਸਨ। ਮਗਰੋਂ ਉਨ੍ਹਾਂ ਨੇ ਅਨੁਵਾਦਿਤ ਪੁਸਤਕ 'ਮੇਰੀ ਸੁਣੋ' ਦਾ ਸਮਰਪਨ ਇਨ੍ਹਾਂ ਸ਼ਬਦਾਂ ਵਿਚ ਕੀਤਾ, "ਇਹ ਕਿਤਾਬ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਸਮਰਪਿਤ ਹੈ ਜਿਨ੍ਹਾਂ ਦੇ ਵਿਚਾਰਾਂ ਨੇ ਮੇਰੀ ਜੀਵਨ-ਚੰਗਿਆੜੀ ਭਖਦੀ ਰੱਖੀ ਹੈ।" ਦਸਵੀਂ ਜਮਾਤ ਵਿਚ ਪੜ੍ਹਦੇ ਹੀ ਉਹ 'ਪ੍ਰੀਤਲੜੀ' ਦੇ ਜੀਵਨ-ਮੈਂਬਰ ਬਣ ਗਏ ਸਨ ਅਤੇ ਪ੍ਰੀਤਨਗਰ ਦਾ ਅਨੋਖਾ ਮਾਹੌਲ ਦੇਖਣ ਲਈ ਆਪਣੇ ਮਿੱਤਰ ਹਰਸ਼ਰਨ ਨਾਲ ਅਕਸਰ ਹੀ ਖਾਲਸਾ ਕਾਲਜ ਲਾਇਲਪੁਰ ਤੋਂ ਪ੍ਰੀਤਨਗਰ ਪੁੱਜ ਜਾਂਦੇ ਸਨ। ਇਉਂ ਨਵਤੇਜ ਨਾਲ ਉਨ੍ਹਾਂ ਦੀ ਗੂੜ੍ਹੀ ਦੋਸਤੀ ਹੋ ਗਈ ਜੋ ਉਮਰ ਭਰ ਦੀ ਪਰਿਵਾਰਕ ਸਾਂਝ 'ਚ ਵਟ ਗਈ। ਉਹ ਪ੍ਰੀਤ ਮਿਲਣੀਆਂ 'ਚ ਸ਼ਾਮਲ ਹੁੰਦੇ ਤੇ ਗੀਤ ਗਾਉਂਦੇ।

ਉਨ੍ਹਾਂ ਦੇ ਵਿਚਾਰਾਂ ਦੀਆਂ ਜੜ੍ਹਾਂ ਭਾਰਤੀ ਵਿਰਸੇ ਵਿਚ ਡੂੰਘੀਆਂ ਲੱਗੀਆਂ ਹੋਈਆਂ ਸਨ। ਉਹ ਲਿਖਦੇ ਹਨ, "ਬੁੱਧ ਨੇ ਮੇਰੀ ਬੁੱਧੀ ਟੁੰਬੀ, ਨਾਨਕ ਰਾਹ ਵਿਖਾਇਆ, ਗੋਬਿੰਦ ਦਾ ਮੈਂ ਹਰਦਮ ਸਮਝਾਂ, ਆਪਣੇ ਸਿਰ 'ਤੇ ਸਾਇਆ!" ਉਤੋਂ ਗੁਰਬਖਸ਼ ਸਿੰਘ ਦਾ ਪ੍ਰਭਾਵ! ਇਉਂ ਉਨ੍ਹਾਂ ਦਾ ਇਹ ਕਹਿਣਾ ਬਿਲਕੁਲ ਸੁਭਾਵਿਕ ਹੈ, "ਮਾਇਆ ਤੋਂ ਮਨੁੱਖਤਾ ਨੂੰ, ਮੈਂ ਸਮਝਿਆ ਸਦਾ ਉਚੇਰਾ" ਅਤੇ "ਮਨੁੱਖਤਾ ਸਦਾ ਰਣ ਜਿਤਦੀ ਰਹੀ ਅਤੇ ਸੱਚ ਦਾ ਬਾਲਾ ਬੋਲ ਰਿਹਾ!"

ਇਕ ਵਰਣਨਯੋਗ ਗੱਲ ਇਹ ਹੈ ਕਿ ਸਾਰੀਆਂ ਕਵਿਤਾਵਾਂ ਹੀ ਬਿਲਕੁਲ ਵੱਖ ਵੱਖ ਵਿਸ਼ਿਆਂ ਨੂੰ ਲੈ ਕੇ ਲਿਖੀਆਂ ਗਈਆਂ ਹਨ। ਦੇਸ਼-ਵੰਡ ਦਾ ਦਰਦ, ਸਾਂਝੀਵਾਲਤਾ ਦਾ ਹੋਕਾ, ਮਨੁੱਖੀ ਕਦਰਾਂ-ਕੀਮਤਾਂ ਦੀ ਹਮਾਇਤ ਇਨ੍ਹਾਂ ਕਵਿਤਾਵਾਂ ਦਾ ਧੁਰਾ ਹੈ। ਉਨ੍ਹਾਂ ਦਾ ਯਕੀਨ ਹੈ, "ਅੰਤ ਨੂੰ ਜਿੱਤ ਇਨਸਾਨ ਦੀ ਹੋਊ, ਤੇ ਸ਼ੈਤਾਨ ਅੰਤ ਨੂੰ ਰੋਊ!" ਉਹ ਮਨੁੱਖ ਨੂੰ ਹੀ ਆਪਣੇ ਨਸੀਬਾਂ ਦਾ ਘਾੜਾ ਅਤੇ ਸ੍ਰਿਸ਼ਟੀ ਦਾ ਅਸਲ ਕਰਤਾਰ ਮੰਨਦੇ ਸਨ, "ਇਹ ਮਨੁੱਖ ਤਾਂ ਹੋਣੀਆਂ ਦਾ ਕਰਤਾ ਕਾਦਰ ਆਪ ਹੈ, ਫੇਰ ਇਸ ਨੂੰ ਲੋੜ ਕੀ ਅਰਸ਼ੀ ਕਿਸੇ ਕਰਤਾਰ ਦੀ?"

ਲੈਟਰਬਕਸ ਅਤੇ ਪ੍ਰੈਸ਼ਰ ਕੁਕਰ ਬਾਰੇ ਲਿਖਣ ਵਾਲੇ ਤਾਂ ਸ਼ਾਇਦ ਉਹ ਪੰਜਾਬੀ ਵਿਚ ਇਕੋ-ਇਕ ਕਵੀ ਹਨ। ਕਵਿਤਾ 'ਲੈਟਰਬਕਸ' ਵਿਚ ਉਹ ਉਹਦੀ ਵਡਿਆਈ ਕਰਦੇ ਹਨ, "ਰਾਜ਼ ਤੂੰ ਦੁਨੀਆਂ ਦੇ ਸਾਂਭੇ ਦੋਸਤਾ, ਸਾਂਭ ਕੇ ਲੱਖਾਂ ਦਿਲਾਂ ਦੀ ਦਾਸਤਾਨ, ਆਪਣੇ ਪੈਰਾਂ 'ਤੇ ਖੜ੍ਹਾ ਰਹਿਨੈਂ ਅਡੋਲ!"

'ਜ਼ਿੰਦਗੀ' ਨਾਂ ਦੀ ਕਵਿਤਾ ਵਿਚ ਉਹ ਜ਼ਿੰਦਗੀ ਨੂੰ ਪ੍ਰੈਸ਼ਰ ਕੁਕਰ ਨਾਲ ਮੇਲਦੇ ਹਨ, "ਮੇਰੀ ਜ਼ਿੰਦਗੀ ਇਕ ਪ੍ਰੈਸ਼ਰ ਕੁਕਰ ਹੈ, ਜੇ ਬੋਲਾਂ ਤਾਂ ਮਾੜਾ, ਨਾ ਬੋਲਾਂ ਤਾਂ ਚੰਗਾ, ਬੜੀ ਭਾਫ਼ ਅੰਦਰ ਇਕੱਠੀ ਹੈ ਹੋਈ!" ਉਹ ਆਪਣੀ ਰਚਨਾ ਵਿਚ ਵਿਅੰਗ ਦਾ ਰੰਗ ਵੀ ਪੇਸ਼ ਕਰਦੇ ਹਨ। ਦੇਖੋ, ਪੰਜਾਬੀਆਂ ਦੀ, ਖਾਸ ਕਰਕੇ ਭਾਸ਼ਾ ਦੇ ਰਖਵਾਲੇ ਹੋਣ ਦਾ ਦਾਅਵਾ ਕਰਨ ਵਾਲੇ ਪੰਜਾਬੀਆਂ ਦੀ ਕਥਨੀ ਤੇ ਕਰਨੀ ਦੇ ਫ਼ਰਕ ਨੂੰ ਕਿੰਨੇ ਤਿੱਖੇ ਰੂਪ ਵਿਚ ਉਜਾਗਰ ਕੀਤਾ ਹੈ, "ਗੁਰ ਘਰ ਵਿਚ ਸੰਗਤ ਬਣ ਬਹਿੰਦੇ, ਬਾਣੀ ਸੁਣਦੇ ਰਸ ਨੇ ਲੈਂਦੇ, ਐਪਰ ਮਾਂ-ਬੋਲੀ ਦੀ ਸੇਵਾ, ਵਿਚ ਅੰਗਰੇਜ਼ੀ ਕਰਦੇ ਲੋਕ!"

ਕਈ ਕਵਿਤਾਵਾਂ ਪਰਿਵਾਰਕ ਹਨ। 'ਇਹ ਦਿਨ' ਬੇਟੇ ਰਵੀ ਦੇ ਵਿਆਹ ਦੇ ਦਿਨ ਸਬੰਧੀ ਹੈ ਅਤੇ 'ਅਸੀਸ' ਬੇਟੇ ਸਨੀ ਦੇ 34ਵੇਂ ਜਨਮ-ਦਿਨ ਨੂੰ ਲਿਖੀ ਗਈ ਸੀ। 'ਪ੍ਰੀਤ ਨੂੰ' ਨਾਂ ਦੀ ਕਵਿਤਾ ਤਾਂ, ਜਿਵੇਂ ਨਾਂ ਤੋਂ ਜ਼ਾਹਿਰ ਹੈ, ਪਤਨੀ ਨੂੰ ਸੰਬੋਧਿਤ ਹੈ ਹੀ, ਕੁਛ ਹੋਰ ਗੀਤ-ਕਵਿਤਾਵਾਂ ਦੀ ਰਚਨਾ ਵੀ ਉਹਨੂੰ ਧਿਆ ਕੇ ਹੀ ਕੀਤੀ ਗਈ ਹੈ। ਇਸ ਕਵਿਤਾ ਦੇ ਸ਼ੁਰੂ ਵਿਚ ਉਹ ਆਖਦੇ ਹਨ, "ਤੇਰੀ ਧੜਕਦੀ ਤੇ ਮਹਿਕਦੀ ਹੋਈ ਪਿਆਰੀ ਪਿਆਰੀ ਸਾਂਝ, ਤੱਕ ਜ਼ਿੰਦਗੀ 'ਚ ਆਈ ਜਾਪੇ ਜਜ਼ਬਿਆਂ ਦੀ ਕਾਂਗ, ਮੇਰੀ ਯਾਦ ਵਿਚੋਂ ਉਡਦੀ ਜਾਏ ਬੀਤਿਆਂ ਦੀ ਪੀੜ!" 'ਜੇਕਰ ਮੈਂ ਇਨਸਾਨ ਨਾ ਹੁੰਦਾ' ਕਵਿਤਾ ਵੀ ਪਰਿਵਾਰ ਨਾਲ ਸਬੰਧਤ ਹੈ। ਕਵਿਤਾ ਦੇ ਅੰਤ ਵਿਚ ਉਹ ਆਪਣੇ ਲਈ ਪਰਿਵਾਰ ਦਾ ਮਹੱਤਵ ਦਸਦੇ ਹਨ ਅਤੇ ਕਹਿੰਦੇ ਹਨ ਕਿ ਪਰਿਵਾਰ ਤੋਂ ਬਿਨਾਂ ਉਨ੍ਹਾਂ ਨੇ ਕੁਛ ਵੀ ਨਹੀਂ ਸੀ ਹੋਣਾ, "ਧੁਰ ਅੰਦਰੋਂ ਆਵਾਜ਼ ਇਹ ਆਈ, ਮੇਰੀ ਗੱਲ ਸੁਣ ਮੇਰੇ ਭਾਈ, ਭਾਵੇਂ ਕਿੰਨਾ ਧਨੀ ਤੂੰ ਹੁੰਦਾ, ਪਰ ਤੂੰ ਐਨ ਐਸ ਮਾਨ ਨਾ ਹੁੰਦਾ!"



***ਮਾਨ ਅਤੇ ਜੀਵਨ-ਸਾਥਣ ਰਾਜਵੰਤ ਕੌਰ ਮਾਨ ਪ੍ਰੀਤ***

ਇਕ ਗੱਲ ਹੋਰ ਦੇਖਣ ਵਾਲੀ ਹੈ। ਪੁਸਤਕ ਵਿਚ ਤਿੰਨ ਉਰਦੂ ਗ਼ਜ਼ਲਾਂ ਵੀ ਸ਼ਾਮਲ ਹਨ। ਜ਼ਰਾ ਉਨ੍ਹਾਂ ਦਾ ਰੰਗ ਦੇਖੋ,

ਛੇੜ ਫਿਰ ਹਮਦਮ ਜ਼ਰਾ
ਉਸ ਇਸ਼ਵਾਗਰ ਕੀ ਦਾਸਤਾਂ,
ਜਿਸ ਨੇ ਹਰ ਲਮਹਾ ਤਖ਼ਈਯਲ ਕਾ
ਮੁਅੱਤਰ ਕਰ ਦੀਯਾ।...
ਮੈਂ ਨਹੀਂ ਜੋ ਛੋਡ ਦੇ ਘਬਰਾ ਕੇ
ਮੰਜ਼ਿਲ ਕਾ ਖ਼ਿਆਲ,
ਦੂਰੀ-ਏ-ਮੰਜ਼ਿਲ ਨੇ ਫਿਰ ਸੇ
ਸ਼ੌਕ ਬਰਪਾ ਕਰ ਦੀਯਾ।...
ਇਸ ਜ਼ਿੰਦਗੀ ਮੇਂ ਮਿਲਨੇ ਕੀ
ਉਮੀਦ ਥੀ ਹਮੇਂ,
ਵੁਹ ਭੀ ਜੋ ਟੂਟ ਜਾਏ
ਦਿਲ ਕੈਸੇ ਮਨਾਏਂ ਹਮ!
ਜਬ ਇਸ ਜਨਮ ਮੇਂ
ਹਮ ਕੋ ਜ਼ਿੰਦਗੀ ਨਾ ਮਿਲ ਸਕੀ,
ਤੋ ਇਸ ਕੇ ਬਾਅਦ
ਆਸ ਕਾਹੇ ਕੋ ਲਗਾਏਂ ਹਮ!

ਪੰਜਾਬੀ ਸਾਹਿਤ ਨੂੰ ਉਨ੍ਹਾਂ ਦੀ ਇਕ ਵੱਡੀ ਦੇਣ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਨੂੰ ਕਾਇਮ ਅਤੇ ਪੱਕੇ ਪੈਰੀਂ ਕਰਨ ਵਿਚ ਉਨ੍ਹਾਂ ਦੇ ਯਤਨ ਸਨ। ਪ੍ਰੋ. ਪਰਮਿੰਦਰ ਸਿੰਘ ਨੂੰ ਨਾਲ ਲੈ ਕੇ ਉਨ੍ਹਾਂ ਨੇ ਅਕਾਦਮੀ ਲਈ ਫੰਡ ਇਕੱਠਾ ਕਰਨ ਦੇ ਅਣਥੱਕ ਯਤਨ ਕੀਤੇ। ਲੰਮਾ ਸਮਾਂ ਉਹ ਅਕਾਦਮੀ ਦੀ ਕਾਰਜਕਾਰਨੀ ਦੇ ਮੈਂਬਰ ਰਹੇ।

ਅਕਾਦਮੀ ਵਲੋਂ ਲੰਮੇ ਸਮੇਂ ਤੱਕ ਹਰ ਸਾਲ ਦਿੱਤੇ ਜਾਂਦੇ ਰਹੇ ਧਾਲੀਵਾਲ ਪੁਰਸਕਾਰ ਸ਼ੁਰੂ ਕਰਵਾਉਣ ਵਿਚ ਵੀ ਪ੍ਰੋ. ਮਾਨ ਦੀ ਵੱਡੀ ਭੂਮਿਕਾ ਰਹੀ। ਇਹ ਉਨ੍ਹਾਂ ਦੀ ਪ੍ਰੇਰਨਾ ਸਦਕਾ ਹੀ ਸੀ ਕਿ ਮਿਲਵਾਕੀ, ਵਿਸਕਾਨਸਿਨ ਰਹਿੰਦੇ ਉਨ੍ਹਾਂ ਦੇ ਵਿਦਿਆਰਥੀ ਬਿਜਨਸਮੈਨ ਦਰਸ਼ਨ ਸਿੰਘ ਧਾਲੀਵਾਲ ਅਤੇ ਸੁਰਜੀਤ ਸਿੰਘ ਧਾਲੀਵਾਲ ਨੇ ਆਪਣੇ ਪਿਤਾ ਦੇ ਸਤਿਕਾਰ ਵਿਚ ਪੰਜ 'ਕਰਤਾਰ ਸਿੰਘ ਧਾਲੀਵਾਲ ਪੁਰਸਕਾਰ' ਸਥਾਪਤ ਕੀਤੇ।

**(ਚਲਦਾ)**

# ਅੰਤ ਵਲੋਂ ਬੇਪਰਵਾਹ

***(ਪਿਛਲੇ ਸਫੇ ਦੀ ਬਾਕੀ)***

ਝਟਪਟ ਚਿੱਠੀ ਲਿਖ ਦੇਵੀਂ... ਮੈਂ ਸਭ ਕੁਝ ਛੱਡ-ਛਡਾਅ ਕੇ ਆ ਜਾਵਾਂਗਾ। ਮੇਰੇ ਚੰਗੇ ਆਦਲ, ਤੂੰ ਛੇਤੀ ਤੋਂ ਛੇਤੀ ਆਉਣ ਦਾ ਯਤਨ ਕਰ...।"

ਅੱਜ ਆਦਲ ਦੀ ਚਿੱਠੀ ਆਈ, ਤਾਂ ਮੇਰਾ ਦਿਲ ਬਿੱਲੀਆਂ ਵਾਂਗ ਨੱਚਣ ਲੱਗਿਆ। ਛੇਤੀ-ਛੇਤੀ ਲਫਾਫਾ ਪਾੜਿਆ ਅਤੇ ਪੜ੍ਹਨ ਲੱਗੀ, "ਨਿਕਹਤ, ਖ਼ੁਦਾ ਕਰੇ, ਤੂੰ ਸਦਾ ਖ਼ੁਸ਼ ਰਹੇਂ। ਇਸ ਵਾਰ ਦੇਸ਼ ਤੋਂ ਦੂਰ ਬਿਗਾਨੇ ਦੇਸ਼ ਵਿਚ ਆਉਣ ਨੂੰ ਕਤਈ ਦਿਲ ਨਹੀਂ ਚਾਹ ਰਿਹਾ ਸੀ। ਮੈਨੂੰ ਲੋੜ ਸੀ ਤੇਰੀ, ਤੇ ਤੇਰੇ ਭਰਪੂਰ ਪਿਆਰ ਦੀ। ਮੈਂ ਤੈਨੂੰ ਕਿੰਨਾ ਕਿਹਾ! ਮੈਂ ਥੱਕ ਚੁੱਕਿਆ ਹਾਂ, ਪਰ ਤੂੰ ਮੇਰੀ ਇੱਛਾ ਅਤੇ ਮੇਰੀ ਥਕਾਣ ਨੂੰ ਗੌਲਿਆ ਹੀ ਨਹੀਂ। ਆਪਣੀਆਂ ਖ਼ੁਸ਼ੀਆਂ ਅਤੇ ਆਪਣੀਆਂ ਹੀ ਇੱਛਾਵਾਂ ਦੇ ਚੱਕਰ ਵਿਚ ਘੁੰਮਦੀ ਰਹੀ। ਉਦੋਂ ਮੈਨੂੰ ਲੱਗਿਆ ਕਿ ਤੈਨੂੰ ਮੇਰੀ ਲੋੜ ਨਹੀਂ, ਪਰ ਮੇਰੇ ਰਾਹੀਂ ਤੂੰ ਆਪਣੀ ਹੱਦੋਂ ਬਾਹਰੀ ਧਨ ਦੀ ਹਵਸ ਨੂੰ ਪੂਰਾ ਕਰਨਾ ਚਾਹੁੰਨੀ ਏਂ। ਮੈਂ ਲੋੜ ਨਾਲੋਂ ਵੱਧ ਧਨ ਤੇਰੇ ਪੈਰਾਂ ਵਿਚ ਢੇਰੀ ਕਰ ਦਿੱਤਾ, ਪਰ ਤੇਰੀਆਂ ਇੱਛਾਵਾਂ ਪੂਰੀਆਂ ਨਾ ਹੋਈਆਂ। ਤੂੰ ਹੋਰ-ਹੋਰ ਇੱਛਾ ਵਿਚ ਖੋਈ ਰਹੀ ਅਤੇ ਵਾਰ-ਵਾਰ ਮੈਨੂੰ ਦੇਸ਼ ਤੋਂ ਦੂਰ ਭੇਜਦੀ ਰਹੀ, ਜਦੋਂ ਕਿ ਮੇਰੀ ਰੁਚੀ ਕੋਈ ਨਹੀਂ ਸੀ। ਮੈਂ ਥੋੜ੍ਹੇ ਨੂੰ ਬਹੁਤਾ ਮੰਨ ਕੇ ਖ਼ੁਸ਼ ਰਹਿਣ ਵਾਲਾ ਸ਼ਾਂਤੀਪਸੰਦ ਇਨਸਾਨ ਹਾਂ; ਭਾਵ ਮੈਂ ਇਨ੍ਹਾਂ ਗੱਲਾਂ 'ਤੇ ਬਹੁਤ ਡੂੰਘਾਈ ਨਾਲ ਸੋਚ ਵਿਚਾਰ ਕੇ ਫਿਰ ਇਹ ਫੈਸਲਾ ਕੀਤਾ ਹੈ ਕਿ ਤੇਰੇ ਨਾਲੋਂ ਵੱਖ ਹੋ ਜਾਵਾਂ...

... ਹਰ ਵਾਰ ਭਾਰਤ ਜਾਂਦਿਆਂ ਮੇਰੀ ਇਹ ਸੋਚ ਹੁੰਦੀ ਸੀ ਕਿ ਹੁਣ ਸਾਰੀ ਜ਼ਿੰਦਗੀ ਤੇਰੇ ਪੱਲੂ ਦੀਆਂ ਠੰਢੀਆਂ ਛਾਂਵਾਂ ਥੱਲੇ ਬਿਤਾਵਾਂਗਾ। ਹਰ ਵਾਰ ਤੇਰੀ ਇਕ ਵਾਰ ਫਿਰ ਜਾਣ ਦੀ ਜ਼ਿਦ ਮੇਰੀਆਂ ਇੱਛਾਵਾਂ ਦਾ ਖ਼ੂਨ ਕਰਦੀ ਰਹੀ। ਵਾਰ-ਵਾਰ ਦੀ ਆਵਾਜਾਈ ਤੋਂ ਛੁਟਕਾਰਾ ਪਾਉਣ ਲਈ ਮੈਂ ਇਥੇ ਇਕ ਇਸਤਰੀ ਨਾਲ ਵਿਆਹ ਕਰ ਲਿਆ ਹੈ ਜਿਹੜੀ ਵਿਆਹ ਤੋਂ ਇਕ ਸਾਲ ਪਿਛੋਂ ਵਿਧਵਾ ਹੋ ਗਈ ਸੀ। ਇਕ ਗੱਲ ਹੋਰ ਦੱਸਾਂ, ਕਿ ਤੇਰੀ ਚੈਕ-ਅੱਪ ਰਿਪੋਰਟ ਵਿਚ ਲਿਖਿਆ ਸੀ ਕਿ ਤੂੰ ਕਦੇ ਵੀ ਮਾਂ ਨਹੀਂ ਬਣ ਸਕਦੀ। ਅਰਸ਼ੀ (ਮੇਰੀ ਹੁਣ ਵਾਲੀ ਪਤਨੀ) ਨੇ ਮੈਨੂੰ ਚਾਂਦੀ ਵਰਗੀ ਪੁੱਤਰੀ ਦੇ ਦਿੱਤੀ ਹੈ। ਉਮੀਦ ਹੈ ਕਿ ਤੂੰ ਮੇਰੀਆਂ ਮਜਬੂਰੀਆਂ ਨੂੰ ਸਮਝ ਗਈ ਹੋਵੇਂਗੀ। ਮਿਹਰ ਦੀ ਰਕਮ ਤਲਾਕਨਾਮੇ ਦੇ ਨਾਲ ਨੱਥੀ ਹੈ... ਹਾਂ ਇਕ ਗੱਲ ਹੋਰ, ਜੇ ਹੁਣ ਵੀ ਤੈਨੂੰ ਹੋਰ ਪੈਸਿਆਂ ਦੀ ਲੋੜ ਹੋਵੇ, ਤਾਂ ਮੈਨੂੰ ਲਿਖੀਂ, ਮੈਂ ਪੁਰਾਣੇ ਸਾਥੀ ਦੇ ਨਾਤੇ ਭੇਜ ਦੇਵਾਂਗਾ।"

ਅੱਲ੍ਹਾ ਅਕਬਰ ਦੀ ਦਰਦ ਭਰਪੂਰ ਹੂਕ ਨੇ ਭੂਤ ਦੇ ਚਮਨ ਵਿਚੋਂ ਖਿੱਚ ਕੇ ਵਰਤਮਾਨ ਦੇ ਥਲਾਂ ਵਿਚ ਲਿਆ ਪਟਕਿਆ ਹੈ। ਸਭ ਕੁਝ ਖ਼ਤਮ ਹੋ ਚੁੱਕਿਆ ਸੀ। ਮੈਂ ਨਵੇਂ ਵਿਸ਼ਵਾਸ ਨਾਲ ਉਠੀ। ਵੁਜ਼ੂ ਕਰ ਕੇ ਨਮਾਜ਼ ਪੜ੍ਹੀ ਅਤੇ ਦੇਰ ਤੱਕ ਖ਼ੁਦਾ ਦੇ ਦਰਬਾਰ ਵਿਚ ਆਪਣੀਆਂ ਗਲਤੀਆਂ ਲਈ ਮੁਆਫ਼ੀ ਮੰਗਦੀ ਰਹੀ।

# ਨੋਰਾ ਬੇਬੇ ਦੇ ਬਹਾਨੇ



ਅੰਧਰੇਟਾ ਵਿਚ ਬੇਬੇ ਨੋਰਾ ਰਿਚਰਡ ਦਾ ਘਰ।

ਵਿਦਿਅਕ ਟੂਰ ਵਿਦਿਆਰਥੀ ਦੀ ਜ਼ਿੰਦਗੀ ਵਿਚ ਕਿਸ ਤਰ੍ਹਾਂ ਮਹੱਤਵਪੂਰਨ ਰੋਲ ਅਦਾ ਕਰਦੇ ਹਨ, ਇਸ ਦਾ ਅਹਿਸਾਸ ਨੰਗਲ, ਧਰਮਸ਼ਾਲਾ ਅਤੇ ਅੰਧਰੇਟਾ ਜਾ ਕੇ ਹੋਇਆ। ਨੰਗਲ ਦਾ ਨਾਂ ਆਉਂਦਿਆਂ ਹੀ ਸਭ ਤੋਂ ਪਹਿਲਾਂ ਭਾਖੜਾ ਡੈਮ ਚੇਤਿਆਂ ਵਿਚ ਉਭਰਦਾ ਹੈ ਪਰ ਜਦੋਂ ਅਸੀਂ ਨੰਗਲ ਪੁੱਜੇ ਤਾਂ ਇਤਿਹਾਸ ਦਾ ਇਕ ਹੋਰ, ਵਿਲੱਖਣ ਅਤੇ ਅਦਭੁੱਤ ਸਫਾ ਸਾਡੇ ਸਾਹਮਣੇ ਖੁੱਲ੍ਹਿਆ ਪਿਆ ਸੀ। ਅਸੀਂ ਪੰਜਾਬ ਦੇ ਕੋਨੇ-ਕੋਨੇ ਵਿਚ ਆਪਣੇ ਨਾਟਕ ਲੈ ਕੇ ਜਾਣ ਵਾਲੇ ਹਠੀ ਰੰਗਕਰਮੀ ਭਾਅ ਜੀ ਗੁਰਸ਼ਰਨ ਸਿੰਘ (ਮਰਹੂਮ) ਦੇ ਪੁਰਾਣੇ ਜੋਟੀਦਾਰ ਫੁਲਵੰਤ ਸਿੰਘ ਮਨੋਚਾ ਨੂੰ ਮਿਲ ਰਹੇ ਸਾਂ। ਰੰਗਕਰਮੀ ਫੁਲਵੰਤ ਸਿੰਘ ਮਨੋਚਾ ਸਾਡੇ ਸਾਹਮਣੇ ਇਤਿਹਾਸ ਦੇ ਉਹ ਸਫੇ ਫਰੋਲ ਰਹੇ ਸਨ ਜਦੋਂ ਗੁਰਸ਼ਰਨ ਸਿੰਘ ਜੋ ਭਾਅ ਜੀ ਦੇ ਨਾਂ ਨਾਲ ਵਾਹਵਾ ਜਾਣੇ ਜਾਂਦੇ ਹਨ, ਨੇ ਨੰਗਲ ਨੌਕਰੀ ਕਰਦਿਆਂ ਨਾਟਕ ਦੇ ਪਿੜ ਵਿਚ ਪੈੜਾਂ ਪਾਉਣੀਆਂ ਅਰੰਭ ਕੀਤੀਆਂ ਸਨ। ਉਨ੍ਹਾਂ ਸਾਨੂੰ ਉਹ ਸਟੇਜ ਦਿਖਾਈ ਜੋ ਭਾਅ ਜੀ ਨੇ ਉਦੋਂ ਨਾਟਕ ਖੇਡਣ ਲਈ ਉਚੇਚੇ ਤੌਰ 'ਤੇ ਬਣਵਾਈ ਸੀ।

ਇਸ ਤੋਂ ਪਹਿਲਾਂ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਬਿਭੌਰ ਸਾਹਿਬ ਗਏ। ਰਾਜਾ ਰਤਨ ਰਾਏ ਦੀ ਬੇਨਤੀ 'ਤੇ ਗੁਰੂ ਗੋਬਿੰਦ ਸਿੰਘ ਜੀ ਇਸ ਸਥਾਨ 'ਤੇ ਰੁਕੇ ਸਨ। ਗੁਰਦੁਆਰੇ ਵਿਚੋਂ ਨਤਮਸਤਕ ਹੋ ਕੇ ਨਿਕਲੇ ਹੀ ਸਾਂ ਅਤੇ ਨਾਲ ਹੀ ਸੋਚ ਰਹੇ ਸਾਂ ਕਿ ਹੁਣ ਸਾਨੂੰ ਸਾਡੇ ਕਾਲਜ ਟੂਰ ਦੇ ਇੰਚਾਰਜ ਮੈਡਮ ਡਾ. ਕੰਵਲਜੀਤ ਕੌਰ ਢਿੱਲੋਂ ਕਿੱਥੇ ਲੈ ਕੇ ਜਾਣਗੇ! ਮੇਰੇ ਵਾਂਗ ਸ਼ਾਇਦ ਸਾਰੇ ਡੈਮ ਬਾਰੇ ਹੀ ਸੋਚ ਰਹੇ ਹੋਣਗੇ... ਪਰ ਇਤਿਹਾਸ



ਨੰਗਲ ਵਿਚ ਗੁਰਸ਼ਰਨ ਸਿੰਘ ਵਾਲੀ ਸਟੇਜ 'ਤੇ ਉਨ੍ਹਾਂ ਦੇ ਸਾਥੀ ਰਹੇ ਫੁਲਵੰਤ ਸਿੰਘ ਮਨੋਚਾ, ਡਾ. ਕੰਵਲਜੀਤ ਕੌਰ ਢਿੱਲੋਂ ਅਤੇ ਵਿਦਿਆਰਥੀਆਂ ਨਾਲ।

ਦੇ ਇਸ ਸਫੇ ਬਾਰੇ ਤਾਂ ਸਾਨੂੰ ਉਕਾ ਹੀ ਇਲਮ ਨਹੀਂ ਸੀ। ਫੁਲਵੰਤ ਸਿੰਘ ਮਨੋਚਾ ਗੁਰਸ਼ਰਨ ਸਿੰਘ ਨਾਲ 1958-59 ਤੋਂ ਹੀ ਬਤੌਰ ਰੰਗਕਰਮੀ ਜੁੜੇ ਸਨ ਅਤੇ ਨੰਗਲ ਵਿਚ ਉਨ੍ਹਾਂ ਦੇ ਨਾਟਕਾਂ ਵਿਚ ਕੰਮ ਕਰਦੇ ਰਹੇ ਸਨ। ਉਹ ਗੱਲਾਂ ਕਰਦੇ-ਕਰਦੇ ਸਾਨੂੰ ਸਟਾਫ ਕਲੱਬ ਲੈ ਗਏ। ਇਹ ਉਹ ਜਗ੍ਹਾ ਸੀ ਜਿਥੇ ਭਾਅ ਜੀ ਨੇ ਦੱਬੇ-ਕੁਚਲੇ ਦਲਿਤਾਂ ਦੀ ਹਾਕਮ ਧਿਰਾਂ ਵੱਲੋਂ ਕੀਤੀ ਜਾ ਰਹੀ ਲੁੱਟ-ਖਸੁੱਟ ਵਿਰੁਧ ਲੜਾਈ ਸ਼ੁਰੂ ਕੀਤੀ ਸੀ। ਉਨ੍ਹਾਂ ਨੇ ਉਥੇ ਬਣਵਾਈ ਸਟੇਜ 'ਤੇ ਖੇਡੇ ਨਾਟਕਾਂ ਨੂੰ ਮਨੋਰੰਜਨ ਦਾ ਸਾਧਨ ਨਹੀਂ ਬਣਾਇਆ, ਸਗੋਂ ਇਸ ਦੇ ਜਰੀਏ ਸਮਾਜਕ ਤੇ ਸਭਿਆਚਾਰਕ ਤਬਦੀਲੀ ਲਈ ਲੋਕਾਂ 'ਚ ਜਾਗਰੂਕਤਾ ਪੈਦਾ ਕੀਤੀ। ਸ. ਮਨੋਚਾ ਉਨ੍ਹਾਂ ਦੇ ਜੀਵਨ ਬਾਰੇ ਦੱਸਦੇ ਸਾਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਲੈ ਤੁਰੇ। ਇਹ ਆਮ ਸਕੂਲਾਂ ਵਰਗਾ ਹੀ ਕੋਈ ਸਕੂਲ ਸੀ, ਪਰ ਜਦੋਂ ਸ. ਮਨੋਚਾ ਨੇ ਸਕੂਲ ਦਾ ਇਤਿਹਾਸ ਬਿਆਨ ਕੀਤਾ ਤਾਂ ਸਾਰਿਆਂ ਨੂੰ ਇਸ ਸਕੂਲ ਬਾਰੇ ਹੋਰ ਕੁਝ ਜਾਣਨ ਦੀ ਉਤਸੁਕਤਾ ਜਾਗ ਪਈ। ਉਨ੍ਹਾਂ ਸਕੂਲ ਬਾਰੇ ਦੱਸਿਆ, "ਜਦੋਂ ਭਾਅ ਜੀ ਦੇ ਵਿਭਾਗ ਦੇ ਅਫਸਰਾਂ ਨੇ ਉਨ੍ਹਾਂ ਨੂੰ ਉਸ ਸਟੇਜ 'ਤੇ ਨਾਟਕ ਖੇਡਣ ਤੋਂ ਰੋਕ ਦਿੱਤਾ, ਤਾਂ ਉਨ੍ਹਾਂ ਨੇ ਇਸ ਸਕੂਲ 'ਚ ਨਾਟਕ ਖੇਡਿਆ ਸੀ। ਇਥੇ ਹੀ ਭਾਅ ਜੀ ਦੇ ਨੰਗਲ ਮੁਕਾਮ ਦੌਰਾਨ ਹੀ ਮਸ਼ਹੂਰ ਅਦਾਕਾਰ ਬਲਰਾਜ ਸਾਹਨੀ, ਗਾਇਕ ਲਾਲ ਚੰਦ ਯਮਲਾ ਜੱਟ ਅਤੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨੇ ਆਪਣੇ ਗੀਤ ਤੇ ਨਾਟਕ ਪੇਸ਼ ਕੀਤੇ ਸਨ।" ਅਸੀਂ ਦੇਖਿਆ, ਇਸ ਸਟੇਜ ਦੇ ਨੇੜੇ ਹੀ ਇਕ ਪਾਰਕ 'ਚ ਨਗਰ ਕੌਂਸਲ ਵੱਲੋਂ ਭਾਅ ਜੀ ਦੇ ਨਾਂ 'ਤੇ ਥੀਏਟਰ ਬਣਾਇਆ ਜਾ ਰਿਹਾ ਹੈ।

ਅਸਲ 'ਚ ਜਦੋਂ ਇਸ ਟੂਰ ਦਾ ਪ੍ਰੋਗਰਾਮ ਬਣ ਰਿਹਾ ਸੀ ਤਾਂ ਇਸ 'ਚ ਸ਼ਾਮਲ ਹੋਣ ਬਾਰੇ ਮੈਂ ਜੱਕੋ-ਤੱਕੀ ਵਿਚ ਸਾਂ। ਜਦੋਂ ਡਾ. ਕੰਵਲਜੀਤ ਕੌਰ ਢਿੱਲੋਂ ਨੇ ਦੱਸਿਆ ਕਿ ਪੰਜਾਬੀ ਰੰਗਮੰਚ ਦੀ ਬੇਬੇ ਨੋਰਾ ਰਿਚਰਡ ਦੇ ਜਨਮ ਦਿਨ ਮੌਕੇ ਪੰਜਾਬੀ ਯੂਨੀਵਰਸਿਟੀ-ਪਟਿਆਲਾ ਨੇ ਅੰਧਰੇਟੇ ਬੇਬੇ ਦੇ ਘਰ ਜਾ ਕੇ ਨਾਟਕ 'ਕਰਮਾਂਵਾਲੀ' ਵੀ ਖੇਡਣਾ ਹੈ ਤਾਂ ਮੈਂ ਵੀ ਤਿਆਰ ਹੋ ਗਿਆ ਸਾਂ। ਹੁਣ ਸੋਚ ਰਿਹਾ ਸਾਂ ਕਿ ਜੇ ਨਾ ਆਉਂਦਾ ਤਾਂ ਕਿੰਨਾ ਘਾਟਾ ਪੈਂਦਾ!

ਅਸੀਂ ਮਾਤਾ ਜਵਾਲਾ ਜੀ, ਚਿੰਤਪੁਰਨੀ, ਕਾਂਗੜਾ ਦੇਵੀ ਮੰਦਿਰਾਂ ਦੇ ਦਰਸ਼ਨ ਕਰਦੇ ਹੋਏ ਮਕਲੋਡਗੰਜ ਪਹੁੰਚ ਗਏ ਜਿਥੇ ਪਹਿਲਾਂ ਮਹਾਤਮਾ ਬੁੱਧ ਦੇ ਮੰਦਰ ਗਏ, ਤੇ ਫਿਰ ਪਹਾੜਾਂ ਦਾ ਅਨੰਦ ਮਾਣਿਆ। ਮਕਲੋਡਗੰਜ ਦੀਆਂ ਪਹਾੜੀਆਂ ਵਿਚ ਟਹਿਲਣ ਦਾ ਆਪਣਾ ਹੀ ਅਨੰਦ ਹੈ। ਉਚੀ ਪਹਾੜੀ ਤੋਂ ਪਾਣੀ ਦੇ ਝਰਨੇ ਮਨਮੋਹਕ ਦ੍ਰਿਸ਼ ਪੇਸ਼ ਕਰ ਰਹੇ ਸਨ। ਇਨ੍ਹਾਂ ਨਜ਼ਾਰਿਆਂ ਦਾ ਲੁਤਫ ਲੈਂਦਿਆਂ ਅਸੀਂ ਰਾਤੀਂ ਦਸ ਕੁ ਵਜੇ ਗੱਗਲ ਵਿਖੇ ਆਪਣੇ ਹੋਟਲ ਪਹੁੰਚੇ।

ਅਗਲੀ ਸਵੇਰ ਅਸੀਂ ਖੇਤੀਬਾੜੀ ਯੂਨੀਵਰਸਿਟੀ ਪਾਲਮਪੁਰ ਦੇ ਖੋਜ ਵਿਭਾਗ ਪਹੁੰਚੇ। ਗੇਟ ਤੋਂ ਡਾ. ਢਿੱਲੋਂ ਨੇ ਅੰਦਰ ਜਾਣ ਦਾ ਪਾਸ ਲੈ ਲਿਆ ਤੇ ਰਿਸਰਚ ਸੈਂਟਰ ਦੀ ਇੰਚਾਰਜ ਡਾ. ਅਪਰਨਾ ਨੇ ਸਾਨੂੰ ਗਾਈਡ ਦੇ ਦਿੱਤਾ। ਗਾਈਡ ਸਾਨੂੰ ਮੈਡੀਸਨਲ ਪਲਾਂਟ ਤੇ 'ਫੁੱਲਾਂ ਵਾਲੇ ਬਰੀਡਿੰਗ ਵਿਭਾਗ' ਵਿਚ ਲੈ ਕੇ ਗਿਆ। ਉਥੇ ਮਾਲੀ ਨੇ ਸਾਨੂੰ ਫੁੱਲਾਂ ਦੀਆਂ ਵੱਖ-ਵੱਖ ਕਿਸਮਾਂ ਦਿਖਾਈਆਂ ਤੇ ਉਨ੍ਹਾਂ ਦੀ ਸਾਂਭ-ਸੰਭਾਲ ਕਿਵੇਂ ਕੀਤੀ ਜਾਂਦੀ ਹੈ, ਕਿਹੜਾ ਫੁੱਲ ਕਿਵੇਂ ਉਗਾਇਆ ਜਾਂਦਾ ਹੈ, ਬਾਰੇ ਦੱਸਿਆ। ਚਾਹ ਪੱਤੀ ਬਣਾਉਣ ਵਾਲਾ ਖੋਜ ਵਿਭਾਗ ਸਭ ਤੋਂ ਵੱਧ ਦਿਲਚਸਪ ਲੱਗਿਆ। ਪੀਐਚ.ਡੀ. ਕਰ ਰਹੇ ਇਕ ਵਿਦਿਆਰਥੀ ਨੇ ਚਾਹ ਪੱਤੀ ਬਾਰੇ ਵਿਸਥਾਰ ਨਾਲ ਦੱਸਿਆ, ਤੇ ਚਾਹ ਪੱਤੀ ਬਣਾਉਣ ਵਾਲੀਆਂ ਮਸ਼ੀਨਾਂ ਵੀ ਦਿਖਾਈਆਂ। ਉਸ ਨੇ ਹਰੀ ਚਾਹ (ਗਰੀਨ ਟੀ) ਅਤੇ ਕਾਲੀ ਚਾਹ (ਬਲੈਕ ਟੀ) ਦੀ ਤਿਆਰੀ ਅਤੇ ਇਨ੍ਹਾਂ ਵਿਚਕਾਰ ਫਰਕ ਬਾਰੇ ਵੀ ਦੱਸਿਆ। ਸਾਡੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਪਤਾ ਲੱਗਾ ਕਿ ਚਾਹ ਪੱਤੀ ਤੋਂ ਵਾਈਨ (ਇਕ ਕਿਸਮ ਦੀ ਸ਼ਰਾਬ) ਬਣਾਉਣ ਦਾ ਪ੍ਰੋਜੈਕਟ ਵੀ ਚੱਲ ਰਿਹਾ ਹੈ ਜੋ ਰਿਸਰਚ ਸਕਾਲਰ ਨੇ ਪੇਟੈਂਟ ਹੋਣ ਕਾਰਨ ਬਹੁਤਾ ਤਫਸੀਲ ਵਿਚ ਨਹੀਂ ਦੱਸਿਆ।

ਚਾਹ ਪੱਤੀ ਬਾਰੇ ਜਾਣਕਾਰੀ ਵੀ ਬੜੀ ਦਿਲਚਸਪ ਸੀ। ਇਹ ਅਨੇਕਾਂ ਬਿਮਾਰੀਆਂ ਨੂੰ ਦੂਰ ਕਰਦੀ ਹੈ। ਪੀਐਚ.ਡੀ. ਕਰ ਰਹੇ ਵਿਦਿਆਰਥੀ ਨੇ ਦੱਸਿਆ ਕਿ ਜਿਹੜੀ ਚਾਹ ਅਸੀਂ ਪਾਣੀ 'ਚ ਦੁੱਧ ਪਾ ਕੇ ਪੀਂਦੇ ਹਾਂ, ਉਹ ਸਾਡੇ ਸਰੀਰ ਲਈ ਨਿਰੀ ਜ਼ਹਿਰ ਹੁੰਦੀ ਹੈ। ਅਸੀਂ ਅੰਗਰੇਜ਼ਾਂ ਤੋਂ ਚਾਹ ਪੀਣੀ ਤਾਂ ਸਿੱਖ ਲਈ; ਪਰ ਪੀਣੀ ਕਿਵੇਂ ਹੈ, ਇਹ ਨਹੀਂ ਸਿੱਖਿਆ! ਦੁੱਧ ਨੂੰ ਪਾਣੀ 'ਚ ਪਾਉਣ ਨਾਲੋਂ ਚੰਗਾ ਹੈ, ਦੁੱਧ ਹੀ ਪੀ ਲੈਣਾ ਚਾਹੀਦਾ ਹੈ ਜੋ ਸਰੀਰ ਲਈ ਲਾਭਦਾਇਕ ਤਾਂ ਹੁੰਦਾ ਹੈ। ਜੇ ਚਾਹ ਪੀਣੀ ਹੀ ਹੈ ਤਾਂ ਹਮੇਸ਼ਾ ਬਲੈਕ ਤੇ ਗਰੀਨ ਚਾਹ ਹੀ ਪੀਣੀ ਚਾਹੀਦੀ ਹੈ।

ਫਿਰ ਪਹੁੰਚੇ ਪਾਲਮਪੁਰ ਤੋਂ 15 ਕਿਲੋਮੀਟਰ ਦੂਰ ਬੈਜਨਾਥ ਮੰਦਰ। ਇਸ ਮੰਦਰ ਦਾ ਵੀ ਆਪਣਾ ਇਤਿਹਾਸ ਹੈ। ਡਾ. ਢਿੱਲੋਂ ਨੇ ਮੰਦਰ ਦੇ ਪੁਜਾਰੀ ਤੋਂ ਇਸ ਮੰਦਰ ਦੇ ਇਤਿਹਾਸ ਬਾਰੇ ਪੁੱਛਿਆ। ਪੁਜਾਰੀ ਨੇ ਦੱਸਿਆ ਕਿ ਇਹ ਮੰਦਰ ਦੁਵਾਪਰ ਕਾਲ ਦਾ ਹੈ ਤੇ ਇਸ ਮੰਦਰ 'ਚ ਰਾਵਣ ਨੇ ਤਪ ਕੀਤਾ ਸੀ।

ਜਦੋਂ ਅਸੀਂ ਟੂਰ ਪ੍ਰੋਗਰਾਮ ਉਲੀਕਿਆ ਸੀ ਤਾਂ ਸਾਡਾ ਮੁੱਖ ਦਰਸ਼ਨੀ ਸਥਾਨ ਅੰਧਰੇਟਾ ਸੀ। ਉਥੇ ਅਸੀਂ ਤਿੰਨ ਥਾਂਵਾਂ ਉਤੇ ਜਾਣਾ ਸੀ। ਪਹਿਲਾਂ ਅਸੀਂ ਡਾ. ਐਨ. ਸਿੰਘ ਦੀ ਪੋਟਰੀ ਗੈਲਰੀ ਪਹੁੰਚੇ। ਉਥੇ ਪਹੁੰਚਦੇ ਸਾਰ ਸਾਰੇ ਹੈਰਾਨ ਕਿ ਉਥੇ ਪੋਲੈਂਡ ਤੋਂ ਇਕ ਵਿਦਿਆਰਥਣ ਐਗਨਿਸ਼ਕਾ ਟਰੇਨਿੰਗ 'ਤੇ ਆਈ ਹੋਈ ਸੀ। ਅਸੀਂ ਸੋਚਦੇ ਹਾਂ ਕਿ ਸਿੱਖਣ ਲਈ ਹਿੰਦੁਸਤਾਨੀ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਹੋਰ ਥਾਂਈਂ ਜਾਂਦੇ ਹਨ ਪਰ ਯੂਰਪ ਤੋਂ ਸਿੱਖਣ ਆਈ ਇਹ ਮੁਟਿਆਰ ਸਾਡੇ ਸਾਰਿਆਂ ਲਈ ਖਿੱਚ ਦਾ ਕੇਂਦਰ ਬਣ ਗਈ। ਉਹ ਘੁਮਿਆਰ ਵਾਲੇ ਚੱਕ ਉਤੇ ਆਪਣੇ ਕੰਮ ਵਿਚ ਖੂਬ ਰੁੱਝੀ ਹੋਈ ਸੀ। ਉਸ ਨੇ ਸਿੱਖਿਆ ਦੌਰਾਨ ਬਣਾਈਆਂ ਵਸਤਾਂ ਵੀ ਦਿਖਾਈਆਂ। ਇਥੇ ਡਾ. ਢਿੱਲੋਂ ਸਾਡੇ ਨਾਲ ਗਈਆਂ ਕੁੜੀਆਂ ਨੂੰ ਇਹ ਕਹਿਣਾ ਨਹੀਂ ਭੁੱਲੇ ਕਿ ਦੇਖੋ... ਇਹ ਕੁੜੀ ਜ਼ਿੰਦਗੀ 'ਚ ਅੱਗੇ ਵਧਣ ਲਈ ਆਪਣੇ ਵਤਨ ਤੋਂ ਇੰਨੀ ਦੂਰ ਟਰੇਨਿੰਗ ਲੈਣ ਲਈ ਇਥੇ ਆਈ ਹੋਈ ਹੈ।

ਇਸ ਤੋਂ ਬਾਅਦ ਅਸੀਂ ਪ੍ਰਸਿੱਧ ਚਿੱਤਰਕਾਰ ਸੋਭਾ ਸਿੰਘ ਦੀ ਆਰਟ ਗੈਲਰੀ ਪਹੁੰਚ ਗਏ। ਆਲੇ-ਦੁਆਲੇ ਦਾ ਮਾਹੌਲ ਅਤੇ ਸੋਭਾ ਸਿੰਘ ਵੱਲੋਂ ਬਣਾਏ ਚਿੱਤਰ ਦੇਖ ਕੇ ਸਭ ਬਾਗੋ-ਬਾਗ ਸਨ। ਡਾ. ਢਿੱਲੋਂ ਨੇ ਸਾਨੂੰ ਸੋਭਾ ਸਿੰਘ ਦੇ ਜੀਵਨ ਅਤੇ ਚਿੱਤਰਕਲਾ ਯਾਤਰਾ ਬਾਰੇ ਦੱਸਿਆ। ਫਿਰ ਅਸੀਂ ਪੰਜਾਬੀ ਨਾਟਕ ਦਾ 'ਮੱਕਾ' ਕਹੇ ਜਾਣ ਵਾਲੀ ਸਟੇਜ ਅਤੇ ਨੋਰਾ ਦੇ ਘਰ ਪਹੁੰਚੇ। ਸਭ ਤੋਂ ਪਹਿਲਾਂ ਤਾਂ ਨੋਰਾ ਬੇਬੇ ਦਾ ਘਰ ਦੇਖਿਆ। ਫਿਰ ਨੋਰਾ ਦਾ ਅਜਾਇਬਘਰ ਦੇਖਣ ਗਏ। ਅਜਾਇਬਘਰ ਦੇ ਵਿਹੜੇ 'ਚ ਬੈਠ ਕੇ ਨੋਰਾ ਰਿਚਰਡ ਅਤੇ ਨਾਟਕ ਬਾਰੇ ਗੱਲਾਂ ਹੁੰਦੀਆਂ ਰਹੀਆਂ। ਇਕ ਸਬੱਬ ਨਾਲ ਇਹ ਸੈਮੀਨਰ ਹੀ ਹੋ ਨਿਬੜਿਆ, ਕਿਉਂਕਿ ਪੰਜਾਬੀ ਰੰਗਮੰਚ ਅਤੇ ਨਾਟਕ ਬਾਰੇ ਵਿਦਿਆਰਥੀਆਂ ਦੇ ਮਨ ਵਿਚ ਉਠੇ ਸਵਾਲਾਂ ਦਾ ਜਵਾਬ ਵਿਸਥਾਰ ਸਹਿਤ ਮੈਡਮ ਨੇ ਦਿੱਤਾ। ਫਿਰ ਚਾਹ ਦੀਆਂ ਚੁਸਕੀਆਂ ਲਈਆਂ। ਵਿਹੜੇ 'ਚ ਤਸਵੀਰਾਂ ਖਿਚਵਾਉਣ ਲੱਗੇ ਤਾਂ ਖਿਚਵਾਈ ਹੀ ਗਏ। ਉਥੇ ਸਾਨੂੰ ਪੰਜਾਬੀ ਯੂਨੀਵਰਸਿਟੀ ਦੇ ਨਾਟਕ ਅਤੇ ਰੰਗਮੰਚ ਵਿਭਾਗ ਦੇ ਮੁਖੀ ਡਾ. ਗੁਰਚਰਨ ਸਿੰਘ ਅਤੇ ਹੋਰ ਅਧਿਆਪਕ ਡਾ. ਸੁਨੀਤਾ ਧੀਰ, ਡਾ. ਨਵਨਿੰਦਰਾ ਬਹਿਲ, ਡਾ. ਲੱਖਾ ਲਹਿਰੀ ਤੇ ਡਾ. ਮਾਨ ਮਿਲੇ। ਉਹ ਸ਼ਾਮ ਦੇ ਨਾਟਕ ਦੀ ਤਿਆਰੀ ਵਿਚ ਰੁੱਝੇ ਹੋਏ ਸਨ। ਨੋਰਾ ਰਿਚਰਡ ਵੱਲੋਂ ਬਣਾਈ ਉਸ ਸਟੇਜ 'ਤੇ ਬਲਵੰਤ ਗਾਰਗੀ, ਬਲਰਾਜ ਸਾਹਨੀ ਅਤੇ ਪ੍ਰਿਥਵੀ ਰਾਜ ਕਪੂਰ ਵਰਗੇ ਮਹਾਨ ਕਲਾਕਾਰ ਪੇਸ਼ਕਾਰੀਆਂ ਕਰ ਚੁੱਕੇ ਹਨ।

ਨਾਟਕ 'ਕਰਮਾਂ ਵਾਲੀ' ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਡਾ. ਸੁਨੀਤਾ ਧੀਰ ਦੇ ਨਿਰਦੇਸ਼ਨ ਹੇਠ ਖੇਡਿਆ। ਇਹ ਮਸ਼ਹੂਰ ਲੇਖਕ ਕਸ਼ਮੀਰੀ ਲਾਲ ਜ਼ਾਕਿਰ ਦੇ 1980 ਵਿਚ ਲਿਖੇ ਨਾਵਲ 'ਕਰਮਾਂ ਵਾਲੀ' ਦੇ ਆਧਾਰ ਉਤੇ ਤਿਆਰ ਕੀਤਾ ਗਿਆ ਸੀ। ਇਸ 'ਚ 1947 ਦੀ ਵੰਡ ਵੇਲੇ ਲਹੂ-ਲੁਹਾਣ ਹੋਈ ਇਨਸਾਨੀਅਤ ਦੀ ਗੱਲ ਕੀਤੀ ਗਈ ਹੈ। ਇਸ ਨਾਟਕ 'ਚ ਉਨ੍ਹਾਂ ਦਿਨਾਂ ਦੇ ਕੁਝ ਸਿਆਸੀ ਆਗੂਆਂ ਦਾ ਮਾੜਾ ਕਿਰਦਾਰ ਤਾਂ ਦਿਖਾਇਆ ਹੀ ਗਿਆ ਹੈ, ਉਸ ਵੇਲੇ ਔਰਤਾਂ ਨਾਲ ਹੋਈ ਧੱਕੇਸ਼ਾਹੀ ਅਤੇ ਰੁਲ ਰਹੇ ਬੱਚਿਆਂ ਦਾ ਦਰਦ ਵੀ ਬਿਆਨ ਕੀਤਾ ਗਿਆ ਹੈ। ਇਸ ਨਾਟਕ ਵਿਚ ਮਾਂ ਤੇ ਬੱਚੇ ਦੀ ਜੁਦਾਈ ਬਹੁਤ ਮਾਰਮਿਕ ਰੂਪ 'ਚ ਪੇਸ਼ ਕੀਤੀ ਗਈ ਹੈ।

ਤੀਜੀ ਸਵੇਰੇ ਅਸੀਂ ਚੰਡੀਗੜ੍ਹ ਨੂੰ ਚਾਲੇ ਪਾ ਦਿੱਤੇ। ਰਸਤੇ ਵਿਚ ਇਸ ਟੂਰ ਦੀਆਂ ਯਾਦਾਂ ਦੀ ਫਿਰਕੀ ਘੁੰਮਣ ਲੱਗੀ, ਖਾਸ ਕਰ ਕੇ ਆਪਣੇ ਮੈਡਮ ਡਾ. ਕੰਵਲਜੀਤ ਕੌਰ ਢਿੱਲੋਂ ਦਾ ਦੋਸਤਾਂ ਵਾਲਾ ਵਿਹਾਰ ਸੋਚ ਦੀਆਂ ਲੜੀਆਂ ਜੋੜ ਰਿਹਾ ਸੀ। ਸੋਚ ਰਿਹਾ ਸਾਂ ਕਿ ਦੋ ਪੀੜ੍ਹੀਆਂ ਦਰਮਿਆਨ ਇੰਦਾਂ ਦੀ ਸੁਰ-ਤਾਲ ਹੀ ਹੋਣੀ ਚਾਹੀਦੀ ਹੈ। ਟੂਰ ਤੋਂ ਮੁੜਨ ਵੇਲੇ ਤੱਕ ਮੈਂ ਕਿੰਨਾ ਅਮੀਰ ਹੋ ਗਿਆ ਸਾਂ, ਕੋਈ ਅੰਦਾਜ਼ਾ ਨਹੀਂ ਸੀ। ਠੀਕ ਹੈ ਕਿ ਕਿਤਾਬਾਂ ਰਾਹ ਦਸੇਰਾ ਬਣਦੀਆਂ ਹਨ, ਪਰ ਇਸ ਟੂਰ ਦੌਰਾਨ, ਆਪ ਪਲਟੇ ਜ਼ਿੰਦਗੀ ਦੇ ਇਨ੍ਹਾਂ ਸਫਿਆਂ ਦੀ ਗੱਲ ਹੀ ਕੁਝ ਹੋਰ ਸੀ।

-ਪਰਸ਼ੋਤਮ ਸਿੰਘ ਕੰਡਾਲਾ
ਫੋਨ: 91-95922-12660

# ਵਗਦੇ ਦਰਿਆਵਾਂ ਦੇ ਸੁੱਕੇ ਵਹਿਨ

(ਸਫਾ 25 ਦੀ ਬਾਕੀ)

ਇੰਦਾਂ ਨਾ ਕਰਿਓ।"

ਜਨਕ ਰਾਜ ਇਕ ਵਾਰ ਫਿਰ ਲਾਚਾਰ ਹੋ ਗਿਆ। ਇਹ ਸੋਚ ਕੇ, ਕਿ ਸ਼ਾਇਦ ਰੱਬ ਇਸੇ ਬਹਾਨੇ ਉਹਦੇ ਸੰਕਟ ਕੱਟ ਦੇਵੇਗਾ।

ਬਰਾਤ ਚਲੇ ਗਈ। ਗੀਤਾ ਵਿਦਾ ਹੋ ਗਈ।

ਫਿਰ ਖ਼ਬਰ ਆਈ, ਗੀਤਾ ਦੇ ਬੱਚੀ ਹੋਈ ਆ। ਤੇ ਦੋ ਕੁ ਸਾਲ ਵਿਚ ਉਹ ਦੋ ਬੱਚੀਆਂ ਦੀ ਮਾਂ ਬਣ ਗਈ।

ਇਕ ਦਿਨ ਹਾਲੇ ਜਨਕ ਰਾਜ ਦਫ਼ਤਰ ਪੁੱਜਿਆ ਹੀ ਸੀ ਕਿ ਆਸ਼ਾ ਨੇ ਫੋਨ ਕੀਤਾ, "ਜਲਦੀ ਆ ਜਾਓ, ਪ੍ਰਤਾਪੀ ਰੋ ਰਹੀ ਐ। ਗੀਤਾ ਨੇ ਕੁਛ ਖਾ ਲਿਆ। ਉਹਦੀ ਹਾਲਤ ਨਾਜ਼ੁਕ ਹੈ।"

ਅੰਨ੍ਹੇਵਾਹ ਕਾਰ ਚਲਾ ਕੇ ਉਹ ਵਾਪਿਸ ਘਰ ਆਇਆ।

ਆਪਣੇ ਦੋਸਤ ਤੇਜਿੰਦਰ ਨੂੰ ਵੀ ਬੁਲਾ ਲਿਆ। ਆਸ਼ਾ ਨਾਲ ਚੱਲ ਪਈ, ਪਰ ਪ੍ਰਤਾਪੀ ਦੇ ਤਰਲੇ ਕਰਨ 'ਤੇ ਵੀ ਜਨਕ ਨੇ ਉਹਨੂੰ ਕਾਰ 'ਚ ਨਾ ਬਿਠਾਇਆ।

ਹਸਪਤਾਲ ਪੁੱਜੇ, ਗੀਤਾ ਸ਼ਾਂਤ ਪਈ ਸੀ। ਜਨਕ ਨੇ ਜਦੋਂ 'ਪੁੱਤ ਗੀਤਾ' ਕਹਿ ਕੇ 'ਵਾਜ ਮਾਰੀ ਤਾਂ ਉਹਨੇ ਬੜੀ ਜ਼ੋਰ ਦੀ ਅੱਖਾਂ ਪੁੱਟੀਆਂ। ਦੋ ਅੱਥਰੂ ਟਪਕੇ, ਜਿਵੇਂ ਦਰਦ ਦਾ ਸਮੁੰਦਰ ਵੀ ਸੁੱਕ ਗਿਆ ਹੋਵੇ। ਤੇ ਨਾਲ ਹੀ ਭੌਰ ਉਡਾਰੀ ਮਾਰ ਗਿਆ। ਅੱਗੇ ਕੀ ਹੋਣਾ ਸੀ, ਤੇ ਕੀ ਹੋਇਆ, ਸਭ ਕੁਝ ਛੱਡ ਕੇ ਜਨਕ ਵਾਪਸ ਪਰਤ ਪਿਆ। ਉਹਨੇ ਕਾਰ ਚਲਾਉਣ ਆਪਣੇ ਦੋਸਤ ਨੂੰ ਲਾ ਦਿੱਤਾ। ਚਾਰ ਕੁ ਮੀਲ ਕਾਰ ਚਲਾ ਕੇ ਉਹਨੇ ਤੇਜਿੰਦਰ ਨੂੰ ਕਿਹਾ, "ਕਾਰ ਆਹ ਦਰਖ਼ਤ ਹੇਠ ਲਗਾ ਲੈ।"

ਉਹ ਰੱਜ ਕੇ ਰੋਇਆ, ਤੇ ਜਦੋਂ ਭਾਰ ਹਲਕਾ ਹੋਇਆ ਤਾਂ ਕਹਿਣ ਲੱਗਾ, "ਕੌਰਵਾਂ-ਪਾਂਡਵਾਂ ਵਾਲੇ ਮਹਾਂਭਾਰਤ ਦਾ ਤਾਂ ਮੈਨੂੰ ਪਤਾ ਨਹੀਂ, ਪਰ ਜੋ ਗੀਤਾ ਦਾ ਮਹਾਂਭਾਰਤ ਮੇਰੇ ਅੰਦਰ ਉਬਾਲੇ ਮਾਰ ਰਿਹਾ ਹੈ, ਉਹ ਸੁਣ ਲਵੋ ਅੱਜ ਕੰਨ ਖੋਲ੍ਹ ਕੇ।"

ਬੰਬ ਜਿਵੇਂ ਬਿਨਾਂ ਫੀਤੇ ਨੂੰ ਅੱਗ ਲਾਇਆਂ ਚੱਲ ਪਿਆ ਹੋਵੇ।

"ਤੇਜਿੰਦਰ ਤੈਨੂੰ ਤਾਂ ਪਤਾ ਹੀ ਹੈ ਸੋਨਾਲੀ ਸਾਡੀ ਗੋਦ ਲਈ ਧੀ ਹੈ। ਇਹ ਸਾਡੀ ਜ਼ਿੰਦਗੀ ਵਿਚ ਆਈ ਕਿਵੇਂ? ਸੁਣ... ਜਦੋਂ ਮੈਂ ਮਕਾਨ ਬਣਾ ਰਿਹਾ ਸਾਂ, ਪਿਛਲੇ ਪਾਸੇ ਵਗਦੇ ਸੂਏ ਨਾਲ ਉਜਾੜ ਜਿਹਾ ਸੀ। ਇਕ ਦਿਨ ਮੈਂ ਵੇਖਿਆ, ਇਸ ਉਜਾੜ ਵਿਚ ਸੁੱਕੇ ਦਰਖ਼ਤ ਨਾਲ ਪੰਘੂੜਾ ਲਟਕ ਰਿਹਾ ਹੈ। ਮਕਾਨ ਬਣਾਉਣ ਵਾਲੇ ਮਿਸਤਰੀਆਂ ਨੂੰ ਮੈਂ ਪੁੱਛਿਆ ਕਿ ਔਹ ਦਰਖ਼ਤ ਲਾਲ ਪੀਂਘ ਜਿਹੀ ਕੀ ਲਟਕ ਰਹੀ ਹੈ। ਉਹ ਆਂਹਦੇ, ਬੱਸ ਕੁਛ ਹੀ ਦਿਨਾਂ ਤੋਂ ਅਸੀਂ ਵੇਖੀ ਹੈ। ਸੁਣਦੇ ਹਾਂ, ਇਹ ਪੀਂਘ ਨਹੀਂ, ਪੰਘੂੜਾ ਹੈ। ਲੋਕ ਇਸ ਵਿਚ ਨਾਜਾਇਜ਼ ਔਲਾਦ ਰਾਤ-ਬ-ਰਾਤੇ ਰੱਖ ਜਾਂਦੇ ਹਨ। ਮੈਂ ਮਨ 'ਚ ਸੋਚਿਆ ਸ਼ਾਇਦ ਸਾਡੀ ਝੋਲੀ ਪੰਘੂੜਾ ਹੀ ਭਰ ਦੇਵੇ। ਇਕ ਰਾਤ ਮੈਂ ਆਪਣੇ ਬਣਦੇ ਮਕਾਨ ਕੋਲ ਜਾਣ ਬੁੱਝ ਕੇ ਅੱਧੀ ਰਾਤ ਕਰ ਲਈ। ਕਾਰ ਮੈਂ ਇਥੇ ਹੀ ਲਾ ਕੇ ਇਕ ਦਰਖ਼ਤ ਨਾਲ ਲੁਕ ਕੇ ਖਲੋ ਗਿਆ। ਹਾਲੇ ਮੈਨੂੰ ਅੱਧਾ ਕੁ ਘੰਟਾ ਹੀ ਮਸਾਂ ਹੋਇਆ ਸੀ ਕਿ ਇਕ ਮਹਿੰਗੀ ਕਾਰ ਆ ਕੇ ਰੁਕ ਗਈ। ਕਾਰ ਵਿਚੋਂ ਇਕ ਔਰਤ ਉਤਰੀ, ਤੇ ਉਹ ਪੰਘੂੜੇ ਵਿਚ ਕੁਝ ਸੁੱਟ ਕੇ ਉਨ੍ਹੀਂ ਪੈਰੀਂ ਵਾਪਸ ਕਾਰ 'ਚ ਜਾ ਬੈਠੀ। ਵੇਖਦਿਆਂ ਹੀ ਕਾਰ ਹਨ੍ਹੇਰੇ 'ਚ ਗੁੰਮ ਹੋ ਗਈ। ਇਸ ਤੋਂ ਪਹਿਲਾਂ ਕਿ ਮੈਂ ਪੰਘੂੜੇ ਵੱਲ ਜਾਂਦਾ, ਝਾੜੀ ਵਿਚੋਂ ਇਕ ਜੋੜਾ ਜੋ ਸ਼ਾਇਦ ਪਹਿਲਾਂ ਹੀ ਨਿਸ਼ਾਨਾ ਲਾਈ ਬੈਠਾ ਸੀ, ਉਠ ਖੜ੍ਹਾ ਹੋਇਆ। ਮਰਦ ਤਾਂ ਉਥੇ ਹੀ ਖੜ੍ਹਾ ਰਿਹਾ, ਪਰ ਔਰਤ ਪੰਘੂੜੇ ਕੋਲ ਜਾ ਕੇ ਕਹਿਣ ਲੱਗੀ, "ਦੋ ਨੇ।"

ਉਹ ਆਂਹਦਾ, "ਇਕ ਮੁੰਡਾ ਹੋਵੇਗਾ।"

"ਨਹੀਂ, ਦੋਵੇਂ ਕੁੜੀਆਂ ਹੀ ਨੇ।"

"ਅਸੀਂ ਦੋ ਸਿਰ ਮਾਰਨੀਆਂ। ਤੂੰ ਇਕ ਚੁੱਕ ਲਿਆ।"

ਉਹ ਘੁੰਮ ਕੇ ਨਿਕਲੇ ਤਾਂ ਦੂਜੀ ਕੁੜੀ ਮੈਂ ਚੁੱਕ ਲਿਆਇਆ।

ਜਦੋਂ ਮੈਂ ਉਹ ਕੁੜੀ ਲੈ ਕੇ ਕਾਰ ਕੋਲ ਆਇਆ ਤਾਂ ਵੇਖਿਆ, ਪਹਿਲੀ ਕੁੜੀ ਚੁੱਕਣ ਵਾਲਾ ਜੋੜਾ ਸਾਹਮਣੇ ਝੁੱਗੀ ਵਿਚ ਵੜਨ ਲੱਗਾ ਤਾਂ ਫੁੱਲਾਂ ਵਾਲੀ ਸਾੜੀ ਪਹਿਨੀ ਔਰਤ ਮੈਂ ਪਛਾਣ ਲਈ ਕਿ ਇਹ ਤਾਂ ਸਾਹਮਣੇ ਹੀ ਰਹਿੰਦੀ ਹੈ।"

"ਅੱਛਾ! ਉਹ ਪ੍ਰਤਾਪੀ ਸੀ?" ਤੇਜਿੰਦਰ ਨੇ ਵਿਚੋਂ ਸਵਾਲ ਕੀਤਾ।

"ਹਾਂ।"

"ਤੇ ਗੀਤਾ ਤੇ ਸੋਨਾਲੀ ਭੈਣਾਂ ਹੀ ਹਨ?"

"ਹਾਏ ਓਏ ਮੇਰਿਆ ਰੱਬਾ! ਇਹਦਾ ਕਿਤੇ ਲੂਹ ਹੋ ਜਾਏ ਕਾਲਜਾ। ਪੈਣ ਕਿਤੇ ਦਿਮਾਗ 'ਚ ਛਾਲੇ।" ਧਾਹਾਂ ਮਾਰਦੀ ਆਸ਼ਾ ਨੇ ਕਿਹਾ, "ਤੁਸੀਂ ਭੇਤ ਕਿਉਂ ਲੁਕਾ ਕੇ ਰੱਖਿਆ... ਮੈਂ ਤਾਂ ਉਦੋਂ ਹੀ ਗੀਤਾ ਨੂੰ ਦੂਜੀ ਧੀ ਬਣਾ ਲੈਂਦੀ।"

ਤੇ ਹੁਣ ਕਾਰ ਚਲਾਉਣ ਦੀ ਦੋਹਾਂ ਦੋਸਤਾਂ 'ਚ ਹਿੰਮਤ ਨਹੀਂ ਸੀ।

ਲਗਦਾ ਨਹੀਂ, ਦਰੋਪਤੀ ਨਾਲ ਹਰ ਮਹਾਂਭਾਰਤ ਵਿਚ ਇੰਦਾਂ ਹੀ ਹੋਣਾ ਹੁੰਦੈ!

# ਸਿੱਖ ਸਤਿਸੰਗ ਆਫ ਇੰਡੀਅਨਐਪੋਲਿਸ, ਇੰਡੀਆਨਾ

10950 South East Ave., Indianapolis, Indiana, 46239 Ph: 317-862-SIKH (7454) www.indianapolisgurdwara.org



## ਘੱਲੂਘਾਰਾ ਦਿਵਸ

### ਐਤਵਾਰ, 8 ਜੂਨ 2014

ਜੂਨ 1984 ਦੇ ਪਹਿਲੇ ਹਫਤੇ ਦੇ ਉਸ ਸਮੇਂ ਨੂੰ ਸਿੱਖ ਕਦੇ ਵੀ ਨਹੀਂ ਭੁੱਲ ਸਕਦੇ ਜਦੋਂ ਭਾਰਤੀ ਫੌਜਾਂ ਨੇ ਦਰਬਾਰ ਸਾਹਿਬ, ਅੰਮ੍ਰਿਤਸਰ 'ਤੇ ਹਮਲਾ ਕਰਕੇ ਸ੍ਰੀ ਅਕਾਲ ਤਖਤ ਦੀ ਇਮਾਰਤ ਨੂੰ ਤਬਾਹ ਕਰ ਦਿੱਤਾ। ਇੰਨਾ ਹੀ ਨਹੀਂ, ਸੈਂਕੜੇ ਬੇਕਸੂਰ ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਇਆ ਤੇ ਬਹੁਤ ਸਾਰਿਆਂ ਨੂੰ ਖਤਮ ਕਰ ਦਿੱਤਾ। ਇਸ ਘੱਲੂਘਾਰੇ ਵਿਚ ਸ਼ਹੀਦ ਹੋਏ ਲੋਕਾਂ ਦੀ ਯਾਦ ਵਿਚ ਸਮਾਗਮ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਵਿਖੇ 8 ਜੂਨ, ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਇਸ ਸਮਾਗਮ ਵਿਚ ਸ਼ਾਮਲ ਹੋਣ ਦੀ ਬੇਨਤੀ ਹੈ ਜੀ।



### ਪ੍ਰੋਗਰਾਮ ਦਾ ਵੇਰਵਾ

ਅਰੰਭ ਸ੍ਰੀ ਅਖੰਡ ਪਾਠ: 6 ਜੂਨ 2014, ਸ਼ੁੱਕਰਵਾਰ-ਸਵੇਰੇ 10:00 ਵਜੇ
ਭੋਗ ਸ੍ਰੀ ਅਖੰਡ ਪਾਠ: 8 ਜੂਨ 2014, ਐਤਵਾਰ-ਸਵੇਰੇ 9:30 ਵਜੇ
ਉਪਰੰਤ ਸ਼ਬਦ ਵਿਆਖਿਆ ਅਤੇ ਕੀਰਤਨ ਦਰਬਾਰ
ਸਵੇਰੇ 11:30 ਤੋਂ ਬਾਅਦ ਦੁਪਹਿਰ 1:30 ਵਜੇ ਤੱਕ

### ਹੋਰ ਜਾਣਕਾਰੀ ਲਈ ਸੰਪਰਕ ਕਰੋ

ਭਾਈ ਤਰਲੋਕ ਸਿੰਘ 317-650-4420
ਭਾਈ ਮਨਪ੍ਰੀਤ ਸਿੰਘ 559-352-5354
ਭਾਈ ਜਗਦੀਸ਼ ਸਿੰਘ 317-702-5541

**ਵਲੋਂ: ਸਮੂਹ ਸਾਧ ਸੰਗਤ ਅਤੇ ਪ੍ਰਬੰਧਕ ਕਮੇਟੀ**

21 & 22

---

ੴ ਸਤਿਗੁਰ ਪ੍ਰਸਾਦਿ

# ਦਾਦੀ ਜੀ ਤੇ ਦਾਦਾ ਜੀ ਨੂੰ ਚੇਤੇ ਕਰਦਿਆਂ...



*ਦਾਦੀ ਜੀ ਬੀਬੀ ਭੁਪਿੰਦਰਜੀਤ ਕੌਰ ਅਤੇ ਦਾਦਾ ਜੀ ਸ. ਹਰਮਿੰਦਰ ਸਿੰਘ*

ਜਿਨੀ ਨਾਮ ਧਿਆਇਆ ਗਏ ਮਸਕਤ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥
ਹਰ ਜੀ ਮਾਤਾ ਹਰ ਜੀ ਪਿਤਾ ਹਰ ਜੀਓ ਪ੍ਰਿਤਪਾਲਕ॥
ਹਰ ਜੀ ਮੇਰੀ ਸਾਰ ਕਰੇ ਹੁਣ ਹਰ ਕੇ ਬਾਰਿਕ॥

**ਸਾਡੇ ਪਿਤਾ ਜੀ ਸਰਦਾਰ ਹਰਮਿੰਦਰ ਸਿੰਘ ਜੀ ਦੀ ਬਰਸੀ ਮੌਕੇ ਅਸੀਂ ਸਾਰਾ ਪਰਿਵਾਰ ਅਰਦਾਸ ਕਰਦੇ ਹਾਂ ਕਿ ਸ੍ਰੀ ਅਕਾਲ ਪੁਰਖ ਜੀ ਮਹਾਰਾਜ ਉਨ੍ਹਾਂ ਨੂੰ ਹਮੇਸ਼ਾ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਉਨ੍ਹਾਂ ਦੇ ਬਾਕੀ ਪਰਿਵਾਰ 'ਤੇ ਮਿਹਰ ਦਾ ਹੱਥ ਰੱਖਣ।**

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥*

**ਆਪਣੇ ਦਾਦਾ ਜੀ ਨੂੰ ਯਾਦ ਕਰਦੀਆਂ ਉਨ੍ਹਾਂ ਦੀਆਂ ਪੋਤਰੀਆਂ**

## ਸਿਮਰਨ, ਸਾਹਿਬਾ, ਸਹਿਜ ਅਤੇ ਸਰਗੁਨ

# ਸਥਾਪਤੀ ਖਿਲਾਫ ਰੋਹ ਦੀ ਕਹਾਣੀ ਮੰਜੂਨਾਥ



ਫਿਲਮ 'ਮੰਜੂਨਾਥ' ਵਿਚ ਦਿਵਿਆ ਦੱਤਾ।

## ਜ਼ਿੰਦਗੀ ਦੇ ਅਸਲ ਨਾਇਕ ਬਾਰੇ ਮਾਰਮਿਕ ਫਿਲਮ

ਹਿੰਦੀ ਫਿਲਮ ਜਗਤ ਦੇ ਵਪਾਰਕ ਘੜਮੱਸ ਵਿਚ ਨੌਜਵਾਨ ਫਿਲਮਸਾਜ਼ ਸੰਦੀਪ ਏ. ਵਰਮਾ ਨੇ ਆਪਣੀ ਪਹਿਲੀ ਹੀ ਫਿਲਮ 'ਮੰਜੂਨਾਥ' ਸੱਚੀ ਕਹਾਣੀ ਉਤੇ ਆਧਾਰਤ ਬਣਾਉਣ ਦਾ ਜੋਖਮ ਉਠਾਇਆ ਹੈ। ਅਸਲ ਵਿਚ ਇਸ਼ਤਿਹਾਰ ਫਿਲਮਾਂ ਬਣਾਉਣ ਵਾਲੇ ਸੰਦੀਪ ਦੇ ਜ਼ਿਹਨ ਵਿਚ ਇੰਡੀਅਨ ਆਇਲ ਕੰਪਨੀ ਦੇ 27 ਸਾਲਾ ਐਗਜੈਕਟਿਵ ਮੰਜੂਨਾਥ ਸ਼ਨਮੁਗਮ ਦੀ ਕਹਾਣੀ ਬਹੁਤ ਡੂੰਘੀ ਬੈਠ ਗਈ ਸੀ। ਇੰਡੀਅਨ ਇੰਸਟੀਚਿਊ ਆਫ ਮੈਨੇਜਮੈਂਟ, ਲਖਨਊ ਦੇ ਹੋਣਹਾਰ ਗਰੈਜੂਏਟ ਮੰਜੂਨਾਥ ਨੇ ਲਖੀਮਪੁਰ ਖੇੜੀ (ਉਤਰ ਪ੍ਰਦੇਸ਼) ਵਿਚ ਤੇਲ ਵਿਚ ਮਿਲਾਵਟ ਕਰ ਰਹੇ ਮਾਫੀਆ ਦਾ ਪਰਦਾਫਾਸ਼ ਕੀਤਾ ਸੀ, ਪਰ 19 ਨਵੰਬਰ 2005 ਨੂੰ ਉਸ ਨੂੰ ਸ਼ਰੇਆਮ ਕਤਲ ਕਰ ਦਿੱਤਾ ਗਿਆ। ਉਸ ਦਾ ਕਾਤਲ ਪਵਨ ਕੁਮਾਰ ਮਿੱਤਲ ਅੱਜ ਕੱਲ੍ਹ ਉਮਰ ਕੈਦ ਕੱਟ ਰਿਹਾ ਹੈ। ਹੇਠਲੀ ਅਦਾਲਤ ਨੇ ਉਸ ਨੂੰ ਫਾਂਸੀ ਦੀ ਸਜ਼ਾ ਦਿੱਤੀ ਸੀ, ਪਰ ਮਗਰੋਂ ਹਾਈ ਕੋਰਟ ਨੇ ਉਸ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ ਸੀ।



ਫਿਲਮਸਾਜ਼ ਸੰਦੀਪ ਵਰਮਾ

126 ਮਿੰਟਾਂ ਦੀ ਇਸ ਫਿਲਮ ਵਿਚ ਮੰਜੂਨਾਥ ਦਾ ਕਿਰਦਾਰ ਸਤੀਸ਼ ਸਾਰਥੀ ਨੇ ਨਿਭਾਇਆ ਹੈ। ਫਿਲਮ ਦਾ ਅੰਤ ਪਤਾ ਹੋਣ ਦੇ ਬਾਵਜੂਦ ਸੰਦੀਪ ਨੇ ਇਸ ਫਿਲਮ ਵਿਚ ਅਜਿਹੀ ਕਲਾਕਾਰੀ ਅਤੇ ਹੂਕ ਭਰੀ ਹੈ ਕਿ ਦਰਸ਼ਕ ਤੇ ਆਲੋਚਕ ਅਸ਼-ਅਸ਼ ਕਰ ਉਠੇ ਹਨ। ਇਸ ਫਿਲਮ ਵਿਚ ਦਿਵਿਆ ਦੱਤਾ, ਸੀਮਾ ਬਿਸਵਾਸ ਅਤੇ ਕਿਸ਼ੋਰ ਕਦਮ ਨੇ ਵੀ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਦਿਵਿਆ ਦੱਤਾ ਤਾਂ ਪਹਿਲਾਂ ਵੀ ਚੁਣ-ਚੁਣ ਕੇ ਬੜੀਆਂ ਭਾਵਪੂਰਤ ਫਿਲਮਾਂ ਕਰਦੀ ਰਹੀ ਹੈ, ਪਰ ਇਸ ਫਿਲਮ ਬਾਰੇ ਉਹ ਮੰਨਦੀ ਹੈ ਕਿ ਇਹ ਫਿਲਮ ਉਹਦੇ ਲਈ ਬਹੁਤ ਵੱਡਾ ਕਦਮ ਹੈ; ਸਿਰਫ ਅਦਾਕਾਰੀ ਕਰ ਕੇ ਹੀ ਨਹੀਂ, ਇਸ ਫਿਲਮ ਵਿਚ ਸਮੋਈ ਮਨੁੱਖਤਾ ਵਾਲੇ ਪੱਖ ਨੇ ਉਸ ਨੂੰ ਬਹੁਤ ਝੰਜੋੜਿਆ ਹੈ। ਉਹ ਆਖਦੀ ਹੈ ਕਿ ਇਸ ਫਿਲਮ ਤੋਂ ਬਾਅਦ ਉਹ ਪਹਿਲਾਂ ਵਾਲੀ ਦਿਵਿਆ ਦੱਤਾ ਨਹੀਂ ਰਹੀ। ਮਨੁੱਖ ਹੋਣ ਦੇ ਪ੍ਰਸੰਗ ਤੋਂ ਉਸ ਨੂੰ ਬੜਾ ਕੁਝ ਸਿੱਖਣ ਨੂੰ ਮਿਲਿਆ ਹੈ। ਉਹ ਦੱਸਦੀ ਹੈ, "ਇਸ ਫਿਲਮ ਵਿਚ ਮੈਂ ਅੰਜਲੀ ਬਣੀ ਹਾਂ ਅਤੇ ਇਹ ਕਿਰਦਾਰ ਉਂਜ ਵੀ ਮੇਰੀ ਸ਼ਖਸੀਅਤ ਦੇ ਬਹੁਤ ਨੇੜੇ ਹੈ। ਇਸ ਕਿਰਦਾਰ ਨੇ ਮੇਰਾ ਜ਼ਿੰਦਗੀ ਪ੍ਰਤੀ ਪਿਆਰ ਹੋਰ ਪੀਡਾ ਕੀਤਾ ਹੈ ਅਤੇ ਹੌਸਲਾ ਦਿੱਤਾ ਹੈ।" ਇਸ ਫਿਲਮ ਤੋਂ ਬਾਅਦ ਦਿਵਿਆ ਦੀ ਨਵੀਂ ਫਿਲਮ ਮਨੋਜ ਬਾਜਪਈ ਨਾਲ 'ਟਰੈਫਿਕ' ਅਤੇ ਰਿਸ਼ੀ ਕਪੂਰ ਨਾਲ 'ਆਈ ਬਲਾ ਕੋ ਟਾਲ ਤੂ' ਆ ਰਹੀਆਂ ਹਨ।

ਸੰਦੀਪ ਵਰਮਾ ਇਸ ਫਿਲਮ ਬਾਰੇ ਆਖਦਾ ਹੈ, "ਜਦੋਂ ਮੈਂ ਇਹ ਸਾਰੀ ਕਹਾਣੀ ਪੜ੍ਹੀ ਤਾਂ ਉਦੋਂ ਹੀ ਮੇਰੇ ਜ਼ਿਹਨ ਵਿਚ ਫਿਲਮ ਘੁੰਮਣ ਲੱਗ ਪਈ ਸੀ। ਕੋਈ ਆਮ ਬੰਦਾ ਆਪਣੀ ਲੜਾਈ ਕਿੰਨੇ ਵੱਡੇ ਪੱਧਰ ਉਤੇ ਲੈ ਗਿਆ ਸੀ। ਉਸ ਦੀ ਮੌਤ ਤੋਂ ਬਾਅਦ ਜੋ ਕੁਝ ਵਾਪਰਿਆ, ਉਹ ਵੀ ਸੁੱਟ ਪਾਉਣ ਵਾਲਾ ਨਹੀਂ ਸੀ। ਮੈਨੂੰ ਲੱਗਿਆ, ਮੈਂ ਆਪਣੇ ਢੰਗ ਨਾਲ ਮੰਜੂਨਾਥ ਦੀ ਕਹਾਣੀ ਲੋਕਾਂ ਨੂੰ ਸੁਣਾਵਾਂ।" ਸੰਦੀਪ ਨੂੰ ਮੰਜੂਨਾਥ ਦੀ ਇਹ ਕਹਾਣੀ ਮੁਕੰਮਲ ਕਰਨ ਲਈ ਪੰਜ ਸਾਲ ਲੱਗੇ। ਉਸ ਨੇ ਆਪਣਾ ਸਾਰਾ ਪੈਸਾ ਲਾ ਦਿੱਤਾ ਤੇ ਫਿਰ ਕਰਜ਼ਾ ਵੀ ਲੈਣਾ ਪਿਆ ਪਰ ਉਹ ਆਪਣੇ ਇਸ ਪ੍ਰੋਜੈਕਟ ਤੋਂ ਪਿਛਾਂਹ ਨਹੀਂ ਹਟਿਆ ਅਤੇ ਸਭ ਦੇ ਸਾਹਮਣੇ ਵਧੀਆ ਫਿਲਮ ਬਣ ਕੇ ਆ ਗਈ ਹੈ। ਸੰਦੀਪ ਮੰਜੂਨਾਥ ਦੇ ਮਾਪਿਆਂ ਤੋਂ ਮਿਲੇ ਸਹਿਯੋਗ ਤੋਂ ਬਹੁਤ ਪ੍ਰਭਾਵਿਤ ਹੋਇਆ ਹੈ। ਉਹ ਆਖਦਾ ਹੈ ਕਿ ਇਹ ਫਿਲਮ ਅਸਲ ਵਿਚ ਉਨ੍ਹਾਂ ਲਈ ਭੇਟਾ ਹੀ ਹੈ।



ਮੰਜੂਨਾਥ ਸ਼ਨਮੁਗਮ




# ਸਾਹਿਤ ਤੇ ਸਿਨੇਮਾ

ਨਾਵਲ ਅਤੇ ਕਥਾ ਕਹਾਣੀਆਂ ਉਤੇ ਆਧਾਰਤ ਪਹਿਲਾਂ ਵੀ ਸਫਲ ਫਿਲਮਾਂ ਬਣਦੀਆਂ ਰਹੀਆਂ ਹਨ ਅਤੇ ਹੁਣ ਵੀ ਬਣਾਈਆਂ ਜਾ ਰਹੀਆਂ ਹਨ। ਬਹੁਤ ਸਾਰੇ ਫਿਲਮਸਾਜ਼ ਸਾਹਿਤਕ ਰਚਨਾਵਾਂ ਤੋਂ ਪ੍ਰਭਾਵਿਤ ਹੋ ਕੇ ਫਿਲਮਾਂ ਬਣਾਉਂਦੇ ਰਹੇ ਹਨ। ਇਹ ਫਿਲਮਾਂ ਨਾ ਸਿਰਫ ਸਫਲ ਹੋ ਰਹੀਆਂ ਹਨ ਸਗੋਂ ਨੌਜਵਾਨ ਲੇਖਕਾਂ ਦੀਆਂ ਰਚਨਾਵਾਂ 'ਤੇ ਬਣੀਆਂ ਫਿਲਮਾਂ ਦਰਸ਼ਕਾਂ ਨੂੰ ਬਹੁਤ ਪ੍ਰਭਾਵਿਤ ਕਰ ਰਹੀਆਂ ਹਨ।

ਸ਼ਰਤ ਚੰਦਰ ਦੀ ਰਚਨਾ ਦੇ ਆਧਾਰ 'ਤੇ ਬਣੀ ਫਿਲਮ 'ਦੇਵਦਾਸ', ਪ੍ਰੇਮ ਚੰਦ ਦੀ 'ਸ਼ਤਰੰਜ ਕੇ ਖਿਲਾੜੀ', ਆਰ.ਕੇ. ਨਰਾਇਣ ਦੀ 'ਗਾਈਡ', ਬਿਮਲ ਮਿੱਤਰ ਦੀ 'ਸਾਹਿਬ ਬੀਵੀ ਔਰ ਗੁਲਾਮ' ਆਦਿ ਸ਼ਾਹਕਾਰ ਫਿਲਮਾਂ ਸਭ ਦੇ ਚੇਤਿਆਂ ਵਿਚ ਵਸੀਆਂ ਹੋਈਆਂ ਹਨ। ਸ਼ਰਤ ਚੰਦਰ ਚਟੋਪਾਧਿਆ ਅਤੇ ਮੁਨਸ਼ੀ ਪ੍ਰੇਮ ਚੰਦ ਦੇ ਨਾਵਲ ਕਈ ਫਿਲਮਸਾਜ਼ਾਂ ਦੀ ਪਹਿਲੀ ਪਸੰਦ ਰਹੇ ਹਨ। ਸ਼ਰਤ ਚੰਦਰ ਦੀਆਂ ਕਹਾਣੀਆਂ 'ਤੇ ਭਾਰਤੀ ਭਾਸ਼ਾਵਾਂ ਵਿਚ ਸਤਾਰਾਂ ਤੋਂ ਵੱਧ ਫਿਲਮਾਂ ਬਣੀਆਂ। ਦੇਵਦਾਸ 'ਤੇ ਹੀ ਦਲੀਪ ਕੁਮਾਰ, ਸ਼ਾਹਰੁਖ ਅਤੇ ਅਭੈ ਦਿਓਲ (ਦੇਵ. ਡੀ) ਵਰਗੇ ਅਭਿਨੇਤਾ ਕੰਮ ਕਰ ਚੁੱਕੇ ਹਨ।

ਗੋਬਿੰਦ ਨਿਹਲਾਨੀ ਨੇ 1998 ਵਿਚ ਬੰਗਲਾ ਲੇਖਕਾ ਮਹਾਸ਼ਵੇਤਾ ਦੇਵੀ ਦੇ ਨਾਵਲ 'ਹਜ਼ਾਰ ਚੁਰਾਸੀ ਕੀ ਮਾਂ' ਉਤੇ ਆਧਾਰਤ ਇਸੇ ਨਾਂ ਹੇਠ ਫਿਲਮ ਬਣਾਈ ਸੀ। ਇਸੇ ਤਰ੍ਹਾਂ ਅੰਮ੍ਰਿਤਾ ਪ੍ਰੀਤਮ ਦੇ ਨਾਵਲ 'ਪਿੰਜਰ' ਉਤੇ ਬਣੀ ਇਸੇ ਨਾਂ ਦੀ ਫਿਲਮ ਵਿਚ ਪੰਜਾਬੀ ਸਭਿਆਚਾਰ ਬਾਖੂਬ ਪੇਸ਼ ਕੀਤਾ ਗਿਆ।

ਇਸੇ ਤਰ੍ਹਾਂ ਨਿਰਮਾਤਾ ਨਿਰਦੇਸ਼ਕ ਵਿਧੂ ਵਿਨੋਦ ਚੋਪੜਾ ਨੇ ਸ਼ਰਤ ਚੰਦਰ ਚਟੋਪਾਧਿਆ ਦੇ ਨਾਵਲ 'ਤੇ ਬਹੁ-ਚਰਚਿਤ ਫਿਲਮ 'ਪਰਿਣੀਤਾ' ਦੀ ਕਹਾਣੀ ਨਵੇਂ ਅੰਦਾਜ਼ ਵਿਚ ਦਿਖਾਈ। ਕਾਨ ਫਿਲਮ ਸਮਾਰੋਹ ਵਿਚ ਸਨਮਾਨ ਬਟੋਰਨ ਵਾਲੀ ਦਿਬਾਕਰ ਬੈਨਰਜੀ ਦੀ ਫਿਲਮ 'ਸ਼ੰਘਾਈ' ਨਾਵਲ 'ਜੈਡ' (ਵਾਸਲਿਕੋਸ) 'ਤੇ ਆਧਾਰਤ ਸੀ।

ਰਾਜ ਕੁਮਾਰ ਸੰਤੋਸ਼ੀ ਦੀ ਫਿਲਮ 'ਲੱਜਾ' ਵਿਚ ਲੁਕਵੇਂ ਤਰੀਕੇ ਨਾਲ ਰਮਾਇਣ ਦੇ ਪ੍ਰਸੰਗਾਂ ਨੂੰ ਦਿਖਾਇਆ ਗਿਆ ਸੀ ਅਤੇ ਪ੍ਰਕਾਸ਼ ਝਾਅ ਨੇ ਵੀ ਆਪਣੀ ਫਿਲਮ 'ਰਾਜਨੀਤੀ' ਵਿਚ ਮਹਾਂਭਾਰਤ ਦੀ ਕਹਾਣੀ ਵਿਚੋਂ ਉਦਾਹਰਣ ਦੇਣ ਦੀ ਗੱਲ ਸਵੀਕਾਰੀ ਸੀ। ਕਰਨ ਜੌਹਰ, ਦਿਬਾਕਰ ਬੈਨਰਜੀ, ਅਤੁਲ ਅਗਨੀਹੋਤਰੀ ਆਦਿ ਕਈ ਬਾਲੀਵੁੱਡ ਨਿਰਮਾਤਾ-ਨਿਰਦੇਸ਼ਕਾਂ ਦੀ ਨਜ਼ਰ ਵਿਚ ਨਾਵਲਾਂ/ਕਹਾਣੀਆਂ 'ਤੇ ਬਣਨ ਵਾਲੀਆਂ ਫਿਲਮਾਂ ਅਕਸਰ ਆਪਣੀ ਮੂਲ ਕਹਾਣੀ ਦੀ ਵਜ੍ਹਾ ਕਰ ਕੇ ਨਿਰਮਾਤਾ-ਨਿਰਦੇਸ਼ਕਾਂ, ਕਲਾਕਾਰਾਂ ਤੋਂ ਇਲਾਵਾ ਸਿਨੇ ਪ੍ਰੇਮੀਆਂ ਨੂੰ ਵੀ ਖਿੱਚਦੀਆਂ ਹਨ।

ਹਾਲ ਹੀ ਸਾਲਾਂ ਵਿਚ ਲਕੀਰ ਤੋਂ ਹਟ ਕੇ ਬਣਨ ਵਾਲੀਆਂ ਫਿਲਮਾਂ ਬਾਕਸ ਆਫਿਸ 'ਤੇ ਵੀ ਧਮਾਲ ਮਚਾ ਰਹੀਆਂ ਹਨ। ਬਾਲੀਵੁੱਡ ਦੇ ਨਿਰਮਾਤਾ-ਨਿਰਦੇਸ਼ਕਾਂ ਦੀ ਨਜ਼ਰ ਵੀ ਸਾਹਿਤਕ ਕਥਾ-ਕਹਾਣੀਆਂ 'ਤੇ ਜਾ ਰਹੀ ਹੈ। ਅਗਲੇ ਕੁਝ ਮਹੀਨਿਆਂ ਵਿਚ ਅਜਿਹੀਆਂ ਕੁਝ ਫਿਲਮਾਂ ਆਉਣਗੀਆਂ ਜਿਹੜੀਆਂ ਨਾਵਲ-ਕਹਾਣੀਆਂ 'ਤੇ ਆਧਾਰਤ ਹੋਣਗੀਆਂ ਜਿਵੇਂ ਦਿਬਾਕਰ ਬੈਨਰਜੀ ਦੀ ਫਿਲਮ 'ਡਿਟੈਕਟਿਵ ਬਿਓਮਕੇਸ਼ ਬਖਸ਼ੀ', 'ਬਾਂਬੇ ਵੈਲਵੇਟ', 'ਹੈਦਰ' ਅਤੇ 'ਰੈਵਲੂਸ਼ਨ' ਆਦਿ। ਅਸਲ ਵਿਚ ਪਿਛਲੇ ਸਾਲ ਸੰਜੇ ਲੀਲਾ ਭੰਸਾਲੀ ਦੀ ਫਿਲਮ 'ਗੋਲੀਓਂ ਕੀ ਰਾਸ ਲੀਲਾ ਰਾਮਲੀਲ੍ਹਾ' ਦੇ ਸੁਪਰਹਿੱਟ ਹੋਣ ਤੋਂ ਬਾਅਦ ਨਾਵਲਾਂ ਅਤੇ ਨਾਟਕਾਂ ਆਧਾਰਤ ਫਿਲਮਾਂ ਬਣਾਉਣ ਵਿਚ ਬਾਲੀਵੁੱਡ ਦੇ ਨਿਰਮਾਤਾ-ਨਿਰਦੇਸ਼ਕ ਰੁਚੀ ਲੈਣ ਲੱਗੇ ਹਨ।

ਪੰਜਾਬੀ ਨਾਵਲ ਦੇ ਪਿਤਾਮਾ ਨਾਨਕ ਸਿੰਘ ਦੇ ਨਾਵਲ 'ਪਵਿੱਤਰ ਪਾਪੀ' ਆਧਾਰਤ ਫਿਲਮ 'ਪਵਿੱਤਰ ਪਾਪੀ', ਗੁਰਦਿਆਲ ਸਿੰਘ ਦੇ ਨਾਵਲ 'ਤੇ 'ਮੜ੍ਹੀ ਦਾ ਦੀਵਾ' ਤੇ 'ਅੰਨ੍ਹੇ ਘੋੜੇ ਦਾ ਦਾਨ', ਮੇਰੀ (ਮੁਖਤਾਰ ਗਿੱਲ) ਕਹਾਣੀ 'ਆਲ੍ਹਣਾ' ਆਧਾਰਤ ਫਿਲਮ 'ਵਿਸਾਖੀ', ਰਾਮ ਸਰੂਪ ਅਣਖੀ ਦੀ 'ਸੁੱਤਾ ਨਾਗ', ਸਰਵਮੀਤ ਦੀ ਕਹਾਣੀ 'ਤੇ 'ਕਲਾਣ' ਤੇ ਗੁਰਮੀਤ ਕੜਿਆਲਵੀ ਦੀ ਕਹਾਣੀ 'ਤੇ 'ਆਤੂ ਖੋਜੀ' ਆਦਿ ਫਿਲਮਾਂ ਬਣੀਆਂ ਹਨ। ਇਨ੍ਹਾਂ ਫਿਲਮਾਂ ਦੀ ਫਿਲਮ ਆਲੋਚਕਾਂ ਅਤੇ ਦਰਸ਼ਕਾਂ ਨੇ ਖੂਬ ਪ੍ਰਸ਼ੰਸਾ ਕੀਤੀ ਹੈ। ਇਨ੍ਹਾਂ ਫਿਲਮਾਂ ਨੇ ਕਲਾ ਪੱਖੋਂ ਵੀ ਮਾਲਾਮਾਲ ਕੀਤਾ ਹੈ। ਇਸੇ ਕਰ ਕੇ ਅਜਿਹੀਆਂ ਫਿਲਮਾਂ ਦੇ ਨਿਰਮਾਣ ਵਿਚ ਕਦੀ ਤੋਟ ਨਹੀਂ ਆਈ ਹੈ।

*-ਮੁਖਤਾਰ ਗਿੱਲ*




ਸਾਹਿਤਕ ਕਿਰਤਾਂ 'ਤੇ ਬਣੀਆਂ ਫਿਲਮਾਂ 'ਹਜ਼ਾਰ ਚੁਰਾਸੀ ਕੀ ਮਾਂ', 'ਪਿੰਜਰ' ਤੇ 'ਸ਼ੰਘਾਈ' ਦੇ ਪੋਸਟਰ।

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



# H K TRANSPORT INC
*Division of HK Incorporated*
1401 West Ray St, Indianapolis, IN 46221
Ph: 317-408-3211, web: www.hktransportinc.com



## ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਨਵੇਂ ਨਕੋਰ ਟਰੇਲਰ
ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰ ਲਈ |
|---|---|
| 92% ਫਲੈਟ ਡਿਸਪੈਚ<br>30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ<br>ਨਵੇਂ ਨਕੋਰ ਟਰੇਲਰ<br>ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ<br>ਹਰ 15 ਦਿਨ ਬਾਅਦ ਅਦਾਇਗੀ | 42 ਸੈਂਟ ਤੱਕ ਪ੍ਰਤੀ ਮੀਲ<br>95% ਲੋਡ ਯਾਰਡ 'ਚ ਹੁੱਕ ਐਂਡ ਡਰਾਪ<br>ਨਵੇਂ ਨਕੋਰ ਟਰੇਲਰ<br>ਵਧੀਆ ਅਤੇ ਸਾਫ ਸੁਥਰੇ ਟਰੱਕ<br>ਹਰ 15 ਦਿਨ ਪਿਛੋਂ ਤਨਖਾਹ |

*ਲੋੜੀਂਦੀ ਯੋਗਤਾ:*
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*
*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

**ਸੰਪਰਕ ਕਰੋ: ਫੋਨ 317-408-3211**
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ



# Dhillon Truck Stop
## Dhillon Road Service
Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ
## ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536



# Syan Video Production, Inc.

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ-ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ

ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights



ਰਾਜਿੰਦਰ ਸਿੰਘ

Call Toll Free:
1-800-RAJ-SYAN
*(with 17 years Experienced)*
Call:734-261-0936
734-890-1767
e-mail: raj@syanvideo.com
visit at: www.syanvideo.com

# ਸਿੱਖ ਸਤਿਸੰਗ ਆਫ ਇੰਡੀਅਨਐਪੋਲਿਸ, ਇੰਡੀਆਨਾ

10950 South East Ave., Indianapolis, Indiana, 46239 Ph: 317-862-SIKH (7454) www.indianapolisgurdwara.org

ੴ ਸਤਿਗੁਰ ਪ੍ਰਸਾਦਿ॥

ਜਿਨਾ ਸਾਸਿ ਗਿਰਾਸਿ ਨਾ ਵਿਸਰੈ ਹਰਿ ਨਾਮਾਂ ਮਨਿ ਮੰਤੁ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥

# ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ 64ਵੀਂ ਬਰਸੀ

ਸਿੱਖ ਸਤਿਸੰਗ ਆਫ ਇੰਡੀਅਨਐਪੋਲਿਸ, ਇੰਡੀਆਨਾ ਦੀ ਸਮੂਹ ਸਾਧ ਸੰਗਤ ਵਲੋਂ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ ਦੀ ਨਿੱਘੀ ਯਾਦ ਪਹਿਲੀ ਜੂਨ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਮੌਕੇ ਗੁਰੂ ਘਰ ਵਿਚ ਹਾਜ਼ਰੀਆਂ ਭਰ ਕੇ ਜਨਮ ਸਫਲਾ ਕਰੋ ਜੀ।

**30 ਮਈ 2014, ਸ਼ੁੱਕਰਵਾਰ** ਅਰੰਭ ਸ੍ਰੀ ਅਖੰਡ ਪਾਠ-10 ਵਜੇ ਸਵੇਰੇ

**ਪਹਿਲੀ ਜੂਨ 2014, ਐਤਵਾਰ** ਭੋਗ ਸ੍ਰੀ ਅਖੰਡ ਪਾਠ-9 ਵਜੇ ਸਵੇਰੇ

ਭਾਈ ਜੋਗਿੰਦਰ ਸਿੰਘ ਲੁਧਿਆਣੇ ਵਾਲਿਆਂ ਦਾ ਰਾਗੀ ਜਥਾ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰੇਗਾ ਅਤੇ ਕਥਾਵਾਚਕ ਭਾਈ ਰਣਵੀਰ ਸਿੰਘ ਦਸੂਹੇ ਵਾਲੇ ਕਥਾ-ਵਿਆਖਿਆ ਕਰਨਗੇ

> ਗੁਰੂ ਕਾ ਲੰਗਰ ਅਤੁੱਟ ਵਰਤੇਗਾ। > ਗਰਮਾ ਗਰਮ ਛੋਲੇ-ਭਠੂਰਿਆਂ, ਜਲੇਬੀਆਂ, ਪਕੌੜਿਆਂ, ਹਦਵਾਣੇ ਅਤੇ ਗੰਨੇ ਦੇ ਰਸ ਦੇ ਵਿਸ਼ੇਸ਼ ਸਟਾਲ ਲਗਣਗੇ।

ਐਤਵਾਰ ਨੂੰ ਗਲੋਬਲ ਪੰਜਾਬ ਟੀ ਵੀ ਚੈਨਲ (739) 'ਤੇ ਪ੍ਰੋਗਰਾਮ ਦਾ ਸਵੇਰੇ 10 ਤੋਂ 3 ਵਜੇ ਤੱਕ ਸਿੱਧਾ ਪ੍ਰਸਾਰਣ ਦਿਖਾਇਆ ਜਾਵੇਗਾ



ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ

ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।





Baldev Singh Sallhan, Convenor (317-362-5843)

Inderjit Singh Dala, Founder of Sant Baba Prem Singh Ji Society of Indianapolis (317-605-2901)

## Executive Committee

1. Harjinderpal Singh Dala, President (317-748-6911)
2. Jasvir SinghDipty, Chairman (812-344-4870)
3. Varinder Singh Walia (317-710-5433)
4. Gurmeet Singh Sallhan, Vice Chairman (317-987-3185)
5. Vikramjit Singh Dala (Rick) (765-513-5021)
6. Gurpreet Singh Sallhan, Cashier (317-748-7164)
7. Harpal Singh Jabbo, Secretary (317-551-8199)
8. Sarbjit Singh Sallhan (317-362-5823)
9. Sukhwinder Singh Sukha (812-391-3062)
10. Lakhwant Singh S. P. (317-985-8513)
11. NeetuGhotan (317-702-0112)
12. Swaran SinghDaddian (347-935-7439)
13. Amarinder Singh Rubal (732-581-8859)
14. Lakhwant Singh Khasria (317-985-1081)

## Committee Members

1. Davinder Singh (Guraya)
2. Gurinder Singh
3. Davinder Singh DuburJi
5. Prithpal Singh Ghotra
6. Balwinder Singh Khak
7. Ranbir Singh Happy
8. Rocky Anderson
9. Amritpal Singh
10. Gurpreet Singh Billa
11. Baldev Singh (Rice Mill)
12. Ranjinder Singh New Castle
13. Lakhwinder Singh New Castle
14. Balvir Singh New Castle
15. Avtar Singh Muncie
16. Balwinder Singh (Bali Upland)
17. Lakhwinder Singh Jalalpur
18. Ranjit Singh Salempur
19. Satpal Singh Jabbo
20. Jatinder Singh
21. Raj Singh
22. Pradeep Singh
23. Ragbir Singh (Khalil)
24. Surinder Singh Sallhan
25. Satinder Singh Kaki
26. LadaBegowal
27. BittuBegowal
28. Dilbag Singh Evansville
29. Yuvraj Singh (Ambala)
30. Palwinder Singh (Ambala)
31. Joginder Singh Columbus
32. Gurdev Singh Columbus
33. Dr. Kalyan Singh
34. Kamaljit Singh Kamal
35. Sujaan Singh Bedford
36. Manjit Singh Bittu
37. Surmukh Singh
38. Kulveer Singh Vicky
39. Rocky Briar
40. Kurbaan Singh
41. Ballu (Patnura)
42. Parmjit Singh (Maksudpur)
43. Nick (Kokomo)